PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

19th - 26th September 2024 • Issue No. 3048 Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389


## ਟੀਵੀ 84 ਦੇ ਸੰਚਾਲਕ ਅਮਰੀਕਾ ਦੇ ਸਿੱਖ ਉੱਘੇ ਆਗੂ ਡਾ: ਅਮਰਜੀਤ ਸਿੰਘ ਯੂ ਕੇ ਦੌਰੇ ਦੌਰਾਨ ਡਰਬੀ ਵਿਖੇ ਸਿੱਖ ਅਜਾਇਬਘਰ ਦੇ ਦਰਸ਼ਨ ਕਰਨ ਲਈ ਪਹੁੰਚੇ







ਗੁਰਦੁਆਰਾ ਸਿੰਘ ਸਭਾ ਡਰਬੀ, ਅਖੰਡ ਕੀਰਤਨੀ ਜਥਾ ਯੂ ਕੇ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਸੇਵਾਦਾਰਾਂ ਵੱਲੋਂ ਪੰਥਕ ਆਗੂ ਡਾ: ਅਮਰਜੀਤ ਸਿੰਘ ਦਾ ਮਾਣ ਸਨਮਾਨ ਕੀਤਾ ਗਿਆ। ਇਸ ਮੌਕੇ ਉਹਨਾਂ ਸਿੱਖ ਅਜਾਇਬਘਰ ਅਤੇ ਇਤਿਹਾਸਕ ਯਾਦਗਾਰ ਅਟੱਲ ਖਾਲਸਾ ਦੇਖਣ ਉਪਰੰਤ ਸਿੰਘ ਸਭਾ ਅਤੇ ਅਜਾਇਬਘਰ ਦੀ ਟੀਮ ਦੀ ਭਰਪੂਰ ਸ਼ਲਾਘਾ ਕੀਤੀ - ਯਾਦ ਰਹੇ ਡਾ: ਅਮਰਜੀਤ ਸਿੰਘ ਲੰਮੇ ਸਮੇਂ ਤੋਂ ਅਮਰੀਕਾ ਦੇ ਸਿੱਖਾਂ ਦੀ ਅਗਵਾਈ ਕਰ ਰਹੇ ਹਨ। ਉਹ ਅਖਬਾਰਾਂ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀਂ ਸਿੱਖ ਪੰਥ ਦੀ ਆਜ਼ਾਦੀ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ।

## ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ ਬਰਤਾਨਵੀ ਸੰਸਦ 'ਚ ਕਰਵਾਏ ਸਮਾਗਮ ਦੌਰਾਨ ਸਾਰਾਗੜ੍ਹੀ ਦੇ ਸ਼ਹੀਦ ਈਸ਼ਰ ਸਿੰਘ ਦੇ ਪੜਪੋਤੇ ਸੰਤੋਖ ਸਿੰਘ ਦਾ ਭਾਈ ਮਹਿੰਦਰ ਸਿੰਘ ਜੀ ਅਤੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਵੱਲੋਂ ਸਨਮਾਨ









# ਇੰਗਲੈਂਡ ਦੇ ਉੱਘੇ ਬਿਜਨੈਸਮੈਨ ਅਤੇ ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ ਸ: ਨਿਰਮਲ ਸਿੰਘ ਸੇਖੋਂ MBE ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਡਿਗਰੀ ਨਾਲ ਸਨਮਾਨਿਤ

ਇੰਗਲੈਂਡ ਦੇ ਉੱਘੇ ਬਿਜਨੈਸਮੈਨ, ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ ਤੇ ਸਮਾਜ ਸੇਵੀ ਸ: ਨਿਰਮਲ ਸਿੰਘ ਸੇਖੋਂ ਦਾ ਭਾਈਚਾਰੇ ਦੀਆਂ ਸੇਵਾਵਾਂ ਲਈ ਵੱਖ-ਵੱਖ ਭਾਈਚਾਰਿਆਂ ਤੇ ਸਭਾ ਸੰਸਥਾਵਾਂ ਵੱਲੋਂ ਮਾਣ ਸਨਮਾਨ ਕੀਤਾ ਜਾ ਰਿਹਾ ਹੈ। ਇਸ ਤਹਿਤ ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦੇ ਕੇ ਨਿਵਾਜਿਆ ਗਿਆ।

ਸ: ਨਿਰਮਲ ਸਿੰਘ ਸੇਖੋਂ ਜਨਵਰੀ 1952 ਨੂੰ ਪੰਜਾਬ ਵਿੱਚ ਪੈਦਾ ਹੋਏ ਅਤੇ 15 ਸਾਲ ਦੀ ਉਮਰ ਵਿੱਚ 1967 ਨੂੰ ਇੰਗਲੈਂਡ ਆ ਗਏ। ਇਥੇ ਆ ਕੇ ਉਹਨਾਂ ਨੇ ਬੜੀ ਸਖਤ ਮਿਹਨਤ ਨਾਲ ਕਾਰੋਬਾਰ ਸਥਾਪਤ ਕੀਤਾ ਤੇ ਅੱਗੇ ਹੀ ਅੱਗੇ ਵਧਦੇ ਗਏ। ਉਹ ਇੱਕ ਵਧੀਆ ਕਾਰੋਬਾਰੀ ਸਾਬਤ ਹੋਏ ਤੇ ਯੂ ਕੇ ਦੇ ਸਰਕਾਰੀ, ਗੈਰ ਸਰਕਾਰੀ ਅਦਾਰਿਆਂ, ਕੌਂਸਲ, ਚਰਚ, ਪੁਲਿਸ, ਭਾਰਤ ਦੇ ਸਰਕਾਰੀ ਅਦਾਰਿਆਂ ਹੋਮ ਆਫ਼ਿਸ ਅਤੇ ਹਾਈ ਕਮਿਸ਼ਨ ਤੱਕ ਸੰਪਰਕ ਰੱਖਦੇ ਹੋਏ ਸਮਾਜ ਦੇ ਲੋੜਵੰਦ ਲੋਕਾਂ ਦੀ ਹਮੇਸ਼ਾਂ ਮਦਦ ਕਰਨ ਲਈ ਤਤਪਰ ਰਹਿੰਦੇ ਹਨ। ਸ: ਸੇਖੋਂ ਵੱਲੋਂ ਸਥਾਪਿਤ ਕੀਤੀ ਗਈ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਵੱਖ-ਵੱਖ ਭਾਈਚਾਰਿਆਂ ਵਧੀਆ ਸਬੰਧ ਬਣਾ ਕੇ ਸੰਸਾਰ ਦੀ ਖੁਸ਼ਹਾਲੀ ਤੇ ਸ਼ਾਂਤੀ ਲਈ ਹਰ ਸਾਲ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਅਤੇ ਯੂ ਕੇ ਦੀਆਂ ਸਰਕਾਰੀ ਅਥਾਰਟੀਆਂ, ਸੰਸਦ ਮੈਂਬਰਾਂ, ਕੌਂਸਲਰਾਂ, ਸਿਆਸੀ ਆਗੂਆਂ ਅਤੇ ਭਾਰਤੀ ਦੂਤਘਰ ਨਾਲ ਰਾਬਤਾ ਕਰਕੇ ਭਾਈਚਾਰੇ ਦੀ ਮਦਦ ਕੀਤੀ ਜਾਂਦੀ। ਉਹਨਾਂ ਦਾ ਯੂ ਕੇ ਵਿੱਚ ਪੰਜਾਬੀ ਮੀਡੀਏ ਨੂੰ ਵੀ ਬਹੁਤ ਸਹਿਯੋਗ ਪ੍ਰਾਪਤ ਹੈ।

ਉਹਨਾਂ ਦੇ ਸਮਾਜਿਕ ਕੰਮਾਂ ਵਿੱਚ ਯੋਗਦਾਨ ਨੂੰ ਦੇਖਦਿਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਉਹਨਾਂ ਦਾ ਮਾਣ ਸਨਮਾਨ ਕੀਤਾ ਗਿਆ ਅਤੇ ਉਹਨਾਂ ਹੇਠਾਂ ਲਿਖੇ ਅਨੁਸਾਰ ਸੇਵਾਵਾਂ ਨਿਭਾਈਆਂ:

* ਯੂਨਾਈਟਿਡ ਸਿੱਖ ਐਸੋਸੀਏਸ਼ਨ ਸਿੱਖ ਟੈਂਪਲ ਬ੍ਰੈਡਫੋਰਡ ਦੀ 1978 ਤੋਂ 1991 ਤੱਕ ਸੇਵਾ ਨਿਭਾਈ
* ਚੇਅਰਮੈਨ/ਟਰੱਸਟੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ
* ਬਟਰਸ਼ਾਅ ਅੱਪਰ ਸਕੂਲ ਦੇ ਗਵਰਨਰ
* ਚੇਅਰਮੈਨ ਬ੍ਰੈਡਫੋਰਡ ਸਿੱਖ ਪੇਅਰੈਂਟਸ ਐਸੋਸੀਏਸ਼ਨ, * ਚੇਅਰਮੈਨ ਵੈਸਟ ਯੌਰਕਸ਼ਾਇਰ ਪੁਲਿਸ ਫੋਰਮ, * ਗਵਰਨਰ ਸ਼ਿੱਪਲੀ ਕਾਲਜ,
* ਖਜ਼ਾਨਚੀ ਬ੍ਰੈਡਫੋਰਡ ਸਿੱਖ ਆਰਗੇਨਾਈਜੇਸ਼ਨ
* ਚੇਅਰਮੈਨ ਯੌਰਕਸ਼ਾਇਰ ਬਿਜਨੈਸ ਫੋਰਮ
* ਚੇਅਰਮੈਨ ਬ੍ਰੈਡਫੋਰਡ ਵੈਸਟ ਕ੍ਰਾਈਮ ਪ੍ਰਵੈਨਸ਼ਨ ਪੈਨਲ, * ਚੇਅਰਮੈਨ ਤੇ ਪੇਟਰਨ ਯੌਰਕਸ਼ਾਇਰ ਸਿੱਖ ਫੋਰਮ, * ਪ੍ਰਮੋਟਰ ਤੇ ਡਾਇਰੈਕਟਰ ਖਾਲਸਾ ਕ੍ਰੈਡਿਟ ਯੂਨੀਅਨ

ਇਹਨਾਂ ਦੇ ਇਲਾਵਾ ਉਹਨਾਂ ਬ੍ਰੈਡਫੋਰਡ ਕੰਨਜ਼ਰਵੇਟਿਵ ਪਾਰਟੀ ਦੇ (ਹਾਊਸ ਆਫ ਕੌਮਨਜ਼) ਦੇ ਵੰਨ ਨੇਸ਼ਨ ਫੋਰਮ ਦੇ ਮੈਂਬਰ, ਏਸ਼ੀਅਨ ਬਿਜਨੈਸ ਫੋਰਮ ਬ੍ਰੈਡਫੋਰਡ ਕੌਂਸਲ ਦੇ ਮੈਂਬਰ, ਡਾਇਰੈਕਟਰ ਤੇ ਫਾਊਂਡਰ ਮੈਂਬਰ ਬ੍ਰੈਡਫੋਰਡ ਏਸ਼ੀਅਨ ਬਿਜਨੈਸ, ਬ੍ਰੈਡਫੋਰਡ ਰੇਸ਼ਲ ਈਕੁਐਲਟੀ ਕੌਂਸਲ ਦੇ ਮੈਂਬਰ, ਬ੍ਰੈਡਫੋਰਡ ਡਿਊਕ ਆਫ਼ ਐਡਨਬਰਾ ਐਵਾਰਡ ਸੈਂਟਰ ਦੇ ਟਰੱਸਟੀ, ਬ੍ਰੈਡਫੋਰਡ ਰੋਟਰੀ ਕਲੱਬ ਦੇ ਮੈਂਬਰ, ਚੇਅਰਮੈਨ ਓਵਰਸੀਜ਼ ਕੌਂਗਰਸ ਪਾਰਟੀ ਯੂ ਕੇ, ਚੇਅਰਮੈਨ ਕ੍ਰਾਈਮ ਪ੍ਰੀਵੈਨਸ਼ਨ ਪੈਨਲ, ਨੈਸ਼ਨਲ ਹੈਲਥ ਕਮਿਊਨਿਟੀ ਦੇ ਪ੍ਰਤੀਨਿੱਧ, ਘੱਟ ਗਿਣਤੀਆਂ ਲਈ ਪੁਲਿਸ ਲੇਜ਼ਨ ਕਮੇਟੀ ਦੇ ਫਾਊਂਡਰ, ਵਾਈਸ ਚੇਅਰਮੈਨ ਅਤੇ ਚੇਅਰਮੈਨ ਵਜੋਂ ਸੇਵਾਵਾਂ ਨਿਭਾਈਆਂ। 1999 ਵਿੱਚ ਉਹਨਾਂ ਨੂੰ ਬਰਤਾਨੀਆ ਦੀ ਮਹਾਰਾਣੀ ਵੱਲੋਂ ਐਮ ਬੀ ਈ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਇਲਾਵਾ ਹੁਣ ਤੱਕ ਉਹ ਹੇਠ ਲਿਖੀਆਂ ਸੰਸਥਾਵਾਂ ਦੇ ਮੈਂਬਰ ਤੇ ਸੰਸਥਾਪਕ ਵਜੋਂ ਸਰਗਰਮ ਰਹੇ ਹਨ:

* ਮੈਂਬਰ ਆਫ਼ ਹਾਰਟ ਗਰੁੱਪ ਟੀਮ
* ਐਗਜ਼ੈਕਟਿਵ ਮੈਂਬਰ ਚੈਂਬਰ ਆਫ ਕਮਰਸ
* ਚੇਅਰਮੈਨ, ਬ੍ਰੈਡਫੋਰਡ ਤੇ ਜਲੰਧਰ ਟਵਿੰਨਿੰਗ ਬੋਰਡ
* ਡਾਇਰੈਕਟਰ ਰੀਅਲ ਰੇਡੀਓ ਯੌਰਕਸ਼ਾਇਰ
* ਮੈਂਬਰ ਫੰਡਰੇਜ਼ਿੰਗ ਬ੍ਰੈਡਫੋਰਡ ਗਰਾਮਰ ਸਕੂਲ
* ਮੈਂਬਰ ਬ੍ਰੈਡਫੋਰਡ ਚਾਨ ਅਪੀਲ ਕੈਂਸਰ ਰਿਸਰਚ
* ਡਾਇਰੈਕਟਰ ਟਰਾਈ ਮਿਲਜ਼ ਲਿਮ: ਬ੍ਰੈਡਫੋਰਡ
* ਐਵਾਰਡ - ਏਸ਼ੀਅਨ ਟਰੇਡ ਲਿੰਕ



Dr. Nirmal Singh Sekhon (MBE), FRSA Chairman YSF,

* ਬ੍ਰੈਡਫੋਰਡ ਸਿਟੀ ਕੌਂਸਲ ਵੱਲੋਂ ਜੀਵਨ ਭਰ ਦੀਆਂ ਪ੍ਰਾਪਤੀਆਂ ਐਵਾਰਡ, * ਪੇਟਰਨ ਏਸ਼ੀਅਨ ਬਿਜ਼ਨੈਸ ਐਸੋਸੀਏਸ਼ਨ
* ਪੇਟਰਨ ਬ੍ਰੈਡਫੋਰਡ ਪੁਲਿਸ ਲੀਏਜ਼ਨ
* ਸੈਂਟ ਜੇਮਜ਼ ਹੌਸਪੀਟਲ ਕੈਂਸਰ ਅਪੀਲ ਦੇ ਮੈਂਬਰ
* ਅੰਬੈਸਡਰ ਯੌਰਕਸ਼ਾਇਰ ਸੋਸਾਇਟੀ
* ਫੈਲੋਸ਼ਿੱਪ ਦਾ ਰੌਇਲ ਸੋਸਾਇਟੀ ਆਫ਼ ਆਰਟਸ
* ਏਸ਼ੀਅਨ ਜਿਊਲ ਐਵਾਰਡ (ਮਾਨਚੈਸਟਰ)
* ਅਲਫ਼ਾ ਐਵਾਰਡ
* 2007 ਵਿੱਚ ਭਾਰਤ ਤੇ ਪਾਕਿਸਤਾਨ ਲਈ ਵਿਸ਼ੇਸ਼ ਡੈਲੀਗੇਸ਼ਨ ਲਈ ਕੰਮ ਕੀਤਾ, ਜਿਸ ਤਹਿਤ ਪੁਲਿਸ, ਕਾਲਜਾਂ ਤੇ ਯੂਨੀਵਸਿਟੀਆਂ ਨਾਲ ਸਬੰਧ ਸਥਾਪਤ ਕੀਤੇ ਗਏ। ਭਾਰਤ ਦੇ ਪ੍ਰਧਾਨ ਮੰਤਰੀ ਸ: ਮਨਮੋਹਨ ਸਿੰਘ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮਿ: ਅਜ਼ੀਜ਼ ਨੂੰ ਮਿਲੇ।
* ਯੂਨੀਸਿਫ਼ ਦੇ ਇੱਕ ਪ੍ਰੋਗਰਾਮ ਤਹਿਤ ਵਰਲਡ ਏਡ ਡੇਅ ਲਈ ਹਾਊਸ ਆਫ਼ ਲੌਰਡਜ਼ ਵਿਖੇ ਲੌਰਡ ਪਟੇਲ ਅਤੇ ਚੈਰੀ ਬੂਥ ਨੂੰ ਮਿਲੇ।
* ਕੰਨਜ਼ਰਵੇਟਿਵ ਪਾਰਟੀ ਦੇ ਪੇਟਰਨ
* ਏਸ਼ੀਅਨ ਭਾਈਚਾਰੇ ਦੇ ਬਜ਼ੁਰਗਾਂ ਲਈ ਯਾਤਰਾ ਦਾ ਪ੍ਰਬੰਧ ਕੀਤਾ
* ਹਾਰਟ ਸੁਪੋਰਟ ਦੇ ਟਰੱਸਟੀ ਵਜੋਂ ਬੇਘਰੇ ਲੋਕਾਂ ਲਈ ਫੰਡ ਇਕੱਠੇ ਕੀਤੇ।
* 2012 ਵਿੱਚ ਵਿਸਾਖੀ ਸਮਾਗਮ ਦਾ ਪ੍ਰਬੰਧ ਕੀਤਾ ਜਿਸ ਵਿੱਚ ਭਾਰਤ ਤੇ ਯੂ ਕੇ ਦੀਆਂ ਸੇਵਾ ਸੰਸਥਾਵਾਂ ਦੀ ਮਦਦ ਲਈ ਅਹਿਮ ਸ਼ਖਸੀਅਤਾਂ ਸ਼ਾਮਿਲ ਹੋਈਆਂ। * ਦੋ ਵਿਸ਼ਵ ਯੁੱਧਾਂ ਵਿੱਚ ਜਾਨਾਂ ਵਾਰਨ ਵਾਲੇ ਫੌਜੀਆਂ ਦੀ ਯਾਦ ਵਿੱਚ ਬੁੱਤ ਸਥਾਪਤ ਕਰਨ ਲਈ ਫੰਡ ਇਕੱਠਾ ਕੀਤਾ। * 2017 - ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਫੈਲੋਸ਼ਿੱਪ ਦੇ ਕੇ ਸਨਮਾਨ ਕੀਤਾ ਗਿਆ। * 2018 - ਬ੍ਰੈਡਫੋਰਡ ਯੂਨੀਵਰਸਿਟੀ ਦੇ ਇੱਕ ਡੈਲੀਗੇਸ਼ਨ ਦੇ ਮੈਂਬਰ ਵਜੋਂ ਭਾਰਤ ਨੂੰ ਗਏ, ਜਿਸ ਵਿੱਚ ਵਾਈਸ ਚਾਂਸਲਰ ਸ਼ਾਮਿਲ ਸਨ। * 2019 - ਪੁਲਿਸ ਮਿਊਜ਼ੀਅਮ ਦੇ ਟਰੱਸਟੀ ਵਜੋਂ ਸੇਵਾਵਾਂ ਨਿਭਾਈਆਂ।

## (A. Team) ਬ੍ਰੈਡਫੋਰਡ ਵੱਲੋਂ Dr. ਨਿਰਮਲ ਸਿੰਘ ਸੇਖੋਂ MBE, FRSA ਦਾ ਮਾਣ ਸਨਮਾਨ
















Dr. ਨਿਰਮਲ ਸਿੰਘ ਸੇਖੋਂ MBE, FRSA, ਦਾ ਸਨਮਾਨ ਕਰਦੇ ਹੋਏ (A. Team) ਏ-ਟੀਮ ਬ੍ਰੈਡਫੋਰਡ ਦੇ ਉੱਘੇ ਬਿਜਨੈਸਮੈਨ

YORKSHIRE SIKH FORUM
For more Information Contact: Chairman - Dr. Nirmal Singh Sekhon MBE, FRSA. - 07890 735123
Gen. Sec. - Hardev Singh Sidhu - 07518 882887, Treasurer - Dalbir Singh Kundi - 07971 192812

# ਇਸ ਵਾਰ ਦੀਆਂ ਰਾਸ਼ਟਰਪਤੀ ਚੋਣਾਂ ਕਿਤੇ ਅਮਰੀਕਾ ਵਿਚ ਘਰੇਲੂ ਯੁੱਧ ਨਾ ਕਰਵਾ ਦੇਣ !

## ✪ ਟਰੰਪ ਕਮਲਾ ਹੈਰਿਸ ਉਪਰ ਨਸਲੀ ਟਿੱਪਣੀਆਂ ਕਰਨ ਲੱਗਾ, ਅਮਰੀਕੀ ਰਾਜਨੀਤੀ ਵਿਚੋਂ ਨੈਤਿਕਤਾ ਉਡੀ ✪ ਸਵਿੰਗ ਸਟੇਟ ਜਿੱਤਣ ਵਾਲਾ ਹੀ ਦੇਸ਼ ਦਾ ਅਗਲਾ ਰਾਸ਼ਟਰਪਤੀ ਬਣੇਗਾ

ਬੀਤੇ ਹਫਤੇ ਰਾਸ਼ਟਰਪਤੀ ਦੀ ਬਹਿਸ ਤੋਂ ਬਾਅਦ, ਕਮਲਾ ਹੈਰਿਸ ਦਾ ਅਕਸ ਇੱਕ ਮਜ਼ਬੂਤ ਨੇਤਾ ਵਜੋਂ ਉਭਰਿਆ ਹੈ, ਜਦੋਂ ਕਿ ਟਰੰਪ ਪੂਰੀ ਤਰ੍ਹਾਂ ਨਕਾਰਾਤਮਕ ਅਤੇ ਉਦਾਸ ਨਜ਼ਰ ਆਏ, ਜਿਸ ਕਾਰਣ ਪੂਰੇ ਰਿਪਬਲਿਕਨ ਅਦਾਰੇ ਵਿੱਚ ਨਿਰਾਸ਼ਾ ਦੀ ਲਹਿਰ ਦੌੜ ਗਈ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਲਗਭਗ ਹਮੇਸ਼ਾ ਹਫੜਾ-ਦਫੜੀ ਨਾਲ ਭਰਪੂਰ ਹੁੰਦੀਆਂ ਹਨ, ਪਰ ਇਹ ਚੋਣ ਹੋਰ ਵੀ ਗੜਬੜ ਵਾਲੀ ਬਣ ਗਈ ਹੈ। ਕਿਉਂਕਿ ਰਿਪਬਲੀਕਨ ਅਤੇ ਡੈਮੋਕਰੇਟਸ ਕਾਰਣ ਅਮਰੀਕਾ ਦੀ ਜਨਤਾ ਵੰਡੀ ਗਈ ਹੈ। 5 ਨਵੰਬਰ ਨੂੰ ਹੋਣ ਵਾਲੀ ਮਹੱਤਵਪੂਰਨ ਚੋਣ ਹੁਣ "ਸਵਿੰਗ ਰਾਜਾਂ" 'ਤੇ ਨਿਰਭਰ ਕਰਦੀ ਹੈ, ਜਿਨ੍ਹਾਂ ਵਿੱਚ ਵਧੇਰੇ ਸਖ਼ਤ ਟਕਰ ਦੇਖਣ ਦੀ ਸੰਭਾਵਨਾ ਹੈ।

ਹੁਣ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਸਵਿੰਗ ਸਟੇਟ ਜਿੱਤਣ ਵਾਲਾ ਹੀ ਦੇਸ਼ ਦਾ ਅਗਲਾ ਰਾਸ਼ਟਰਪਤੀ ਬਣੇਗਾ।




### ਕੀ ਟਰੰਪ ਕਮਲਾ ਹੈਰਿਸ ਨੂੰ ਬਰਦਾਸ਼ਤ ਕਰ ਸਕਣਗੇ ?

ਇਹਨਾਂ ਰਾਜਾਂ ਵਿੱਚ ਹੀ ਇੱਕ ਡਰ ਵਧ ਰਿਹਾ ਹੈ (ਜਿਸ ਦੇ ਕਈ ਸਬੂਤ ਮਿਲੇ ਹਨ) ਕਿ ਡੋਨਾਲਡ ਟਰੰਪ ਦੀ ਟੀਮ ਚੋਣ ਲੜਨ ਅਤੇ ਕਮਲਾ ਹੈਰਿਸ ਦੀ ਜਿੱਤ ਨੂੰ ਨਾਜਾਇਜ਼ ਠਹਿਰਾਉਣ ਦੀ ਤਿਆਰੀ ਕਰ ਰਹੀ ਹੈ। ਰਿਪਬਲਿਕਨ ਵੋਟਰਾਂ ਦੀਆਂ ਇੱਛਾਵਾਂ ਨੂੰ ਠੁੱਸ ਕਰਨ ਲਈਬਹੁਤ ਸਾਰੀਆਂ ਘਟੀਆ ਚਾਲਾਂ ਚਲ ਰਹੇ ਹਨ।

ਬੀਤੇ ਮੰਗਲਵਾਰ ਦੀ ਬਹਿਸ ਤੋਂ ਪਹਿਲਾਂ, ਟਰੰਪ ਨੇ ਕਮਲਾ ਹੈਰਿਸ ਦੇ ਵਿਰੁੱਧ ਪ੍ਰਭਾਵਸ਼ਾਲੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੇ ਬਿਡੇਨ ਦੇ ਦੌੜ ਤੋਂ ਹਟਣ ਤੋਂ ਬਾਅਦ ਡੈਮੋਕਰੇਟਿਕ ਮੁਹਿੰਮ ਨੂੰ ਮੁੜ ਸੁਰਜੀਤ ਕੀਤਾ ਸੀ। ਲੋਕਾਂ ਦੀਆਂ ਨਜ਼ਰਾਂ ਵਿੱਚ ਰਹਿਣ ਦੀ ਪੂਰੀ ਕੋਸ਼ਿਸ਼ ਕਰਦੇ ਹੋਏ, ਟਰੰਪ ਨੇ ਨੀਤੀ 'ਤੇ ਧਿਆਨ ਕੇਂਦਰਿਤ ਕਰਨ ਲਈ ਆਪਣੇ ਸਹਿਯੋਗੀਆਂ ਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦੇ ਹੋਏ ਕਮਲਾ ਹੈਰਿਸ 'ਤੇ ਖਤਰਨਾਕ ਨਿੱਜੀ ਹਮਲੇ ਕੀਤੇ, ਇਹੀ ਗਲਤੀ ਟਰੰਪ ਨੇ ਪਿਛਲੀ ਵਾਰ ਵੀ ਕੀਤੀ ਸੀ। ਪਰ ਟਰੰਪ ਨੇ ਉਨ੍ਹਾਂ ਮੁੱਦਿਆਂ ਨੂੰ ਛੱਡ ਦਿੱਤਾ,

ਬਾਕੀ ਹਿਸਾ ਸਫਾ 50 ਤੇ ਪੜ੍ਹੋ

## ਕੀ ਟਰੰਪ ਅਮਰੀਕਾ ਵਿਚੋਂ ਪ੍ਰਵਾਸੀਆਂ ਨੂੰ ਕੱਢਣ ਦੇ ਹੱਕ ਵਿਚ ਨੇ ?

ਵਾਸ਼ਿੰਗਟਨ-5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਇਕ ਨਿਊਜ਼ ਚੈਨਲ ਨੂੰ ਇਕ ਇੰਟਰਵਿਊ ਵਿਚ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ 'ਤੇ ਜ਼ੋਰ ਦਿੱਤਾ ਗਿਆ ਹੈ। ਪਰ ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਕਾਨੂੰਨੀ ਪ੍ਰਵਾਸੀਆਂ ਖਾਸ ਕਰਕੇ ਭਾਰਤੀਆਂ ਦਾ ਸਵਾਗਤ ਕਰਦਾ ਹਾਂ। ਹਾਲ ਹੀ 'ਚ ਮੈਂ ਕਿਹਾ ਸੀ ਕਿ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਭਾਰਤੀ ਅਤੇ ਹੋਰ ਵਿਦੇਸ਼ੀ ਵਿਦਿਆਰਥੀਆਂ ਨੂੰ ਆਟੋਮੈਟਿਕ ਰੂਟ ਰਾਹੀਂ ਅਮਰੀਕਾ ਵਿੱਚ ਸੈਟਲ ਹੋਣ ਲਈ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਹਾਰਵਰਡ ਅਤੇ ਐੱਮਆਈਟੀ ਵਿਚ ਪੜ੍ਹਣ ਵਾਲੇ ਭਾਰਤੀ ਵਿਦਿਆਰਥੀ ਆਪਣੀ ਪੜ੍ਹਾਈ ਖ਼ਤਮ ਹੁੰਦੇ ਹੀ ਆਪਣੇ ਦੇਸ਼ ਪਰਤ ਜਾਂਦੇ ਹਨ। ਇਹ ਅਮਰੀਕਾ ਲਈ ਬਹੁਤ ਵੱਡਾ ਨੁਕਸਾਨ ਹੈ। ਇਸ ਕਾਰਨ ਮੈਂ ਗ੍ਰੈਜੂਏਸ਼ਨ ਪੂਰੀ ਕਰ ਚੁੱਕੇ ਲੋਕਾਂ ਨੂੰ ਗ੍ਰੀਨ ਕਾਰਡ ਦੇਣ ਦੀ ਯੋਜਨਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਸਕੀਮ ਡਿਗਰੀ ਧਾਰਕਾਂ ਅਤੇ ਹੁਨਰਮੰਦ ਕਾਮਿਆਂ ਲਈ ਖੁੱਲ੍ਹੇ ਦਰਵਾਜ਼ੇ ਦੀ ਨੀਤੀ ਹੋਵੇਗੀ। ਇਸ ਤੋਂ ਇਲਾਵਾ ਹੋਰ ਅਮਰੀਕੀ ਕਾਮੇ ਵੀ ਆਪਣੀ ਨੌਕਰੀ ਨਹੀਂ ਗੁਆਉਣਗੇ।

# ਡਾ. ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਨੂੰ ਡਾਕਟਰੇਟ ਦੀ ਡਿਗਰੀ ਮਿਲਣ 'ਤੇ ਏ. ਟੀਮ ਬ੍ਰੈਡਫੋਰਡ ਵੱਲੋਂ ਵਧਾਈਆਂ ਅਤੇ ਯੂਨੀਵਰਸਿਟੀ ਦਾ ਧੰਨਵਾਦ

(ਬ੍ਰੈਡਫੋਰਡ) ਏ. ਟੀਮ ਬ੍ਰੈਡਫੋਰਡ ਦੇ ਅਹਿਮ ਪਤਵੰਤਿਆਂ ਤੇ ਉੱਘੇ ਬਿਜਨੈਸਮੈਨਾਂ ਵੱਲੋਂ ਲੀਡਸ ਦੇ ਡੀਈ ਬਾਗਾ ਰੈਸਟੋਰੈਂਟ ਵਿੱਚ ਸ਼ਨਿੱਚਰਵਾਰ, 7 ਸਤੰਬਰ, 2024 ਨੂੰ ਡਾ. ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਨੂੰ ਬ੍ਰੈਡਫੋਰਡ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਡਿਗਰੀ ਮਿਲਣ ਦੀ ਖੁਸ਼ੀ ਵਿੱਚ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਾ. ਮਨੋਜ ਜੋਸ਼ੀ ਐਮ.ਬੀ.ਈ. ਡੀ ਐਲ ਨੇ ਡਾ. ਨਿਰਮਲ ਸਿੰਘ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਮਾਜ ਦੇ ਹਰ ਵਰਗ ਦੀ ਲੋੜ ਨੂੰ ਪਛਾਣਦੇ ਹੋਏ ਖੁੱਲੇ ਦਿਲ ਨਾਲ ਮਦਦ ਕੀਤੀ ਹੈ। ਨਿਰਮਲ ਸਿੰਘ ਨੇ ਬ੍ਰੈਡਫੋਰਡ ਹਸਪਤਾਲ ਲਈ ਇੱਕ ਸਕੈਨਿੰਗ ਮਸ਼ੀਨ ਦਾ ਉਪਰਾਲਾ ਕੀਤਾ, ਜਿਸਦੀ ਲਾਗਤ 1.2 ਮਿਲੀਅਨ ਪੌਂਡ ਸੀ। ਇਸ ਵਿੱਚ ਬ੍ਰੈਡਫੋਰਡ ਦੇ ਨਾਮੀ ਵਪਾਰੀਆਂ ਅਤੇ ਕਮਿਊਨਿਟੀ ਲੀਡਰਾਂ ਨੇ ਵੀ ਸਹਿਯੋਗ ਦਿੱਤਾ।

ਡਾ. ਹਰਜਾਪ ਸਿੰਘ ਪੁੰਨੀ ਨੇ ਵੀ ਨਿਰਮਲ ਸਿੰਘ ਦੇ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਬ੍ਰੈਡਫੋਰਡ ਦੇ ਕਬੱਡੀ ਅਤੇ ਫੁੱਟਬਾਲ ਕਲੱਬਾਂ ਨੂੰ ਮਾਲੀ ਸਹਿਯੋਗ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਖਿਡਾਰੀਆਂ ਦੇ ਉਤਸ਼ਾਹ ਨੂੰ ਵਧਾਇਆ। ਡਾ. ਨਿਰਮਲ ਸਿੰਘ ਨੇ 1967 ਵਿੱਚ ਸਿਰਫ 15 ਸਾਲ ਦੀ ਉਮਰ ਵਿੱਚ ਯੂਨਾਈਟਿਡ ਕਿੰਗਡਮ ਆਏ ਸਨ। ਪੰਜ ਦਹਾਕਿਆਂ ਦੇ ਦੌਰਾਨ, ਡਾ. ਸਿੰਘ ਦੀ ਉੱਦਮੀ ਸੂਝ ਨੇ ਟੈਕਸਟਾਈਲ ਉਦਯੋਗ ਨੂੰ ਬਦਲ ਦਿੱਤਾ ਅਤੇ ਇੱਕ ਸੰਪੰਨ ਸੰਪੱਤੀ ਸਾਮਰਾਜ ਦੀ ਸਿਰਜਣਾ ਵੱਲ ਅਗਵਾਈ ਕੀਤੀ। ਪੁਲਿਸ ਲਾਇਜਾਂਸ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ, ਉਨ੍ਹਾਂ ਨੇ ਕਈ ਬੱਚਿਆਂ ਨੂੰ, ਜੋ ਵਿਸ਼ੇਸ਼ ਤੌਰ 'ਤੇ ਨਸ਼ਿਆਂ ਵਿੱਚ ਫਸੇ ਹੋਏ ਸਨ, ਉਨ੍ਹਾਂ ਦੇ ਮਾਤਾ ਪਿਤਾ ਕੋਲ ਪੁੰਚਾਇਆ। ਉਨ੍ਹਾਂ ਨੇ £9000 ਪੌਂਡ ਇਕੱਠਾ ਕਰਕੇ ਲੀਡਸ ਹਸਪਤਾਲ ਦੇ ਲਿਵਰ ਡਿਪਾਰਟਮੈਂਟ ਨੂੰ ਵੀ ਦਿੱਤਾ। ਇਸਦੇ ਨਾਲ ਹੀ, ਉਨ੍ਹਾਂ ਨੇ ਲੀਡਸ, ਬ੍ਰੈਡਫੋਰਡ ਅਤੇ ਹਡਰਸਫੀਲਡ ਦੇ ਹਸਪਤਾਲਾਂ ਦੀ ਵੀ ਬੇਹਤਰੀ ਲਈ ਮਦਦ ਕੀਤੀ।

ਟੀਮ ਬ੍ਰੈਡਫੋਰਡ 20 ਸਾਲ ਪਹਿਲਾਂ ਬ੍ਰੈਡਫੋਰਡ ਦੇ ਨਾਮੀ ਵਪਾਰੀਆਂ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਦਾ ਮੰਤਵ ਬ੍ਰੈਡਫੋਰਡ ਦਾ ਚੌਮੁਖੀ ਵਿਕਾਸ ਕਰਨਾ ਅਤੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣਾ ਸੀ। ਅੱਜ ਇਹਨਾਂ ਦੀ ਗਿਣਤੀ ਇੰਗਲੈਂਡ ਦੇ ਨਾਮੀ ਵਪਾਰੀਆਂ ਵਿੱਚ ਕੀਤੀ ਜਾਂਦੀ ਹੈ।



ਡਾ. ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਆਪਣੀ ਪਤਨੀ ਹਰਮੇਸ਼ ਕੌਰ ਅਤੇ ਪੁੱਤਰ ਸਿੰਮੀ ਸੇਖੋਂ ਨਾਲ

ਇਸ ਸਮਾਰੋਹ ਵਿੱਚ ਸੋਨਿਕ ਸਟੋਰ ਦੇ ਮਾਲਕ ਡਾ. ਮਦਨ ਲਾਲ ਸ਼ੋਵਨ ਤੇ ਉਨ੍ਹਾਂ ਦੀ ਪਤਨੀ, ਡਾ. ਮਨੋਜ ਜੋਸ਼ੀ ਐਮ.ਬੀ.ਈ. ਡੀ. ਐਲ. ਅਤੇ ਮਿਸਿਜ਼ ਜੋਸ਼ੀ, ਗੌਤਮ ਅਸ਼ਵਨੀ ਕੁਮਾਰ (ਸਾਬਕਾ ਪ੍ਰੈਜ਼ੀਡੈਂਟ ਹਿੰਦੂ ਕਲਚਰਲ ਸੋਸਾਇਟੀ, ਬ੍ਰੈਡਫੋਰਡ) ਤੇ ਉਨ੍ਹਾਂ ਦੀ ਪਤਨੀ, ਜਸਵਿੰਦਰ ਸਿੰਘ ਮਹਾਰਾਜਾ (ਮਹਾਰਾਜਾ ਫੈਬਰਿਕ) ਤੇ ਉਨ੍ਹਾਂ ਦੀ ਪਤਨੀ, ਮਨਮੋਹਨ ਸਿੰਘ (ਮਹਾਰਾਜਾ ਟੈਕਸਟਾਈਲ) ਤੇ ਉਨ੍ਹਾਂ ਦੀ ਪਤਨੀ, ਡਾ. ਹਰਜਾਪ ਸਿੰਘ ਪੁੰਨੀ ਤੇ ਉਨ੍ਹਾਂ ਦੀ ਪਤਨੀ, ਬਲਬੀਰ ਸਿੰਘ ਪਨੇਸਰ ਡੀ. ਐਲ. ਤੇ ਉਨ੍ਹਾਂ ਦੀ ਪਤਨੀ, ਮੋਹਿੰਦਰ ਸਿੰਘ ਭੱਟੋਆ (ਪੀ. ਐਂਡ ਬੀ. ਫੂਡਜ਼) ਤੇ ਉਨ੍ਹਾਂ ਦੀ ਪਤਨੀ ਅਤੇ ਉਨ੍ਹਾਂ ਦੇ ਕੁੜਮ, ਜੋ ਇੰਡੀਆ ਤੋਂ ਆਏ ਹੋਏ ਸਨ, ਨੇ ਸ਼ਿਰਕਤ ਕਰਕੇ ਸਮਾਰੋਹ ਨੂੰ ਚਾਰ ਚੰਨ ਲਗਾਏ। ਇਸਦੇ ਨਾਲ ਹੀ ਅਜਮੇਰ ਸਿੰਘ ਭੁੱਲਰ (ਵੈਦਰਬੀ ਫੈਸ਼ਨ) ਤੇ ਉਨ੍ਹਾਂ ਦੀ ਪਤਨੀ, ਸੁਰਿੰਦਰ ਸਿੰਘ ਸਰਾਓ (ਗੋਲਡ ਸਪੋਰਟਸ ਕੈਸ਼ ਐਂਡ ਕੈਰੀ) ਤੇ ਉਨ੍ਹਾਂ ਦੀ ਪਤਨੀ ਨੇ ਵੀ ਇਸ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਤੇ, ਵੈਦਰਬੀ ਫੈਸ਼ਨ ਦੇ ਮਾਲਕ ਅਜਮੇਰ ਸਿੰਘ ਭੁੱਲਰ ਨੇ ਕੇਕ ਕੱਟ ਕੇ ਡਾ. ਨਿਰਮਲ ਸਿੰਘ ਦਾ ਮੂੰਹ ਮਿੱਠਾ ਕਰਵਾਇਆ। ਸਮਾਰੋਹ ਵਿਚ ਖਾਣ-ਪੀਣ ਅਤੇ ਡ੍ਰਿੰਕਸ ਦਾ ਬਹੁਤ ਵਧੀਆ ਇੰਤਜ਼ਾਮ ਕੀਤਾ ਗਿਆ ਸੀ।

ਸਮਾਰੋਹ ਦੇ ਅੰਤ ਵਿੱਚ ਡਾ. ਨਿਰਮਲ ਸਿੰਘ ਸੇਖੋਂ ਐਮ.ਬੀ.ਈ. ਅਤੇ ਉਨ੍ਹਾਂ ਦੀ ਪਤਨੀ ਹਰਮੇਸ਼ ਕੌਰ ਨੇ ਹਿੰਦੂ ਅਤੇ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ।

# ਇਜਰਾਈਲ ਉਪਰ ਲੱਗੇ ਦੋਸ਼ ਕਿ ਪੇਜਰ ਧਮਾਕਿਆਂ ਰਾਹੀਂ ਲੜਾਕੇ ਉਡਾਏ

## ○ 8 ਲੋਕਾਂ ਦੀ ਮੌਤ, ਈਰਾਨ ਦੇ ਰਾਜਦੂਤ ਮੋਜਿਤਬਾ ਅਮਾਨੀ ਸਮੇਤ 2700 ਤੋਂ ਵੱਧ ਲੋਕ ਜ਼ਖਮੀ ○ ਧਮਾਕਿਆਂ ਕਾਰਨ ਦਹਿਲਿਆ ਲੇਬਨਾਨ

ਲੇਬਨਾਨ-ਲੇਬਨਾਨ ਅਤੇ ਸੀਰੀਆ ਦੇ ਕੁਝ ਇਲਾਕਿਆਂ ਵਿਚ ਲੜੀਵਾਰ ਧਮਾਕੇ ਹੋਏ। ਇਹ ਧਮਾਕੇ ਪੇਜਰਾਂ ਦੇ ਫਟਣ ਕਾਰਨ ਹੋਏ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਅੰਤਰਰਾਸ਼ਟਰੀ ਸਮਾਚਾਰ ਏਜੰਸੀ ਰਾਇਟਰਸ ਮੁਤਾਬਕ ਇਹ ਧਮਾਕੇ ਹਿਜ਼ਬੁੱਲਾ ਦੇ ਲੜਾਕਿਆਂ ਦੇ ਪੇਜਰਾਂ ਵਿਚ ਹੋਏ। ਇਨ੍ਹਾਂ ਪੇਜਰਾਂ ਦੀ ਵਰਤੋਂ ਹਿਜ਼ਬੁੱਲਾ ਦੇ ਲੜਾਕਿਆਂ ਦੁਆਰਾ ਆਪਸ ਵਿੱਚ ਸੰਚਾਰ ਕਰਨ ਲਈ ਕੀਤੀ ਗਈ ਸੀ, ਪਰ ਕਿਸੇ ਨੇ ਉਨ੍ਹਾਂ ਨੂੰ ਹੈਕ ਕਰ ਲਿਆ ਅਤੇ ਧਮਾਕਾ ਕਰ ਦਿੱਤਾ। ਇਸ ਭਿਆਨਕ ਘਟਨਾ ਵਿਚ ਈਰਾਨ ਦੇ ਰਾਜਦੂਤ ਮੋਜਿਤਬਾ ਅਮਾਨੀ ਵੀ ਜ਼ਖਮੀ ਹੋ ਗਏ ਹਨ।

ਇਸ ਵਿਚ 8 ਲੋਕਾਂ ਦੀ ਮੌਤ ਹੋਈ ਹੈ, ਉਥੇ ਹੀ 2700 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ। ਇਸ ਲੜੀਵਾਰ ਧਮਾਕਿਆਂ ਦੇ ਨਿਸ਼ਾਨੇ 'ਤੇ ਹਿਜ਼ਬੁੱਲ੍ਹਾ ਦੇ ਮੈਂਬਰ ਸਨ। ਦੋਸ਼ ਲੱਗ ਰਿਹਾ ਹੈ ਕਿ ਇਜ਼ਰਾਈਲ ਨੇ ਇਹ ਧਮਾਕੇ ਕਰਵਾਏ ਹਨ। ਹੁਣ ਹਰ ਪਾਸੇ ਇਸ ਗੱਲ 'ਤੇ ਚਰਚਾ ਹੈ ਕਿ ਆਖਰ ਪੇਜਰ 'ਚ ਧਮਾਕੇ ਕਿਵੇਂ ਹੋ ਸਕਦੇ ਹਨ।

ਅਜਿਹੇ ਵਿਚ ਸਵਾਲ ਉੱਠਦਾ ਹੈ ਕਿ ਕੀ ਪੇਜਰ ਨੂੰ ਹੈਕ ਕੀਤਾ ਜਾ ਸਕਦਾ ਹੈ ?

ਪੇਜਰ ਇੱਕ ਡਿਵਾਈਸ ਹੈ ਜਿਸਦੀ



ਵਰਤੋਂ ਮੈਸੇਜ ਭੇਜਣ ਅਤੇ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ 1990 ਦੇ ਦਹਾਕੇ ਵਿੱਚ ਪ੍ਰਸਿੱਧ ਸੀ, ਖਾਸ ਕਰਕੇ ਡਾਕਟਰਾਂ, ਕਾਰੋਬਾਰੀਆਂ ਅਤੇ ਐਮਰਜੈਂਸੀ ਸੇਵਾਵਾਂ ਦੇ ਪੇਸ਼ੇਵਰਾਂ ਦੁਆਰਾ। ਪੇਜਰ ਦਾ ਕੰਮ ਰੇਡੀਓ ਸਿਗਨਲ ਰਾਹੀਂ ਟੈਕਸਟ ਮੈਸੇਜ ਪ੍ਰਾਪਤ ਕਰਨਾ ਹੈ। ਇਹ ਮੁੱਖ ਤੌਰ 'ਤੇ ਉਦੋਂ ਲਾਭਦਾਇਕ ਸੀ ਜਦੋਂ ਮੋਬਾਈਲ ਫੋਨ ਇੰਨੇ ਮਸ਼ਹੂਰ ਨਹੀਂ ਸਨ। ਅੱਜ ਵੀ, ਪੇਜਰਾਂ ਦੀ ਵਰਤੋਂ ਕੁਝ ਖਾਸ ਉਦਯੋਗਾਂ ਜਿਵੇਂ ਕਿ ਸਿਹਤ ਸੰਭਾਲ ਅਤੇ ਐਮਰਜੈਂਸੀ ਸੇਵਾਵਾਂ ਵਿੱਚ ਕੀਤੀ ਜਾਂਦੀ ਹੈ ਕਿਉਂਕਿ ਇਹ ਸੰਚਾਰ ਦਾ ਇੱਕ ਭਰੋਸੇਯੋਗ ਅਤੇ ਸਿੱਧਾ ਸਾਧਨ ਹਨ।

### ਪੇਜਰਾਂ ਦੀਆਂ ਤਿੰਨ ਮੁੱਖ ਕਿਸਮਾਂ ਹਨ:

1. ਵਨ-ਵੇ ਪੇਜਰ-ਇਸ ਵਿੱਚ ਸਿਰਫ਼ ਮੈਸੇਜ ਪ੍ਰਾਪਤ ਹੀ ਕੀਤੇ ਜਾ ਸਕਦੇ ਹਨ।

2. ਟੂ-ਵੇ ਪੇਜਰ-ਇਸ ਵਿਚ ਮੈਸੇਜ ਪ੍ਰਾਪਤ ਕਰਨ ਦੇ ਨਾਲ-ਨਾਲ ਜਵਾਬ ਵੀ ਭੇਜਿਆ ਜਾ ਸਕਦਾ ਹੈ।

3. ਵੌਇਸ ਪੇਜਰ-ਇਸ ਵਿੱਚ ਵੌਇਸ ਮੈਸੇਜ ਰਿਕਾਰਡ ਕੀਤੇ ਜਾ ਸਕਦੇ ਹਨ।

ਮਾਹਿਰਾਂ ਦੇ ਅਨੁਸਾਰ, ਪੇਜਰਾਂ ਨੂੰ ਆਸਾਨੀ ਨਾਲ ਹੈਕ ਕੀਤਾ ਜਾ ਸਕਦਾ ਹੈ, ਖਾਸ ਕਰਕੇ ਜੇ ਕੋਈ ਰੇਡੀਓ ਸਿਗਨਲ ਨੂੰ ਰੋਕਦਾ ਹੈ।

2016 ਵਿੱਚ ਇੱਕ ਰਿਪੋਰਟ ਸਾਹਮਣੇ ਆਈ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਹੈਲਥਕੇਅਰ ਸੈਕਟਰ ਦੇ ਪੇਜਰਾਂ ਵਿੱਚ ਮਰੀਜ਼ਾਂ ਦੀ ਨਿੱਜੀ ਜਾਣਕਾਰੀ ਲੀਕ ਹੋਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਸ ਲਈ, ਜੇਕਰ ਤੁਸੀਂ ਸੰਵੇਦਨਸ਼ੀਲ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰ ਰਹੇ ਹੋ ਤਾਂ ਇੱਕ ਪੇਜਰ ਸਭ ਤੋਂ ਸੁਰੱਖਿਅਤ ਬਦਲ ਨਹੀਂ ਹੋ ਸਕਦਾ।

### ਲੇਬਨਾਨ ਕੰਬਿਆ ਜਾਰੀ ਕੀਤੇ ਆਦੇਸ਼

ਲੇਬਨਾਨ ਦੇ ਸਿਹਤ ਮੰਤਰਾਲੇ ਨੇ ਉਨ੍ਹਾਂ ਨਾਗਰਿਕਾਂ ਨੂੰ ਕਿਹਾ ਹੈ ਜਿਨ੍ਹਾਂ ਕੋਲ ਪੇਜਰ ਹਨ, ਉਨ੍ਹਾਂ ਨੂੰ ਤੁਰੰਤ ਸੁੱਟ ਦੇਣ। ਹਿਜ਼ਬੁੱਲਾ ਨੇ ਇਸ ਧਮਾਕੇ ਨੂੰ ਇਜ਼ਰਾਇਲੀ ਸਾਜ਼ਿਸ਼ ਦੱਸਿਆ ਹੈ। ਹਾਲਾਂਕਿ, ਇਜ਼ਰਾਈਲੀ ਫੌਜ ਨੇ ਧਮਾਕਿਆਂ ਬਾਰੇ ਰਾਇਟਰਜ਼ ਦੇ ਸਵਾਲਾਂ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

### ਸ਼ਿਵ ਸੈਨਾ ਵਿਧਾਇਕ ਦੇ ਵਿਗੜੇ ਬੋਲ

# ਰਾਹੁਲ ਗਾਂਧੀ ਦੀ ਜੀਭ ਕੱਟੋ ਤੇ ਲਓ 11 ਲੱਖ ਦਾ ਇਨਾਮ



ਮੁੰਬਈ-ਰਾਹੁਲ ਗਾਂਧੀ ਦੇ ਅਮਰੀਕਾ ਦੌਰੇ 'ਤੇ ਦਿੱਤੇ ਬਿਆਨਾਂ ਨੂੰ ਲੈ ਕੇ ਭਾਜਪਾ ਨੇ ਹਮਲਾਵਰ ਰੁਖ ਅਪਣਾਇਆ ਹੈ। ਇਸ ਦੌਰਾਨ ਸ਼ਿਵ ਸੈਨਾ ਦੇ ਇੱਕ ਵਿਧਾਇਕ ਨੇ ਰਾਹੁਲ 'ਤੇ ਵਿਵਾਦਿਤ ਬਿਆਨ ਦਿੱਤਾ ਕਿ ਜੋ ਵੀ ਰਾਹੁਲ ਗਾਂਧੀ ਦੀ ਜ਼ੁਬਾਨ ਕੱਟੇਗਾ ਉਹ ਨੂੰ ਉਸ 11 ਲੱਖ ਰੁਪਏ ਦੇਣਗੇ। ਸ਼ਿਵ ਸੈਨਾ ਦੇ ਵਿਧਾਇਕ ਸੰਜੇ ਗਾਇਕਵਾੜ ਨੇ ਇਹ ਬਿਆਨ ਰਾਹੁਲ ਗਾਂਧੀ ਦੀ ਰਿਜ਼ਰਵੇਸ਼ਨ ਪ੍ਰਣਾਲੀ ਨੂੰ ਖ਼ਤਮ ਕਰਨ ਦੀ ਟਿੱਪਣੀ 'ਤੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਹੁਲ ਨੇ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਗੱਲ ਕਰ ਕੇ ਗ਼ਲਤ ਕੀਤਾ ਹੈ, ਜਿਸ ਦੀ ਸਜ਼ਾ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ। ਇਨਾਮ ਦਾ ਐਲਾਨ ਕਰਨ ਤੋਂ ਪਹਿਲਾਂ ਗਾਇਕਵਾੜ ਨੇ ਕਿਹਾ, ਰਾਹੁਲ ਜਦੋਂ ਵਿਦੇਸ਼ ਵਿੱਚ ਸਨ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਉਹ ਭਾਰਤ ਵਿੱਚ ਰਿਜ਼ਰਵੇਸ਼ਨ ਸਿਸਟਮ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਇਸ ਨਾਲ ਕਾਂਗਰਸ ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ।

ਭਾਜਪਾ ਨੇ ਇਸ ਬਿਆਨ ਤੋਂ ਦੂਰੀ ਬਣਾਈ-ਦੂਜੇ ਪਾਸੇ ਮਹਾਰਾਸ਼ਟਰ ਭਾਜਪਾ ਦੇ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਨੇ ਕਿਹਾ ਕਿ ਉਹ ਵਿਧਾਇਕ ਦੀਆਂ ਟਿੱਪਣੀਆਂ ਦਾ ਸਮਰਥਨ ਨਹੀਂ ਕਰਦੇ। ਬਾਵਨਕੁਲੇ ਨੇ ਗਾਇਕਵਾੜ ਦੀਆਂ ਟਿੱਪਣੀਆਂ ਤੋਂ ਭਾਜਪਾ ਨੂੰ ਦੂਰ ਕਰ ਦਿੱਤਾ।

ਮਹਾਰਾਸ਼ਟਰ ਕਾਂਗਰਸ ਦੇ ਬੁਲਾਰੇ ਅਤੁਲ ਲੋਂਧੇ ਨੇ ਕਿਹਾ ਕਿ ਸੰਜੇ ਗਾਇਕਵਾੜ ਸਮਾਜ ਅਤੇ ਰਾਜਨੀਤੀ ਵਿੱਚ ਰਹਿਣ ਦੇ ਯੋਗ ਨਹੀਂ ਹਨ। ਅਸੀਂ ਇਹ ਦੇਖਣਾ ਚਾਹੁੰਦੇ ਹਾਂ ਕਿ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਦੇਵੇਂਦਰ ਫੜਨਵੀਸ ਗਾਇਕਵਾੜ ਦੇ ਖਿਲਾਫ ਗੈਰ-ਇਰਾਦਨ ਹੱਤਿਆ ਦਾ ਮਾਮਲਾ ਦਰਜ ਕਰਦੇ ਹਨ ਜਾਂ ਨਹੀਂ।

# ਪਾਕਿਸਤਾਨੀ ਮੂਲ ਦੇ ਵਿਅਕਤੀ ਨੂੰ ਯੂ ਕੇ ਵਿੱਚ ਭਾਰਤੀ ਰੈਸਟੋਰੈਂਟ ਮੈਨੇਜਰ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਾਕਿਸਤਾਨੀ ਮੂਲ ਦੇ 25 ਸਾਲਾ ਸ਼ਾਜ਼ੇਬ ਖਾਲਿਦ ਨੂੰ ਚੋਰੀ ਦੀ ਕਾਰ ਨਾਲ ਟੱਕਰ ਮਾਰ ਕੇ ਇੱਕ ਭਾਰਤੀ ਰੈਸਟੋਰੈਂਟ ਮੈਨੇਜਰ ਵਿਗਨੇਸ਼ ਪੱਟਾਭਿਰਾਮਨ 36 ਦੀ ਹੱਤਿਆ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਰੈਡਿੰਗ ਕਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਵਿਗਨੇਸ਼ ਪੱਟਾਭਿਰਾਮਨ ਨੂੰ ਸ਼ਾਜ਼ੇਬ ਖਾਲਿਦ ਨੇ "ਚੋਰੀ ਹੋਈ ਰੇਂਜ ਰੋਵਰ" ਨਾਲ ਉਸ ਵੇਲੇ ਟੱਕਰ ਮਾਰੀ ਸੀ ਜਦੋਂ ਉਹ ਰੈਡਿੰਗ ਵਿੱਚ ਇੱਕ ਭਾਰਤੀ ਰੈਸਟੋਰੈਂਟ ਤੋਂ ਆਪਣੇ ਘਰ ਸਾਈਕਲ ਤੇ ਵਾਪਿਸ ਆ ਰਿਹਾ ਸੀ। ਰੋਇਲ ਬਰਕਸ਼ਾਇਰ ਹਸਪਤਾਲ ਵਿੱਚ ਵਿਗਨੇਸ਼ ਨੂੰ ਮ੍ਰਿਤਕ ਐਲਾਨ ਤੋਂ ਬਾਅਦ ਕਤਲ ਦੀ ਜਾਂਚ ਸ਼ੁਰੂ ਕੀਤੀ ਗਈ ਸੀ। ਖਾਲਿਦ ਨੂੰ 19 ਫਰਵਰੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਰੈਡਿੰਗ ਕਰਾਊਨ ਕੋਰਟ 'ਚ 28 ਦਿਨਾਂ ਤੱਕ ਚੱਲੇ ਮੁਕੱਦਮੇ ਤੋਂ ਬਾਅਦ ਬੁੱਧਵਾਰ ਨੂੰ ਉਸ ਨੂੰ ਪੱਟਾਭਿਰਾਮਨ ਦੀ ਹੱਤਿਆ ਦਾ ਦੋਸ਼ੀ ਪਾਇਆ ਗਿਆ ਹੈ। ਖਾਲਿਦ ਨੇ ਪਹਿਲਾਂ ਦੀ ਸੁਣਵਾਈ 'ਤੇ ਖੁਦ ਨੂੰ ਕਤਲ ਦਾ ਦੋਸ਼ੀ ਨਹੀਂ ਮੰਨਿਆ ਪਰ ਜਿਊਰੀ ਦੁਆਰਾ ਉਸ ਨੂੰ ਦੋਸ਼ੀ ਠਹਿਰਾਇਆ ਹੈ। ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਸੋਹੀਮ ਹੁਸੈਨ ਅਪਰਾਧੀ ਦੀ ਮਦਦ ਕਰਨ ਦਾ ਦੋਸ਼ੀ ਪਾਇਆ ਗਿਆ ਅਤੇ ਮੀਆ ਰੀਲੀ ਦੋਸ਼ ਮੁਕਤ ਐਲਾਨਿਆ ਗਿਆ ਹੈ। ਖਾਲਿਦ ਨੂੰ 10 ਅਕਤੂਬਰ ਨੂੰ ਸਜ਼ਾ ਸੁਣਾਈ ਜਾਵੇਗੀ।



ਵਿਗਨੇਸ਼ ਪੱਟਾਭਿਰਾਮਨ

ਟੇਮਜ਼ ਵੈਲੀ ਪੁਲਿਸ ਨੇ ਕਤਲ ਦੀ ਜਾਂਚ ਬਾਬਤ ਅਦਾਲਤ ਨੂੰ ਦੱਸਿਆ ਕਿ ਪੋਸਟਮਾਰਟਮ ਦੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਟੱਕਰ ਤੋਂ ਬਾਅਦ ਪੱਟਾਭਿਰਾਮਨ ਦੀ ਮੌਤ ਸਿਰ 'ਤੇ ਸੱਟ ਲੱਗਣ ਕਾਰਨ ਹੋਈ ਸੀ। ਅਦਾਲਤ ਵਿੱਚ ਜਿਊਰੀ ਨੂੰ ਸਪੱਸ਼ਟ ਤੌਰ 'ਤੇ ਸਪੱਸ਼ਟ ਸੀ ਕਿ ਖਾਲਿਦ ਉਸ ਸ਼ਾਮ ਵਿਗਨੇਸ਼ ਨੂੰ ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਦਾ ਸੀ। ਉਸਨੇ ਚੋਰੀ ਕੀਤੀ ਰੇਂਜ ਰੋਵਰ ਦੀ ਵਰਤੋਂ ਇੱਕ ਹਥਿਆਰ ਵਜੋਂ ਕੀਤੀ ਸੀ।

# ਨਵਜੋਤ ਸਿੱਧੂ ਦੇ ਸਿਆਸੀ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਪੁਲਿਸ ਨੇ ਕੀਤਾ ਗ੍ਰਿਫਤਾਰ

## ✪ ਪਹਿਲੀ ਅਕਤੂਬਰ ਤੱਕ ਪਟਿਆਲਾ ਜੇਲ੍ਹ ਭੇਜਿਆ ✪ ਵੱਖ ਵੱਖ ਸਿਆਸੀ ਆਗੂਆਂ ਵਲੋਂ ਨਿੰਦਾ, ਪੰਜਾਬ ਦੇ ਹਾਲਾਤ ਵਿਗੜਨ ਉਪਰ ਕੀਤੀਆਂ ਸਖਤ ਟਿਪਣੀਆਂ



ਮੋਹਾਲੀ-ਮੁਹਾਲੀ ਪੁਲਿਸ ਨੇ ਸਾਬਕਾ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੱਧੂ ਦੇ ਸਿਆਸੀ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿ.ਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਿਕ ਮਾਲੀ ਦੇ ਖਿਲਾਫ਼ ਆਈਟੀ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਹ ਆਪਣੇ ਭਰਾ ਦੇ ਘਰ ਕੁਝ ਸਮਾਂ ਪਹਿਲਾਂ ਹੀ ਪਹੁੰਚੇ ਸਨ, ਜਿੱਥੇ ਉਨ੍ਹਾਂ ਦਾ ਵੱਡਾ ਭਰਾ ਜਤਿੰਦਰ ਸਿੰਘ ਵੀ ਆਇਆ ਹੋਇਆ ਹੈ। ਪੁਲਿਸ ਵੱਲੋਂ ਉਨ੍ਹਾਂ ਨੂੰ ਇਹ ਵੀ ਦੱਸਿਆ ਗਿਆ ਕਿ ਆਈ.ਟੀ. ਐਕਟ ਅਧੀਨ ਉਨ੍ਹਾਂ ਵੱਲੋਂ ਪਾਈ ਕਿਸੇ ਪੋਸਟ ਕਾਰਨ ਉਨ੍ਹਾਂ ਨੂੰ ਫੜਿਆ ਗਿਆ ਹੈ। ਜਾਣਕਾਰੀ ਅਨੁਸਾਰ ਪੁਲਿਸ ਵੱਲੋਂ ਆਈ.ਟੀ. ਸਿਟੀ ਥਾਣਾ ਮੁਹਾਲੀ 'ਚ ਉਨ੍ਹਾਂ ਖ਼ਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਕੇਸ ਦਰਜ ਕੀਤਾ ਗਿਆ ਹੈ।

ਅਦਾਲਤ ਵਲੋਂ ਪੁਲਿਸ ਦਾ ਪੱਖ ਸੁਣਨ ਤੋਂ ਬਾਅਦ ਮਾਲਵਿੰਦਰ ਸਿੰਘ ਮਾਲੀ ਨੂੰ 1 ਅਕਤੂਬਰ ਤੱਕ ਨਿਆਇਕ ਹਿਰਾਸਤ ਤਹਿਤ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਮਾਲਵਿੰਦਰ ਸਿੰਘ ਮਾਲੀ ਵਲੋਂ ਆਪਣੀ ਜ਼ਮਾਨਤ ਲਈ ਕੋਈ ਵਕੀਲ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ ਅਤੇ ਨਾ ਹੀ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ ਗਈ ।

ਅਦਾਲਤ ਤੋਂ ਬਾਹਰ ਆਉਣ ਤੋਂ ਬਾਅਦ ਮਾਲਵਿੰਦਰ ਸਿੰਘ ਮਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ 'ਤੇ ਭਗਵੰਤ ਮਾਨ ਸਰਕਾਰ ਵਲੋਂ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਝੂਠਾ ਕੇਸ ਦਰਜ ਕੀਤਾ ਗਿਆ ਹੈ, ਜੋ ਕਿ ਸਰਾਸਰ ਝੂਠਾ ਹੈ। ਉਨ੍ਹਾਂ ਕਿਹਾ ਕਿ ਚਾਰ ਦਿਨ ਪਹਿਲਾਂ ਉਨ੍ਹਾਂ ਨੇ ਇਕ ਮੀਡੀਆ ਚੈਨਲ ਵਾਲੇ ਨੂੰ ਇੰਟਰਵਿਊ ਦਿੱਤੀ ਸੀ ਅਤੇ ਉਸ ਦੇ ਆਧਾਰ 'ਤੇ ਪੰਜਾਬ ਸਰਕਾਰ ਨੇ ਉਸ ਦੇ ਖ਼ਿਲਾਫ਼ ਝੂਠਾ ਕੇਸ ਦਰਜ ਕੀਤਾ ਹੈ । ਉਨ੍ਹਾਂ ਕਿਹਾ ਕਿ ਜੋ ਵੀ ਪੰਜਾਬ ਸਰਕਾਰ ਦੇ ਖ਼ਿਲਾਫ਼ ਬੋਲਦਾ ਹੈ, ਉਸ ਨੂੰ ਜੇਲ੍ਹ 'ਚ ਡੱਕ ਦਿੱਤਾ ਜਾਂਦਾ ਹੈ ।

### 'ਆਪ' ਦੇ ਟਰੇਡ ਵਿੰਗ ਦੇ ਜਨਰਲ ਸਕੱਤਰ ਅਮਿਤ ਜੈਨ ਨੇ ਦਰਜ ਕਰਵਾਇਆ ਪਰਚਾ

ਜਾਣਕਾਰੀ ਅਨੁਸਾਰ ਮਾਲਵਿੰਦਰ ਸਿੰਘ ਮਾਲੀ 'ਤੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਦੋਸ਼ ਤਹਿਤ ਕੇਸ ਦਰਜ ਕਰਵਾਉਣ ਵਾਲਾ ਸ਼ਖ਼ਸ਼ ਆਮ ਆਦਮੀ ਪਾਰਟੀ ਦੇ ਟਰੇਡ ਵਿੰਗ ਮੁਹਾਲੀ ਦਾ ਜਰਨਲ ਸਕੱਤਰ ਅਤੇ ਐਰੋਸਿਟੀ ਮੁਹਾਲੀ ਦਾ ਗਊ ਸੇਵਕ ਅਮਿਤ ਜੈਨ ਹੈ, ਜਿਸ ਨੇ ਮਾਲਵਿੰਦਰ ਸਿੰਘ ਮਾਲੀ ਖ਼ਿਲਾਫ਼ ਆਈ. ਟੀ. ਐਕਟ ਦੇ ਤਹਿਤ ਮੁਹਾਲੀ ਵਿਖੇ ਪਰਚਾ ਦਰਜ ਕਰਵਾਇਆ ਹੈ ।

### ਮਾਲੀ ਦੀ ਗ੍ਰਿਫਤਾਰੀ ਦੀ ਨਿੰਦਾ

ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਇਸ ਗ੍ਰਿਫਤਾਰੀ ਬਾਰੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਗ੍ਰਿਫਤਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ ਅਤੇ ਮਾਲਵਿੰਦਰ ਸਿੰਘ ਮਾਲੀ ਨੂੰ ਜਲਦ ਤੋਂ ਜਲਦ ਰਿਹਾਅ ਕਰਨ ਲਈ ਕਿਹਾ ਹੈ। ਪਟਿਆਲਾ ਦੇ ਸੰਸਦ ਮੈਂਬਰ ਨੇ ਪੰਜਾਬ ਸਰਕਾਰ ਨੂੰ ਅਜਿਹੇ ਗੈਰ-ਜਮਹੂਰੀ ਅਤੇ ਜ਼ਾਲਮਾਨਾ ਕਦਮਾਂ ਤੋਂ ਗੁਰੇਜ਼ ਕਰਨ ਅਤੇ ਸੂਬੇ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਵੱਲ ਧਿਆਨ ਦੇਣ ਦੀ ਚੇਤਾਵਨੀ ਦਿੱਤੀ ਹੈ।

ਬਿਕਰਮ ਸਿੰਘ ਮਜੀਠੀਆ ਦਾ ਟਵੀਟ ਕਰਕੇ ਲਿਖਿਆ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਾਂਗ ਪ੍ਰੈਸ ਦੀ ਆਜ਼ਾਦੀ ਤੇ ਵਾਰ ਵਾਰ ਹਮਲਾ ਕਰ ਰਿਹਾ ਹੈ। ਮੈਂ ਸ. ਮਾਲੀ ਦੀ ਇਸ ਗ੍ਰਿ.ਫ਼ਤਾਰੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹਾਂ। ਭਗਵੰਤ ਮਾਨ ਜੀ ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਦਬਾਉ ਨਾ। ਤਾਨਾਸ਼ਾਹੀ ਛੱਡੋ।

ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੀ ਇਹ ਕਾਰਵਾਈ ਪੰਜਾਬ ਵਿੱਚ ਅਣਐਲਾਨੀ ਐਮਰਜੈਂਸੀ ਦੇ ਬਰਾਬਰ ਹੈ ਕਿਉਂਕਿ ਬੋਲਣ ਦੀ ਆਜ਼ਾਦੀ ਸਾਡੇ ਮੌਲਿਕ ਅਧਿਕਾਰਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਕਿਹਾ ਕਿ ਬੀਜੇਪੀ ਦੀ ਸਿਆਸੀ ਬਦਲਾਖੋਰੀ ਲਈ ਕੱਲ੍ਹ ਹੀ ਅਰਵਿੰਦ ਕੇਜਰੀਵਾਲ ਅਤੇ ਹੋਰਾਂ ਦੇ ਖਿਲਾਫ ਭੜਾਸ ਕੱਢ ਰਹੇ ਸਨ, ਜਦੋਂ ਕਿ ਉਨ੍ਹਾਂ ਦੀ ਸਰਕਾਰ ਆਪਣੇ ਆਲੋਚਕਾਂ ਨੂੰ ਚੁੱਪ ਕਰਵਾਉਣ ਲਈ ਬਦਲਾਖੋਰੀ ਦੀ ਉਹੀ ਘਿਨਾਉਣੀ ਖੇਡ ਵਿੱਚ ਸ਼ਾਮਲ ਹੈ ਖ਼ਹਿਰਾ ਨੇ ਕਿਹਾ ਕਿ ਮਾਲੀ ਦੀ ਗ੍ਰਿਫਤਾਰੀ ਸਾਰੇ ਸੋਸ਼ਲ ਮੀਡੀਆ ਉਪਭੋਗਤਾਵਾਂ ਨੂੰ ਭਗਵੰਤ ਮਾਨ ਸਰਕਾਰ ਵਿਰੁੱਧ ਬੋਲਣ ਤੋਂ ਗੁਰੇਜ਼ ਕਰਨ ਦਾ ਸੁਨੇਹਾ ਹੈ ਜਿਸ ਨੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਾਲਵਿੰਦਰ ਸਿੰਘ ਮਾਲੀ ਨੇ ਆਪਣੀ ਫੇਸਬੁੱਕ ਪੋਸਟ 'ਚ ਜੰਮੂ-ਕਸ਼ਮੀਰ ਨੂੰ ਲੈ ਕੇ ਵਿਵਾਦਿਤ ਟਿੱਪਣੀ ਕੀਤੀ ਸੀ। ਇਸ ਪੋਸਟ ਵਿਚ ਉਨ੍ਹਾਂ ਨੇ ਜੰਮੂ-ਕਸ਼ਮੀਰ ਨੂੰ ਵੱਖਰਾ ਦੇਸ਼ ਦੱਸਿਆ ਸੀ। ਮਾਲੀ ਨੇ ਕਿਹਾ ਸੀ ਕਿ ਕਸ਼ਮੀਰ ਨੂੰ ਆਜ਼ਾਦ ਕਰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਸ਼ਮੀਰ ਨੂੰ ਪਾਕਿਸਤਾਨ ਅਤੇ ਭਾਰਤ ਦਾ ਨਾਜਾਇਜ਼ ਕਬਜ਼ਾ ਦੱਸਿਆ ਸੀ।

### ਕੌਣ ਨੇ ਮਾਲੀ

ਮਾਲੀ ਨੇ ਕਾਲਜ ਵਿੱਚ ਵਿਦਿਆਰਥੀ ਆਗੂ ਵਜੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕੀਤਾ ਅਤੇ ਉਹ 1980 ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਹੇ ਸਨ। 1993 ਵਿੱਚ, ਮਾਲੀ ਨੂੰ ਉਨ੍ਹਾਂ ਦੀਆਂ 'ਭੜਕਾਊ' ਲਿਖਤਾਂ ਲਈ ਰਾਸ਼ਟਰੀ ਸੁਰੱਖਿਆ ਐਕਟ (ਐਨ.ਐਸ.ਏ.) ਅਤੇ ਟਾਡਾ (ਹੁਣ ਰੱਦ ਕੀਤੇ ਗਏ ਕਾਨੂੰਨ) ਦੇ ਤਹਿਤ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ। ਹਾਲਾਂਕਿ ਹਾਈ ਕੋਰਟ ਦੇ ਹੁਕਮਾਂ 'ਤੇ ਡੇਢ ਮਹੀਨੇ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ। 2016 ਵਿੱਚ ਮਾਲੀ ਪੰਜਾਬ ਸਰਕਾਰ ਦੇ ਇੱਕ ਸਕੂਲ ਵਿੱਚ ਅਧਿਆਪਕ ਦੇ ਤੌਰ 'ਤੇ ਰਿਟਾਇਰ ਹੋਏ ਸਨ, ਉੱਥੇ ਹੀ ਕੈਪਟਨ ਅਮਰਿੰਦਰ ਸਿੰਘ ਅਤੇ ਮਰਹੂਮ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਵਿੱਚ ਜਨਸੰਪਰਕ ਅਧਿਕਾਰੀ ਰਹੇ ਹਨ।

## ਡਰ ਤੇ ਦਹਿਸ਼ਤ ਦੇ ਪਰਛਾਵੇਂ ਹੇਠ ਪੰਜਾਬ

ਪਾਸੇ ਆਪ ਸਰਕਾਰ ਵਲੋਂ ਜਮਹੂਰੀ ਅਵਾਜ਼ਾਂ ਨੂੰ ਦਬਾਇਆ ਜਾ ਰਿਹਾ ਹੈ ਅਤੇ ਫੇਸਬੁਕ ਉਪਰ ਲਿਖਣ ਕਾਰਣ ਮਾਲੀ ਦੀ ਗ੍ਰਿਫ਼ਤਾਰੀ ਹੋ ਚੁਕੀ ਹੈ ਦੂਸਰੇ ਪਾਸੇ ਪਿਛਲੇ ਕਰੀਬ ਢਾਈ ਸਾਲਾਂ ਤੋਂ ਸੂਬੇ ਦੀ ਵਿਗੜੀ ਅਮਨ ਕਨੂੰਨ ਦੀ ਸਥਿਤੀ ਕਾਰਣ ਸੂਬੇ ਦੇ ਆਮ ਲੋਕ ਬੇਚੈਨ ਹਨ। ਲੁਟਾਂ, ਖੋਹਾਂ, ਗੈਂਗਸਟਰਾਂ ਕਾਰਣ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਦਿਨ ਢਲਨ ਤੋਂ ਬਾਅਦ ਲੋਕ ਸਿਰਫ਼ ਘਰਾਂ ਵਿਚ ਬੰਦ ਹੋ ਕੇ ਰਹਿ ਗਏ ਹਨ। ਇਸ ਮਾਮਲੇ ਵਿਚ ਔਰਤਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ ਹੈ, ਕਿਉਂ ਕਿ ਕਦੇ ਚੂੜੀਆਂ, ਚੈਨੀਆ ਝਪਟੀਆਂ ਜਾ ਰਹੀਆਂ ਹਨ, ਕਦੇ ਪਰਸ ਤੇ ਮੋਬਾਈਲ ਝਪਟੇ ਜਾ ਰਹੇ ਹਨ, ਜੇ ਕੋਲ ਕੁਝ ਵੀ ਨਾ ਹੋਵੇ ਤਾਂ ਸਕੂਟਰ ਕਾਰਾਂ ਖੋਹ ਲਈਆਂ ਜਾਂਦੀਆਂ ਹਨ। ਸਰਹੱਦੀ ਜ਼ਿਲਿਆਂ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਹੋਰ ਵੀ ਤਰਸਯੋਗ ਹੈ, ਕਿਉਂ ਕਿ ਸਰਕਾਰ ਕੋਲ ਇੱਕੋ ਹੀ ਬਹਾਨਾ ਹੈ ਕਿ ਸਰਹੱਦ ਪਾਰੋਂ ਡਰੱਗ ਅਤੇ ਹਥਿਆਰਾਂ ਦੀ ਤਸਕਰੀ ਹੁੰਦੀ ਹੈ, ਨਸ਼ਿਆਂ ਦੀਆਂ ਖੇਪਾਂ ਆਉਂਦੀਆਂ ਹਨ ਪਰ ਸੱਚ ਇਹ ਵੀ ਹੈ ਕਿ ਸਿੰਥੈਟਿਕ ਡਰੱਗ ਦੇ ਨਾਲ-ਨਾਲ ਮੈਡੀਕਲ ਨਸ਼ਿਆਂ ਦਾ ਨਾਜਾਇਜ਼ ਕਾਰੋਬਾਰ ਵੀ ਵਧਿਆ ਹੈ। ਕਿਸੇ ਤਸਕਰ ਡਰੱਗ ਰੈਕਟ ਚਲਾਉਣ ਵਾਲੇ ਨੂੰ ਕਦੇ ਮਿਸਾਲੀ ਸਜਾ ਨਹੀਂ ਮਿਲੀ, ਜੋ .ਗਲਤ ਅਨਸਰ ਫੜੇ ਗਏ, ਉਹ ਹੋਰ ਵੱਡੇ ਬਦਮਾਸ਼ ਬਣ ਕੇ ਨਿਕਲੇ ਅਤੇ ਹਾਲਾਤ ਸਰਕਾਰ ਦੇ ਵੱਸ ਤੋਂ ਬਾਹਰ ਹੁੰਦੇ ਜਾ ਰਹੇ ਹਨ।

# ਮੁੱਖ ਮੰਤਰੀ ਭਗਵੰਤ ਮਾਨ ਦੀ ਵਿਗੜੀ ਸਿਹਤ, ਅਪੋਲੋ ਹਸਪਤਾਲ ਵਿਚ ਦਾਖਲ

## ✪ ਸਰੂਰ ਵਿਚ ਹੋਣ ਕਰਕੇ ਡਿਗੇ ਮੁਖ ਮੰਤਰੀ-ਮਜੀਠੀਆ ਨੇ ਲਗਾਏ ਦੋਸ਼

ਦਿੱਲੀ-ਸੀਐਮ ਭਗਵੰਤ ਮਾਨ ਦੀ ਬੀਤੇ ਮੰਗਲਵਾਰ ਨੂੰ ਅਚਾਨਕ ਸਿਹਤ ਵਿਗੜ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਲਈ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਜਦੋਂ ਉਹ ਚੰਡੀਗੜ੍ਹ ਹਵਾਈ ਅੱਡੇ 'ਤੇ ਜਹਾਜ਼ ਤੋਂ ਉਤਰੇ ਸਨ ਤਾਂ ਉਨ੍ਹਾਂ ਦੀ ਸਿਹਤ ਅਚਾਨਕ ਵਿਗੜ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੇ ਨਿਵਾਸ 'ਤੇ ਡ੍ਰਿਪ ਲਾਈ ਗਈ ਸੀ। ਇਸ ਦੇ ਨਾਲ ਹੀ ਉਨ੍ਹਾਂ ਨੂੰ ਦਿੱਲੀ ਦੇ ਅਪੋਲੋ ਹਸਪਤਾਲ ਲਿਜਾਇਆ ਗਿਆ। ਫਿਲਹਾਲ ਡਾਕਟਰ ਉਨ੍ਹਾਂ ਦੀ ਸਿਹਤ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰੀ ਹਨ।



ਸੀਐਮ ਭਗਵੰਤ ਮਾਨ 13 ਸਤੰਬਰ ਨੂੰ ਦਿੱਲੀ ਆਬਕਾਰੀ ਨੀਤੀ ਮਾਮਲੇ ਵਿਚ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ 'ਤੇ ਦਿੱਲੀ ਚਲੇ ਗਏ ਸਨ। ਉਦੋਂ ਤੋਂ ਉਹ ਦਿੱਲੀ ਵਿਚ ਹੀ ਰੁਕੇ ਹੋਏ ਸਨ। ਉਹ ਪਾਰਟੀ ਦੀਆਂ ਮੈਰਾਥਨ ਮੀਟਿੰਗਾਂ ਅਤੇ ਹੋਰ ਪ੍ਰੋਗਰਾਮਾਂ ਵਿੱਚ ਵੀ ਹਿੱਸਾ ਲੈ ਰਹੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਸਿਆਸੀ ਹਮਲੇ ਦੇ ਨਾਲ-ਨਾਲ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਅੱਜ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਤੋਂ ਜਹਾਜ਼ ਤੇ ਸਵਾਰ ਹੋ ਕੇ ਤਕਰੀਬਨ ਦੁਪਹਿਰ ਚੰਡੀਗੜ੍ਹ ਲੈਂਡ ਹੋਏ ਸਨ ਅਤੇ ਜਹਾਜ਼ ਤੋਂ ਉਤਰਦੇ ਸਾਰ ਹੀ ਸਰੂਰ ਵਿਚ ਹੋਣ ਕਰਕੇ ਡਿੱਗ ਗਏ ਹਨ। ਸਰੂਰ ਵਾਲਾ ਸਾਰਿਆਂ ਨੇ ਨਿਊਜ 18 ਦਾ ਇੰਟਰਵਿਊ ਵੀ ਦੇਖਿਆ ਹੋਵੇਗਾ। ਸੂਤਰਾਂ ਮੁਤਾਬਕ ਸੱਟਾਂ ਵੀ ਲੱਗੀਆਂ ਅਤੇ ਬਲੱਡ ਪਰੈਸ਼ਰ ਵੀ ਹਿਲਿਆ ਹੋਇਆ ਹੈ ਅਤੇ ਖਾਧੀ ਪੀਤੀ ਦਾ ਜ਼ਿਆਦਾ ਅਸਰ ਹੋ ਗਿਆ ਹੁਣ ਮੁੱਖ ਮੰਤਰੀ ਸਾਬ ਨੂੰ ਦਿੱਲੀ ਦੇ ਖਾਸ ਹਸਪਤਾਲ ਵਿੱਚ ਇਲਾਜ ਲੈ ਕੇ ਗਏ ਹਨ।

# ਸ਼ਤਾਬਦੀ ਸਮਾਗਮਾਂ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਅਹਿਮ ਇਕੱਤਰਤਾ ਹੋਵੇਗੀ

## ✪ ਸਿੰਘ ਸਾਹਿਬਾਨ ਦਾ ਫੈਸਲਾ ਪਰਖ ਦੀ ਘੜੀ ਹੋਵੇਗੀ, ਸੰਗਤ ਵਿਚ ਸਿੰਘ ਸਾਹਿਬਾਨ ਉਪਰ ਆਸ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੀਆਂ ਤਤਕਾਲੀ ਸਰਕਾਰਾਂ ਸਮੇਂ ਵਾਪਰੀਆਂ ਹਿਰਦੇਵੇਧਕ ਘਟਨਾਵਾਂ ਦੇ ਮਾਮਲੇ ਸੰਬੰਧੀ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵੱਲ ਲੱਗੀਆਂ ਹੋਈਆਂ ਹਨ।

ਪਿਛਲੇ ਦਿਨੀਂ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨ ਵਲੋਂ ਤਤਕਾਲੀ ਉਪ ਮੁੱਖ ਮੰਤਰੀ ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਗੁਨਾਹਗਾਰ ਤੇ ਤਨਖਾਹੀਆ ਕਰਾਰ ਦਿੱਤੇ ਜਾਣ ਦੇ ਨਾਲ-ਨਾਲ 2007 ਤੋਂ 2017 ਦੌਰਾਨ ਪੰਜਾਬ ਵਿਚ ਕਾਰਜਸ਼ੀਲ ਰਹੀਆਂ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਕੈਬਨਿਟ ਵਿਚ ਸ਼ਾਮਿਲ ਰਹੇ 17 ਸਿੱਖ ਵਜ਼ੀਰਾਂ ਨੂੰ 15 ਦਿਨਾਂ ਅੰਦਰ ਆਪਣੇ ਸਪੱਸ਼ਟੀਕਰਨ ਪੱਤਰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਦੇਣ ਦਾ ਆਦੇਸ਼ ਜਾਰੀ ਕੀਤਾ ਗਿਆ ਸੀ। 15 ਸਾਬਕਾ ਅਕਾਲੀ ਮੰਤਰੀ ਨਿੱਜੀ ਤੌਰ 'ਤੇ ਪੇਸ਼ ਹੋ ਕੇ ਅਤੇ ਦੋ ਤਤਕਾਲੀ ਮੰਤਰੀ ਵਿਦੇਸ਼ ਗਏ ਹੋਣ ਕਾਰਣ ਆਪਣੇ ਸਪੱਸ਼ਟੀਕਰਨ ਪੱਤਰ ਲਿਖਤੀ ਤੌਰ 'ਤੇ ਅਕਾਲ ਤਖਤ ਸਾਹਿਬ ਵਿਖੇ ਭੇਜ ਚੁੱਕੇ ਹਨ। ਇਨ੍ਹਾਂ ਸਪੱਸ਼ਟੀਕਰਨਾਂ ਲਈ ਨਿਰਧਾਰਤ 15 ਦਿਨਾਂ ਦੀ ਮਿਆਦ ਅਨੁਸਾਰ 14 ਸਤੰਬਰ ਨੂੰ ਇਹ ਮਿਆਦ ਵੀ ਸਮਾਪਤ ਹੋ ਚੁੱਕੀ ਹੈ । ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਵੀ 31 ਅਗਸਤ ਨੂੰ ਜਥੇਦਾਰ ਦੇ ਨਾਮ ਬੇਨਤੀ ਪੱਤਰ ਦੇ ਕੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਜਲਦ ਬੁਲਾ ਕੇ ਖਿਮਾ ਯਾਚਨਾ ਦਾ ਮੌਕਾ ਦੇਣ ਦੀ ਅਪੀਲ ਕਰ ਚੁੱਕੇ ਹਨ। ਸਮਝਿਆ ਜਾਂਦਾ ਹੈ ਕਿ 450 ਸਾਲਾ ਸ਼ਤਾਬਦੀ ਸਮਾਗਮਾਂ ਤੋਂ ਬਾਅਦ ਇਸੇ ਮਹੀਨੇ ਦੇ ਅਖ਼ੀਰ ਜਾਂ ਅਕਤੂਬਰ ਮਹੀਨੇ ਦੇ ਸ਼ੁਰੂ ਵਿਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਣ ਦੀ ਸੰਭਾਵਨਾ ਹੈ।

ਸਿਖ ਬੁਧਜੀਵੀਆਂ ਦੀ ਰਾਇ ਇਹ ਹੈ ਕਿ ਸਿੰਘ ਸਾਹਿਬਾਨ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨ ਤੇ ਗੁਨਾਹਗਾਰ ਅਕਾਲੀ ਲੀਡਰਸ਼ਿਪ ਦੀਆਂ ਪੰਥਕ ਤੇ ਸਿਖ ਸਿਆਸੀ ਗਤੀਵਿਧੀਆਂ ਉਪਰ ਪਾਬੰਦੀਆਂ ਲਗਾਉਣ ਜਿਨ੍ਹਾਂ ਕਾਰਣ ਸਿਖ ਪੰਥ ਦਾ ਨਕਸਾਨ ਹੋਇਆ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੰਘ ਸਾਹਿਬਾਨ ਦੇ ਫੈਸਲੇ ਕਾਰਣ ਸ਼ਤਾਬਦੀਆਂ ਦਾ ਪ੍ਰੋਗਰਾਮ ਰੁਕਾਵਟ ਨਾ ਆਵੇ। ਇਸ ਕਰਕੇ ਪੈਂਡਿੰਗ ਪਾ ਦਿਤਾ ਗਿਆ ਹੈ। ਇਹ ਵੀ ਮੰਨਿਆ ਜਾ ਰਿਹਾ ਕਿ ਸਿੰਘ ਸਾਹਿਬਾਨ ਉਪਰ ਬਾਦਲ ਧਿਰ ਦਾ ਵੀ ਦਬਾਅ ਹੈ। ਪਰ ਇਹ ਸਭ ਕੁਝ ਸਿੰਘ ਸਾਹਿਬਾਨ ਦੀ ਪਰਖ ਦੀ ਘੜੀ ਹੋਵੇਗੀ।

# ਸੁਪਰੀਮ ਕੋਰਟ ਬੁਲਡੋਜ਼ਰ ਦੀ ਕਾਰਵਾਈ 'ਤੇ ਸਖਤ

## ✪ ਕਿਹਾ-ਸਾਡੇ ਹੁਕਮ ਬਿਨਾਂ ਨਾ ਕਰੋ ਕਾਰਵਾਈ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਬੀਤੇ ਦਿਨੀਂ ਦੇਸ਼ ਭਰ ਵਿਚ ਅਪਰਾਧੀਆਂ ਅਤੇ ਹੋਰ ਮਾਮਲਿਆਂ 'ਤੇ ਬੁਲਡੋਜ਼ਰ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਅਗਲੇ ਹੁਕਮਾਂ ਤੱਕ ਦੇਸ਼ ਭਰ ਵਿੱਚ ਕਿਤੇ ਵੀ ਮਨਮਾਨੀ ਬੁਲਡੋਜ਼ਰ ਕਾਰਵਾਈ ਨਹੀਂ ਹੋਵੇਗੀ। ਇਸ ਸਬੰਧੀ ਸੁਪਰੀਮ ਕੋਰਟ ਦਿਸ਼ਾ-ਨਿਰਦੇਸ਼ ਜਾਰੀ ਕਰੇਗੀ। ਦੇਸ਼ ਦੇ ਸਾਰੇ ਰਾਜਾਂ ਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨੀ ਪਵੇਗੀ। ਸੁਪਰੀਮ ਕੋਰਟ ਹੁਣ ਬੁਲਡੋਜ਼ਰ ਦੀ ਕਾਰਵਾਈ ਵਿਰੁੱਧ ਪਟੀਸ਼ਨ 'ਤੇ ਅਗਲੀ ਸੁਣਵਾਈ 1 ਅਕਤੂਬਰ ਨੂੰ ਕਰੇਗੀ। ਨਾਜਾਇਜ਼ ਉਸਾਰੀਆਂ 'ਤੇ ਕਾਰਵਾਈ ਰਹੇਗੀ ਜਾਰੀ-ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਕਿ ਅਗਲੀ ਸੁਣਵਾਈ ਤੱਕ ਸਾਡੀ ਇਜਾਜ਼ਤ ਨਾਲ ਹੀ ਕਾਰਵਾਈ ਕੀਤੀ ਜਾਵੇ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਇਹ ਹਦਾਇਤ ਸੜਕਾਂ, ਫੁੱਟਪਾਥਾਂ ਅਤੇ ਰੇਲਵੇ ਲਾਈਨਾਂ 'ਤੇ ਕੀਤੇ ਗਏ ਗੈਰ-ਕਾਨੂੰਨੀ ਨਿਰਮਾਣ 'ਤੇ ਲਾਗੂ ਨਹੀਂ ਹੋਵੇਗੀ।

# ਕੇਜਰੀਵਾਲ ਨੇ ਆਤਿਸ਼ੀ ਨੂੰ ਮੁੱਖ ਮੰਤਰੀ ਬਣਾਇਆ

## ✪ ਪੰਜਾਬ ਬਰਬਾਦ ਹੋ ਗਿਆ ਆਪ ਕਾਰਣ, ਹਰਿਆਣੇ ਵਿਚ ਜਿਤ ਦੀ ਸੰਭਾਵਨਾ ਘੱਟ



ਦਿੱਲੀ-ਤਿਹਾੜ ਜੇਲ੍ਹ ਤੋਂ ਸ਼ਰਤਾਂ ਸਹਿਤ ਜ਼ਮਾਨਤ 'ਤੇ ਬਾਹਰ ਆਉਣ ਅਤੇ ਉਸ ਤੋਂ ਬਾਅਦ ਮੁੱਖ ਮੰਤਰੀ ਪਦ ਤੋਂ ਆਪਣਾ ਅਸਤੀਫ਼ਾ ਦੇਣ ਦਾ ਐਲਾਨ ਕਰਦਿਆਂ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਹੁਣ ਉਦੋਂ ਹੀ ਦੁਬਾਰਾ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣਗੇ ਜਦੋਂ ਲੋਕ ਮੁੜ ਜਿੱਤਾ ਕੇ ਉਨ੍ਹਾਂ ਨੂੰ 'ਇਮਾਨਦਾਰੀ ਦਾ ਸਰਟੀਫਿਕੇਟ' ਦੇਣਗੇ। ਹੁਣ ਉਨ੍ਹਾਂ ਦੀ ਥਾਂ 'ਤੇ ਪਾਰਟੀ ਵਲੋਂ ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੂੰ ਮੁੱਖ ਮੰਤਰੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਆਉਂਦੇ ਮਹੀਨਿਆਂ ਵਿਚ 'ਡੰਮੀ' ਮੁੱਖ ਮੰਤਰੀ ਹੀ ਰਹੇਗੀ। ਉਸ ਦੀ ਵਾਗਡੋਰ ਡੋਰ ਕੇਜਰੀਵਾਲ ਦੇ ਹੱਥ ਵਿਚ ਹੀ ਹੋਵੇਗੀ।

ਯਾਦ ਰਹੇ ਕਿ 12 ਕੁ ਸਾਲ ਪਹਿਲਾਂ ਕੇਜਰੀਵਾਲ ਨੇ ਇਮਾਨਦਾਰੀ ਦੀ ਸਿਆਸਤ ਦੇ ਆਧਾਰ 'ਤੇ ਪਾਰਟੀ ਬਣਾਈ ਸੀ ਪਰ ਇਸ ਇਮਾਨਦਾਰੀ ਦਾ ਪਰਦਾ ਉਸ ਸਮੇਂ ਹਟਣਾ ਸ਼ੁਰੂ ਹੋ ਗਿਆ, ਜਦੋਂ ਉਸ ਦੇ ਸੰਘਰਸ਼ ਦੇ ਨੇੜੇ ਦੇ ਸਾਥੀ ਰਹੇ ਕਈ ਆਗੂ ਇਕ-ਇਕ ਕਰ ਕੇ ਉਸ ਨੂੰ ਛੱਡਦੇ ਗਏ। ਉਸ ਸਮੇਂ ਉਨ੍ਹਾਂ ਨੇ ਕੇਜਰੀਵਾਲ 'ਤੇ ਅਨੇਕਾਂ ਇਲਜ਼ਾਮ ਲਗਾਏ ਸਨ। ਦਿੱਲੀ ਵਿਚ ਸਰਕਾਰ ਬਣਨ ਤੋਂ ਬਾਅਦ ਇਸ ਪਾਰਟੀ ਦੇ ਵਡੇ ਘੁਟਾਲੇ ਸਾਹਮਣੇ ਆਏ। ਇਸ ਕਾਰਣ ਕਈ ਵਜ਼ੀਰ ਕਈ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ। ਸ਼ਰਾਬ ਘੁਟਾਲਾ 'ਚ ਕੇਜਰੀਵਾਲ ਦਾ ਨਾਂਅ ਆਉਂਦਾ ਹੈ।

ਹੁਣ ਕਈ ਮਹੀਨੇ ਉਸ ਦੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਸਰਬਉੱਚ ਅਦਾਲਤ ਨੇ ਉਸ ਨੂੰ ਸ਼ਰਤਾਂ ਸਹਿਤ ਜ਼ਮਾਨਤ ਦਿੱਤੀ ਹੈ। ਇਹ ਸ਼ਰਤਾਂ ਹਨ ਕਿ ਉਹ ਮੁੱਖ ਮੰਤਰੀ ਦੇ ਦਫ਼ਤਰ ਨਹੀਂ ਜਾ ਸਕਣਗੇ ਅਤੇ ਇਸ ਹੈਸੀਅਤ ਵਿਚ ਕੋਈ ਜ਼ਰੂਰੀ ਕਾਗਜ਼ਾਤ 'ਤੇ ਦਸਤਖ਼ਤ ਵੀ ਨਹੀਂ ਕਰ ਸਕਣਗੇ। ਇਸ ਮਜਬੂਰੀਵੱਸ ਹੀ ਉਨ੍ਹਾਂ ਨੂੰ ਅਸਤੀਫ਼ੇ ਦਾ ਐਲਾਨ ਕਰਨਾ ਪਿਆ। ਇਸ ਨੂੰ ਹੀ ਉਹ ਅਤੇ ਉਨ੍ਹਾਂ ਦੇ ਸਾਥੀ ਆਪਣੀ ਜਿੱਤ ਬਣਾ ਕੇ ਪੇਸ਼ ਕਰ ਰਹੇ ਹਨ। ਜਿਵੇਂ ਅਸਤੀਫ਼ਾ ਦੇ ਕੇ ਉਨ੍ਹਾਂ ਨੇ ਕੋਈ ਬਹੁਤ ਵੱਡਾ ਬਲੀਦਾਨ ਦਿੱਤਾ ਹੋਵੇ। ਇਸ ਤੋਂ ਵੀ ਅੱਗੇ ਉਹ ਹੁਣ ਲੋਕਾਂ ਤੋਂ ਆਉਂਦੀਆਂ ਚੋਣਾਂ ਵਿਚ ਇਮਾਨਦਾਰੀ ਦਾ ਪ੍ਰਮਾਣ ਪੱਤਰ ਮੰਗ ਰਹੇ ਹਨ। ਕੇਜਰੀਵਾਲ ਦੀ ਹੀ ਦੇਖ-ਰੇਖ ਵਿਚ ਪੰਜਾਬ ਦੀ ਸਰਕਾਰ ਚੱਲ ਰਹੀ ਹੈ। ਇਹ ਕਿੰਨੀ ਕੁ ਇਮਾਨਦਾਰ ਹੈ, ਇਸ ਦਾ ਸਭ ਨੂੰ ਪਤਾ ਲੱਗ ਚੁੱਕਾ ਹੈ। ਹੁਣ ਤਾਂ ਅਜਿਹਾ ਲਗਦਾ ਹੈ ਕਿ ਇਸ ਨੇ ਸਿਰਫ਼ ਇਮਾਨਦਾਰੀ ਦਾ ਚੋਲਾ ਹੀ ਪਾਇਆ ਹੋਇਆ ਹੈ। ਸੂਬੇ ਵਿਚ ਹੇਠਾਂ ਤੋਂ ਉੱਪਰ ਤੱਕ ਭ੍ਰਿਸ਼ਟਾਚਾਰਤੇ ਅਪਰਾਧ ਦਾ ਬੋਲਬਾਲਾ ਹੈ। ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੇ ਇਕ ਤਰ੍ਹਾਂ ਨਾਲ ਪੰਜਾਬ ਨੂੰ ਖੋਖਲਾ ਹੀ ਕਰ ਦਿੱਤਾ ਹੈ ਅਤੇ ਇਸ ਦੇ ਸਿਰ 'ਤੇ ਕਰਜ਼ੇ ਦੀ ਪੰਡ ਨੂੰ ਹੋਰ ਵੀ ਭਾਰਾ ਕਰ ਦਿੱਤਾ ਹੈ।

ਪਿਛਲੀਆਂ ਲੋਕ ਸਭਾ ਚੋਣਾਂ ਵਿਚ ਲੋਕਾਂ ਨੇ ਸੂਬੇ ਵਿਚ ਇਸ ਪਾਰਟੀ ਨੂੰ ਸ਼ੀਸ਼ਾ ਵਿਖਾ ਦਿੱਤਾ ਹੈ। ਜਦੋਂ ਕੇਜਰੀਵਾਲ ਜੇਲ੍ਹ ਵਿਚ ਸਨ ਤਾਂ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਇਸ ਪਾਰਟੀ ਦੇ ਵੱਡੇ-ਵੱਡੇ ਆਗੂ ਲਗਾਤਾਰ ਹਰਿਆਣੇ ਵਿਚ ਚੋਣ ਪ੍ਰਚਾਰ ਕਰਦੇ ਰਹੇ ਹਨ। ਇਹ ਚੋਣਾਂ 5 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ। ਕੇਜਰੀਵਾਲ ਕੋਲ ਵੀ ਇਨ੍ਹਾਂ ਦੇ ਪ੍ਰਚਾਰ ਲਈ ਹਾਲੇ ਸਮਾਂ ਹੈ। 8 ਅਕਤੂਬਰ ਨੂੰ ਹਰਿਆਣੇ ਦੀਆਂ ਚੋਣਾਂ ਦੇ ਨਤੀਜੇ ਸਾਹਮਣੇ ਆ ਜਾਣਗੇ। ਉਸ ਸਮੇਂ ਇਹ ਵੇਖਣਾ ਹੋਵੇਗਾ ਕਿ ਇਸ ਇਮਾਨਦਾਰ ਪਾਰਟੀ ਅਤੇ ਉਸ ਦੇ ਇਮਾਨਦਾਰ ਆਗੂ ਪ੍ਰਤੀ ਲੋਕਾਂ ਨੇ ਕਿੰਨਾ ਕੁ ਹੁੰਗਾਰਾ ਭਰਿਆ ਹੈ। ਪਰ ਇਸ ਪਾਰਟੀ ਦਾ ਭਵਿੱਖ ਚਿੰਤਾਜਨਕ ਹੈ।

# ਗਿੱਦੜਬਾਹਾ ਦੀ ਚੋਣ ਨੂੰ ਲੈ ਕੇ ਪੰਥਕ ਸਰਗਰਮੀਆਂ ਵਧੀਆਂ

**✪ ਪੰਥਕ ਧਿਰਾਂ ਬਾਦਲ ਦਲ ਲਈ ਫਿਰ ਸਿਰਦਰਦੀ ਬਣਨਗੀਆਂ ✪ ਕੀ ਸੁਖਬੀਰ ਬਾਦਲ ਚੋਣ ਲੜਨਗੇ? ✪ ਪੰਥਕ ਧੜਿਆਂ ਵਲੋਂ ਸੁਖਰਾਜ ਤੇ ਦੀਪ ਸਿੱਧੂ ਦਾ ਭਰਾ ਲੜੇਗਾ ਚੋਣ ✪ ਸਾਂਸਦ ਸਰਬਜੀਤ ਖਾਲਸਾ ਤੇ ਅੰਮ੍ਰਿਤਪਾਲ ਦੇ ਪਿਤਾ ਨੇ ਦੀਪ ਸਿਧੂ ਦੇ ਭਰਾ ਨੂੰ ਦਿੱਤਾ ਸਮਰਥਨ**

ਪੰਜਾਬ ਅੰਦਰ 4 ਵਿਧਾਨ ਸਭਾ ਹਲਕਿਆਂ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਸੂਬੇ ਦੀਆਂ ਸਮੂਹ ਰਾਜਨੀਤਕ ਪਾਰਟੀਆਂ ਵਿਚ ਹਲਚਲ ਤੇਜ਼ ਹੋ ਰਹੀ ਹੈ। ਇਨ੍ਹਾਂ ਵਿਧਾਨ ਸਭਾ ਹਲਕਿਆਂ ਬਰਨਾਲਾ, ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਸਭ ਤੋਂ ਪ੍ਰਮੁੱਖ ਹੌਟ ਸੀਟ ਵਾਲਾ ਹਲਕਾ ਗਿੱਦੜਬਾਹਾ ਦੀ ਚੋਣ ਲਈ ਸਮੂਹ ਰਾਜਨੀਤਿਕ ਪਾਰਟੀਆਂ ਵਲੋਂ ਚੋਣਾਂ ਦੀ ਤਰੀਕ ਐਲਾਨੇ ਜਾਣ ਤੋਂ ਪਹਿਲਾਂ ਹੀ ਆਪਣੇ-ਆਪਣੇ ਤਰੀਕਿਆਂ ਨਾਲ ਵੋਟਰਾਂ ਨੂੰ ਲੁਭਾਉਣ ਲਈ ਆਪਣੇ ਦਾਅ ਪੇਚ ਲੜਾਉਣੇ ਸ਼ੁਰੂ ਕਰ ਦਿੱਤੇ ਹਨ।

ਮਾਲਵੇ ਦੀ ਸਭ ਤੋਂ ਹੌਟ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ (ਬ) ਦੀ ਟਿਕਟ ਦੇ ਮੁੱਖ ਦਾਅਵੇਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਦੀਪ ਬੱਸ) ਵਲੋਂ ਪਾਰਟੀ ਛੱਡ ਕੇ 'ਆਪ' ਦਾ ਪੱਲਾ ਫੜ ਲੈਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਸੁਖਬੀਰ ਸਿੰਘ ਬਾਦਲ ਦੀ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਣ ਦੀ ਮੰਗ ਅਕਾਲੀ ਵਰਕਰਾਂ ਵਿਚ ਵੱਧਦੀ ਜਾ ਰਹੀ ਹੈ।

ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਸੁਖਬੀਰ ਸਿੰਘ ਬਾਦਲ ਵਲੋਂ ਆਪਣੀ ਪਾਰਟੀ ਦੇ ਵਰਕਰਾਂ ਦੀ ਰੌਂਅ ਜਾਣਨ ਲਈ ਲਗਾਤਾਰ ਵਰਕਰ ਮਿਲਣੀਆਂ ਸ਼ੁਰੂ ਕੀਤੀਆਂ ਹੋਈਆਂ ਹਨ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਅਕਾਲੀ ਦਲ ਦੇ ਪੰਜਾਬ ਭਰ ਦੇ ਵਰਕਰ ਅਤੇ ਲੀਡਰਸ਼ਿਪ ਸੁਖਬੀਰ ਨੂੰ ਗਿੱਦੜਬਾਹਾ ਚੋਣ ਲਈ ਮੈਦਾਨ ਵਿਚ ਉਤਾਰੇ ਜਾਣ ਦੇ ਹੱਕ ਵਿਚ ਆਪਣਾ ਹੁੰਗਾਰਾ ਭਰ ਰਹੇ ਹਨ। ਪਾਰਟੀ ਵਰਕਰਾਂ ਅਤੇ ਲੀਡਰਸ਼ਿਪ ਦੇ ਰੌਂਅ ਮੁਤਾਬਿਕ ਸੁਖਬੀਰ ਗਿੱਦੜਬਾਹਾ ਤੋਂ ਉਮੀਦਵਾਰ ਬਣਦੇ ਹਨ ਤਾਂ ਗਿੱਦੜਬਾਹਾ ਸੀਟ ਤੋਂ ਆਪਣੀ ਜਿੱਤ ਦੀਆਂ ਕਿਆਸਅਰਾਈਆਂ ਲਗਾਈ ਬੈਠੀਆਂ ਸਿਆਸੀ ਪਾਰਟੀਆਂ ਲਈ ਗਿੱਦੜਬਾਹਾ 'ਤੇ ਕਿਲ੍ਹਾ ਫਤਹਿ ਕਰਨਾ ਆਸਾਨ ਨਹੀਂ ਹੋਵੇਗਾ।

ਪੰਜਾਬ ਅੰਦਰ ਸਿਆਸੀ ਹਵਾ ਬੇਸ਼ੱਕ ਸ਼੍ਰੋਮਣੀ ਅਕਾਲੀ ਦਲ (ਬ) ਦੇ ਪੱਖ਼ ਵਿਚ ਨਹੀਂ ਚੱਲ ਰਹੀ, ਫ਼ਿਰ ਵੀ ਸੁਖਬੀਰ ਆਪਣੇ ਪੁਸ਼ਤੈਨੀ ਹਲਕੇ ਤੋਂ ਅਕਾਲੀ ਦਲ ਦਾ ਕਿਲ੍ਹਾ ਫਤਹਿ ਕਰ ਸਕਦੇ ਹਨ, ਜੋ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੇ ਡਿੱਗ ਰਹੇ ਹੌਂਸਲੇ ਮੁੜ ਤੋਂ ਬੁਲੰਦ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਨਵੀਂ ਰੂਹ ਫੂਕ ਸਕਦੇ ਹਨ। ਦੱਸਣਯੋਗ ਹੈ ਕਿ 1995 ਵਿਚ ਗਿੱਦੜਬਾਹਾ ਹਲਕੇ ਵਿਚ ਹੋਈ ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਵਲੋਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸੱਤਾ ਵਿਚ ਕਾਂਗਰਸੀ ਉਮੀਦਵਾਰ ਰਘਬੀਰ ਪ੍ਰਧਾਨ ਨੂੰ ਹਰਾ ਕੇ ਅਕਾਲੀ ਪਾਰਟੀ ਵਿਚ ਅਜਿਹਾ ਜੋਸ਼ ਭਰਿਆ ਸੀ, ਜਿਸ ਨਾਲ 1997 ਵਿਚ ਅਕਾਲੀ ਦਲ ਦੀ ਸਰਕਾਰ ਬਣ



ਗਈ ਸੀ।

ਇਸ ਗੱਲ 'ਤੇ ਇਹ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਅਕਾਲੀ ਦਲ 1995 ਦੀ ਜ਼ਿਮਨੀ ਚੋਣ ਦਾ ਇਤਿਹਾਸ ਦੁਹਰਾਉਣ ਦੇ ਰੌਂਅ ਵਿਚ ਨਜ਼ਰ ਆ ਰਿਹਾ ਹੈ। ਸੁਖਬੀਰ ਦੇ ਚੋਣ ਮੈਦਾਨ ਵਿਚ ਉਤਰਨ ਦੀ ਚਰਚਾ ਜ਼ੋਰ ਫੜਣ ਲੱਗੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਬੀਬਾ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਹਲਕੇ ਦੇ ਚੋਣ ਮੁਹਿੰਮ ਇੰਚਾਰਜ ਲਗਾਇਆ ਜਾ ਚੁੱਕਿਆ ਹੈ।

ਦੂਜੇ ਪਾਸੇ ਪੰਜਾਬ ਕਾਂਗਰਸ ਪ੍ਰਧਾਨ ਰਾਜ ਵੜਿੰਗ ਨੇ ਸੁਖਬੀਰ ਬਾਦਲ ਨੂੰ ਲਲਕਾਰਿਆ ਕਿ ਉਹ ਚੋਣ ਜਰੂਰ ਲੜਨ। ਇਥੋਂ ਭਜਣ ਨਾ।

ਦੂਜੇ ਪਾਸੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨਗੇ। ਗੁਰਮਖਿਆਲੀ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਗਿੱਦੜਬਾਹਾ ਦੌਰੇ ਦੌਰਾਨ ਮਨਦੀਪ ਸਿੱਧੂ ਨੂੰ ਪੰਥਕ ਉਮੀਦਵਾਰ ਐਲਾਨ ਦਿੱਤਾ। ਇਸ ਦੇ ਨਾਲ ਹੀ ਗਿੱਦੜਬਾਹਾ ਵਿੱਚ ਵੀ ਨੁੱਕੜ ਮੀਟਿੰਗਾਂ ਕੀਤੀਆਂ ਗਈਆਂ ਹਨ।

ਸੰਸਦ ਮੈਂਬਰ ਸਰਬਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਗਿੱਦੜਬਾਹਾ ਆਉਣ ਦੇ ਉਨ੍ਹਾਂ ਦੇ ਦੋ ਮਕਸਦ ਸਨ। ਇਕ ਤਾਂ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਨਾ ਸੀ ਜਿਨ੍ਹਾਂ ਨੇ ਉਸ ਨੂੰ ਵੱਡੇ ਫ਼ਰਕ ਨਾਲ ਜਿਤਾਇਆ। ਦੂਜਾ, ਮਨਦੀਪ ਸਿੰਘ ਸਿੱਧੂ ਨੂੰ ਸਾਰਿਆਂ ਨਾਲ ਜਾਣ-ਪਛਾਣ ਕਰਵਾਉਣੀ ਪਈ। ਜ਼ਿਮਨੀ ਚੋਣ ਵਿਚ ਗਿੱਦੜਬਾਹਾ ਤੋਂ ਮਨਦੀਪ ਸਿੰਘ ਸਿੱਧੂ ਉਮੀਦਵਾਰ ਹੋਣਗੇ। ਹੁਣ ਮਨਦੀਪ ਸਿੱਧੂ ਨੂੰ ਉਸੇ ਵੱਡੇ ਫਰਕ ਨਾਲ ਜਿਤਾਉਣ ਲਈ ਕਿਹਾ ਗਿਆ ਹੈ ਜਿਸ ਨਾਲ ਲੋਕਾਂ ਨੇ ਉਨ੍ਹਾਂ ਨੂੰ ਜਿਤਾਇਆ ਸੀ।

ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਵੀ ਉਨ੍ਹਾਂ ਦੇ ਨਾਲ ਰਹੇ। ਤਰਸੇਮ ਸਿੰਘ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਦੀਪ ਸਿੱਧੂ ਨੇ ਹੀ ਸਿੱਖਾਂ ਦੀ ਆਵਾਜ਼ ਬੁਲੰਦ ਕੀਤੀ ਹੈ।

ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿਖੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਬੇਅਦਬੀ ਕਾਂਡ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਪੁਲਿਸ ਵੱਲੋਂ ਗੋਲੀ ਚਲਾ ਕੇ ਦੋ ਸਿੱਖ ਪ੍ਰਦਰਸ਼ਨਕਾਰੀ ਗੁਰਜੀਤ ਸਿੰਘ ਪਿੰਡ ਸਰਾਵਾਂ ਅਤੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਨਿਆਮੀਵਾਲਾ ਦੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਹੋ ਗਈ ਸੀ। ਹੁਣ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਵੀ ਗਿੱਦੜਬਾਹਾ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।

ਸੁਖਰਾਜ ਸਿੰਘ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸੀ ਅਸੀਂ ਪਿਛਲੇ ਨੌਂ ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਾਂ। ਸ਼ਾਂਤਮਈ ਧਰਨੇ ਦੌਰਾਨ ਮੇਰੇ ਪਿਤਾ ਦੀ ਹੱਤਿਆ ਕਰ ਦਿੱਤੀ ਗਈ, ਪਰ ਤਿੰਨ ਸਰਕਾਰਾਂ ਨੇ ਇਨਸਾਫ਼ ਨਹੀਂ ਦਿੱਤਾ। ਅਸੀਂ ਪ੍ਰਦਰਸ਼ਨਾਂ ਰਾਹੀਂ ਨੇਤਾਵਾਂ ਨੂੰ ਸਵਾਲ ਪੁੱਛਦੇ ਰਹੇ ਹਾਂ, ਪਰ ਜੋ ਵੀ ਸਰਕਾਰ ਕੋਲ ਆਉਂਦਾ ਹੈ, ਉਹ ਭੱਜਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਮੈਂ ਦੂਜੇ ਨੇਤਾਵਾਂ 'ਤੇ ਨਿਰਭਰ ਰਹਿਣ ਦੀ ਬਜਾਏ ਵਿਧਾਨ ਸਭਾ ਵਿਚ ਉਨ੍ਹਾਂ ਤੋਂ ਸਿੱਧੇ ਸਵਾਲ ਪੁੱਛਣਾ ਚਾਹੁੰਦਾ ਹਾਂ। ਅਸੀਂ ਵਿਧਾਨ ਸਭਾ ਵਿੱਚ ਉਨ੍ਹਾਂ ਦੇ ਵਿਚਕਾਰ ਆਵਾਂਗੇ ਅਤੇ ਉਨ੍ਹਾਂ ਦੇ ਵਿਰੁੱਧ ਲੜਾਂਗੇ

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਸ ਹਲਕੇ ਤੋਂ ਪੰਥਕ ਉਮੀਦਵਾਰ ਜਿਤੇ ਜਾਂ ਨਾ ਜਿਤੇ, ਪਰ ਬਾਦਲ ਪਰਿਵਾਰ ਲਈ ਵਡੀ ਸਿਰਦਰਦੀ ਪੈਦਾ ਕਰੇਗਾ। ਪਤਾ ਇਹ ਵੀ ਲਗਾ ਹੈ ਕਿ ਸੁਖਬੀਰ ਇਨ੍ਹਾਂ ਸਥਿਤੀਆਂ ਨੂੰ ਦੇਖਦਿਆਂ ਸ਼ਾਇਦ ਹੀ ਚੋਣ ਲੜਨ।

## ਦਰਬਾਰ ਸਾਹਿਬ ਨੇੜੇ ਲੁੱਟ ਕਰਨ ਵਾਲੇ ਚਾਰ ਲੁਟੇਰੇ ਗ੍ਰਿਫ਼ਤਾਰ

### ✪ 1 ਕਿਲੋ 710 ਗ੍ਰਾਮ ਸੋਨੇ ਸਮੇਤ ਹੋਰ ਸਾਮਾਨ ਫੜਿਆ

ਅੰਮ੍ਰਿਤਸਰ-ਪਿਛਲੇ ਦੋ ਦਿਨ ਪਹਿਲਾਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਨੇੜੇ ਪਰਾਗਾ ਚੌਂਕ ਦੇ ਕੋਲ ਇੱਕ ਨੌਜਵਾਨ ਤੋਂ ਸੋਨੇ ਦੇ ਪਾਰਸਲ ਲੁੱਟਣ ਦੀ ਖਬਰ ਸਾਹਮਣੇ ਆਈ ਸੀ ਜਿਸ ਵਿੱਚ ਕਿ ਦੋ ਅਣਪਛਾਤੇ ਨੌਜਵਾਨਾਂ ਵੱਲੋਂ ਇੱਕ ਗੋਲਡ ਪਾਰਸਲ ਕਰਨ ਵਾਲੇ ਵਿਅਕਤੀ ਦੇ ਕੋਲੋਂ ਸੋਨੇ ਦੀ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਜਿਸ ਤੋਂ ਬਾਅਦ ਪੁਲਸ ਵੱਲੋਂ ਲਗਾਤਾਰ ਹੀ ਇਸ ਮਾਮਲੇ 'ਚ ਜਾਂਚ ਕੀਤੀ ਜਾ ਰਹੀ ਸੀ ਅਤੇ ਹੁਣ ਪੁਲਸ ਨੇ ਇਸ ਮਾਮਲੇ ਦੇ ਵਿੱਚ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੇ ਵਿੱਚ ਸਫ਼ਲਤਾ ਹਾਸਲ ਕੀਤੀ ਹੈ।



ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ 13 ਸਤੰਬਰ ਦੀ ਸ਼ਾਮ ਨੂੰ ਮੁਕੇਸ਼ ਸੈਨੀ ਨਾਮਕ ਵਿਅਕਤੀ ਦੇ ਕੋਲੋਂ ਸੋਨੇ ਦੀ ਲੁੱਟ ਹੋਣ ਦੀ ਜਾਣਕਾਰੀ ਮਿਲੀ ਸੀ। ਜਿਸ ਤੇ ਪੁਲਸ ਟੀਮਾਂ ਨੇ ਕਾਰਵਾਈ ਕਰਦੇ ਹੋਏ ਚਾਰ ਮੁਲਜ਼ਮ ਕਾਬੂ ਕੀਤੇ ਹਨ ਜਿਨ੍ਹਾਂ ਦੀ ਪਛਾਣ ਕਰਨਜੀਤ ਸਿੰਘ ਜਸਕਰਨ ਸਿੰਘ ਸ਼ਿਵਮਦੀਪ ਸਿੰਘ ਅਤੇ ਬਿਕਰਮਜੀਤ ਸਿੰਘ ਵਿੱਕੀ ਦੇ ਰੂਪ ਵਿੱਚ ਹੋਈ ਹੈ। ਪੁਲਸ ਨੇ ਦੱਸਿਆ ਕਿ ਜਸਕਰਨ ਸਿੰਘ ਅਤੇ ਕਰਨਜੀਤ ਸਿੰਘ ਪਹਿਲਾਂ ਤੋਂ ਹੀ ਸੁਨਿਆਰੇ ਦਾ ਕੰਮ ਕਰਦੇ ਸਨ ਅਤੇ ਇਹਨਾਂ ਦੋਨਾਂ ਨੌਜਵਾਨਾਂ ਵੱਲੋਂ ਹੀ ਮੁਕੇਸ਼ ਸੈਨੀ ਦੀ ਰੇਕੀ ਕੀਤੀ ਗਈ ਸੀ ਉਹਨਾਂ ਕਿਹਾ ਕਿ ਦੋਵਾਂ ਨੌਜਵਾਨਾਂ ਨੂੰ ਪਤਾ ਸੀ ਕਿ ਮੁਕੇਸ਼ ਸੈਨੀ ਵੱਖ-ਵੱਖ ਦੁਕਾਨਾਂ ਤੋਂ ਸੋਨੇ ਦੇ ਪਾਰਸਲ ਲੈ ਕੇ ਵੱਖ-ਵੱਖ ਸ਼ਹਿਰਾਂ ਵਿੱਚ ਪਾਰਸਲ ਕਰਦਾ ਹੈ ਜਿਸ ਤੇ ਚਲਦੇ ਉਹਨਾਂ ਨੇ ਪੂਰੀ ਰੇਕੀ ਕਰਕੇ ਇਸ ਕੋਲੋਂ ਵਾਰਦਾਤ ਨੂੰ ਅੰਜਾਮ ਦਿੱਤਾ ।

ਪੁਲਸ ਨੇ ਕਿਹਾ ਕਿ ਇਹਨਾਂ ਨੂੰ ਬੜੀ ਹੀ ਮੁਸਤੈਦੀ ਦੇ ਨਾਲ ਕਾਬੂ ਕੀਤਾ ਹੈ ਅਤੇ ਇਹਨਾਂ ਚਾਰਾਂ ਵਿਅਕਤੀਆਂ ਦੇ ਕੋਲੋਂ ਇਕ ਕਿਲੋ 710 ਗ੍ਰਾਮ ਸੋਨੇ ਦੇ ਗਹਿਣੇ ਅਤੇ ਇੱਕ ਪਿਸਤੌਲ ਅਤੇ ਇੱਕ ਪਾਰਸਲ ਅਤੇ ਇੱਕ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

**ਵਿਚਾਰ :–** ਇਕ ਬੋਲਾ ਤੇ ਗੂੰਗਾ, ਜੀਭ ਵੱਢੀ ਵਾਲਾ ਬੰਦਾ ਉਸ ਵਿਅਕਤੀ ਨਾਲੋਂ ਕਿਤੇ ਚੰਗਾ ਹੈ ਜਿਸ ਦੀ ਜੀਭ ਉਸ ਦੇ ਵਸ ਵਿਚ ਨਹੀਂ ਹੈ।



ਰਜਿੰਦਰ ਸਿੰਘ ਪੁਰੇਵਾਲ

# ਮਾਲੀ ਦੀ ਗ੍ਰਿਫਤਾਰੀ ਨਿੰਦਣਯੋਗ, ਭਗਵੰਤ ਮਾਨ ਬੇਅੰਤ ਸਿੰਘ ਰਾਜ ਦੀਆਂ ਲੀਹਾਂ ਉਪਰ ਨਾ ਚਲੇ

ਬੀਤੇ ਦਿਨੀ ਚਿੰਤਕ ਮਾਲਵਿੰਦਰ ਸਿੰਘ ਮਾਲੀ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਦੋਸ਼ ਲਗਾਏ ਕਿ ਉਸਨੇ ਹਿੰਦੂ ਧਰਮ ਦੀ ਕੋਈ ਤੌਹੀਨ ਕੀਤੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸ਼ਿਕਾਇਤਕਰਤਾ ਅਮਿਤ ਜੈਨ ਆਮ ਆਦਮੀ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਉਹ ਗਊ ਸੇਵਾ ਕਮਿਸ਼ਨ ਦਾ ਮੈਂਬਰ ਵੀ ਹੈ। ਜੈਨ ਨੇ ਦਾਅਵਾ ਕੀਤਾ ਸੀ ਕਿ ਮਾਲੀ ਦੇ ਹਾਲੀਆ ਇੰਟਰਵਿਊ ਵਿਚ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਹੈਰਾਨੀ ਦੀ ਗੱਲ ਹੈ ਕਿ ਪੁਲਿਸ ਨੇ ਬਿਜਲੀ ਦੀ ਰਫ਼ਤਾਰ ਨਾਲ ਐਫਆਈਆਰ ਦਰਜ ਕਰਕੇ ਮਾਲੀ ਨੂੰ ਗ੍ਰਿਫਤਾਰ ਕੀਤਾ ਹੈ ਪਰ ਪੰਜਾਬ ਵਿਚ ਕਈ ਹਜ਼ਾਰ ਅਪਰਾਧੀ ਸ਼ਰੇਆਮ ਘੁੰਮ ਰਹੇ ਹਨ ਪਰ ਪੁਲਿਸ ਉਨ੍ਹਾਂ ਤੇ ਕੋਈ ਵੀ ਕਾਰਵਾਈ ਨਹੀਂ ਕਰ ਰਹੀ। ਨਾ ਹੀ ਡਰਗ ਸਮਗਲਰਾਂ ਨੂੰ ਫੜ ਰਹੀ ਹੈ, ਨਾ ਗੈਂਗਸਟਰਾਂ ਨੂੰ ਜੋ ਪੰਜਾਬ ਦਾ ਉਦਯੋਗ ਧਮਕੀਆਂ ਦੇਕੇ ਬੰਦ ਕਰਵਾ ਰਹੇ ਹਨ। ਪੰਜਾਬ ਭਰ ਵਿੱਚ ਹਰ ਰੋਜ਼ ਅਮਨ-ਕਾਨੂੰਨ ਦੇ ਢਹਿ-ਢੇਰੀ ਹੋਣ ਦੀਆਂ ਕਈ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਰਾਜ ਵਿੱਚ ਅਪਰਾਧ ਵਿੱਚ ਚਿੰਤਾਜਨਕ ਵਾਧਾ ਦੇਖਣ ਨੂੰ ਮਿਲ ਰਿਹਾ ਹੈ, ਹਰ ਹਫ਼ਤੇ 3 ਤੋਂ 4 ਕਤਲ ਹੋ ਰਹੇ ਹਨ। ਇਕੱਲੇ ਅਗਸਤ ਮਹੀਨੇ ਵਿੱਚ ਪੰਜਾਬ ਵਿੱਚ ਕਤਲ ਦੀਆਂ 20 ਘਟਨਾਵਾਂ ਦਰਜ ਕੀਤੀਆਂ ਗਈਆਂ। ਪੰਜਾਬੀਆਂ ਨੂੰ ਹੁਣ ਆਪਣੇ ਘਰਾਂ ਵਿੱਚ ਵੀ ਸੁਰੱਖਿਅਤ ਮਹਿਸੂਸ ਨਹੀਂ ਹੋ ਰਿਹਾ। 3 ਸਤੰਬਰ ਨੂੰ ਫਿਰੋਜ਼ਪੁਰ ਵਿੱਚ ਗੋਲੀਬਾਰੀ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਸੀ, ਜਿਸ ਵਿੱਚ 50 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਇਹ ਕੋਈ ਵੱਖਰੀ ਘਟਨਾ ਨਹੀਂ ਹੈ।

2022 ਵਿੱਚ, ਜਦੋਂ 'ਆਪ' ਸਰਕਾਰ ਸੱਤਾ ਵਿੱਚ ਆਈ ਸੀ, ਪੰਜਾਬ ਵਿੱਚ ਭਾਰਤ ਦੇ ਅਧੀਨ 73,626 ਅਪਰਾਧਿਕ ਘਟਨਾਵਾਂ ਹੋਈਆਂ ਸਨ। ਪੀਨਲ ਕੋਡ (ਆਈਪੀਸੀ) ਇਹਨਾਂ ਵਿੱਚੋਂ 670 ਕਤਲ ਦਰਜ ਕੀਤੇ ਗਏ ਸਨ, ਜੋ ਕਿ ਉਸ ਸਾਲ ਔਸਤਨ 6,230 ਸਨ, ਜੋ ਕਿ ਕਾਨੂੰਨ ਵਿਵਸਥਾ ਦੀ ਸਥਿਤੀ ਦਸ ਗੁਣਾ ਵਿਗੜ ਗਈ ਹੈ। ਪੰਜਾਬ ਵਿੱਚ ਹੁਣ ਕੋਈ ਵੀ ਸੁਰੱਖਿਅਤ ਨਹੀਂ ਹੈ, ਇੱਥੋਂ ਤੱਕ ਕਿ ਆਮ ਆਦਮੀ ਪਾਰਟੀ ਦੇ ਆਗੂ ਵੀ ਨਹੀਂ। ਉਨ੍ਹਾਂ ਨੇ 'ਆਪ' ਦੇ ਕਿਸਾਨ ਵਿੰਗ ਦੇ ਆਗੂ ਤਰਲੋਚਨ ਸਿੰਘ, ਜਿਸ ਦੀ 10 ਸਤੰਬਰ ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੰਜਾਬ ਵਿੱਚ ਕਾਰੋਬਾਰ ਬਰਬਾਦ ਹੋ ਰਹੇ ਹਨ ਕਿਉਂਕਿ ਗੈਂਗਸਟਰਾਂ ਵੱਲੋਂ ਕਾਰੋਬਾਰੀਆਂ ਤੋਂ ਪੈਸੇ ਵਸੂਲਣੇ ਜਾਰੀ ਹਨ। ਇੱਥੋਂ ਤੱਕ ਕਿ ਲਾਰੈਂਸ ਬਿਸ਼ਨੋਈ ਗਰੁੱਪ ਵਰਗੇ ਬਦਨਾਮ ਅਪਰਾਧੀ ਜੇਲ੍ਹ ਵਿੱਚ ਰਹਿੰਦਿਆਂ ਵੀ ਸਰਗਰਮ ਰਹਿੰਦੇ ਹਨ। ਬਿਸ਼ਨੋਈ ਖੁਦ ਸੀਬੀਆਈ ਦੀ ਹਿਰਾਸਤ ਵਿੱਚੋਂ ਇੰਟਰਵਿਊ ਦਿੰਦੇ ਹਨ। ਜਦੋਂ ਜੇਲ੍ਹਾਂ ਵੀ ਸੁਰੱਖਿਅਤ ਨਹੀਂ ਹਨ ਤਾਂ ਪੰਜਾਬ ਦੇ ਲੋਕ ਸੁਰੱਖਿਅਤ ਕਿਵੇਂ ਮਹਿਸੂਸ ਕਰ ਸਕਦੇ ਹਨ ?

ਪੰਜਾਬ ਅਪਰਾਧਿਕ ਗਿਰੋਹ ਦੁਆਰਾ ਚਲਾਏ ਰਾਜ ਬਣਨ ਦੇ ਕੰਢੇ 'ਤੇ ਹੈ। ਲਾਅ ਐਂਡ ਆਰਡਰ ਦੇ ਮਾਮਲਿਆਂ ਵਿੱਚ ਵਾਧਾ ਪੰਜਾਬ ਨੂੰ ਗੈਂਗਸਟਰਾਂ ਦੇ ਖੇਡ ਦੇ ਮੈਦਾਨ ਵਿੱਚ ਬਦਲ ਰਿਹਾ ਹੈ। ਪੰਜਾਬੀ ਨੌਜਵਾਨ ਅਪਰਾਧ ਦੀ ਇਸ ਦੁਨੀਆਂ ਵਿੱਚ ਖਿੱਚੇ ਜਾ ਰਹੇ ਹਨ, ਅਤੇ ਜਲਦੀ ਹੀ, ਪੰਜਾਬ ਵਿੱਚ ਇਹਨਾਂ ਖਤਰਨਾਕ ਤੱਤਾਂ ਦਾ ਪੂਰੀ ਤਰ੍ਹਾਂ ਦਬਦਬਾ ਹੋ ਜਾਵੇਗਾ।"

ਪਰ ਪੁਲਿਸ ਅਪਰਾਧਾਂ ਨੂੰ ਕੰਟਰੋਲ ਕਰਨ ਦੀ ਬਜਾਏ ਮਾਲੀ ਵਰਗੇ ਬੁਧੀਜੀਵੀਆਂ ਨੂੰ ਗ੍ਰਿਫਤਾਰ ਕਰ ਰਹੀ ਹੈ ਜੋ ਪੰਜਾਬ ਦਾ ਭਲਾ ਸੋਚਦੇ ਹਨ ਤੇ ਸਰਕਾਰ ਦੀਆਂ ਗਲਤ ਨੀਤੀਆਂ ਵਿਰੁੱਧ ਅਵਾਜ਼ ਉਠਾਉਂਦੇ ਹਨ। ਇਥੋਂ ਤਕ ਪੁਲਿਸ ਨੇ 41ਏ ਸੀਆਰਪੀਸੀ ਤਹਿਤ ਮਾਲੀ ਨੂੰ ਕੋਈ ਨੋਟਿਸ ਵੀ ਜਾਰੀ ਨਹੀਂ ਕੀਤਾ। ਪੁਲਿਸ ਨੇ ਮਾਲੀ ਦਾ ਰਿਮਾਂਡ ਵੀ ਨਹੀਂ ਮੰਗਿਆ।

ਮਾਲੀ ਨੂੰ ਤੰਗ ਕਰਨ ਲਈ ਅਤੇ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਲੈਣ ਲਈ ਇਹ ਕਾਰਵਾਈ ਕੀਤੀ ਹੈ ਤਾਂ ਜੋ ਉਹ ਪੰਜਾਬ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਵਿਰੁਧ ਚੁਪ ਰਹੇ। ਹੈਰਾਨੀ ਦੀ ਗਲ ਇਹ ਹੈ ਕਿ ਬੁਧਜੀਵੀਆਂ ਦੇ ਸ਼ਬਦਾਂ ਤੋਂ ਡਰੀ ਪੰਜਾਬ ਸਰਕਾਰ ਕਿੰਨੀ ਕਮਜ਼ੋਰ ਹੈ ਤੇ ਉਹ ਸਰਕਾਰੀ ਡੰਡੇ ਨਾਲ ਲੋਕਾਂ ਦੀ ਅਵਾਜ਼ ਦਬਾਉਣਾ ਚਾਹੁੰਦੀ ਹੈ।

ਮਾਲੀ ਦੇ ਬਿਆਨਾਂ ਵਿੱਚ ਅਜਿਹਾ ਕੁਝ ਵੀ ਨਹੀਂ ਸੀ ਜਿਸ ਨਾਲ ਹਿੰਦੂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੋਵੇ। ਕਿਸੇ ਵੀ ਹਿੰਦੂ ਸੰਸਥਾ ਨੇ ਮਾਲੀ ਉਪਰ ਪ੍ਰਤੀਕਰਮ ਨਹੀਂ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਾਲੀ ਦੀ ਆਵਾਜ਼ ਦਬਾਉਣ ਲਈ ਮਾਲੀ ਨੂੰ ਗ੍ਰਿਫਤਾਰ ਕਰਵਾਇਆ ਹੈ। ਇਹ ਹੈ ਆਪ ਦਾ ਇਨਕਲਾਬ। ਇਹ ਸਰਕਾਰ ਪੰਜਾਬ ਲਈ ਅਕਾਲੀ ਤੇ ਕਾਂਗਰਸ ਸਰਕਾਰ ਤੋਂ ਨਖਿਧ ਸਾਬਤ ਹੋਈ ਹੈ। ਬੇਅੰਤ ਸਿੰਘ ਦੇ ਰਾਹ ਉਪਰ ਚਲ ਪਈ ਹੈ, ਜਿਥੇ ਜੰਗਲ ਦਾ ਰਾਜ ਸੀ। ਸੰਵਿਧਾਨ, ਵਿਧਾਨ ਦੀ ਕੋਈ ਕਦਰ ਨਹੀਂ ਸੀ। ਸਮੂਹ ਪੰਜਾਬੀਆਂ ਨੂੰ ਮਾਲੀ ਦੇ ਹੱਕ ਵਿਚ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# THE *FIGHT* IS ABOUT DEFENDING DEMOCRACY AND SAFEGUARDING MINORITY RIGHTS IN INDIA



Gurmukh Singh O B E

*The fight is about whether a Sikh is going to be allowed to wear his turban in India or a kada in India. Or he, as a Sikh, is going to be able to go to a gurdwara. That is what the fight is about. And not just for him, for all religions.* (Rahul Gandhi)

Rahul Gandhi was speaking to a gathering in Virginia during his three day visit to the US, on Monday 9the September, 2024. According to one Indian news report: *Government sources indicated pro-Khalistani elements attended Rahul Gandhi Virginia gathering.* So, not so indirectly, in the eyes of the Indian media, this remark about Sikh religion by Rahul gets linked to Khalistanis being present in the audience!

On the face of it, Rahul Gandhi merely repeated widely expressed concerns by international observers about the worrying direction taken by Indian democracy since independence and especially, in the last few decades. He made it clear that he was talking not just about the Sikhs but all religions. Nevertheless, his specific mention of Sikhs has provoked a strong reaction from some Sikhs, especially those close to the ruling BJP. Reaction by the Indian establishment is more understandable.

Rahul Gandhi is the leader of the Indian National Congress and is serving as the Leader of the Opposition in Lok Sabha since the general election, 19 April to 1 June 2024. So, due to his family background and senior political position he is one of the most important members of the Indian political establishment. He should speak with care when abroad.

His family background is relevant. He is the grandson of Mrs Indira Gandhi, Prime Minister of India from 1966 to 1977 and from 1980 to 31 October 1984, when she paid the ultimate price for her ill-advised use of the army in peace-time against own Indian state of Punjab to attack Darbar Sahib and numerous historical gurdwaras.

The Sikh case has always been a running sore in the republic of India, ruled for many decades by the Congress party controlled by the Nehru and Gandhi family. So, it can be argued that the current challenges faced by the country including alienation of the Sikhs, can be traced back to the post independence policies of the Congress party.

Sikhs expected Pandit Nehru, as Prime Minister of India, to keep pre-independence assurances given by Congress leaders like Mahatma Gandhi. In fact, the existential threat to the Sikhs loomed larger with each decade that passed. A much truncated Panjab itself became the victim of short sighted agro-economic and environmental policies in addition to attempts to assimilate Sikhi into the Hindu conglomeration of sects and cults.

Yet, children should not suffer for the bad things done by their parents. Maybe, in the context in which he was speaking, Rahul did not have the opportunity to express regret about the wrongs suffered by the Sikhs and Panjab under the Delhi rule when his own family and party ran the country.

While he was right about the challenges faced by the minorities in India, it is questionable from the Indian viewpoint if he should have made such comments while on a visit to the USA as a senior Indian politician. Rather he should continue to raise such issue in the Indian Parliament at home and get things right. Otherwise, he seems to be making the Sikh case, raising just grievances, before the international community!

Gurmukh Singh OBE, Ret'd Principal Civil Servant (UK) sewauk2005@yahoo.co.uk

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਰਾਸ਼ਿਦ 'ਤੇ ਕਿਉਂ ਮਿਹਰਬਾਨ ਹਨ ਏਜੰਸੀਆਂ ਪਰ ਭਾਈ ਅੰਮ੍ਰਿਤਪਾਲ ਉਪਰ ਕਿਉਂ ਨਹੀਂ ?

## ✪ ਜ਼ਮਾਨਤ ਦੇਣੀ ਹੁਣ ਸਰਕਾਰਾਂ ਦੇ ਹੱਥ ? ✪ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਮਰਥਕਾਂ ਦੇ ਘਰ ਐਨਆਈਏ ਦੇ ਛਾਪੇ ਕਿਉਂ ?





ਜੇਲ੍ਹ ਵਿਚ ਬੰਦ ਜਿਹਾਦੀਆਂ ਦੇ ਸ਼ੱਕੀ ਮਦਦਗਾਰ ਇੰਜੀਨੀਅਰ ਰਾਸ਼ਿਦ ਨੂੰ ਚੋਣ ਪ੍ਰਚਾਰ ਲਈ ਜ਼ਮਾਨਤ ਮਿਲ ਚੁੱਕੀ ਹੈ। ਇੰਜੀਨੀਅਰ ਰਾਸ਼ਿਦ ਯੂ.ਏ.ਪੀ.ਏ. (ਗ਼ੈਰ-ਕਾਨੂੰਨੀ ਗਤੀਵਿਧੀ ਰੋਕਥਾਮ ਕਾਨੂੰਨ) ਤਹਿਤ 2019 ਤੋਂ ਜੇਲ੍ਹ ਵਿਚ ਸੀ। ਉਸ ਨੇ ਜੇਲ੍ਹ ਤੋਂ ਹੀ ਲੋਕ ਸਭਾ ਦੀ ਚੋਣ ਲੜੀ ਅਤੇ ਜਿੱਤ ਵੀ ਗਿਆ। ਬੜੀ ਮੁਸ਼ਕਿਲ ਨਾਲ ਉਸ ਨੂੰ ਸਹੁੰ ਚੁੱਕਣ ਲਈ ਥੋੜ੍ਹੀ ਦੇਰ ਦੀ ਜ਼ਮਾਨਤ ਮਿਲੀ ਸੀ ਅਤੇ ਸੰਸਦ ਦੀ ਕਾਰਵਾਈ ਵਿਚ ਹਿੱਸਾ ਲੈਣ ਲਈ ਦਾਇਰ ਕੀਤੀ ਗਈ, ਉਸ ਦੀ ਜ਼ਮਾਨਤ ਅਰਜ਼ੀ ਖ਼ਾਰਜ ਕਰ ਦਿੱਤੀ ਗਈ ਪਰ ਅਚਾਨਕ ਪਤਾ ਨਹੀਂ ਕੀ ਹੋਇਆ ਕਿ ਰਾਸ਼ਿਦ ਨੂੰ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਪਾਰਟੀ ਦੇ ਉਮੀਦਵਾਰਾਂ ਦਾ ਪ੍ਰਚਾਰ ਕਰਨ ਲਈ 20 ਦਿਨ ਦੀ ਜ਼ਮਾਨਤ ਮਿਲ ਗਈ। ਉਹ ਦੋ ਅਕਤੂਬਰ ਤੱਕ ਜ਼ਮਾਨਤ 'ਤੇ ਰਹੇਗਾ। ਰਾਜ 'ਚ 18 ਤੇ 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਾਂ ਪੈਣੀਆਂ ਹਨ।

ਦਿਲਚਸਪ ਗੱਲ ਇਹ ਹੈ ਕਿ ਮਨੀ ਲਾਂਡਰਿੰਗ ਦੇ ਮਾਮਲੇ ਵਿਚ ਹੇਠਲੀਆਂ ਅਦਾਲਤਾਂ ਤੋਂ ਜ਼ਮਾਨਤ ਹੁੰਦਿਆਂ ਹੀ ਕੇਂਦਰੀ ਏਜੰਸੀਆਂ ਭੱਜ ਕੇ ਉੱਪਰਲੀ ਅਦਾਲਤਾਂ 'ਚ ਪਹੁੰਚ ਜਾਂਦੀਆਂ ਹਨ ਅਤੇ ਜ਼ਮਾਨਤ ਰੱਦ ਕਰਵਾ ਲੈਂਦੀਆਂ ਹਨ। ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿਚ ਅਜਿਹਾ ਹੋਇਆ ਪਰ ਰਾਸ਼ਿਦ ਨੂੰ ਹੇਠਲੀ ਅਦਾਲਤ ਨੇ ਜ਼ਮਾਨਤ ਦਿੱਤੀ ਤਾਂ ਏਜੰਸੀਆਂ ਜ਼ਮਾਨਤ ਦੇ ਖ਼ਿਲਾਫ਼ ਉਪਰਲੀ ਅਦਾਲਤ ਵਿਚ ਜਾਣਾ ਭੁੱਲ ਗਈਆਂ। ਹੁਣ ਇਸ ਦੇ ਬਰਅਕਸ ਹੇਮੰਤ ਸੋਰੇਨ ਨੂੰ ਰੱਖ ਕੇ ਦੇਖੋ। ਉਨ੍ਹਾਂ ਦੀ ਪਾਰਟੀ ਲੋਕ ਸਭਾ ਦੀਆਂ ਪੰਜ ਸੀਟਾਂ 'ਤੇ ਚੋਣਾਂ ਲੜ ਰਹੀ ਸੀ ਅਤੇ ਉਨ੍ਹਾਂ ਨੇ ਕੇਜਰੀਵਾਲ ਨੂੰ ਪ੍ਰਚਾਰ ਲਈ ਮਿਲੀ ਜ਼ਮਾਨਤ ਦਾ ਆਧਾਰ ਬਣਾ ਕੇ ਪ੍ਰਚਾਰ ਲਈ ਜ਼ਮਾਨਤ ਮੰਗੀ ਸੀ ਪਰ ਉਨ੍ਹਾਂ ਨੂੰ ਜ਼ਮਾਨਤ ਨਹੀਂ ਮਿਲੀ। ਕੇਜਰੀਵਾਲ ਨੂੰ ਵੀ ਸੁਪਰੀਮ ਕੋਰਟ ਨੇ ਜ਼ਮਾਨਤ ਦਿੱਤੀ ਸੀ ਪਰ ਇੰਜੀਨੀਅਰ ਰਾਸ਼ਿਦ ਨੂੰ ਤਾਂ ਹੇਠਲੀ ਅਦਾਲਤ ਨੇ ਹੀ ਪ੍ਰਚਾਰ ਲਈ ਜ਼ਮਾਨਤ ਦੇ ਦਿੱਤੀ।

ਪਰ ਅੰਮ੍ਰਿਤ ਪਾਲ ਸਿੰਘ ਨੂੰ ਜਮਾਨਤ ਬਿਲਕੁਲ ਨਹੀਂ ਦਿਤੀ ਗਈ। ਇਸ ਦੇ ਉਲਟ ਉਸ ਦੇ ਘਰ ਤੇ ਸਮਰਥਕਾਂ ਦੇ ਘਰ ਐਨਆਈਏ ਦੇ ਛਾਪੇ ਕਿਉਂ ਮਾਰੇ ਗਏ ?ਪੰਜਾਬ ਸਰਕਾਰ ਤੋਂ ਬਾਅਦ ਹੁਣ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਨੇ ਵੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖਿਲਾਫ ਸ਼ਿਕੰਜਾ ਕਿਉਂ ਕੱਸ ਦਿੱਤਾ ਹੈ ?

ਯਾਦ ਰਹੇ ਕਿ ਬੀਤੇ ਦਿਨੀਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਦੀਆਂ ਟੀਮਾਂ ਨੇ ਮੋਗਾ ਵਿਚ ਇਕ ਥਾਂ ਤੇ ਅੰਮ੍ਰਿਤਸਰ ਵਿੱਚ ਤਿੰਨ ਥਾਵਾਂ ਉਪਰ ਛਾਪੇਮਾਰੀ ਕੀਤੀ ਸੀ। ਅੰਮ੍ਰਿਤਸਰ ਵਿੱਚ ਰਈਆ ਨੇੜੇ ਫੇਰੂਮਾਨ ਰੋਡ 'ਤੇ ਅੰਮ੍ਰਿਤਪਾਲ ਸਿੰਘ ਦੇ ਚਾਚਾ ਪ੍ਰਗਟ ਸਿੰਘ ਦੇ ਘਰ ਛਾਪੇਮਾਰੀ ਕੀਤੀ ਗਈ ਸੀ। ਪ੍ਰਗਟ ਸਿੰਘ ਫਰਨੀਚਰ ਦਾ ਕੰਮ ਕਰਦੇ ਹਨ। ਜਦੋਂਕਿ ਦੂਸਰੀ ਰੇਡ ਅੰਮ੍ਰਿਤਸਰ ਦੇ ਸਠਿਆਲਾ ਨੇੜੇ ਬੁਤਾਲਾ ਵਿੱਚ ਅੰਮ੍ਰਿਤਪਾਲ ਦੇ ਜੀਜੇ ਅਮਰਜੋਤ ਸਿੰਘ ਦੇ ਘਰ ਤੇ ਤੀਜੀ ਰੇਡ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਘੁਮਾਣ ਵਿਖੇ ਭਾਈ ਅੰਮਿਬਪਾਲ ਸਿੰਘ ਦੇ ਕਰੀਬੀ ਰਿਸ਼ਤੇਦਾਰ ਗੁਰਮੁਖ ਸਿੰਘ ਗੋਰਾ ਘਰ ਕੀਤੀ ਗਈ। ਤਿੰਨੋਂ ਛਾਪੇ ਅੰਮ੍ਰਿਤਪਾਲ ਨਾਲ ਜੁੜੇ ਹੋਏ ਹਨ। ਐਨ. ਆਈ. ਏ. ਦੀ ਟੀਮ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਦੀਆਂ ਬੈਂਕ ਦੀਆਂ ਕਾਪੀਆਂ, ਡੀ. ਵੀ. ਆਰ., ਪੈੱਨ ਡਰਾਈਵ, ਮੋਬਾਈਲ ਨਾਲ ਲੈ ਗਏ।

ਮੋਗਾ ਦੇ ਹਲਕਾ ਬਾਘਾਪੁਰਾਣਾ ਦੇ ਸਮਾਲਸਰ ਕਸਬੇ ਵਿੱਚ ਕਵੀ ਮੱਖਣ ਸਿੰਘ ਮੁਸਾਫਿਰ ਦੇ ਘਰ ਵੀ ਐਨਆਈਏ ਦੀਆਂ ਟੀਮਾਂ ਨੇ ਛਾਪੇ ਮਾਰੇ। ਅੰਦਾਜ਼ਾ ਇਹ ਹੈ ਕਿ ਇਹ ਛਾਪਾ ਵੀ ਅੰਮ੍ਰਿਤਪਾਲ ਸਿੰਘ ਨਾਲ ਹੀ ਸਬੰਧਤ ਹੈ। ਕਿਹਾ ਰਿਹਾ ਹੈ ਕਿ ਇਸ ਛਾਪੇਮਾਰੀ ਵਿੱਚ ਐਨਆਈਏ ਅੰਮ੍ਰਿਤਪਾਲ ਸਿੰਘ ਨੂੰ ਵਿਦੇਸ਼ੀ ਫੰਡਿੰਗ ਨਾਲ ਸਬੰਧਤ ਸਬੂਤ ਤੇ ਜਾਣਕਾਰੀ ਲੱਭ ਰਹੀ ਹੈ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਇਹ ਸਿਖ ਨੌਜਵਾਨਾਂ ਨੂੰ ਦਬਾਉਣ ਦੀ ਕਾਰਵਾਈ ਹੈ ਤਾਂ ਜੋ ਅੰਮ੍ਰਿਤ ਪਾਲ ਸਿੰਘ ਦੇ ਗਰੁਪ ਵਲੋਂ ਚਲਾਈਆਂ ਜਾ ਰਹੀਆਂ ਕਾਰਵਾਈਆਂ ਉਪਰ ਨਮਦਾ ਕਸਿਆ ਜਾਵੇ।

ਰਿਸ਼ਤੇਦਾਰਾਂ ਦੇ ਘਰ ਛਾਪੇਮਾਰੀ ਤੋਂ ਬਾਅਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਟੀਮ ਵੀ ਐਕਟਿਵ ਹੋ ਗਈ। ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰਾਂ 'ਤੇ ਦੋਸ਼ ਲਾਏ ਹਨ। ਅੰਮ੍ਰਿਤਪਾਲ ਸਿੰਘ ਦੀ ਟੀਮ ਦੇ ਮੈਂਬਰ ਨੇ ਦੱਸਿਆ ਕਿ ਜਦੋਂ ਤੋਂ ਬਾਬਾ ਬਕਾਲਾ ਸਾਹਿਬ ਦੇ ਰੱਖੜ ਪੁੰਨਿਆ ਵਿਖੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਸਟੇਜ ਸਜਾਈ ਲਾਈ ਗਈ ਸੀ, ਉਦੋਂ ਤੋਂ ਕੇਂਦਰ ਤੇ ਸੂਬਾ ਸਰਕਾਰਾਂ ਘਬਰਾ ਗਈਆਂ ਹਨ। ਅੱਜ ਅੰਮ੍ਰਿਤਪਾਲ ਸਿੰਘ ਦੇ ਚਾਚਾ, ਜੀਜਾ ਤੇ ਹੋਰ ਰਿਸ਼ਤੇਦਾਰਾਂ ਦੇ ਘਰ ਛਾਪਾ ਮਾਰ ਕੇ ਉਨ੍ਹਾਂ ਨੂੰ ਨਾਜਾਇਜ਼ ਤੰਗ ਪ੍ਰੇਸ਼ਾਨ ਕੀਤਾ ਗਿਆ ਹੈ। ਜਦਕਿ 1.97 ਲੱਖ ਵੋਟਾਂ ਨਾਲ ਜਿੱਤੇ ਅੰਮ੍ਰਿਤਪਾਲ ਸਿੰਘ ਨੂੰ ਸਰਕਾਰ ਰਿਹਾਅ ਕਰਨ ਦੀ ਬਜਾਏ ਤੰਗ ਪ੍ਰੇਸ਼ਾਨ ਕਰ ਰਹੀ ਹੈ।

ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਇਹ 19 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਦੇ ਜੋੜ ਮੇਲੇ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ ਸਾਡੇ ਵਲੋਂ ਕੀਤੇ ਗਏ ਵੱਡੇ ਇਕੱਠ ਤੋਂ ਬੁਖਲਾਹਟ ਵਿਚ ਆ ਕੇ ਪੰਜਾਬ ਸਰਕਾਰ ਵਲੋਂ ਸਾਡੇ ਪਰਿਵਾਰ ਤੇ ਸਮਰਥਕਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕਿ ਸਿੱਖ ਕੌਮ ਹੋਂਦ ਤੋਂ ਹੀ ਧੱਕੇਸ਼ਾਹੀ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਰਿਸ਼ਤੇਦਾਰੀ ਦੇ ਘਰਾਂ 'ਚ ਕੇਂਦਰੀ ਜਾਂਚ ਏਜੰਸੀ ਦੀ ਛਾਪੇਮਾਰੀ ਵੀ ਇਸੇ ਲੜੀ ਦਾ ਹਿੱਸਾ ਹੈ। ਕੇਂਦਰੀ ਜਾਂਚ ਏਜੰਸੀਆਂ ਵਲੋਂ ਉਨ੍ਹਾਂ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਪ੍ਰੇਸ਼ਾਨ ਕਰਨਾ ਹੋਰ ਵੀ ਨਿੰਦਣਯੋਗ ਗੱਲ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਸਰਕਾਰ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰੀ ਹੈ। ਇਹ ਸਰਕਾਰ ਦੀ ਮਰਜੀ ਹੈ ਕਿ ਜਮਾਨਤ ਕਿਸਨੂੰ ਦੇਣੀ ਹੈ, ਕਿਸਨੂੰ ਨਹੀਂ ਦੇਣੀ ? ਅਦਾਲਤਾਂ ਦੀ ਦਖਲ ਅੰਦਾਜ਼ੀ ਇਸ ਵਿਚ ਘੱਟ ਹੀ ਹੈ।

# ਹਰਿਆਣਾ ਚੋਣਾਂ ਵਿਚ ਭਾਜਪਾ ਦਾ ਨੁਕਸਾਨ ਕਰੇਗਾ ਬ੍ਰਿਜਭੂਸ਼ਨ

## ✪ ਹਾਈਕਮਾਂਡ ਦੀ ਹੁਕਮਾਂ ਦੀ ਪਰਵਾਹ ਨਾ ਕਰਕੇ ਵਿਨੇਸ਼ ਫਿਗੋਟ ਉਪਰ ਕਰ ਰਿਹਾ ਅਨੈਤਿਕ ਹਮਲੇ





ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਆਪਣੀ ਪਾਰਟੀ ਦੇ ਸਿਖਰਲੇ ਆਗੂਆਂ ਦੀ ਗੱਲ ਮੰਨਣ ਨੂੰ ਰਾਜ਼ੀ ਨਹੀਂ ਹੈ। ਪਾਰਟੀ ਵਲੋਂ ਉਨ੍ਹਾਂ ਨੂੰ ਦੋ ਵਾਰ ਸਮਝਾਇਆ ਗਿਆ ਕਿ ਉਹ ਉਲੰਪੀਅਨ ਪਹਿਲਵਾਨਾਂ-ਵਿਨੇਸ਼ ਫੋਗਾਟ, ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਦੇ ਖ਼ਿਲਾਫ਼ ਕੁਝ ਨਾ ਬੋਲੇ ਪਰ ਉਹ ਨਹੀਂ ਮੰਨ ਰਹੇ ਹਨ। ਪਾਰਟੀ ਪ੍ਰਧਾਨ ਜੇ.ਪੀ. ਨੱਢਾ ਨੇ ਟੈਲੀਫੋਨ 'ਤੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਚੁੱਪ ਰਹਿਣ ਨੂੰ ਕਿਹਾ। ਹਰਿਆਣਾ ਦੇ ਆਗੂਆਂ ਨੇ ਤਾਂ ਖੁੱਲ੍ਹੇਆਮ ਨਾਰਾਜ਼ਗੀ ਜਤਾਈ ਅਤੇ ਕਿਹਾ ਕਿ ਉਨ੍ਹਾਂ ਦੇ ਬਿਆਨਾਂ ਨਾਲ ਭਾਜਪਾ ਨੂੰ ਚੋਣਾਂ ਵਿਚ ਨੁਕਸਾਨ ਹੋ ਸਕਦਾ ਹੈ, ਕਿਉਂਕਿ ਉਲੰਪਿਕ ਵਿਚ ਗ਼ਲਤ ਤਰੀਕੇ ਨਾਲ ਅਯੋਗ ਠਹਿਰਾਏ ਜਾਣ ਤੋਂ ਬਾਅਦ ਵਿਨੇਸ਼ ਪ੍ਰਤੀ ਲੋਕਾਂ ਦੀ ਹਮਦਰਦੀ ਹੈ ਪਰ ਬ੍ਰਿਜਭੂਸ਼ਨ ਦੀ ਆਪਣੀ ਸਮੱਸਿਆ ਹੈ। ਉਨ੍ਹਾਂ ਨੂੰ ਭਾਜਪਾ ਤੋਂ ਜ਼ਿਆਦਾ ਚਿੰਤਾ ਕੁਸ਼ਤੀ ਫੈਡਰੇਸ਼ਨ ਦੀ ਰਾਜਨੀਤੀ ਨੂੰ ਲੈ ਕੇ ਹੈ। ਜੇਕਰ ਹਰਿਆਣਾ 'ਚ ਕਾਂਗਰਸ ਜਿੱਤਦੀ ਹੈ ਅਤੇ ਵਿਨੇਸ਼ ਫੋਗਾਟ ਨੂੰ ਸਰਕਾਰ 'ਚ ਥਾਂ ਮਿਲਦੀ ਹੈ ਤਾਂ ਕੁਸ਼ਤੀ ਫੈਡਰੇਸ਼ਨ ਦੀ ਰਾਜਨੀਤੀ ਨੂੰ ਉਹ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਪਹਿਲਾਂ ਬ੍ਰਿਜਭੂਸ਼ਨ ਨੇ ਕਿਹਾ ਕਿ ਵਿਨੇਸ਼ ਫੋਗਾਟ ਗ਼ਲਤ ਤਰੀਕੇ ਨਾਲ ਉਲੰਪਿਕ 'ਚ ਚਲੀ ਗਈ ਸੀ। ਇਸ 'ਤੇ ਉਨ੍ਹਾਂ ਨੂੰ ਚੁੱਪ ਰਹਿਣ ਨੂੰ ਕਿਹਾ ਗਿਆ ਪਰ ਉਹ ਫਿਰ ਬੋਲੇ ਕਿ ਜੇਕਰ ਭਾਜਪਾ ਹਾਈਕਮਾਨ ਕਹੇ ਤਾਂ ਉਹ ਵਿਨੇਸ਼ ਦੇ ਖ਼ਿਲਾਫ਼ ਹਰਿਆਣਾ ਵਿਚ ਪ੍ਰਚਾਰ ਕਰਨਗੇ। ਫਿਰ ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾਂ ਮਹਾਭਾਰਤ ਵਿਚ ਪਾਂਡਵਾਂ ਨੇ ਦਰੋਪਦੀ ਨੂੰ ਦਾਅ 'ਤੇ ਲਗਾਇਆ ਸੀ, ਉਸੇ ਤਰ੍ਹਾਂ ਕਾਂਗਰਸ ਨੇ ਵਿਨੇਸ਼ ਅਤੇ ਬਜਰੰਗ ਨੂੰ ਲਗਾਇਆ ਹੈ। ਉਦੋਂ ਨੱਢਾ ਨੇ ਫੋਨ ਕਰਕੇ ਚੁੱਪ ਰਹਿਣ ਨੂੰ ਕਿਹਾ ਪਰ ਉਹ ਨਾ ਮੰਨੇ ਅਤੇ ਉਨ੍ਹਾਂ ਨੇ ਅਖ਼ਬਾਰਾਂ 'ਚ ਛਪੇ ਰਾਹੁਲ ਗਾਂਧੀ ਦੇ ਨਾਲ ਵਿਨੇਸ਼ ਦੀ ਤਸਵੀਰ ਨੂੰ ਲੈ ਕੇ ਵੀ ਇਹ ਬੇਹੱਦ ਭੱਦੀ ਟਿੱਪਣੀ ਕਰ ਦਿੱਤੀ। ਵਿਨੇਸ਼ ਫਿਗੋਟ ਉਪਰ ਘਟੀਆ ਟਿਪਣੀਆਂ ਕਾਰਣ ਜਾਟ ਭਾਈਚਾਰਾ ਭਾਜਪਾ ਤੋਂ ਖਾਸਾ ਨਰਾਜ਼ ਹੈ। ਜਾਟ ਭਾਈਚਾਰਾ ਕਾਂਗਰਸ ਦੀ ਮਦਦ ਉਪਰ ਇਕਮੁਠ ਹੋਕੇ ਨਿਤਰਿਆ ਹੋਇਆ ਹੈ।

# ਵਰਲਡ ਗਤਕਾ ਫੈਡਰੇਸ਼ਨ ਨਾਲ ਸਬੰਧਿਤ ਸੰਸਥਾ
# ਗਤਕਾ ਫ਼ੈਡਰੇਸ਼ਨ ਯੂ ਕੇ ਵੱਲੋਂ



## ਯੂ ਕੇ ਦੀ 10ਵੀਂ ਨੈਸ਼ਨਲ ਗਤਕਾ ਚੈਂਪੀਅਨਸ਼ਿੱਪ ਡਰਬੀ ਵਿਖੇ
## 29 ਸਤੰਬਰ 2024 ਐਤਵਾਰ ਨੂੰ ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ ਹੋਵੇਗੀ



ਗੁਰੂ ਪਿਆਰੀ ਸਾਧ ਸੰਗਤ ਜੀ, ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਸਹਿਯੋਗ ਨਾਲ ਯੂ ਕੇ ਦੀ ਦਸਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਗੁਰਦੁਆਰਾ ਸਾਹਿਬ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ 29 ਸਤੰਬਰ 2024, ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਤੋਂ ਸ਼ਾਮ ਦੇ 6:00 ਵਜੇ ਤੱਕ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ। ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ । ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋਵੇਗੀ**

**ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ:**

**07950 485169 ਜਾਂ 07956 532556**

# GATKA FEDERATION UK
## AFFILIATED WITH WORLD GATKA FEDERATION

IN ASSOCIATION WITH 'GURDWARA SRI GURU SINGH SABHA DERBY'

PRESENTS **10TH UK NATIONAL**

# GATKA CHAMPIONSHIP

## on Sunday 29th September 2024 from 9am to 6pm

@: BABA BANDA SINGH BAHADUR HALL, PRINCES STREET, DERBY, DE23 8NT



MP Tanmanjeet Singh Dhesi
President, Gatka Federation UK

**TIMINGS:**
Registration of Gatkabaaz / Akharas at 9am.
Championship start at 10am.

## This is a FREE family event
Langar / Refreshments will be served throughout

Gatka Federation UK

Gatka Federation UK

Gatkafeduk@gmail.com

Gatkafeduk

ਜਾਰੀ ਕਰਤਾ

Tanmanjeet Singh Dhesi MP
President, Gatka Federation UK

Herman Singh Johal
Secretary, Gatka Federation UK

SRI GURU SINGH SABHA GURDWARA DERBY
PRINCES STREET, NORMANTON, DERBY DE23 8NT

# ਕੈਪਟਨ ਸੰਦੀਪ ਸੰਧੂ ਦਾ ਲੰਡਨ ਵਿੱਚ ਹਲਕਾ ਦਾਖਾ ਦੇ ਨਿਵਾਸੀਆਂ ਵੱਲੋਂ ਸਨਮਾਨ





ਕੈਪਟਨ ਸੰਦੀਪ ਸੰਧੂ ਦਾ ਸਨਮਾਨ ਕਰਦੇ ਪਤਵੰਤੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੈਪਟਨ ਸੰਦੀਪ ਸੰਧੂ ਦਾ ਲੰਡਨ ਵਿੱਚ ਹਲਕਾ ਦਾਖਾ ਦੇ ਨਿਵਾਸੀਆਂ ਵੱਲੋਂ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੀ ਸੀਨੀਅਰ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ ਦੀ ਅਗਵਾਈ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕੈਪਟਨ ਸੰਦੀਪ ਸੰਧੂ ਦੇ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ।**

ਇਸ ਮੌਕੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਗੁਰਮੇਲ ਸਿੰਘ ਮੱਲੀ, ਮੀਤ ਪ੍ਰਧਾਨ ਬਲਜਿੰਦਰ ਸਿੰਘ ਜੈਨਪੁਰੀਆ, ਲੰਡਨ ਪ੍ਰਧਾਨ ਰਸ਼ਪਾਲ ਸਿੰਘ ਸੰਘਾ, ਸਾਬਕਾ ਮੇਅਰ ਹੰਸਲੋ ਰਘਵਿੰਦਰ ਸਿੰਘ ਸਿੱਧੂ, ਪ੍ਰੀਤਮ ਸਿੰਘ ਗਰੇਵਾਲ, ਸ਼ਿਵਦੀਪ ਕੌਰ ਢੇਸੀ, ਕੁਲਦੀਪ ਸਿੰਘ ਬਰੈਸਟਰ, ਨਛੱਤਰ ਕਲਸੀ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ, ਇੰਡੋ ਬ੍ਰਿਟਿਸ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੌਂਸਲਰ ਰਾਜੂ ਸੰਸਾਰਪੁਰੀ ਆਦਿ ਨੇ ਸੰਬੋਧਨ ਕਰਦਿਆਂ ਕੈਪਟਨ ਸੰਦੀਪ ਸੰਧੂ ਨੂੰ ਜੀ ਆਇਆਂ ਆਖਦਿਆਂ ਪੰਜਾਬ ਦੀ ਬੇਹਤਰੀ ਲਈ ਯਤਨ ਕਰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਲਈ ਯਤਨ ਕਰਨ ਲਈ ਕਿਹਾ।

ਕੈਪਟਨ ਸੰਦੀਪ ਸੰਧੂ ਨੇ ਕਿਹਾ ਕਿ ਪੰਜਾਬ ਦੀ ਬੇਹਤਰੀ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਕਾਂਗਰਸ ਦੀ ਮੌਜੂਦਾ ਲੀਡਰਸ਼ਿਪ ਇਸ ਲਈ ਸੰਜੀਦਾ ਹੈ। ਮੈਂ ਪੰਜਾਬ ਦੇ ਵਿਕਾਸ ਲਈ ਅਤੇ ਪ੍ਰਵਾਸੀਆਂ ਲਈ ਹਰ ਸੰਭਵ ਯਤਨ ਕਰਾਂਗਾ। ਉਹਨਾ ਮੰਨਿਆ ਕਿ ਪੰਜਾਬ ਅਜੇ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝਾ ਹੈ। ਲੋਕ ਅਸੁਰੱਖਿਅਤ ਮਹਿਸੂਸ ਕਰਦੇ ਹਨ। ਇਸ ਸਮੇਂ ਸ੍ਰੀਮਤੀ ਨਿਰਮਲਾ ਸ਼ਰਮਾ, ਰੁਪਿੰਦਰ ਕੌਰ ਗਿੱਲ ਬਲਜੀਤ ਸਿੰਘ ਮੱਲੀ, ਗੁਰਚਰਨ ਸਿੰਘ ਸੂਜਾਪੁਰ, ਪ੍ਰੀਤਮ ਸਿੰਘ ਬਰਾੜ, ਬਲਵਿੰਦਰ ਸਿੰਘ ਗਿੱਲ, ਰਮੇਸ਼ ਕਲੇਰ, ਇਸ਼ਟਮੀਤ ਸਿੰਘ ਫੁੱਲ, ਗੁਰਪ੍ਰੀਤ ਸਿੰਘ, ਜਸਪਾਲ ਜੱਸੀ, ਕੁਲਦੀਪ ਸਿੰਘ ਧਾਲੀਵਾਲ ਭੂੰਦੜੀ, ਕੁੱਕੀ ਸਿੱਧਵਾਂ ਆਦਿ ਸਮੇਤ ਹਲਕਾ ਦਾਖਾ ਦੇ ਵਾਸੀ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 10 ਨੂੰ ਬੰਦ ਹੋਣਗੇ

ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਜੇ ਕੋਈ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨਾ ਚਾਹੁੰਦਾ ਹੈ ਤਾਂ ਉਹ 10 ਅਕਤੂਬਰ ਤੋਂ ਪਹਿਲਾਂ ਕਰ ਸਕਦਾ ਹੈ। ਯਾਤਰਾ 10 ਅਕਤੂਬਰ ਨੂੰ ਸਮਾਪਤ ਹੋ ਰਹੀ ਅਤੇ ਇਸ ਮਗਰੋਂ ਗੁਰਦੁਆਰੇ ਦੇ ਕਿਵਾੜ ਸੰਗਤ ਲਈ ਬੰਦ ਕਰ ਦਿੱਤੇ ਜਾਣਗੇ। ਯਾਤਰਾ ਮਈ ਵਿੱਚ ਆਰੰਭ ਹੋਈ ਸੀ ਅਤੇ ਹੁਣ ਤੱਕ ਚਾਰ ਮਹੀਨੇ ਵਿੱਚ ਲਗਪਗ ਦੋ ਲੱਖ ਸ਼ਰਧਾਲੂ ਇੱਥੇ ਨਤਮਸਤਕ ਹੋ ਚੁੱਕੇ ਹਨ। ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਵੇਲੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਕਰਨ ਲਈ ਉਚਿਤ ਸਮਾਂ ਹੈ। ਉਨ੍ਹਾਂ ਦੱਸਿਆ ਕਿ ਯਾਤਰਾ ਦੀ ਸਮਾਪਤੀ ਲਈ 8 ਅਕਤੂਬਰ ਨੂੰ ਅਖੰਡ ਪਾਠ ਆਰੰਭ ਹੋਣਗੇ ਅਤੇ 10 ਅਕਤੂਬਰ ਨੂੰ ਭੋਗ ਉਪਰੰਤ ਯਾਤਰਾ ਦੀ ਸਮਾਪਤੀ ਹੋਵੇਗੀ। ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪੂਰਨ ਗੁਰ ਮਰਿਆਦਾ ਅਨੁਸਾਰ ਸੁੱਖ ਆਸਣ ਵਾਲੇ ਅਸਥਾਨ ਫ਼ਰਸਤੋਤੇ ਲਿਜਾਏ ਜਾਣਗੇ ਅਤੇ ਗੁਰਦੁਆਰੇ ਦੇ ਕਿਵਾੜ ਸੰਗਤ ਲਈ ਬੰਦ ਹੋ ਜਾਣਗੇ।

## ਐਮ ਪੀ ਤਨਮਨਜੀਤ ਸਿੰਖ ਢੇਸੀ ਯੂ ਕੇ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਬਣੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਐਮ ਪੀ ਤਨਮਨਜੀਤ ਸਿੰਘ ਢੇਸੀ 11 ਸਤੰਬਰ ਨੂੰ ਹੋਈ ਵੋਟਿੰਗ ਤੋਂ ਬਾਅਦ ਯੂ ਕੇ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਚੁਣੇ ਗਏ ਹਨ। ਰੱਖਿਆ 'ਤੇ ਯੂ ਕੇ ਸਰਕਾਰ ਦੀਆਂ ਨੀਤੀਆਂ ਦੀ ਜਾਂਚ ਕਰਨ ਵਿੱਚ ਕਮੇਟੀ ਇੱਕ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਭੂਮਿਕਾ ਨਿਭਾਉਂਦੀ ਹੈ, ਜਿਸ ਦੀ ਚੋਣ ਲਈ ਹਾਊਸ ਆਫ਼ ਕਾਮਨਜ਼ ਦੇ ਸਿਰਫ਼ 650 ਸੰਸਦ ਮੈਂਬਰ ਹੀ ਵੋਟ ਪਾ ਸਕਦੇ ਹਨ।**

ਇਹ ਯੂ ਕੇ ਵਿੱਚ ਇੱਕ ਇਤਿਹਾਸਕ ਪਲ ਹਨ ਕਿਉਂਕਿ ਐਮ ਪੀ ਢੇਸੀ ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਚੁਣੇ ਜਾਣ ਵਾਲੇ ਪਹਿਲੇ ਕਾਲੇ, ਏਸ਼ੀਆਈ ਜਾਂ ਘੱਟ ਗਿਣਤੀ ਨਸਲੀ ਸੰਸਦ ਮੈਂਬਰ ਬਣ ਗਏ ਹਨ ਅਤੇ ਜਦ ਕਿ 2020 ਵਿੱਚ ਕਮੇਟੀ ਵਿੱਚ ਸੇਵਾਵਾਂ ਦੇਣ ਵਾਲੇ ਘੱਟ ਗਿਣਤੀ ਨਾਲ ਸਬੰਧਿਤ ਸੰਸਦ ਦੇ ਦੂਜੇ ਮੈਂਬਰ ਸਨ।

ਕਮੇਟੀ ਦੇ ਚੋਣ ਨਤੀਜਿਆਂ ਤੋਂ ਬਾਅਦ ਇਸ ਦਾ ਐਲਾਨ ਯੂ ਕੇ ਦੀ ਸੰਸਦ ਵਿੱਚ ਸਪੀਕਰ ਸਰ ਲਿੰਡਸੇ ਹੌਲੇਅ ਦੁਆਰਾ ਕੀਤਾ ਗਿਆ। ਐਮ ਪੀ ਢੇਸੀ ਨੇ ਕਿਹਾ ਕਿ ਰੱਖਿਆ ਚੋਣ ਕਮੇਟੀ ਦਾ ਚੇਅਰ ਚੁਣੇ ਜਾਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਪੂਰੇ ਹਾਊਸ ਆਫ਼ ਕਾਮਨਜ਼ ਦੇ ਮੈਂਬਰਾਂ ਦਾ ਉਹਨਾਂ (ਢੇਸੀ) 'ਤੇ ਭਰੋਸਾ



ਐਮ ਪੀ ਤਨਮਨਜੀਤ ਸਿੰਘ ਢੇਸੀ

ਰੱਖਣ ਲਈ ਧੰਨਵਾਦ ਕੀਤੀ। ਉਹਨਾ ਕਿਹਾ ਕਿ ਰਾਸ਼ਟਰੀ ਸੁਰੱਖਿਆ ਅਤੇ ਗਲੋਬਲ ਸਥਿਰਤਾ ਲਈ ਖਤਰੇ ਵੱਧ ਰਹੇ ਹਨ ਅਤੇ ਇਹ ਬਹੁਤ ਜ਼ਰੂਰੀ ਹੈ ਕਿ ਸਾਡਾ ਰਾਸ਼ਟਰ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋਵੇ। ਸਾਡੇ ਬਹਾਦਰ ਸਾਬਕਾ ਸੈਨਿਕਾਂ ਅਤੇ ਸੇਵਾ ਕਰਮਚਾਰੀਆਂ ਲਈ ਇੱਕ ਆਵਾਜ਼ ਦੇ ਰੂਪ ਵਿੱਚ, ਮੈਂ ਦੇਸ਼ ਨੂੰ ਸੁਰੱਖਿਅਤ ਰੱਖਣਾ ਯਕੀਨੀ ਬਣਾਵਾਂਗਾ ਕਿਉਂਕਿ ਹਰ ਸਰਕਾਰ ਦਾ ਇਹ ਮੁੱਢਲਾ ਫਰਜ਼ ਹੈ।


**VACANCIES**
**JSR CONTRACTS LTD.**

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕੈਪਟਨ ਸੰਦੀਪ ਸੰਧੂ ਦਾ ਲੰਡਨ ਪਹੁੰਚਣ ਤੇ ਨਿੱਘਾ ਸਵਾਗਤ


ਕੈਪਟਨ ਸੰਦੀਪ ਸੰਧੂ ਦਾ ਸਵਾਗਤ ਕਰਦੇ ਹੋਏ ਕਮਲ ਧਾਲੀਵਾਲ, ਗੁਰਮਿੰਦਰ ਰੰਧਾਵਾ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਅਤੇ ਇੰਚਾਰਜ ਹਲਕਾ ਦਾਖਾ ਕੈਪਟਨ ਸੰਦੀਪ ਸਿੰਘ ਸੰਧੂ ਦਾ ਲੰਡਨ ਪਹੁੰਚਣ ਤੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਅਤੇ ਦਾਖਾ ਵਾਸੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਗੁਰਮਿੰਦਰ ਕੌਰ ਰੰਧਾਵਾ, ਇੰਦਰਪਾਲ ਗਿੱਲ, ਬਲਵਿੰਦਰ ਸਿੰਘ ਗਿੱਲ, ਹਰਦੀਪ ਸਿੰਘ ਗਰੇਵਾਲ, ਨਛੱਤਰ ਕਲਸੀ, ਰੁਪਿੰਦਰ ਕੌਰ ਗਿੱਲ, ਸ਼ਿਵਦੀਪ ਕੌਰ ਢੇਸੀ, ਇਸ਼ਟਮੀਤ ਸਿੰਘ ਫੂੱਲ, ਅਮੋਲਕ ਧਾਲੀਵਾਲ, ਹਰਨੇਕ ਸਿੰਘ ਭਲਵਾਨ, ਗੁਰਮੀਤ ਚੀਮਾ, ਸੋਨੂੰ ਗਰੇਵਾਲ, ਵਿਕਰਮ ਦੂਹਾਨ, ਰਸ਼ਪਾਲ ਸਿੰਘ ਸੰਘਾ, ਰਾਜਪਾਲ ਰੰਧਾਵਾ, ਕੁਲਦੀਪ ਦਿਓਲ, ਰਵੀ ਬੋਲੀਨਾ ਆਦਿ ਹਾਜ਼ਰ ਸਨ।

ਕੈਪਟਨ ਸੰਦੀਪ ਸੰਧੂ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਹੈ। ਉਹ ਹਲਕਾ ਵਾਸੀਆਂ ਦੇ ਨਾਲ ਨਾਲ ਪ੍ਰਵਾਸੀ ਪੰਜਾਬੀਆਂ ਨਾਲ ਮੁਲਾਕਾਤਾਂ ਕਰਨਗੇ। ਗੁਰਮਿੰਦਰ ਕੌਰ ਰੰਧਾਵਾ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਵੇਲੇ ਹਲਕਾ ਦਾਖਾ ਦੇ ਕੀਤੇ ਗਏ ਸ਼ਾਨਦਾਰ ਵਿਕਾਸ ਲਈ ਹਲਕਾ ਵਾਸੀ ਹਮੇਸ਼ਾ ਕੈਪਟਨ ਸੰਧੂ ਦੀ ਸ਼ਲਾਘਾ ਕਰਦੇ ਹਨ ਅਤੇ ਉਹਨਾਂ ਦੇ ਸਨਮਾਨ ਵਿੱਚ ਵਿਸ਼ੇਸ਼ ਸਮਾਗਮ ਵੀ ਉਲੀਕਿਆ ਗਿਆ ਹੈ।

## ਯੂਕੇ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨਜਿੱਠਣ ਲਈ ਨਵਾਂ ਬਾਰਡਰ ਫੋਰਸ ਕਮਾਂਡਰ ਨਿਯੁਕਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਨੇ ਸੋਮਵਾਰ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਇੰਗਲਿਸ਼ ਚੈਨਲ ਰਾਹੀਂ ਅਸੁਰੱਖਿਅਤ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲੈਂਡ ਜਾਣ ਦੀ ਵਧ ਰਹੀ ਸਮੱਸਿਆ ਨਾਲ ਨਜਿੱਠਣ ਅਤੇ ਖਤਰਨਾਕ ਤਸਕਰੀ ਕਰਨ ਵਾਲੇ ਗਰੋਹਾਂ ਨੂੰ ਨੱਥ ਪਾਉਣ ਲਈ "ਵਿਸ਼ੇਸ਼ ਮੁਹਾਰਤ" ਵਾਲਾ ਨਵਾਂ ਬਾਰਡਰ ਫੋਰਸ ਕਮਾਂਡਰ ਨਿਯੁਕਤ ਕੀਤਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਆਪਣੇ ਇਤਾਲਵੀ ਹਮਰੁਤਬਾ ਜੌਰਜੀਆ ਮੇਲੋਨੀ ਨਾਲ ਗੱਲਬਾਤ ਕਰਨ ਲਈ ਰੋਮ ਦੀ ਅਧਿਕਾਰਤ ਫੇਰੀ ਤੋਂ ਠੀਕ ਪਹਿਲਾਂ ਮਾਰਟਿਨ ਹੈਵਿਟ ਨੂੰ ਨਵੇਂ ਸਰਹੱਦੀ ਮੁਖੀ ਵਜੋਂ ਐਲਾਨ ਕੀਤਾ । ਇਹ ਇਕ ਹਾਦਸੇ ਵਿਚ ਅੱਠ ਲੋਕਾਂ ਦੀ ਮੌਤ ਤੋਂ ਇਕ ਦਿਨ ਬਾਅਦ ਆਇਆ ਹੈ ਜਦੋਂ ਫਰਾਂਸ ਤੋਂ ਇੰਗਲੈਂਡ ਨੂੰ ਪਾਰ ਕਰਦੇ ਸਮੇਂ ਪ੍ਰਵਾਸੀਆਂ ਨਾਲ ਭਰੀ ਇਕ ਕਿਸ਼ਤੀ ਚੈਨਲ ਵਿਚ ਪਲਟ ਗਈ ਸੀ। ਸਟਾਰਮਰ ਨੇ ਕਿਹਾ ਕਿ ਸਰਕਾਰ ਤਸਕਰੀ ਕਰਨ ਵਾਲੇ ਗਰੋਹਾਂ ਨਾਲ ਸਖ਼ਤੀ ਨਾਲ ਨਜਿੱਠੇਗੀ ਜੋ ਸਰਹੱਦਾਂ ਦੇ ਪਾਰ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਜ਼ਿੰਦਗੀ ਦਾ ਵਪਾਰ ਕਰਦੇ ਹਨ। ਮਾਰਟਿਨ ਹੈਵਿਟ ਦੀ ਵਿਲੱਖਣ ਮੁਹਾਰਤ ਇਹਨਾਂ ਨੈਟਵਰਕਾਂ ਨੂੰ ਖਤਮ ਕਰਨ, ਸਾਡੀਆਂ ਸਰਹੱਦਾਂ ਦੀ ਰੱਖਿਆ ਕਰਨ ਅਤੇ ਸ਼ਰਣ ਪ੍ਰਣਾਲੀ ਵਿੱਚ ਅੰਤਰਰਾਸ਼ਟਰੀ ਵਿਵਸਥਾ ਲਿਆਉਣ ਦੀ ਅਗਵਾਈ ਕਰੇਗੀ। ਡਾਊਨਿੰਗ ਸਟ੍ਰੀਟ ਦੇ ਅਨੁਸਾਰ, ਹੇਵਿਟ ਕੋਲ ਨੈਸ਼ਨਲ ਪੁਲਿਸ ਚੀਫ਼ ਕੌਂਸਲ ਦੇ ਸਾਬਕਾ ਚੇਅਰ ਵਜੋਂ ਗੰਭੀਰ ਅਪਰਾਧ ਨਾਲ ਨਜਿੱਠਣ ਦਾ 30 ਸਾਲਾਂ ਤੋਂ ਵੱਧ ਦਾ ਤਜਰਬਾ ਹੈ, ਜਿਸ ਨੇ ਯੂ ਕੇ ਦੇ ਸਾਰੇ ਪੁਲਿਸ ਬਲਾਂ ਵਿੱਚ ਰਣਨੀਤਕ ਤਾਲਮੇਲ ਦੀ ਅਗਵਾਈ ਕੀਤੀ ਹੈ।

## ਸਾਬਕਾ ਕੈਬਨੈਂਟ ਮੰਤਰੀ ਵਿਜੇ ਇੰਦਰ ਸਿੰਗਲਾ ਦਾ ਪੰਜਾਬੀ ਭਾਈਚਾਰੇ ਵੱਲੋਂ ਸਵਾਗਤ


ਵਿਜੇ ਇੰਦਰ ਸਿੰਗਲਾ ਦਾ ਸਵਾਗਤ ਕਰਦੇ ਹੋਏ ਕਾਂਗਰਸੀ ਆਗੂ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਕੈਬਨੈਂਟ ਮੰਤਰੀ ਵਿਜੇ ਇੰਦਰ ਸਿੰਗਲਾ ਦਾ ਲੰਡਨ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਸਾਊਥਾਲ ਵਿਖੇ ਕਰਵਾਏ ਗਏ ਇੱਕ ਸਮਾਗਮ ਦੌਰਾਨ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਬਲਜੀਤ ਸਿੰਘ ਮੱਲੀ, ਬਲਜਿੰਦਰ ਸਿੰਘ ਜੈਨਪੁਰੀਆ, ਕਾਬਲਜੀਤ ਸਿੰਘ ਸੰਧੂ, ਉਂਕਾਰਜੀਤ ਸਿੰਘ ਸੰਧੂ, ਰਸ਼ਪਾਲ ਸਿੰਘ ਸੰਘਾ, ਨਛੱਤਰ ਕਲਸੀ ਆਦਿ ਨੇ ਜੀ ਆਇਆਂ ਕਿਹਾ। ਸ੍ਰੀ ਸਿੰਗਲਾ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਹੈ। ਪਰ ਉਹਨਾਂ ਦੀਆਂ ਅਗਲੀਆਂ ਪੀੜੀਆਂ ਨੂੰ ਪੰਜਾਬ ਨਾਲ ਜੋੜੀ ਰੱਖਣ ਲਈ ਸਰਬ ਸਾਂਝੇ ਯਤਨਾਂ ਦੀ ਲੋੜ ਹੈ। ਸ: ਧਾਲੀਵਾਲ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਪੰਜਾਬ ਨਾਲੋਂ ਕਦੇ ਵੀ ਮੋਹ ਭੰਗ ਨਹੀਂ ਹੋ ਸਕਦਾ, ਪਰ ਉਹਨਾਂ ਦੇ ਪ੍ਰੀਵਾਰਾਂ ਅਤੇ ਉਹਨਾਂ ਦੀਆਂ ਜਾਇਦਾਦਾਂ ਨੂੰ ਸੁਰੱਖਿਆ ਦੀ ਗ੍ਰਾਂਟੀ ਦੇ ਕੇ ਹੀ ਪੰਜਾਬ ਨਾਲ ਜੋੜਿਆ ਜਾ ਸਕਦਾ ਹੈ। ਇਸ ਮੌਕੇ ਪ੍ਰੀਤਮ ਸਿੰਘ ਗਰੇਵਾਲ, ਗੁਰਚਰਨ ਸਿੰਘ ਸੁਜਾਪੁਰ, ਪਰਮ ਮਰਾੜ, ਸੁਨੀਲ, ਸੰਦੀਪ ਵੜੈਚ, ਕਰਨ ਗਰੇਵਾਲ, ਕੁੱਕੀ ਸਿੱਧਵਾਂ, ਨਿਰਮਲ ਸਿੰਘ, ਇਸ਼ਟਮੀਤ ਸਿੰਘ ਫੁੱਲ ਆਦਿ ਹਾਜ਼ਰ ਸਨ।

## ਬੀਬੀ ਜਗਦੇਵ ਕੌਰ ਗਿੱਲ ਦਾ 32 ਸਾਲਾਂ ਦੀ ਸੇਵਾ ਮਗਰੋਂ ਸੰਨਿਆਸ ਲੈਣ 'ਤੇ ਸਨਮਾਨ


ਬੀਬੀ ਜਗਦੇਵ ਕੌਰ ਗਿੱਲ ਨੂੰ ਸਿਰੋਪਾਓ ਤੇ ਟਰਾਫ਼ੀ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਧਾਨ ਸ਼ਮਸ਼ੇਰ ਸਿੰਘ ਬੈਂਸ ਮਿਸਿਜ ਹਰਭਜਨ ਕੌਰ ਰਾਏ, ਮਿਸਿਜ ਰਘਬੀਰ ਰਾਨਾ, ਮਿਸਿਜ ਬਲਬੀਰ ਕੌਰ ਜੌਹਲ, ਮਿਸਿਜ ਜੁਗਿੰਦਰ ਕੌਰ, ਮਿਸਿਜ ਕਮਲ ਕੌਰ ਮਿਨਹਾਸ

ਲੈਸਟਰ-ਬੀਬੀ ਜਗਦੇਵ ਕੌਰ ਗਿੱਲ ਜਿਹਨਾਂ ਨੇ 32 ਸਾਲਾਂ ਦੀ ਲੰਬੀ ਸੇਵਾ ਮਗਰੋਂ ਸਿੱਖ ਸੈਂਟਰ ਅਤੇ ਗੁਰਦੁਆਰਾ ਗੁਰੂ ਅਮਰਦਾਸ ਸਾਹਿਬ ਦੇ ਚੇਅਰਪਰਸਨ ਵਜੋਂ ਸੰਨਿਆਸ ਲਿਆਂ । ਉਹਨਾਂ ਦੀਆਂ ਸੇਵਾਵਾਂ ਬਦਲੇ ਗੁਰਦੁਆਰਾ ਸਾਹਿਬ ਅਤੇ ਸਿੱਖ ਸੈਂਟਰ ਵੱਲੋਂ ਉਹਨਾਂ ਨੂੰ ਵਧਾਈ ਦਿੱਤੀ ਜਾਂਦੀ ਹੈ ਜਿਹਨਾਂ ਨੇ ਸਮਰਪਣ, ਨੇਤ੍ਰਿਤਵ ਅਤੇ ਕਮਿਟਮੈਂਟ ਵਜੋਂ ਸੰਸਥਾਵਾਂ ਦਾ ਨਿਰਮਾਣ ਕੀਤਾ ਅਤੇ ਉਹਨਾਂ ਦੀਆਂ ਇਹਨਾਂ ਸੇਵਾਵਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਮਹਿਸੂਸ ਕੀਤਾ ਜਾਵੇਗਾ ।

## ਪੈਨਸਿਲਵਾਨੀਆ ਵਿਚ ਚਾਕੂ ਤੇ ਕੁਹਾੜੀ ਨਾਲ ਪੁਲਿਸ 'ਤੇ ਹਮਲਾ ਕਰਨ ਦੀ ਕੋਸ਼ਿਸ਼, ਪੁਲਿਸ ਅਫਸਰ ਨੇ ਮਾਰੀ ਗੋਲੀ, ਹੋਈ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪੈਨਸਿਲਵਾਨੀਆ ਵਿਚ ਇਕ ਘਰ ਦੇ ਤੈਅਖਾਨੇ ਵਿਚ ਲੁਕੇ ਵਿਅਕਤੀ ਵੱਲੋਂ ਚਾਕੂ ਤੇ ਕੁਹਾੜੀ ਨਾਲ ਪੁਲਿਸ ਨੂੰ ਡਰਾਉਣ ਦੀ ਕੋਸ਼ਿਸ਼ ਦੌਰਾਨ ਇਕ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਉਸ ਵਿਅਕਤੀ ਦੀ ਮੌਤ ਹੋ ਜਾਣ ਦੀ ਖਬਰ ਹੈ। ਮੋਂਟਗੋਮਰੀ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਸਥਾਨਕ ਸਮੇ ਅਨੁਸਾਰ ਰਾਤ 8 ਵਜੇ ਬਾਅਦ ਈਸਟ ਗਰੀਨਵਿਲੇ ਪੁਲਿਸ ਨੂੰ ਇਕ ਲੜਕੇ ਵੱਲੋਂ ਆਪਣੇ ਉਪਰ ਹਮਲਾ ਹੋਣ ਦੀ ਸੂਚਨਾ ਦੇਣ 'ਤੇ ਪੁਲਿਸ ਜਦੋਂ ਮੌਕੇ 'ਤੇ ਪੁੱਜੀ ਤਾਂ ਇਕ 55 ਸਾਲਾ ਵਿਅਕਤੀ ਘਰ ਦੇ ਤੈਅਖਾਨੇ ਵਿਚ ਲੁਕਿਆ ਬੈਠਾ ਸੀ। ਵਾਰ ਵਾਰ ਕਹਿਣ 'ਤੇ ਜਦੋਂ ਉਹ ਬਾਹਰ ਨਾ ਆਇਆ ਤਾਂ ਪੁਲਿਸ ਨੇ ਰਾਤ 11.30 ਵਜੇ ਤੈਅਖਾਨੇ ਦਾ ਦਰਵਾਜ਼ਾ ਤੋੜ ਦਿੱਤਾ ਤੇ ਵੇਖਿਆ ਕਿ ਉਸ ਵਿਅਕਤੀ ਦੇ ਹੱਥ ਵਿਚ ਇਕ ਚਾਕੂ ਤੇ ਕੁਹਾੜੀ ਹੈ। ਉਸ ਨੇ ਪੁਲਿਸ ਅਫਸਰਾਂ ਨੂੰ ਡਰਾਇਆ ਤੇ ਹੱਥ ਵਿਚ ਫੜੇ ਹਥਿਆਰ ਹੇਠਾਂ ਸੁੱਟਣ ਤੋਂ ਨਾਂਹ ਕਰ ਦਿੱਤੀ। ਇਕ ਪੁਲਿਸ ਅਫਸਰ ਨੇ ਟੇਜ਼ਰ ਨਾਲ ਸ਼ੱਕੀ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ। ਉਪਰੰਤ ਇਕ ਪੁਲਿਸ ਅਫਸਰ ਨੇ ਉਸ ਉਪਰ ਗੋਲੀ ਚਲਾ ਦਿੱਤੀ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਤੇ ਉਸ ਉਪਰ ਗੋਲੀ ਚਲਾਉਣ ਵਾਲੇ ਪੁਲਿਸ ਅਫਸਰ ਦਾ ਨਾਂ ਜਨਤਕ ਨਹੀਂ ਕੀਤਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ, ਈਸਟ ਪਾਰਕ ਰੋਡ, (ਲੈਸਟਰ) ਦੀ ਨਵੀਂ ਪ੍ਰਬੰਧਕ ਕਮੇਟੀ ਦੀ 29 ਸਤੰਬਰ ਐਤਵਾਰ ਨੂੰ ਹੋ ਰਹੀ ਚੋਣ ਦੌਰਾਨ

# ਤੀਰ ਗਰੁੱਪ ਦੇ ਅਜ਼ਮਾਏ ਹੋਏ ਸੇਵਾਦਾਰਾਂ ਨੂੰ ਸੇਵਾ ਦਾ ਇੱਕ ਮੌਕਾ ਹੋਰ ਦਿਓ

## 29 ਸਤੰਬਰ 2024 ਨੂੰ (ਤੀਰ ਗਰੁੱਪ) ਦੇ ਉਮੀਦਵਾਰਾਂ ਦੇ ਚੋਣ ਨਿਸ਼ਾਨ (ਤੀਰ) ਦੇ ਸਾਹਮਣੇ (X) ਕਾਟਾ ਮਾਰੋ ਜੀ

## ਤੀਰ ਗਰੁੱਪ ਦਾ ਚੋਣ ਮਨੋਰਥ ਪੱਤਰ – 29 ਸਤੰਬਰ ਨੂੰ ਤੀਰ ਗਰੁੱਪ ਨੂੰ ਵੋਟਾਂ ਪਾ ਕੇ ਪਰਖੇ ਹੋਏ ਸੇਵਾਦਾਰਾਂ ਨੂੰ ਸੇਵਾ ਦਾ ਮੌਕਾ ਦਿਓ ਜੀ

ਲੈਸਟਰ ਦੀ ਗੁਰ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਿਹ॥

**ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਦੀ ਨਵੀਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ 29 ਸਤੰਬਰ 2024 ਦਿਨ ਐਤਵਾਰ ਨੂੰ ਸਵੇਰੇ 8:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਣਗੀਆਂ।**

2018, ਜਦੋਂ ਤੋਂ; ਅਸੀਂ ਸੱਤਾ ਵਿੱਚ ਆਏ; ਉਦੋਂ ਤੋਂ, ਤੀਰ ਗਰੁੱਪ ਦੇ ਸੇਵਾਦਾਰਾਂ ਨੇ ਸੰਗਤਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਆਪ ਨੂੰ ਤਨ-ਮਨ ਨਾਲ ਸਮਰਪਿਤ ਕੀਤਾ ਹੈ। ਅਸੀਂ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਬੁਨਿਆਦੀ ਢਾਂਚੇ, ਸਰੋਤਾਂ ਅਤੇ ਗਤੀਵਿਧੀਆਂ ਦੇ ਸੁਧਾਰ ਰਾਹੀਂ ਆਪਣੇ ਭਾਈਚਾਰੇ ਦੇ ਭਵਿੱਖ ਵਿੱਚ ਨਿਵੇਸ਼ ਕਰਨ ਲਈ ਵਚਨਬੱਧ ਰਹਿੰਦੇ ਹਾਂ।

### 1. ਬਿਲਡਿੰਗ, ਬੁਨਿਆਦੀ ਢਾਂਚਾ ਅਤੇ ਰੱਖ-ਰਖਾਅ:

ਗੁਰਦੁਆਰਾ ਸਾਹਿਬ ਦੀ ਇਮਾਰਤ, ਅਸਲ ਵਿੱਚ 1990 ਦੇ ਦਹਾਕੇ ਵਿੱਚ ਇੱਕ ਫੈਕਟਰੀ ਦੇ ਰੂਪ ਵਿੱਚ ਐਕਵਾਇਰ ਕੀਤੀ ਗਈ ਸੀ, ਛੇਤੀ ਹੀ ਲੈਸਟਰ ਦੀ ਸਿੱਖ ਸੰਗਤ ਲਈ ਇੱਕ ਗੁਰਦੁਆਰਾ ਸਾਹਿਬ ਵਿੱਚ ਬਦਲ ਗਈ ਸੀ। ਦਹਾਕਿਆਂ ਦੌਰਾਨ, ਇਮਾਰਤ ਅਤੇ ਇਸ ਦੀਆਂ ਸਹੂਲਤਾਂ ਕੁਦਰਤੀ ਤੌਰ 'ਤੇ ਖਰਾਬ ਹੋ ਗਈਆਂ ਹਨ, ਜਿਸ ਨਾਲ ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਵੀਨੀਕਰਨ ਅਤੇ ਸਹੂਲਤਾਂ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਨੂੰ ਉਜਾਗਰ ਕੀਤਾ ਗਿਆ ਹੈ। ਪਿਛਲੀ ਮਿਆਦ ਵਿੱਚ, ਅਸੀਂ ਪੰਜਾਬੀ ਸਕੂਲ, ਸੰਥਿਆ ਕਮਰੇ, ਔਰਤਾਂ ਦੇ ਵਾਸ਼ਰੂਮ, ਰਸੋਈ, ਲੰਗਰ ਹਾਲ ਅਤੇ ਮੈਰਿਜ ਹਾਲ ਦਾ ਨਵੀਨੀਕਰਨ ਕਰ ਦਿੱਤਾ ਗਿਆ ਹੈ।



ਰਾਜ ਮਨਵਿੰਦਰ ਸਿੰਘ ਕੰਗ
ਮੁੱਖ ਬੁਲਾਰਾ – ਤੀਰ ਗਰੁੱਪ

### ਅਸੀਂ ਹੁਣ ਧਿਆਨ ਦੇਵਾਂਗੇ:

- **ਦੀਵਾਨ ਹਾਲ:**

ਮੌਜੂਦਾ ਦੀਵਾਨ ਹਾਲਾਂ ਨੂੰ ਨਵੇਂ ਡਿਜ਼ਾਇਨ ਨਾਲ ਅੱਪਗ੍ਰੇਡ ਕੀਤਾ ਜਾਵੇਗਾ, ਜਿਸ ਵਿੱਚ ਸੰਗਤ ਦੇ ਆਰਾਮ ਲਈ ਨਵੇਂ ਪ੍ਰੋਜੈਕਟਰ ਅਤੇ ਏਅਰ ਕੰਡੀਸ਼ਨਿੰਗ ਸ਼ਾਮਲ ਹਨ।

- **ਪੁਰਸ਼ਾਂ ਦਾ ਵਾਸ਼ਰੂਮ:**

ਤੀਰ ਗਰੁੱਪ ਗੁਰਦੁਆਰਾ ਸਾਹਿਬ ਵਿੱਚ ਸਫਾਈ ਬਣਾਈ ਰੱਖਣ ਦੇ ਮਹੱਤਵ ਨੂੰ ਸਮਝਦਾ ਹੈ, ਖਾਸ ਕਰਕੇ ਕੋਵਿਡ-19 ਮਹਾਂਮਾਰੀ ਤੋਂ ਬਾਅਦ। ਔਰਤਾਂ ਦੇ ਰੈਸਟਰੂਮਾਂ ਦੇ ਸਫਲ ਨਵੀਨੀਕਰਨ ਤੋਂ ਬਾਅਦ, ਪੁਰਸ਼ਾਂ ਦੇ ਵਾਸ਼ਰੂਮਾਂ ਨੂੰ ਵੀ ਆਧੁਨਿਕ ਟਾਈਲਾਂ, ਪਖਾਨੇ, ਵਾਸ਼ਬੇਸਿਨ ਅਤੇ ਡਰਾਇਰ ਨਾਲ ਆਧੁਨਿਕ ਬਣਾਇਆ ਜਾਵੇਗਾ।

- **ਜਿਮ:**

ਸਿੱਖ ਭਾਈਚਾਰੇ ਦੀ ਸਰੀਰਕ ਤੰਦਰੁਸਤੀ ਦਾ ਸਮਰਥਨ ਕਰਨ ਲਈ, ਜਿਮ ਨੂੰ ਬਿਲਕੁਲ ਨਵੇਂ ਫਿਟਨੈਸ ਉਪਕਰਣਾਂ ਨਾਲ ਸਥਾਪਿਤ ਕੀਤਾ ਜਾਵੇਗਾ। ਜਿੰਮ ਦਾ ਕਮਰਾ; ਨਵੀਆਂ ਸਹੂਲਤਾਂ ਦੇ ਨਾਲ ਪਹਿਲਾਂ ਹੀ ਬਣਾਇਆ ਜਾ ਚੁੱਕਾ ਹੈ, ਇਹ ਸਿਹਤਮੰਦ ਰਹਿਣ ਨੂੰ ਉਤਸ਼ਾਹਿਤ ਕਰੇਗਾ ਅਤੇ ਸੰਗਤ ਮੈਂਬਰਾਂ ਨੂੰ ਨਿਯਮਤ ਸਰੀਰਕ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਜਗ੍ਹਾ ਪ੍ਰਦਾਨ ਕਰੇਗਾ।

- **ਲਾਇਬ੍ਰੇਰੀ:**

ਜਿਵੇਂ ਕਿ ਪਿਛਲੀਆਂ ਸ਼ਰਤਾਂ ਵਿੱਚ ਦੇਖਿਆ ਗਿਆ ਹੈ, ਲਾਇਬ੍ਰੇਰੀ ਦੇ ਸੰਗ੍ਰਹਿ ਦਾ ਵਿਸਤਾਰ ਅਤੇ ਆਧੁਨਿਕੀਕਰਨ ਕੀਤਾ ਗਿਆ ਹੈ। ਇਸ ਨੂੰ ਅਨੁਕੂਲ ਕਰਨ ਲਈ, ਕਿਤਾਬਾਂ ਦੀਆਂ ਵੱਖ-ਵੱਖ ਸ਼ੈਲੀਆਂ ਲਈ ਨਵੀਆਂ ਸ਼ੈਲਫਾਂ ਸਥਾਪਿਤ ਕੀਤੀਆਂ ਜਾਣਗੀਆਂ, ਉਹਨਾਂ ਦੇ ਅਧਿਐਨ ਅਤੇ ਪ੍ਰਤੀਬਿੰਬ ਲਈ ਆਰਾਮਦਾਇਕ ਬੈਠਣ ਦੀ ਜਗ੍ਹਾ ਪ੍ਰਦਾਨ ਕੀਤੀ ਜਾਵੇਗੀ।

- **ਗਿਆਨੀ ਸਿੰਘਾਂ ਦੇ ਕਮਰੇ:**

ਮੌਜੂਦਾ ਸਹੂਲਤਾਂ ਵਿੱਚ ਆਧੁਨਿਕ ਸਹੂਲਤਾਂ ਦੀ ਘਾਟ ਹੈ, ਨਵੇਂ ਕਮਰਿਆਂ ਦੀ ਲੋੜ ਹੈ ਜੋ ਜੀਵਨ ਦੇ ਸਮਕਾਲੀ ਮਿਆਰਾਂ ਨੂੰ ਪੂਰਾ ਕਰਦੇ ਹਨ। ਨਵੇਂ ਕਮਰੇ ਸਿਹਤ ਅਤੇ ਸੁਰੱਖਿਆ ਦੀਆਂ ਸਥਿਤੀਆਂ ਵਿੱਚ ਸੁਧਾਰ ਦੇ ਨਾਲ-ਨਾਲ ਗਿਆਨੀ ਸਿੰਘਾਂ ਲਈ ਨਿੱਜਤਾ ਅਤੇ ਆਰਾਮ ਵਿੱਚ ਵਾਧਾ ਕਰਨਗੇ।

### 2. ਚੋਣ ਸੁਧਾਰ:

ਅਸੀਂ ਸੰਗਤ ਦੀਆਂ ਇੱਛਾਵਾਂ ਅਤੇ ਲੋੜਾਂ ਨੂੰ ਬਿਹਤਰ ਢੰਗ ਨਾਲ ਦਰਸਾਉਣ ਲਈ ਆਪਣੀ ਸੰਸਥਾ ਦੇ ਸੰਵਿਧਾਨ ਵਿੱਚ ਸੁਧਾਰ ਕਰਨ ਲਈ ਵਚਨਬੱਧ ਹਾਂ। ਇਹ ਪ੍ਰਕਿਰਿਆ ਗੁਰਦੁਆਰਾ ਸਾਹਿਬ ਦੇ ਰਜਿਸਟਰਡ ਮੈਂਬਰਾਂ ਦੀ ਬਹੁਮਤ ਵੋਟ ਦੁਆਰਾ ਪ੍ਰਵਾਨਗੀ ਦੇ ਅਧੀਨ ਹੈ। ਪ੍ਰਸਤਾਵਿਤ ਸੁਧਾਰਾਂ ਦਾ ਉਦੇਸ਼ ਸਾਡੇ ਸ਼ਾਸਨ ਢਾਂਚੇ ਨੂੰ ਆਧੁਨਿਕ ਬਣਾਉਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਇਹ ਸਮਕਾਲੀ ਕਦਰਾਂ-ਕੀਮਤਾਂ ਅਤੇ ਉਮੀਦਾਂ ਨਾਲ ਮੇਲ ਖਾਂਦਾ ਹੈ।

- **ਕਮੇਟੀ ਦੀ ਮਿਆਦ:**

ਨਿਰੰਤਰਤਾ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ, ਅਸੀਂ ਚੋਣ ਚੱਕਰ ਨੂੰ 2 ਸਾਲ ਤੋਂ ਵਧਾ ਕੇ 3 ਸਾਲ ਕਰਨ ਦਾ ਸੁਝਾਅ ਦਿੰਦੇ ਹਾਂ। ਇਹ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੇ ਪ੍ਰੋਗਰਾਮਾਂ ਅਤੇ ਪਹਿਲਕਦਮੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਧੇਰੇ ਸਮਾਂ ਦੇਵੇਗਾ।

- **ਮੈਂਬਰਸ਼ਿਪ ਪ੍ਰਮਾਣਿਕਤਾ (ਵੈਧਤਾ):**

ਸਦੱਸਤਾ (ਮੈਂਬਰਸ਼ਿਪ) 9 ਸਾਲਾਂ ।3 ਟਰਮਾਂ॥ ਲਈ ਵੈਧ ਹੋਣਗੀਆਂ, ਇਸ ਤਬਦੀਲੀ ਦਾ ਉਦੇਸ਼ ਵਾਰ-ਵਾਰ ਸਦੱਸਤਾ ਨਵਿਆਉਣ ਦੇ ਪ੍ਰਬੰਧਕੀ ਅਤੇ ਵਿੱਤੀ ਬੋਝ ਨੂੰ ਘਟਾਉਣ ਅਤੇ ਮੈਂਬਰਾਂ ਦੀ ਨਿਰੰਤਰ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਹੈ।

- **ਲਾਈਫਟਾਈਮ ਮੈਂਬਰਸ਼ਿਪ:**

60 ਸਾਲ ਅਤੇ ਇਸ ਤੋਂ ਵੱਧ ਉਮਰ ਦੀ ਸੰਗਤ ਦੇ ਮੈਂਬਰਾਂ ਲਈ ਲਾਈਫਟਾਈਮ ਮੈਂਬਰਸ਼ਿਪ । ਇਸ ਪਹਿਲਕਦਮੀ ਦਾ ਮਤਲਬ ਹੈ ਕਿ ਬਜ਼ੁਰਗਾਂ ਉਹਨਾਂ ਨੂੰ ਬਾਰ ਬਾਰ ਮੈਂਬਰ ਬਣਨ ਦੀ ਲੋੜ ਨਹੀਂ ਹੈ ਅਤੇ ਉਹਨਾਂ ਨੂੰ ਨਵਿਆਉਣ ਦੀ ਲੋੜ ਤੋਂ ਬਿਨਾਂ ਕਮਿਊਨਿਟੀ ਵਿੱਚ ਸਥਾਈ ਭੂਮਿਕਾ ਪ੍ਰਦਾਨ ਕਰਦੀ ਹੈ।

- **ਚੋਣ ਬੋਰਡ:**

ਇਹ ਬੋਰਡ ਨਿਰਪੱਖਤਾ, ਪਾਰਦਰਸ਼ਤਾ, ਅਤੇ ਸਿਆਸੀ ਸਮੂਹਾਂ ਵਿਚਕਾਰ ਟਕਰਾਅ ਨੂੰ ਰੋਕਣ ਲਈ ਚੋਣਾਂ ਦੀ ਨਿਗਰਾਨੀ ਕਰੇਗਾ। ਇੱਕ ਨਿਰਪੱਖ ਸੰਸਥਾ ਦੀ ਸਥਾਪਨਾ ਕਰਕੇ, ਅਸੀਂ ਚੋਣਾਂ ਦੇ ਸਮੇਂ ਦੌਰਾਨ ਇੱਕ ਹੋਰ ਸਦਭਾਵਨਾ ਅਤੇ ਸਨਮਾਨਜਨਕ ਮਾਹੌਲ ਬਣਾਉਣ ਦਾ ਟੀਚਾ ਰੱਖਦੇ ਹਾਂ।

### 3. ਸਿੱਖਿਆ:

ਤੀਰ ਗਰੁੱਪ ਸੇਵਾਦਾਰ ਸਾਡੀਆਂ ਸੱਭਿਆਚਾਰਕ ਅਤੇ ਧਾਰਮਿਕ ਕਦਰਾਂ-ਕੀਮਤਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੀ ਮਹੱਤਤਾ ਨੂੰ ਪਛਾਣਦੇ ਹਨ। ਅਸੀਂ ਵਿੱਦਿਅਕ ਪਹਿਲਕਦਮੀਆਂ ਰਾਹੀਂ ਆਪਣੇ ਵਿਰਸੇ ਦੀ ਡੂੰਘੀ ਸਮਝ ਅਤੇ ਪ੍ਰਸ਼ੰਸਾ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹਾਂ ਜੋ ਅਗਲੀ ਪੀੜ੍ਹੀ ਨੂੰ ਸਾਡੀ ਭਾਸ਼ਾ, ਪਰੰਪਰਾਵਾਂ ਅਤੇ ਸਿੱਖੀ ਦੇ ਸੰਦੇਸ਼ ਨੂੰ ਅੱਗੇ ਲਿਜਾਣ ਲਈ ਸਮਰੱਥ ਬਣਾਉਂਦੇ ਹਨ।



ਗੁਰਨਾਮ ਸਿੰਘ ਨਵਾਂ ਸ਼ਹਿਰ
ਉਮੀਦਵਾਰ ਮੁੱਖ ਸੇਵਾਦਾਰ

**PLEASE VOTE FOR TEER ON 29TH SEPTEMBER**

## GURU TEG BAHADUR GURDWARA SAHIB
## Committee Election on SUNDAY, 29th September 2024, 8am-6pm

Do Seventeen Crosses to Vote for Teer Symbol as shown below

| S.No. | Name / Position | Symbol | Cross |
|---|---|---|---|
| 1 | President<br>Gurnam Singh | | X |
| 2 | Vice President<br>Sukhjinder Singh Lubaana | | X |
| 3 | General Secretary<br>Satwinder Singh Deol | | X |
| 4 | Assistant General Secretary<br>Tarsem Singh Dhadwar | | X |
| 5 | Finance Secretary<br>Paramjit Singh Rai | | X |
| 6 | Assistant Finance Secretary<br>Deep Singh Kaila | | X |
| 7 | Stage Secretary<br>Mukhtair Singh | | X |
| 8 | Assistant Stage Secretary<br>Harminder Singh | | X |
| 9 | Education Secretary<br>Jetinder Kaur Sangha | | X |
| 10 | Maintenance Secretary<br>Jagdeep Singh | | X |
| 11 | Kitchen and Store Incharge<br>Harbans Kaur Gill | | X |
| 12 | Librarian<br>Amritpal Singh | | X |
| 13 | Sports Secretary<br>Jatinder Singh Chahal | | X |
| 14 | Member<br>Jaspal Singh Hundal | | X |
| 15 | Member<br>Amrik Singh | | X |
| 16 | Member<br>Kartar Singh Bring | | X |
| 17 | Member<br>Mandeep Singh | | X |

**Issued by: TEER GROUP, LEICESTER**

============ For more Information: ============
Barinder Singh Lachhar - 07460 380205 Raja Singh Kang - 07869 113379

ਅਕਾਲ ਸਹਾਇ ॥

ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਈਸਟ ਪਾਰਕ ਰੋਡ, ਲੈਸਟਰ ਦੇ ਨਵੇਂ ਪ੍ਰਬੰਧ ਲਈ 29 ਸਤੰਬਰ 2024 ਨੂੰ ਸਵੇਰੇ 8:00 ਤੋਂ ਸ਼ਾਮ 6:00 ਵਜੇ ਤੱਕ ਹੋ ਰਹੀ ਚੋਣ ਮੌਕੇ

# ਤੀਰ ਗਰੁੱਪ ਦੇ ਸਮੂਹ ਸੇਵਾਦਾਰਾਂ ਨੂੰ ਚੁਣਨ ਲਈ ਸਾਧ ਸੰਗਤ ਨੂੰ ਸਨਿਮਰ ਬੇਨਤੀ


President
S. Gurnam Singh


Vice president Sukhjinder Singh Lubaana



Genral Secretary
Satwinder Singh Deol


Assit Gen. Secretary
Tarsem Singh Dhadwaar


Stage Secretary
Mukhtair Singh Gosal



Assist Stage Sec.
Harminder Singh


Treasure
Parmjit Singh Rai


Assistant Treasurer
Deep Singh Kaila


Education Secretary
Jetinder Kaur Sangha


Librarian
Amritpal Singh


Store & Kitchen Secretary
Bibi Harbans Kaur Gill

## ਤੀਰ ਗਰੁੱਪ ਦਾ ਚੋਣ ਮਨੋਰਥ ਪੱਤਰ – 29 ਸਤੰਬਰ ਨੂੰ ਤੀਰ ਗਰੁੱਪ ਨੂੰ ਵੋਟਾਂ ਪਾ ਕੇ ਪਰਖੇ ਹੋਏ ਸੇਵਾਦਾਰਾਂ ਨੂੰ ਸੇਵਾ ਦਾ ਮੌਕਾ ਦਿਓ ਜੀ


Kartar Singh Bring
Member


Jaspal Singh Hundal
Member


Amrik Singh
Member

Guru Pyari Saadh Sangat Ji of Leicestershire,

Waheguru Ji Ka Khalsa, Waheguru Ji Ki Fateh.

The elections for the new Management Committee of Sri Guru Tegh Bahadur Gurdwara Sahib will be held on Sunday, 29th September 2024, from 8:00 AM to 6:00 PM.

Since we first commenced office in 2018, the sewadaars of Teer Group have wholeheartedly dedicated themselves to serving the needs of the sangat. We remain committed to investing into the future of our community, through the improvement of the infrastructure, resources and activities that are held at the Gurdwara Sahib.

**Building, Infrastructure & Maintenance:**
The Gurdwara Sahib building, originally acquired in the 1990s as a factory, was quickly transformed into a place of worship for Leicester's Sangat. Over the decades, the building and its facilities have naturally deteriorated due to wear and tear, highlighting the need to repurpose and revitalise the space. Over the last term, we have renovated the Panjabi School, Santhiya Rooms, Women's Washrooms, Kitchen and Langar Hall and Marriage Hall. We will now focus on:

**Diwaan Halls:** The existing Diwaan Halls will be upgraded with a new design, including new projectors and air conditioning for the comfort of the Sangat.

Men's Washroom: Teer Group understands the importance of keeping and maintaining good hygiene and cleanliness in the Gurdwara Sahib, especially post COVID-19 pandemic. Following the successful renovation of the women's restrooms, the men's washrooms will also be modernised with modern tiles, toilets, washbasins and dryers.

**Gym:** To support the physical well-being of the community, the gym will be installed with brand-new fitness equipment. The gym room has already been constructed, and with the addition of the new facilities, it will encourage healthy living and provide a space for Sangat members to engage in regular physical activity.

**Library:** As seen in the previous terms, the library's collection has been expanded and modernised. To accommodate this, new shelves will be installed for the different genres of books and a comfortable seating area will be provided for study and reflection.

**Giani Singhs Rooms:** The current facilities lack modern amenities, necessitating new rooms that meet contemporary standards of living. The new rooms will enhance privacy and comfort for the Giani Singhs, alongside improved health and safety conditions.

**Election Reform:**
We are committed to reforming the constitution of our organisation to better reflect the wants and needs of the Sangat. This process is subject to approval by a majority vote of the registered members of the Gurdwara Sahib. The proposed reforms aim to modernise our governance structure and ensure it aligns with contemporary values and expectations.

**Committee Term:** To ensure continuity and stability, we suggest extending the election cycle from 2 years to 3 years. This will allow elected representatives more time to implement their programs and initiatives effectively.

Membership Validity: Memberships to be valid for 9 years [3 terms], this change is intended to reduce the administrative and financial burden of frequent renewals and encourage sustained involvement from members.

**Lifetime Memberships:** Lifetime Membership for members of the Sangat aged 60 and over. This initiative means there's less hassle for elderly to become members and provides them with a permanent role in community without need for renewal.

**Election Board:** This board will oversee elections to ensure fairness, transparency, and the prevention of conflicts between political groups. By establishing a neutral body, we aim to create a more harmonious and respectful environment during election periods.

**Education:**
Teer Group Sewadaars recognise the importance passing down our cultural and religious values to the future generations. We are dedicated to fostering a deeper understanding and appreciation of our heritage through educational initiatives that empower the next generation to carry forward our language, traditions and the message of Sikhi.

**Conferences:** We are committed to promoting the Panjabi language through annual conferences, where the sangat has a chance to listen and discuss research papers

**Seminars:** We will invite intellectuals to raise awareness on Panthic issues.

**Partnerships:** We will work in partnership with other Gurdwara Sahibs and Sikh organisations to invite well-educated speakers to talk on various subjects

**Networking:** We will provide networking opportunities for Panjabi School teachers by working in collaboration with other Sikh institutions.

**Youth skills and engagement:** Opportunity workshops will be organised with members of different organisations to speak to the youth about their options and improve their employability.

**Classes:** We will work with Leicester City Council to start booster classes for school children improving their attainment.


RajManvinder Singh Kang
Spokesman Teer Group

**Sikhi Camps:** We will continue to host Sikhi camps to provide children an environment that will deepen their understanding of Sikhi and to foster a sense of community and belonging.

**Gurbani Classes:** Launch 'Sikh Sacred Music Exams' in collaboration with Gurmat Sangeet Academy, where students will undergo nine-grade examination system accredited by MTB and will earn UCAS points for universities.

**Sports:** Teer Group understands the importance of maintaining a balanced life that integrates spiritual growth with physical well-being. Sports builds on important values, such as; discipline, focus and perseverance- therefore, we commit to focusing on sports.

**Internal Organisations:** Continue to support Hari Singh Nalwa Combat Academy through improvements

**Local Clubs:** Support GNG Football Club and Leicester Kabaddi Club

**Health Checks:** Organise biannual health monitoring checks and medication management for community members.

**Parking:** We will continue our discussions with the local authorities and businesses to acquire additional carparking space in the area surrounding the Gurdwara Sahib.

**International Students Forum:**
In recognition of the challenges faced by international students, we will organize regular forums to listen and discuss their problems. Our goal is to provide a supportive environment for international students and ensure their voices are represented at the highest levels.


**Local and International Authorities:**
We will cooperate with the local authorities operating in Leicester, such as the police, councillors and MPs, to raise awareness for issues affecting our community. We will lobby the local council and politicians for a Sikh Secondary School in Leicestershire. We will continue to advocate for rights for ethnic and religious minorities, nationally and internationally.

**Increasing engagement:**
*Women's engagement:* Develop and promote programs that encourage women's participation in Gurdwara management and leadership roles.

Youth Engagement in Administration: Involve youth in planning and executing community projects and events, alongside implementing a youth volunteering scheme.

Waheguru Ji Ka Khalsa, Waheguru Ji Ki Fateh.


Maintenance Sec
Jagdeep Singh


Sports Secretary
Jatinder Singh Chahal


Mandeep Singh
Member


## ਜਾਰੀ ਕਰਤਾ – ਸਮੂਹ ਸੇਵਾਦਾਰ ਤੀਰ ਗਰੁੱਪ, ਲੈਸਟਰ

ਜਾਰੀ ਕਰਤਾ === ਬਰਿੰਦਰ ਸਿੰਘ ਲੱਛੜ – 07460 380205
ਜਾਣਕਾਰੀ ਲਈ: ਰਾਜ ਮਨਵਿੰਦਰ ਸਿੰਘ ਕੰਗ ਮੁੱਖ ਬੁਲਾਰਾ – 07869 113379


ਤੀਰ ਗਰੁੱਪ ਦੇ ਸਪੋਰਟਿੰਗ ਮੈਂਬਰ

Supporting Members of TEER GROUP














Sukhwinder Singh Gill, Amerjit Singh Minhas, Bikkar Singh dadial, Jus Gumaan, Jatinderdeep Singh Atwal, Jagjit Singh Italy, Baljinder Singh Kler, Harjit Singh Dhillon, Harbhajan Singh Rai, Harjeet Singh, Kulwant Singh, Tajinder Kaur Jagdev, Kulbir Singh, Sarbjit Kaur Dhami, Sukhwinder Singh Dhesi

29 ਸਤੰਬਰ ਨੂੰ ਤੀਰ ਗਰੁੱਪ ਨੂੰ ਵੋਟ ਪਾਓ

**VOTE FOR TEER GROUP**

# ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਸੰਸਦ ਮੈਂਬਰਾਂ ਦੇ ਸਹਿਯੋਗ ਨਾਲ ਬਰਤਾਨੀਆਂ ਦੀ ਸੰਸਦ ਵਿੱਚ 77 ਸਾਲ ਬਾਅਦ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਪੁਰਾਤਣ ਵਿਧੀ ਅਨੁਸਾਰ ਕੀਤਾ ਯਾਦ

## ਹਰਮੀਤ ਸਿੰਘ ਭਕਨਾ ਵੱਲੋਂ ਬਰਤਾਨਵੀ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਦੀ ਮੁਹਿੰਮ ਵਿੱਚ ਸਹਿਯੋਗ ਦੇਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ 77 ਸਾਲ ਬਾਅਦ ਸਾਰਾਗੜ੍ਹੀ ਦੇ 21 ਸਿੱਖ ਸ਼ਹੀਦ ਸਿਪਾਹੀਆਂ ਨੂੰ ਯਾਦ ਕੀਤਾ ਗਿਆ। ਦੇਹ ਸ਼ਿਵਾ ਬਰ ਮੋਹੇ ਦੇ ਸ਼ਬਦ ਗਾਇਨ ਨਾਲ ਸ਼ੁਰੂ ਹੋਏ ਸਮਾਗਮ ਵਿੱਚ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਦੇ ਉਪਰਾਲੇ ਸਦਕਾ ਕਰਵਾਏ ਗਏ ਇਸ ਯਾਦਗਰੀ ਸਮਾਗਮ ਵਿੱਚ ਦੋਵੇਂ ਸਦਨਾਂ ਦੇ ਸੰਸਦ ਮੈਂਬਰ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਸੀਮਾ ਮਲਹੋਤਰਾ, ਐਮ ਪੀ ਗੁਰਿੰਦਰ ਸਿੰਘ ਜੋਸ਼ਨ, ਐਮ ਪੀ ਸ਼ਰੀਨਾ, ਲਾਰਡ ਰੰਮੀ ਰੇਂਜ਼ਰ, ਲਾਰਡ ਕੁਲਦੀਪ ਸਿੰਘ ਸਹੋਤਾ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜੱਥਾ, ਕੈਪਟਨ ਜੈ ਸਿੰਘ ਸੋਹਲ, ਭਾਰਤੀ ਹਾਈਕਮਿਸ਼ਨ ਵੱਲੋਂ ਦੀਪਕ ਚੌਧਰੀ, ਸਾਰਾਗੜ੍ਹੀ ਫਾਉਂਡੇਸ਼ਨ ਦੇ ਸੰਚਾਲਕ ਗੁਰਿੰਦਰ ਸਿੰਘ ਜੋਸਨ, ਸਾਰਾਗੜ੍ਹੀ ਦੇ ਸ਼ਹੀਦ ਈਸ਼ਰ ਸਿੰਘ ਦੇ ਪੜਪੋਤੇ ਸੰਤੋਖ ਸਿੰਘ, ਰੇਸ਼ਮ ਸਿੰਘ ਸੰਧੂ ਐਮ ਬੀ ਈ,



ਬਰਤਾਨਵੀ ਫੌਜ ਦੇ ਅਧਿਕਾਰੀਆਂ, ਡਾ: ਗੁਰਿੰਦਰ ਸਿੰਘ ਜੋਸ਼ਨ, ਈਸ਼ਰ ਸਿੰਘ ਦੇ ਪੜਪੋਤੇ ਸੰਤੋਖ ਸਿੰਘ ਦਾ ਸਨਮਾਨ ਕਰਦੇ ਹੋਏ ਭਾਈ ਮਹਿੰਦਰ ਸਿੰਘ, ਹਰਮੀਤ ਸਿੰਘ ਭੱਕਨਾ

ਸਾਬਕਾ ਮੇਅਰ ਰਘਵਿੰਦਰ ਸਿੰਘ, ਲੈਫਟੀਨੈੱਟ ਜਨਰਲ ਕੋਲਨ, ਏਅਰ ਮਾਰਸ਼ਲ ਮੋਨਰੋ, ਬਰਗੇਡੀਅਰ ਜੋਹਨ ਕੈਂਡਲ, ਬ੍ਰਗੇਡੀਅਰ ਕਾਰਲ ਹੈਰਿਸ, ਵਾਰੰਟ ਅਫਸਰ ਅਸ਼ੋਕ ਚੌਹਾਨ, ਤਜਿੰਦਰ ਸਿੰਧਰਾ, ਕੌਂਸਲਰ ਗੁਰਚਰਨ ਸਿੰਘ, ਕੁਲਦੀਪ ਸੇਖਾਵਤ, ਰਮੇਸ਼ ਕਲੇਰ, ਪ੍ਰਭਜੋਤ ਕੌਰ, ਕੀਰਤ ਆਸੀ, ਮੇਜਰ ਦਲਜਿੰਦਰ ਸਿੰਘ ਵਿਰਦੀ ਆਦਿ ਸਮੇਤ ਵੱਖ ਵੱਖ ਸੰਸਥਾਵਾਂ ਤੇ ਨੁਮਾਇੰਦੇ ਅਤੇ ਬ੍ਰਿਟਿਸ਼ ਫੌਜ ਦੇ ਉੱਚ ਅਧਿਕਾਰੀ ਉਚੇਚੇ ਤੌਰ ਤੇ ਹਾਜ਼ਰ ਹੋਏ। ਬੁਲਾਰਿਆਂ ਨੇ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਬਹਾਦਰੀ ਦਾ ਜਿਕਰ ਕਰਦਿਆਂ ਕਿਹਾ ਕਿ 1947 ਤੋਂ ਬਾਅਦ ਬਰਤਾਨੀਆਂ ਦੀ ਸੰਸਦ ਵਿੱਚ ਕਦੇ ਵੀ ਪੁਰਾਤਣ ਵਿਧੀ ਅਨੁਸਾਰ ਸ਼ਰਧਾਜ਼ਲੀ ਸਮਾਗਮ ਨਹੀਂ ਕਰਵਾਇਆ ਗਿਆ ਜਦ ਕਿ ਇਸ ਤੋਂ ਪਹਿਲਾਂ ਹਰ ਸਾਲ 12 ਸਤੰਬਰ ਨੂੰ ਬ੍ਰਿਟਿਸ਼ ਫੌਜੀ ਅਧਿਕਾਰੀਆਂ ਦੀ ਅਗਵਾਈ ਵਿੱਚ ਹੋਇਆ ਕਰਦਾ ਸੀ। ਇਸ ਮੌਕੇ ਇਤਿਹਾਸਕ ਪ੍ਰਦਰਸ਼ਨੀ ਵੀ ਲਗਾਈ ਗਈ।

ਸ: ਭਕਨਾ ਨੇ ਕਿਹਾ ਕਿ 10 ਹਜ਼ਾਰ ਅਫਗਾਨੀਆਂ ਨਾਲ ਲੋਹਾ ਲੈਂਦੇ 21 ਬਹਾਦਰ ਸਿੱਖ ਸਿਪਾਹੀ ਸ਼ਹਾਦਤ ਦਾ ਜਾਮ ਪੀ ਗਏ ਪਰ ਉਹਨਾ ਨਾ ਤਾਂ ਆਤਮ ਸਮਰਪਣ ਕੀਤਾ ਅਤੇ ਨਾ ਹੀ ਕਿਲ੍ਹਾ ਛੱਡਿਆ। 21 ਸ਼ਹੀਦਾਂ ਦੀ ਮਾਂ ਬੋਲੀ ਪੰਜਾਬੀ ਸੀ ਅਤੇ ਅਸੀਂ ਬਰਤਾਨਵੀ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਦੇ ਤੌਰ ਤੇ ਪੜ੍ਹਾਉਣ ਦੀ ਮੰਗ ਕਰ ਰਹੇ ਹਾਂ, ਇਸ ਮੌਕੇ ਮੁਹਿੰਮ ਵਿੱਚ ਹਿੱਸਾ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਃ ਭੱਕਨਾ ਨੇ ਕਿਹਾ ਕਿ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਯਾਦ ਕਰਨ ਅਤੇ ਗੈਰ ਸਿੱਖ ਬਰਤਾਨਵੀ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਦੇਣ ਲਈ ਅੱਗੋਂ ਵੀ ਅਜੇਹੇ ਯਤਨ ਕੀਤੇ ਜਾਇਆ ਕਰਨਗੇ।

### ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਡੋਨਾਲਡ ਟਰੰਪ ਦੀ ਜਾਨ ਲੈਣ ਦੀ ਅਸਫਲ ਕੋਸ਼ਿਸ਼, ਫਲੋਰਿਡਾ ਵਿਚਲੇ ਗੋਲਫ਼ ਮੈਦਾਨ ਨੇੜੇ ਚੱਲੀਆਂ ਗੋਲੀਆਂ, ਮਾਮਲੇ ਦੀ ਜਾਂਚ ਐਫ ਬੀ ਆਈ ਦੇ ਸਪੁਰਦ

## * ਰਾਜ ਘਟਨਾ ਦੀ ਆਪਣੇ ਪੱਧਰ 'ਤੇ ਕਰੇਗਾ ਜਾਂਚ- ਗਵਰਨਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲੀਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਾਮ ਬੀਚ ਫਲੋਰਿਡਾ ਵਿਚਲੇ ਗੋਲਫ਼ ਮੈਦਾਨ ਨੇੜੇ ਗੋਲੀਆਂ ਚੱਲਣ ਦੀ ਖਬਰ ਹੈ। ਟਰੰਪ ਦੇ ਚੋਣ ਮੁਹਿੰਮ ਪ੍ਰਬੰਧਕਾਂ ਤੇ ਯੂ ਐਸ ਸੀਕਰਟ ਸਰਵਿਸ ਨੇ ਇਹ ਜਾਣਕਾਰੀ ਦਿੱਤੀ ਹੈ। ਉਨਾਂ ਕਿਹਾ ਹੈ ਕਿ ਲੱਗਦਾ ਹੈ ਕਿ ਇਹ ਗੋਲੀਆਂ ਸਾਬਕਾ ਰਾਸ਼ਟਰਪਤੀ ਦੀ ਜਾਨ ਲੈਣ ਦੇ ਇਰਾਦੇ ਨਾਲ ਚਲਾਈਆਂ ਗਈਆਂ ਹਨ। ਪਿਛਲੇ 2 ਮਹੀਨਿਆਂ ਦੌਰਾਨ ਟਰੰਪ ਦੀ ਜਾਨ ਲੈਣ ਦੀ ਇਹ ਦੂਸਰੀ ਕੋਸ਼ਿਸ਼ ਹੈ। ਐਫ ਬੀ ਆਈ ਅਨੁਸਾਰ ਸੀਕਰਟ ਸਰਵਿਸ ਅਫਸਰਾਂ ਨੇ ਗੋਲਫ਼ ਮੈਦਾਨ ਤੋਂ ਤਕਰੀਬਨ 400 ਗਜ ਦੂਰ ਇਕ ਸ਼ੱਕੀ ਵਿਅਕਤੀ ਵੇਖਿਆ ਜਿਸ ਉਪਰ ਉਨਾਂ ਗੋਲੀਆਂ ਚਲਾਈਆਂ।

ਸ਼ੱਕੀ ਆਪਣੀ ਗੱਡੀ ਵਿਚ ਫਰਾਰ ਹੋ ਗਿਆ ਪਰੰਤੂ ਉਹ ਇਕ ਰਾਈਫਲ, ਇਕ ਗੋਪ੍ਰੋ ਕੈਮਰਾ ਤੇ ਕੁਝ ਹੋਰ ਸਮਾਨ ਘਟਨਾ ਸਥਾਨ 'ਤੇ ਹੀ ਛੱਡ ਗਿਆ। ਬਾਅਦ ਵਿਚ ਸ਼ੱਕੀ ਨੂੰ ਨਾਲ ਲੱਗਦੀ ਕਾਊਂਟੀ ਵਿਚੋਂ ਗ੍ਰਿਫਤਾਰ ਕਰ ਲਿਆ ਗਿਆ। ਐਫ ਬੀ ਆਈ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਇਹ ਘਟਨਾ ਟਰੰਪ ਦੇ ਇੰਟਰਨੈਸ਼ਨਲ ਗੋਲਫ ਕੋਰਸ ਵਿਖੇ ਦੁਪਹਿਰ ਬਾਅਦ 2 ਵਜੇ ਤੋਂ ਪਹਿਲਾਂ ਵਾਪਰੀ ਜਦੋਂ ਸਾਬਕਾ ਰਾਸ਼ਟਰਪਤੀ ਗੋਲਫ ਖੇਡ ਰਹੇ ਸਨ। ਪਾਮ ਬੀਚ ਕਾਊਂਟੀ ਸ਼ੈਰਿਫ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਚਸ਼ਮਦੀਦ ਗਵਾਹ ਨੇ ਇਕ ਵਿਅਕਤੀ ਨੂੰ ਗੋਲਫ ਮੈਦਾਨ ਦੀਆਂ ਝਾੜੀਆਂ ਵਿਚੋਂ ਨਿਕਲਦਿਆਂ ਵੇਖਿਆ ਜਿਸ ਤੋਂ ਸੰਦੇਹ ਪੈਦਾ ਹੋਇਆ। ਰਾਸ਼ਟਰਪਤੀ ਜੋ ਬਾਈਡਨ ਨੇ ਸਾਬਕਾ ਰਾਸ਼ਟਰਪਤੀ ਦੇ ਗੋਲਫ ਮੈਦਾਨ ਨੇੜੇ ਗੋਲੀਆਂ ਚੱਲਣ ਦੀ ਘਟਨਾ ਤੋਂ ਬਾਅਦ ਕਿਹਾ ਕਿ ਅਮਰੀਕਾ ਵਿਚ ਰਾਜਸੀ ਹਿੰਸਾ ਲਈ ਕੋਈ ਥਾਂ ਨਹੀਂ ਹੈ। ਬਾਈਡਨ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਉਸ ਨੂੰ ਉਸ ਦੀ ਟੀਮ ਨੇ ਜਾਣਕਾਰੀ ਦਿੱਤੀ ਹੈ ਕਿ ਸੰਘੀ ਲਾਅ ਇਨਫੋਰਸਮੈਂਟ ਅਧਿਕਾਰੀ ਘਟਨਾ ਦੀ ਜਾਂਚ ਸਾਬਕਾ ਰਾਸ਼ਟਰਪਤੀ ਦੀ ਜਾਨ ਲੈਣ ਦੀ ਸੰਭਾਵੀ ਕੋਸ਼ਿਸ਼ ਦੇ ਨਜ਼ਰੀਏ ਤੋਂ ਕਰ ਰਹੇ ਹਨ। ਬਾਈਡਨ ਨੇ ਕਿਹਾ ਕਿ '' ਮੈ ਰਾਹਤ ਮਹਿਸੂਸ ਕਰ ਰਿਹਾ ਹਾਂ ਕਿ ਸਾਬਕਾ ਰਾਸ਼ਟਰਪਤੀ ਸੁਰੱਖਿਅਤ ਹਨ। ਘਟਨਾ ਦੀ ਤੇਜੀ ਨਾਲ ਜਾਂਚ ਹੋ ਰਹੀ ਹੈ ਤੇ ਅਧਿਕਾਰੀ ਅਸਲ ਵਿਚ ਕੀ ਵਾਪਰਿਆਂ ਹੈ,ਸਬੰਧੀ ਹੋਰ ਵੇਰਵੇ ਇਕੱਠੇ ਕਰ ਰਹੇ ਹਨ।'' ਇਸੇ ਦੌਰਾਨ ਫਲੋਰਿਡਾ ਦੇ ਗਵਰਨਰ ਰੋਨ ਡੀਸੈਂਟਿਸ ਨੇ ਕਿਹਾ ਹੈ ਕਿ ਇਸ ਘਟਨਾ ਦੀ ਰਾਜ ਆਪਣੀ ਪੱਧਰ 'ਤੇ ਜਾਂਚ ਕਰੇਗਾ ਜਿਸ ਘਟਨਾ ਨੂੰ ਅਧਿਕਾਰੀ ਸਾਬਕਾ ਰਾਸ਼ਟਰਪਤੀ ਟਰੰਪ ਦੀ ਜਾਨ ਲੈਣ ਦੀ ਸਪੱਸ਼ਟ ਕੋਸ਼ਿਸ਼ ਦਸ ਰਹੇ ਹਨ। ਗਵਰਨਰ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਹੈ ਕਿ '' ਲੋਕ ਸੱਚ ਜਾਣਨਾ ਚਹੁੰਦੇ ਹਨ ਕਿ ਇਕ ਵਿਅਕਤੀ ਕਿਸ ਤਰਾਂ ਸਾਬਕਾ ਰਾਸ਼ਟਰਪਤੀ ਤੇ ਮੌਜੂਦਾ ਉਮੀਦਵਾਰ ਦੇ ਨੇੜੇ 500 ਗਜ ਦੇ ਘੇਰੇ ਅੰਦਰ ਪੁੱਜਣ ਵਿਚ ਸਫਲ ਹੋਇਆ।


ਪਾਮ ਬੀਚ ਕਾਊਂਟੀ ਸ਼ੈਰਿਫ ਰਿਕ ਬਰਾਡਸ਼ਾਅ (ਵਿਚਾਲੇ) ਸਾਬਕਾ ਰਾਸ਼ਟਰਪਤੀ ਦੇ ਗੋਲਫ ਮੈਦਾਨ ਨੇੜੇ ਮਿਲੀ ਇਕ ਰਾਈਫਲ ਤੇ ਹੋਰ ਸਮਾਨ ਦੀ ਤਸਵੀਰ ਵਿਖਾਉਂਦੇ ਹੋਏ। ਸੱਜੇ ਗੋਲਫ ਮੈਦਾਨ ਦੇ ਬਾਹਰ ਨਜਰ ਆ ਰਹੇ ਪੁਲਿਸ ਅਫਸਰ



# ਪੁਲਾੜ ਚ ਬੈਠ ਕੇ ਸੁਨੀਤਾ ਵਿਲੀਅਮ ਤੇ ਉਸ ਦਾ ਸਾਥੀ ਚੁਣਨਗੇ ਅਮਰੀਕਾ ਦਾ ਰਾਸ਼ਟਰਪਤੀ

ਵਾਸ਼ਿੰਗਟਨ: ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਨੇ ਕਿਹਾ ਕਿ ਉਹ ਪੁਲਾੜ ਤੋਂ ਵੋਟ ਪਾਉਣਗੇ। ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਅਮਰੀਕੀ ਰਾਸ਼ਟਰਪਤੀ ਚੋਣਾਂ 2024 ਚ ਵੋਟ ਪਾਉਣ ਲਈ ਪੁਲਾੜ ਤੋਂ, ਬਹੁਤ ਮਹੱਤਵਪੂਰਨ ਡਿਊਟੀ ਨਿਭਾਉਗੇ ਕਿਉਂਕਿ ਉਹ ਕੌਮਾਂਤਰੀ ਪੁਲਾੜ ਸਟੇਸ਼ਨ ਤੇ ਫਸੇ ਹੋਏ ਹਨ ਅਤੇ ਉਨ੍ਹਾਂ ਦੀ ਵਾਪਸੀ ਚ ਦੇਰੀ ਹੋ ਸਕਦੀ ਹੈ।



ਸਪੇਸ ਤੋਂ ਅਮਰੀਕੀ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਵਿਲਮੋਰ ਨੇ ਕਿਹਾ ਕਿ ਉਸ ਨੇ ਆਪਣੀ ਵੋਟ ਪਾਉਣ ਲਈ ਅਪਣੀ ਬੇਨਤੀ ਭੇਜ ਦਿਤੀ ਹੈ ਕਿਉਂਕਿ ਇਹ ਇਕ ਬਹੁਤ ਹੀ ਮਹੱਤਵਪੂਰਨ ਫ਼ਰਜ਼ ਹੈ ਅਤੇ ਨਾਸਾ ਇਹ ਯਕੀਨੀ ਬਣਾਉਂਦਾ ਹੈ ਕਿ ਉਹ ਵੋਟ ਪਾਉਣ ਦੇ ਯੋਗ ਹਨ। ਸੁਨੀਤਾ ਨੇ ਕਿਹਾ ਕਿ ਉਹ ਸਪੇਸ ਤੋਂ ਵੋਟ ਪਾਉਣ ਦੇ ਯੋਗ ਹੋਣ ਦੀ ਉਡੀਕ ਕਰ ਰਹੀ ਹੈ। ਸੁਨੀਤਾ ਵਿਲੀਅਮਜ਼ ਨੇ ਕਿਹਾ, ਦੋਵੇਂ ਪੁਲਾੜ ਯਾਤਰੀ ਸਪੇਸ ਚ ਫਸੇ ਹੋਏ ਹਨ ਅਤੇ ਅਗਲੇ ਸਾਲ ਸਪੇਸ ਐਕਸ ਚ ਵਾਪਸ ਆਉਣ ਦੀ ਸੰਭਾਵਨਾ ਹੈ।

# ਕੈਨੇਡਾ ਦੇ ਬੀ. ਸੀ. ਸੂਬੇ ’ਚ ਭੂਚਾਲ ਦੇ ਹਲਕੇ ਝਟਕੇ

ਵੈਨਕੂਵਰ, ਸਤੰਬਰ (ਮਲਕੀਤ ਸਿੰਘ)—ਐਤਵਾਰ ਦੀ ਸ਼ਾਮ ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆਂ ਸੂਬੇ ’ਚ ਹੈਂਡੀ ਗਵਾਈ ਟਾਪੂ ਦੇ ਇਲਾਕੇ ’ਚ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਜਾਣ ਦੀ ਸੂਚਨਾ ਹੈ।‘ਨੈਸ਼ਨਲ ਰਿਸੋਰਸਜ਼’ ਅਨੁਸਾਰ ਰਿਕਟਰ ਪੈਮਾਨੇ ’ਤੇ ਇਸਦੀ ਤੀਬਰਤਾ 6.5 ਮਾਪੀ ਗਈ।ਯੂ. ਐਸ. ਜੀ. ਐਸ. ਮੁਤਾਬਕ ਤਕਰੀਬਨ ਇਕ ਘੰਟੇ ਮਗਰੋਂ ਦੁਬਾਰਾ ਮਹਿਸੂਸ ਕੀਤੇ ਝਟਕਿਆਂ ਦੀ 4.5 ਹੋਣੀ ਅਨਮਾਨੀ ਗਈ ਹੈ।ਫਿਲਹਾਲ ਇਨ੍ਹਾਂ ਝਟਕਿਆਂ ਨਾਲ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਹੋਣ ਤੋਂ ਬਚਾਅ ਰਿਹਾ।

# ਪਾਇਲਟਾਂ ਦੀ ਹੜਤਾਲ: ਏਅਰ ਕੈਨੇਡਾ ਨੇ ਸਰਕਾਰ ਤੋਂ ਦਖਲ ਮੰਗਿਆ

ਓਟਵਾ- ਕੈਨੇਡਾ ਦੀ ਸਭ ਤੋਂ ਵੱਡੀ ਹਵਾਈ ਸੇਵਾ ਅਤੇ ਕਾਰੋਬਾਰੀ ਆਗੂਆਂ ਨੇ ਬੀਤੇ ਦਿਨ ਸੰਘੀ ਸਰਕਾਰ ਤੋਂ ਸ਼ਟਡਾਊਨ ਤੋਂ ਬਚਣ ਦੀ ਆਸ ਵਿੱਚ ਆਪਣੇ ਪਾਇਲਟਾਂ ਨਾਲ ਵਾਰਤਾ ਚ ਦਖਲ ਦੇਣ ਦੀ ਮੰਗ ਕੀਤੀ ਪਰ ਕਿਰਤ ਮੰਤਰੀ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਸਮਝੌਤੇ ਤੇ ਗੱਲਬਾਤ ਕਰਨੀ ਚਾਹੀਦੀ ਹੈ। ਏਅਰ ਕੈਨੇਡਾ ਦੇ ਬੁਲਾਰੇ ਕ੍ਰਿਸਟੌਫ ਹੈਨੇਬੈਲੇ ਨੇ ਕਿਹਾ ਕਿ ਏਅਰਲਾਈਨ ਗੱਲਬਾਤ ਲਈ ਪ੍ਰਤੀਬੱਧ ਹੈ ਪਰ ਉਸ ਨੂੰ ਏਅਰ ਲਾਈਨ ਪਾਇਲਟ ਐਸੋਸੀਏਸ਼ਨ ਦੀਆਂ ਤਨਖਾਹਾਂ ਸਬੰਧੀ ਮੰਗਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨੂੰ ਉਹ ਪੂਰਾ ਨਹੀਂ ਕਰ ਸਕਦੇ। 5200 ਪਾਇਲਟਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਾ ਕਹਿਣਾ ਹੈ ਕਿ ਏਅਰ ਕੈਨੇਡਾ ਲਗਾਤਾਰ ਰਿਕਾਰਡ ਮੁਨਾਫਾ ਕਮਾ ਰਹੀ ਹੈ, ਜਦਕਿ ਉਨ੍ਹਾਂ ਨੂੰ ਆਸ ਹੈ ਕਿ ਪਾਇਲਟ ਘੱਟ ਮੁਆਵਜ਼ਾ ਸਵੀਕਾਰ ਕਰਨਗੇ। ਪਾਇਲਟ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਅਮਰੀਕੀ ਹਵਾਈ ਸੇਵਾ ਦੇ ਬਰਾਬਰ ਤਨਖਾਹ ਦਿੱਤੀ ਜਾਵੇ।

# ਅਰਵਿੰਦ ਕੇਜਰੀਵਾਲ ਨੇ ਭਗਵਾਨ ਹਨੂੰਮਾਨ ਦਾ ਆਸ਼ੀਰਵਾਦ ਲਿਆ

ਨਵੀਂ ਦਿੱਲੀ- ਸੁਪਰੀਮ ਕੋਰਟ ਤੋਂ ਕਥਿਤ ਆਬਕਾਰੀ ਨੀਤੀ ਘੁਟਾਲੇ ਦੇ ਸਬੰਧ ਵਿੱਚ ਸੀਬੀਆਈ ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸ਼ੁੱਕਰਵਾਰ ਨੂੰ ਜ਼ਮਾਨਤ ਮਿਲਣ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਗਵਾਨ ਹਨੂੰਮਾਨ ਦਾ ਆਸ਼ੀਰਵਾਦ ਲਿਆ।



ਉਹ ਕਨਾਟ ਪਲੇਸ ਸਥਿਤ ਹਨੂੰਮਾਨ ਮੰਦਰ ਪੁੱਜੇ ਅਤੇ ਪੂਜਾ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ, ਸਾਬਕਾ ਉਪ ਮੁੱਖ ਮੰਤਰੀ ਅਤੇ ਆਪ ਆਗੂ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਸੌਰਭ ਭਾਰਦਵਾਜ ਵੀ ਮੌਜੂਦ ਸਨ।

# ਕੀ ਸਿਖ ਤੇ ਗੁਰਦੁਆਰੇ ਭਾਰਤ ਵਿਚ ਅਸੁਰੱਖਿਅਤ ਹਨ ?

## ✪ ਰਾਹੁਲ ਗਾਂਧੀ ਦਾ ਬਿਆਨ ਅਤੇ ਸਿੱਖਾਂ ਦਾ ਪ੍ਰਤੀਕਰਮ ✪ ਡੱਲੇਵਾਲ ਨੇ ਭਾਜਪਾ ਸਰਕਾਰ ਉਪਰ ਗੁਰਦੁਆਰਿਆਂ ਉਪਰ ਪਾਬੰਦੀਆਂ ਦੇ ਲਗਾਏ ਦੋਸ਼


**ਬਘੇਲ ਸਿੰਘ ਧਾਲੀਵਾਲ**
99142-58142



ਪਿਛਲੇ ਦਿਨੀ ਆਪਣੀ ਅਮਰੀਕਾ ਫੇਰੀ ਦੌਰਾਨ ਕਾਂਗਰਸੀ ਪੰਜਾਬੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਸਿੱਖਾਂ ਸਮੇਤ ਘੱਟ ਗਿਣਤੀਆਂ ਦੇ ਸਬੰਧ ਵਿੱਚ ਭਾਰਤ ਦੇ ਮੌਜੂਦਾ ਰਾਜਨੀਤਕ ਪ੍ਰਬੰਧ ਉਪਰ ਟਿੱਪਣੀ ਕਰ ਦਿੱਤੀ ਕਿ ਸਿਖ, ਗੁਰਦੁਆਰੇ, ਕਕਾਰ ਭਾਰਤ ਵਿਚ ਸੁਰਖਿਅਤ ਨਹੀਂ ਹਨ। ਰਾਹੁਲ ਦੀ ਇਸ ਟਿੱਪਣੀ ’ਤੇ ਭਾਰਤ ਅੰਦਰ ਵੱਡੇ ਪੱਧਰ ਉਪਰ ਰਾਜਨੀਤੀ ਹੋ ਰਹੀ ਹੈ, ਜਦੋਂਕਿ ਰਾਹੁਲ ਗਾਂਧੀ ਦੇ ਸਿਆਸੀ ਭਾਸ਼ਨ ਦਾ ਉਹ ਇਕ ਇਕ ਸਬਦ ਕੌੜਾ ਸੱਚ ਸੀ, ਪਰ ਰਾਹੁਲ ਵੱਲੋਂ ਬੋਲੇ ਗਏ ਇਸ ਕੌੜੇ ਸੱਚ ਨੂੰ ਝੁਠਲਾਉਣ ਦੇ ਯਤਨ ਵੱਡੇ ਪੱਧਰ ਉਪਰ ਹੋ ਰਹੇ ਹਨ। ਕਿੰਨੀ ਹੈਰਾਨੀ ਹੁੰਦੀ ਹੈ ਜਦੋਂ ਇਸ ਸੱਚ ਤੋਂ ਖੁਦ ਉਹ ਕੁਝ ਲੋਕ ਮੁਨਕਰ ਹੁੰਦੇ ਦੇਖੇ ਜਾ ਰਹੇ ਹਨ,ਜਿੰਨਾਂ ਪ੍ਰਤੀ ਇਹ ਸੱਚ ਬੋਲਿਆ ਗਿਆ ਸੀ, ਬਲਕਿ ਉਨ੍ਹਾਂ ਲੋਕਾਂ ਵੱਲੋਂ ਸਰਕਾਰੀ ਇਸ਼ਾਰੇ ਉਪਰ ਰਾਹੁਲ ’ਤੇ ਸ਼ਬਦਾਂ ਦੇ ਬਾਣ ਦਾਗੇ ਜਾ ਰਹੇ ਹਨ।

ਇੱਥੇ ਜਿਕਰਯੋਗ ਤੱਥ ਇਹ ਵੀ ਹਨ ਕਿ ਭਾਵੇਂ ਰਾਹੁਲ ਗਾਂਧੀ ਦੇ ਬਿਆਨ ਤੇ ਦੇਸ਼ ਭਰ ਅੰਦਰ ਹੀ ਹੜਕੰਪ ਮੱਚਿਆ ਹੋਇਆ ਹੈ, ਪਰੰਤੂ ਇਸ ਬਿਆਨ ਤੇ ਸਿੱਖਾਂ ਦੇ ਪ੍ਰਤੀਕਰਮ ਨੂੰ ਅਹਿਮ ਮੰਨਿਆ ਜਾਵੇਗਾ। ਵਿਦੇਸ਼ਾਂ ਵਿੱਚ ਵਸਦੇ ਸਿੱਖ ਅਤੇ ਪੰਜਾਬ ਦੇ ਪੰਥਕ ਆਗੂਆਂ ਸਮੇਤ ਬਹੁ ਗਿਣਤੀ ਵਿੱਚ ਸਿੱਖ ਬੁੱਧੀਜੀਵੀ ਅਤੇ ਪੱਤਰਕਾਰ ਰਾਹੁਲ ਗਾਂਧੀ ਦੇ ਇਸ ਬਿਆਨ ਨੂੰ ਸਮੇਂ ਸਿਰ ਬੋਲਿਆ ਸੱਚ ਕਹਿ ਕੇ ਰਾਹੁਲ ਦੀ ਸ਼ਲਾਘਾ ਕਰ ਰਹੇ ਹਨ, ਜਦੋਂ ਕਿ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਸਿੱਖ ਸੰਘ ਪਰਿਵਾਰ ਦੇ ਨਜ਼ਰੀਏ ਤੋਂ ਆਪਣੀ ਭੂਮਿਕਾ ਅਦਾ ਕਰ ਰਹੇ ਹਨ, ਨਾ ਕਿ ਕੌਮੀ ਭਾਵਨਾ ਤੋਂ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਰਵਨੀਤ ਸਿੰਘ ਬਿੱਟੂ ਅਤੇ ਮਨਜਿੰਦਰ ਸਿੰਘ ਸਿਰਸਾ ਆਦਿ ਸਮੇਤ ਬਹੁਤ ਸਾਰੇ ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਨੇ ਨਾਲ ਜੁੜੇ ਨਾਮਵਰ ਸਿੱਖ ਆਗੂਆਂ ਨੇ ਭਾਜਪਾ ਪ੍ਰਤੀ ਆਪਣੀ ਵਫਾਦਾਰੀ ਦਿਖਾਉਣ ਵਿੱਚ ਇਸ ਸਮੇ ਨੂੰ ਸੁਨਹਿਰੀ ਸਮੇ ਵਜੋਂ ਵਰਤਿਆ ਹੈ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਹ ਵੀ ਕਿਹਾ ਹੈ ਕਿ ਰਾਹੁਲ ਦੀ ਟਿੱਪਣੀ ਸ਼ਰਮਨਾਕ ਸੀ ਕਿਉਂਕਿ ਉਨ੍ਹਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਵਿੱਚ ਝੂਠ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ।ਇਸ ਤੋ ਵੀ ਅੱਗੇ ਜਾਕੇ ਰਾਸ਼ਟਰੀ ਸਿੱਖਾਂ ਵੱਲੋਂ ਸੜਕਾਂ ਤੇ ਉੱਤਰ ਕੇ ਰਾਹੁਲ ਗਾਂਧੀ ਦੇ ਖਿਲਾਫ ਕੀਤੇ ਜਾ ਰਹੇ ਪਰਦਰਸ਼ਨ ਦੁਨੀਆਂ ਪੱਧਰ ਤੇ ਸਿੱਖਾਂ ਦੀ ਦੀ ਸਵੈ-ਮਾਨਤਾ ਦਾ ਮਜ਼ਾਕ ਬਣ ਰਹੇ ਹਨ। ਇਸ ਘਟਨਾ ਤੋ ਬਾਅਦ ਵੀ ਅਤੇ ਅਜਿਹੀਆਂ ਘਟਨਾਵਾਂ ਸਮੇ ਪਹਿਲਾਂ ਵੀ ਅਕਸਰ ਹੀ ਇਹ ਦੇਖਿਆ ਜਾਂਦਾ ਹੈ ਕਿ ਅਕਾਲੀ ਦਲ ਦੀ





ਭੂਮਿਕਾ ਸਿੱਖ ਅਵਾਮ ਦੀ ਸੋਚ ਤੋਂ ਉਲਟ ਹੁੰਦੀ ਹੈ।

ਅਕਾਲੀ ਦਲ ਦੇ ਆਗੂਆਂ ਵੱਲੋਂ ਭਾਵੇਂ ਉਹ ਭਾਜਪਾ ਨਾਲ ਗੱਠਜੋੜ ਵਿੱਚ ਨਹੀ ਹਨ, ਪਰ ਆਪਣੀ ਵਫਾਦਾਰੀ ਹਮੇਸ਼ਾ ਭਾਜਪਾ ਪ੍ਰਤੀ ਹੀ ਦਿਖਾਉਂਦੇ ਹਨ,ਇਸਦਾ ਇੱਕ ਕਾਰਨ ਤਾਂ ਇਹ ਵੀ ਹੋ ਸਕਦਾ ਹੈ ਕਿ ਲੰਮਾ ਸਮਾਂ ਬਿਨਾ ਸ਼ਰਤ ਭਾਜਪਾ ਨਾਲ ਗੈਰ ਸਿਧਾਂਤਕ ਸਮਝੌਤਾ ਰਿਹਾ ਹੋਣ ਕਾਰਨ ਉਨ੍ਹਾਂ ਦੀ ਮਾਨਸਿਕਤਾ ਵਿੱਚ ਭਾਜਪਾ ਦੀ ਗੁਲਾਮੀ ਘਰ ਕਰ ਚੁੱਕੀ ਹੈ ਅਤੇ ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣਾ ਭਵਿੱਖ ਅੱਜ ਵੀ ਭਾਜਪਾ ਵਿੱਚੋਂ ਹੀ ਦਿਖਾਈ ਦਿੰਦਾ ਹੋਵੇ। ਜਿਸ ਕਰਕੇ ਉਹ ਅਜਿਹਾ ਕੋਈ ਮੌਕਾ ਵੀ ਗਵਾਉਣਾ ਨਹੀਂ ਚਾਹੁੰਦੇ ਜੀਹਦੇ ਨਾਲ ਭਾਜਪਾ ਪ੍ਰਤੀ ਉਹਨਾਂ ਦੇ ਹੇਜ ਦਾ ਅਹਿਸਾਸ ਕੇਂਦਰ ਤੱਕ ਪਹੁੰਚਣ ਦਾ ਸਬੱਬ ਬਣਦਾ ਹੋਵੇ ਅਤੇ ਅਜਿਹੇ ਕਿਸੇ ਵੀ ਮਸਲੇ ਵਿੱਚ ਉਹ ਉਲਝਣਾ ਨਹੀ ਚਾਹੁੰਦੇ, ਜੀਹਦੇ ਕਰਕੇ ਭਾਜਪਾ ਹਾਈ ਕਮਾਂਡ ਦੀ ਨਰਾਜ਼ਗੀ ਝੱਲਣੀ ਪਵੇ।

ਸਿੱਖਾਂ ਦਾ ਮੰਨਣਾ ਹੈ ਕਿ ਸਿੱਖ ਸਿਰਫ ਰੋਜੀ ਰੋਟੀ ਲਈ ਹੀ ਨਹੀਂ,ਬਲਕਿ ਸਿੱਖ ਉਨ੍ਹਾਂ ਮੁਲਕਾਂ ਵਿੱਚ ਵੱਡੇ ਸਥਾਪਤ ਕਾਰੋਬਾਰੀ ਹਨ, ਜਿਹੜੇ ਉੱਥੋਂ ਦੀ ਆਰਥਿਕਤਾ ਨੂੰ ਪ੍ਰਭਾਵਤ ਕਰਦੇ ਹਨ। ਜਿਸ ਕਰਕੇ ਹਰਦੀਪ ਸਿੰਘ ਪੁਰੀ ਵੱਲੋਂ ਇਹ ਕਿਹਾ ਜਾਣਾ ਕਿ ਸਿੱਖ ਮਹਿਜ਼ ਰੋਜੀ ਰੋਟੀ ਲਈ ਅਮਰੀਕਾ ਗਏ ਹਨ, ਆਪਣੇ ਹੀ ਭਾਈਚਾਰੇ ਨੂੰ ਨੀਵਾਂ ਦਿਖਾਉਣ ਵਾਲਾ ਜਾਪਦਾ ਹੈ। ਇਸ ਤੋਂ ਅੱਗੇ ਜਾਕੇ ਭਾਜਪਾ ਦਾ ਇੱਕ ਹੋਰ ਸਿੱਖ ਵਿਧਾਇਕ ਰਾਹੁਲ ਗਾਂਧੀ ਨੂੰ ਮਾਰਨ ਤੱਕ ਦੀ ਧਮਕੀ ਦੇ ਦਿੰਦਾ ਹੈ ਕਿ ਉਸਦਾ ਹਸ਼ਰ ਇੰਦਰਾ ਵਰਗਾ ਹੋਵੇਗਾ, ਪਰ ਉਹਦੇ ਬਿਆਨ ਦੇ ਕਿਸੇ ਪਾਸੇ ਤੋਂ ਵੀ ਉਸ ਤਰ੍ਹਾਂ ਨਿੰਦਿਆ ਨਹੀਂ ਹੁੰਦੀ ਜਿਸ ਤਰ੍ਹਾਂ ਰਾਹੁਲ ਗਾਂਧੀ ਦੇ ਸੱਚ ਬੋਲਣ ਦੀ ਹੋ ਰਹੀ ਹੈ।

ਇਸ ਤੋਂ ਅੱਗੇ ਸਵਾਲ ਉਠਦਾ ਹੈ ਕਿ ਜੇਕਰ ਰਾਹੁਲ ਦਾ ਬਿਆਨ ਝੂਠਾ ਹੈ ਫਿਰ ਦੇਸ਼ ਦੇ ਵੱਖ ਵੱਖ ਹਿਸਿਆਂ ਵਿੱਚ ਸਿੱਖਾਂ ਦੇ ਕਕਾਰਾਂ ਨੂੰ ਲੈ ਕੇ ਸਮੱਸਿਆਵਾਂ ਕਿਉਂ ਪੈਦਾ ਹੁੰਦੀਆਂ ਹਨ ? ਕਿਸੇ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਲਈ ਕਕਾਰ ਉਤਾਰਨ ਦੀ ਸ਼ਰਤ ਲਾ ਦਿੱਤੀ ਜਾਂਦੀ ਹੈ ਅਤੇ ਕਿਸੇ ਸਕੂਲ ਦੀ ਮੈਨੇਜਮੈਂਟ ਸਕੂਲ ਵਿੱਚ ਕੜਾ ਪਹਿਨ ਕੇ ਜਾਣ ’ਤੇ ਰੋਕ ਲਾ ਦਿੰਦੀ ਹੈ। ਪਿਛਲੇ ਸਮੇਂ ਵਿੱਚ ਰਾਜਸਥਾਨ ਦੇ ਇੱਕ ਭਾਜਪਾ ਆਗੂ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ “ਇਹ ਗੁਰਦੁਆਰੇ ਸਾਡੇ ਲਈ ਨਸੂਰ ਵਾਂਗ ਹਨ”। ਗੁਰਦੁਆਰਾ ਡਾਂਗ ਮਾਰ ਅਤੇ ਗੁਰਦੁਆਰਾ ਗਿਆਨ ਗੋਦੜੀ ਨੂੰ ਢਾਹ ਕਾ ਨਾਮੋ ਨਿਸ਼ਾਨ ਖਤਮ ਕਰ ਦੇਣਾ ਸਿੱਖਾਂ ਲਈ ਕਿਹੜੀ ਅਜ਼ਾਦੀ ਵੱਲ ਇਸ਼ਾਰਾ ਹੈ ?

ਇਸ ਤੋਂ ਇਲਾਵਾ ਵੀ ਸਿੱਖੀ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਅੰਦਾਜ਼ੀ ਕਿਸੇ ਤੋਂ ਲੁਕੀ ਛੁਪੀ ਨਹੀਂ ਹੈ। ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ, ਹਜੂਰ ਸਾਹਿਬ ਗੁਰਦੁਆਰਾ ਬੋਰਡ ਨੰਦੇੜ ਅਤੇ ਪਟਨਾ ਸਾਹਿਬ ਗੁਰਦੁਆਰਾ ਬੋਰਡ ਵਿੱਚ ਸਿੱਧੀ ਦਖਲ ਅੰਦਾਜ਼ੀ ਕਿਧਰ ਨੂੰ ਇਸ਼ਾਰਾ ਕਰਦੀ ਹੈ ?

ਇੱਥੋਂ ਤੱਕ ਕਿ ਕਈ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਹੀ ਸਿੱਖ ਭਾਈਚਾਰੇ ਨੂੰ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ ਤੋਂ ਇਸ ਕਰਕੇ ਰੋਕ ਦਿੱਤਾ ਜਾਂਦਾ ਰਿਹਾ ਹੈ ਕਿਉਕਿ ਉਹ ਸਿੱਖ ਹਿਤਾਂ ਦੀ ਗੱਲ ਕਰਦੇ ਹਨ, ਜਿਹੜੇ ਕੇਂਦਰੀ ਤਾਕਤਾਂ ਨੂੰ ਪ੍ਰਵਾਨ ਨਹੀਂ। ਕੀ ਅਜਿਹੇ ਕਾਰਨ ਸਿੱਖਾਂ ਸਮੇਤ ਸਮੁੱਚੀਆਂ ਘੱਟ ਗਿਣਤੀਆਂ ਨੂੰ ਇਹ ਅਹਿਸਾਸ ਕਰਵਾਉਣ ਲਈ ਕਾਫੀ ਨਹੀਂ ਹਨ ਕਿ ਭਾਰਤ ਅੰਦਰ ਵਿਤਕਰੇਬਾਜੀ ਹੁੰਦੀ ਹੈ ?

### ਕਿਸਾਨ ਆਗੂ ਡਲੇਵਾਲ ਨੇ ਵੀ ਕਿਹਾ ਗੁਰਦੁਆਰੇ ਅਜ਼ਾਦ ਨਹੀਂ

ਕਿਸਾਨ ਲੀਡਰ ਜਗਜੀਤ ਸਿੰਘ ਡੱਲੇਵਾਲ ਨੇ ਭਾਜਪਾ ਸਰਕਾਰ ਉਪਰ ਦੋਸ਼ ਲਗਾਏ ਕਿ ਉਸਨੇ ਗੁਰਦੁਆਰਿਆਂ ਉਪਰ ਪਾਬੰਦੀਆਂ ਲਗਾਈਆਂ ਹੋਈਆਂ ਹਨ। ਅਜਿਹਾ ਆਖਕੇ ਉਸਨੇ ਰਾਹੁਲ ਦੇ ਬਿਆਨਾਂ ਉਪਰ ਮੋਹਰ ਲਗਾ ਦਿਤੀ ਕਿ ਉਸਨੇ ਸਿਖ ਖਤਰਿਆਂ ਤੇ ਭਾਜਪਾ ਸਰਕਾਰ ਦੀ ਸਿਖ ਵਿਰੋਧੀ ਨੀਤੀ ਬਾਰੇ ਸੱਚ ਬੋਲਿਆ ਹੈ। ਡਲੇਵਾਲ ਦਾ ਕਹਿਣਾ ਹੈ ਕਿ ਭਾਜਪਾ ਨੇ ਕਿਸਾਨਾਂ ਲਈ ਅਣਐਲਾਨੀ ਐਂਮਰਜੈਂਸੀ ਲਗਾਈ ਹੋਈ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਬੀਤੀ ਦਿਨੀਂ ਉਚਾਨਾ ਵਿਚ ਮਹਾਂਪੰਚਾਇਤ ਕੀਤੀ ਗਈ ਪਰ ਹਰਿਆਣਾ ਸਰਕਾਰ ਕਿਸਾਨਾਂ ਦੇ ਨਾਲ-ਨਾਲ ਗੁਰੂ ਘਰਾਂ ’ਤੇ ਵੀ ਸਖਤੀ ਕੀਤੀ। ਸਰਕਾਰ ਵੱਲੋਂ ਗੁਰਦੁਆਰਾ ਧਮਤਾਨ ਸਾਹਿਬ ਨੂੰ ਕਿਸਾਨਾਂ ਨੂੰ ਲੰਗਰ ਨਾ ਦੇਣ ਲਈ ਧਮਕਾਇਆ ਗਿਆ। ਜੇਕਰ ਗੁਰਦੁਆਰੇ ਨੇ ਲੰਗਰ ਦਿੱਤਾ ਤਾਂ ਗੁਰਦੁਆਰੇ ’ਤੇ ਵੀ ਕਾਰਵਾਈ ਕਰਨ ਦੀ ਗੱਲ ਕਹੀ ਗਈ। ਡੱਲੇਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਰਾਰੇ ਹੱਥੀਂ ਲੈਂਦਿਆ ਕਿਹਾ ਕਿ ਪ੍ਰਧਾਨ ਮੰਤਰੀ ਇਕ ਪਾਸੇ ਗੁਰੂ ਘਰਾਂ ਵਿਚ ਜਾ ਕੇ ਲੰਗਰ ਬਣਾਉਣੇ ਹਨ ਪਰ ਉਨ੍ਹਾਂ ਦੀ ਹਰਿਆਣਾ ਸਰਕਾਰ ਹਰਿਆਣਾ ਵਿੱਚ ਲੰਗਰ ਵਰਤਾਉਣ ਤੋਂ ਰੋਕ ਕੇ ਗੁਰੂ ਘਰਾਂ ’ਤੇ ਕਬਜ਼ਾ ਕਰ ਰਹੀ ਹੈ। ਇਸ ਤੋਂ ਸਪਸ਼ਟ ਕਿ ਰਾਹੁਲ ਨੇ ਸਿਖਾਂ ਦੀ ਭਾਰਤ ਵਿਚ ਮਾੜੀ ਹਾਲਤ, ਗੁਰਦੁਆਰਿਆਂ ਤੇ ਕਕਾਰਾਂ ਉਪਰ ਪਾਬੰਦੀਆਂ ਬਾਰੇ ਸੱਚ ਬੋਲਿਆ ਹੈ।

### ਭਾਜਪਾ ਨੇ ਵੀ ਸਿਖਾਂ ਨੂੰ ਜ਼ਖਮ ਦਿਤੇ

ਸੋ ਸਿੱਖਾਂ ਨੂੰ ਰਾਹੁਲ ਦੇ ਬਿਆਨ ਤੇ ਘੱਟੋ ਘੱਟ ਐਨੀ ਕੁ ਤਸੱਲੀ ਤਾਂ ਜਰੂਰ ਹੋਣੀ ਚਾਹੀਦੀ ਹੈ ਕਿ ਕਿਸੇ ਨਾ ਕਿਸੇ ਭਾਰਤੀ ਆਗੂ ਨੇ ਇਹ ਕੌੜੇ ਸੱਚ ਨੂੰ ਪ੍ਰਵਾਨ ਤਾਂ ਕੀਤਾ ਹੈ ਕਿ ਭਾਰਤ ਵਿੱਚ ਘੱਟ ਗਿਣਤੀਆਂ ਲਈ ਸਭ ਅੱਛਾ ਨਹੀ ਹੈ। ਰਹੀ ਗੱਲ ਕਾਂਗਰਸ ਪਾਰਟੀ ਦੀ ਪੰਜਾਬ ਪ੍ਰਤੀ ਪਹੁੰਚ ਦੀ,ਇਹਦੇ ਵਿੱਚ ਕੋਈ ਝੂਠ ਨਹੀ ਕਿ ਤਤਕਾਲੀ ਕਾਂਗਰਸ ਸਰਕਾਰ (ਸੂਬਾ ਅਤੇ ਕੇਂਦਰ) ਨੇ ਜੋ ਜ਼ਖਮ ਸਿੱਖਾਂ ਨੂੰ ਦਿੱਤੇ ਹਨ, ਉਹ ਭੁਲਾਏ ਨਹੀ ਜਾ ਸਕਦੇ, ਪਰੰਤੂ ਉਹਦੇ ਨਾਲ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਜੂਨ 84 ਦੇ ਫੌਜੀ ਹਮਲੇ ਵਿੱਚ ਭਾਜਪਾ ਵੀ ਬਰਾਬਰ ਦੀ ਦੋਸ਼ੀ ਹੈ, ਜਿਸ ਦੇ ਉਸ ਮੌਕੇ ਦੇ ਵੱਡੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਆਪਣੀ ਪੁਸਤਕ ਵਿੱਚ ਖੁਦ ਇਹ ਸਵੀਕਾਰ ਕਰ ਚੁੱਕੇ ਹਨ ਕਿ ਦਰਬਾਰ ਸਾਹਿਬ ਉਪਰ ਹਮਲਾ ਕਰਵਾਉਣ ਲਈ ਭਾਜਪਾ ਨੇ ਇੰਦਰਾ ਉਪਰ ਦਬਾਅ ਬਣਾਇਆ। ਅਗਲੀ ਗੱਲ ਇਹ ਹੈ ਜੇਕਰ ਕੋਈ ਮੌਜੂਦਾ ਨਵੇਂ ਦੌਰ ਦਾ ਵੱਡਾ ਕਾਂਗਰਸੀ ਆਗੂ ਆਪਣੀ ਪਹੁੰਚ ਸਪੱਸ਼ਟ ਕਰਦਾ ਹੈ ਅਤੇ ਸੱਚਮੁੱਚ ਉਹ ਘੱਟ ਗਿਣਤੀਆਂ ਪ੍ਰਤੀ ਚਿੰਤਤ ਦਿਖਾਈ ਦਿੰਦਾ ਹੈ,ਤਾਂ ਕੀ ਉਹਦੀ ਪਹੁੰਚ ਨੂੰ ਉਹਦੇ ਪੁਰਖਿਆਂ ਦੀਆਂ ਗਲਤੀਆਂ ਤੇ ਦੋਸ਼ਾਂ ਕਾਰਨ ਰੱਦ ਕਰ ਦੇਣਾ ਵਾਜਬ ਹੈ ?

ਨਹੀਂ, ਅਜਿਹਾ ਨਹੀਂ ਹੋਣਾ ਚਾਹੀਦਾ, ਬਲਕਿ ਅਜਿਹੀ ਸੋਚ ਦਾ ਸਵਾਗਤ ਦਿਲ ਖੋਲ ਕੇ ਕੀਤਾ ਜਾਣਾ ਬਣਦਾ ਹੈ ਤਾਂ ਕਿ ਭਵਿੱਖ ਵਿੱਚ ਅਜਿਹੀ ਸੋਚ ਹੋਰ ਵੀ ਪਰਫੁੱਲਤ ਹੋ ਸਕੇ।

# ਵਿਸ਼ਵ ਭਰ ਵਿੱਚ ਸਿੱਖ ਫੈਡਰੇਸ਼ਨ ਦੀ ਮੁੜ ਸਥਾਪਨਾ ਕਰਨ ਦਾ ਐਲਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਵੱਲੋਂ 40ਵੀਂ ਸਿੱਖ ਕਨਵੈਨਸ਼ਨ ਮੌਕੇ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਅਤੇ ਵਿਸ਼ਵ ਭਰ ਤੋਂ ਸੰਘਰਸ਼ੀ ਆਗੂ ਗੁਰੂ ਨਾਨਕ ਗੁਰਦੁਆਰਾ ਸੈਜ਼ਲੀ ਸਟ੍ਰੀਟ ਵੁਲਵਰਹੈਂਪਟਨ ਵਿਖੇ ਪਹੁੰਚੇ। ਸੰਗਤਾਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਤੇ ਪਾਬੰਦੀ ਲੱਗਣ ਤੋਂ ਲੈ ਕੇ ਹਟਾਉਣ ਤੱਕ ਦੀ ਕਾਨੂੰਨੀ ਪ੍ਰਕਿਰਿਆ ਤੱਕ ਦੀ ਜਾਣਕਾਰੀ ਸਾਂਝੀ ਕਰਦਿਆਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ ਸਿੱਖਾਂ ਦੀ ਅਜ਼ਾਦੀ, 7 ਸਾਲ ਤੋਂ ਭਾਰਤ ‘ਚ ਬੰਦ ਜੱਗੀ ਜੌਹਲ ਦੀ ਰਿਹਾਈ, ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਦੀ ਜਾਂਚ ਦੀ ਮੰਗ ਕੀਤੀ ਗਈ।

ਕੈਨੇਡਾ, ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਭਾਰਤ ਸਰਕਾਰ ਦੀ ਆਲੋਚਨਾ ਕੀਤੀ ਗਈ ਅਤੇ ਕਿਹਾ ਕਿ ਯੂ ਕੇ ਵਿੱਚ ਸਿੱਖਾਂ ਤੇ ਨਜ਼ਰ ਰੱਖੀ ਜਾ ਰਹੀ ਹੈ। ਬੁਲਾਰਿਆਂ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਵਿੱਚ ਬਰਤਾਨਵੀ ਸਰਕਾਰ ਦੀ ਭੂਮਿਕਾ ਦੀ ਜਾਂਚ ਸਰਕਾਰ ਨੂੰ ਵਾਅਦੇ ਅਨੁਸਾਰ ਜਲਦੀ ਸ਼ੁਰੂ ਕਰਨੀ ਚਾਹੀਦੀ ਹੈ। ਸਿੱਖ ਚੋਣ ਮਨੋਰਥ ਪੱਤਰ ਵਿੱਚ ਦਰਜ਼ ਮੰਗਾਂ ਦੇ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਕੀਤੀ ਗਈ।



ਸਿੱਖ ਫੈਡਰੇਸ਼ਨ ਯੂ ਕੇ ਦੀ 40ਵੀਂ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਦੇਸ਼ ਵਿਦੇਸ਼ ਤੋਂ ਪਹੁੰਚੇ ਸਿੱਖ ਆਗੂ

ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਫੈਡਰੇਸ਼ਨ ਯੂ ਕੇ ਦੇ ਪ੍ਰਬੰਧਕੀ ਢਾਂਚੇ ਵਿੱਚ ਵੱਡੀ ਤਬਦੀਲੀ ਕਰਦਿਆਂ ਪੰਚ ਪ੍ਰਧਾਨੀ ਨੀਤੀ ਤਹਿਤ ਨੌਜਵਾਨਾਂ ਨੂੰ ਪ੍ਰਬੰਧ ਸੌਂਪਿਆ ਗਿਆ ਹੈ ਜਿਸ ਦੀ ਅਗਜ਼ੈਕਟਿਵ ਕਮੇਟੀ ਭਾਈ ਜਤਿੰਦਰ ਸਿੰਘ ਬਾਸੀ, ਭਾਈ ਦਬਿੰਦਰਜੀਤ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਦਿਓਲ ਅਤੇ ਭਾਈ ਜਸਪਾਲ ਸਿੰਘ ਕੰਗ ਅਗਵਾਈ ਕਰਨਗੇ।

ਸਮਾਗਮ ਨੂੰ ਭਾਈ ਅਮਰੀਕ ਸਿੰਘ ਗਿੱਲ, ਭਾਈ ਗੁਰਮੁੱਖ ਸਿੰਘ, ਡਾ: ਅਮਰਜੀਤ ਸਿੰਘ ਯੂ ਐਸ ਏ, ਭਾਈ ਮਨਧੀਰ ਸਿੰਘ ਪੰਜਾਬ, ਭਾਈ ਮਨਿੰਦਰ ਸਿੰਘ ਕੈਨੇਡਾ, ਨਰਿੰਦਰਜੀਤ ਸਿੰਘ ਥਾਂਦੀ, ਭਾਈ ਜਸਪਾਲ ਸਿੰਘ ਨਿੱਝਰ, ਭਾਈ ਹਰਦੀਸ਼ ਸਿੰਘ, ਭਾਈ ਦਬਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਅਵਤਾਰ ਸਿੰਘ ਨਿੱਝਰ ਜਰਮਨੀ, ਗੁਰਮੀਤ ਸਿੰਘ ਖਨਿਆਣ, ਭਾਈ ਜਤਿੰਦਰ ਸਿੰਘ, ਭਾਈ ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਦਿਓਲ, ਜਸਵਿੰਦਰ ਸਿੰਘ ਸਿੱਖ ਨੈਟਵਰਕ, ਭਾਈ ਸੁਖਵਿੰਦਰ ਸਿੰਘ ਜਰਮਨੀ, ਭਾਈ ਗੁਰਦੇਵ ਸਿੰਘ ਯੂ ਐਸ ਏ, ਭਾਈ ਤਰਸੇਮ ਸਿੰਘ ਸਾਬਕਾ ਪ੍ਰਧਾਨ ਫੈਡਰੇਸ਼ਨ ਆਦਿ ਨੇ ਸੰਬੋਧਨ ਕੀਤਾ। ਸਮਾਗਮ ਵਿੱਚ ਭਾਈ ਸੁਰਿੰਦਰ ਸਿੰਘ ਸੋਢੀ ਦੀ ਭੈਣ ਬੀਬੀ ਗੁਰਵਿੰਦਰ ਕੌਰ, ਕੁਲਵੰਤ ਸਿੰਘ ਮੁਠੱਡਾ, ਗੁਰਮੀਤ ਸਿੰਘ ਸਿੱਧੂ, ਕੇਸਰ ਸਿੰਘ ਧਾਲੀਵਾਲ, ਮਲਕੀਤ ਸਿੰਘ ਤੇਹਿੰਗ, ਜੋਗਿੰਦਰ ਸਿੰਘ ਬੱਲ, ਗੁਰਪ੍ਰਤਾਪ ਸਿੰਘ ਢਿਲੋਂ ਆਦਿ ਹਾਜ਼ਰ ਸਨ।

## ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਦਾ 50 ਸਾਲ ਤੋਂ ਵੱਧ ਲੋਕ ਸੇਵਾ ਕਰਨ ‘ਤੇ ਬਰਤਾਨੀਆਂ ਦੀ ਸੰਸਦ ਵਿੱਚ ਸਨਮਾਨ



ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਦਾ ਸਨਮਾਨ ਕਰਦੇ ਹੋਏ ਸਿਆਸੀ ਅਤੇ ਭਾਈਚਾਰਕ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਐਮ ਪੀ ਬੌਬ ਬਲੈਕਮੈਨ ਵੱਲੋਂ ਆਯੋਜਿਤ ਸਮਾਗਮ ਵਿੱਚ ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਦਾ 50 ਸਾਲ ਤੋਂ ਵੱਧ ਸਮਾਂ ਲੋਕ ਸੇਵਾ ਕਰਨ ‘ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਹਨਾਂ ਦੀ ਧਰਮ ਪਤਨੀ ਨਿਰਮਲਾ ਸ਼ਰਮਾਂ ਦਾ ਵੀ ਸਨਮਾਨ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਦੋਵੇਂ ਸਦਨਾਂ ਦੇ ਸਾਂਸਦ ਮੈਂਬਰਾਂ, ਭਾਈਚਾਰਕ ਆਗੂਆਂ ਅਤੇ ਹੋਰ ਰਾਜਨੀਤਕ ਲੋਕਾਂ ਨੇ ਕਿਹਾ ਕਿ ਵਰਿੰਦਰ ਸ਼ਰਮਾਂ ਦਾ ਸਿਆਸੀ ਜੀਵਨ ਭਾਵੇਂ ਪੰਜਾਬ ਤੋਂ ਸ਼ੁਰੂ ਹੋਇਆ ਪਰ ਉਹਨਾਂ ਬਰਤਾਨੀਆਂ ਵਿੱਚ ਬਤੌਰ ਕੌਂਸਲਰ, ਮੇਅਰ ਅਤੇ ਸਾਂਸਦ ਮੈਂਬਰ ਬਣਨ ਤੱਕ ਦੇ ਸਿਆਸੀ ਜੀਵਨ ਦੇ 50 ਸਾਲ ਲੋਕਾਂ ਨੂੰ ਦਿੱਤੇ। ਬੱਸ ਕਡੰਕਟਰ ਤੋਂ ਬਰਤਾਨੀਆਂ ਦੀ ਸੰਸਦ ਤੱਕ ਪਹੁੰਚ ਕੇ ਮਾਣ ਮੱਤਾ ਇਤਿਹਾਸ ਰਚਿਆ। ਜਿਸ ਦੌਰਾਨ ਉਹਨਾਂ ਭਾਰਤੀ ਮਜ਼ਦੂਰ ਸਭਾ, ਟਰੇਡ ਯੂਨੀਅਨਾਂ ਸਮੇਤ ਹੋਰ ਕਈ ਸੰਘਰਸ਼ਾਂ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਲਈ ਲੜਾਈ ਲੜੀ। ਇਸ ਮੌਕੇ ਨਿਸ਼ੀਕੇਤ ਜੋਸ਼ੀ, ਐਮ ਪੀ ਸ਼ਿਵਾਨੀ ਰਾਜਾ, ਐਮ ਪੀ ਸੀਮਾ ਮਲਹੋਤਰਾ ਗ੍ਰਹਿ ਰਾਜ ਮੰਤਰੀ, ਐਮ ਪੀ ਤਨਮਨਜੀਤ ਸਿੰਘ ਢੇਸੀ ਚੇਅਰਮੈਨ ਡਿਫੈਂਸ ਕਮੇਟੀ, ਡਿਡ੍ਰਾ ਕੌਸਟਿਗਨ, ਕੁਲਦੀਪ ਸ਼ੇਖਾਵਤ, ਰਾਜੂ ਸੰਸਾਰਪੁਰੀ, ਮਹਿੰਦਰ ਕੌਰ ਮਿੱਢਾ, ਰਘਵਿੰਦਰ ਸਿੰਘ ਸਿੱਧੂ, ਕੈਪਟਨ ਸੰਦੀਪ ਸੰਧੂ, ਪ੍ਰੀਤਮ ਸਿੰਘ ਬਰਾੜ, ਗੁਰਮਿੰਦਰ ਰੰਧਾਵਾ, ਸ਼ਿਵਦੀਪ ਕੌਰ ਢੇਸੀ, ਰੁਪਿੰਦਰ ਕੌਰ ਗਿੱਲ ਆਦਿ ਹਾਜ਼ਰ ਸਨ।

## ਪ੍ਰਵਾਸੀ ਪੰਜਾਬੀ ਆਪਣੇ ਪਿੰਡਾਂ ਨੂੰ ਗੋਦ ਲੈਣ ਤੇ ਆਪਣੀਆਂ ਜ਼ਮੀਨਾਂ ਵਿੱਚ ਜੰਗਲ ਲਾਉਣ ਨੂੰ ਤਰਜੀਹ ਦੇਣ - ਸੰਤ ਸੀਚੇਵਾਲ



ਸੰਤ ਬਲਬੀਰ ਸਿੰਘ ਸੀਚੇਵਾਲ ਸੰਗਤਾਂ ਨਾਲ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਫੇਰੀ ਤੇ ਗਏ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਗੁਰਦੁਆਰਾ ਬਾਬੇ ਕੇ ਬਰਮਿੰਘਮ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਕਿਰਤ ਕਰਨ ਦਾ ਹੀ ਸੰਦੇਸ਼ ਦਿੱਤਾ ਹੈ। ਉਹਨਾਂ ਕਿਹਾ ਕਿ ਦੁਨੀਆਂ ਵਿੱਚ ਸੇਵਾ ਦਾ ਸੰਕਲਪ ਸਭ ਤੋਂ ਉੱਚਾ ਅਤੇ ਸੁੱਚਾ ਹੈ। ਹਰ ਮਨੁੱਖ ਆਪਣੇ ਹੱਥਾਂ ਨਾਲ ਮੇਹਨਤ ਕਰਕੇ ਇਸ ਸੰਸਾਰ ਦੀ ਸਿਰਜਨਾ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਜਦੋਂ ਮਨੁੱਖ ਆਪਣੇ ਦੱਸਾਂ ਨੌਹਾਂ ਦੀ ਕਿਰਤ ਕਰਦਾ ਹੈ ਤਾਂ ਉਸਦਾ ਧਿਆਨ ਵੀ ਅਕਾਲ ਪੁਰਖ ਨਾਲ ਜੁੜ ਜਾਂਦਾ ਹੈ।**

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇੰਗਲੈਂਡ ਦੀ ਤਰੱਕੀ ਵਿੱਚ ਪ੍ਰਵਾਸੀ ਪੰਜਾਬੀਆਂ ਵੱਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਪੰਜਾਬੀ ਜਿੱਥੇ ਵੀ ਦੁਨੀਆਂ ਵਿੱਚ ਜਾਂਦੇ ਹਨ ਉੱਥੇ ਆਪਣੇ ਹੱਥੀ ਸੱਚੀ ਸੁੱਚੀ ਕਿਰਤ ਕਰਕੇ ਪੰਜਾਬ ਦਾ ਸਿਰ ਉੱਚਾ ਕਰਦੇ ਹਨ। ਉਹਨਾਂ ਪ੍ਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਨੂੰ ਗੋਦ ਲੈਣ ਤੇ ਆਪਣੀਆਂ ਜ਼ਮੀਨਾਂ ਵਿੱਚ ਬਾਗਬਾਨੀ ਅਤੇ ਜੰਗਲ ਲਾਉਣ ਨੂੰ ਤਰਜੀਹ ਦੇਣ ਤਾਂ ਜੋ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਬਚਾਇਆ ਜਾ ਸਕੇ। ਸੰਤ ਸੀਚੇਵਾਲ ਵੱਲੋਂ ਉਹਨਾਂ ਸੰਗਤਾਂ ਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿਹਨਾਂ ਵੱਲੋਂ ਵੇਂਈ ਦੀ ਚੱਲੀ ਕਾਰਸੇਵਾ ਵਿੱਚ ਹੱਥੀ ਕਾਰਸੇਵਾ ਕੀਤੀ ਗਈ। ਸੰਤ ਸੀਚੇਵਾਲ ਨੇ ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਅਗਲੇ ਸਾਲ ਬਾਬੇ ਨਾਨਕ ਦੀ ਪਵਿੱਤਰ ਵੇਂਈ ਦੀ ਮਨਾਈ ਜਾਣ ਵਾਲੀ ਕਾਰਸੇਵਾ ਦੀ ਸਿਲਵਰ ਜੁਬਲੀ ਸਮਾਗਮਾਂ ਵਿੱਚ ਪਹੁੰਚਣ।

ਇਸ ਮੌਕੇ ਧਾਰਮਿਕ ਸਮਾਗਮ ਵਿੱਚ ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ, ਘਨਵੀਰ ਸਿੰਘ, ਲਵਦੀਪ ਸਿੰਘ, ਚਰਨਜੀਤ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ, ਰਵੀ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ।

## ਲੇਬਰ ਸਰਕਾਰ ਵੱਲੋਂ ਪ੍ਰੀਵਾਰਿਕ ਵੀਜ਼ਾ ਲਈ ਘੱਟੋ ਘੱਟੋ ਆਮਦਨ 38700 ਪੌਂਡ ਕਰਨ ਦੇ ਨਿਯਮਾਂ ਦੀ ਸਮੀਖਿਆ ਦੇ ਹੁਕਮ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੰਜ਼ਰਵੇਟਿਵ ਸਰਕਾਰ ਵੱਲੋਂ ਪਰੀਵਾਰਿਕ ਵੀਜ਼ਾ ਲਈ ਬਿਨ੍ਹੇਕਾਰ ਦੀ ਘੱਟੋ ਘੱਟ ਆਮਦਨ ਵਿੱਚ ਕੀਤੇ ਗਏ ਵੱਡੇ ਵਾਧੇ ਦੀ ਲੇਬਰ ਸਰਕਾਰ ਵੱਲੋਂ ਸਮੀਖਿਆ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਗ੍ਰਹਿ ਮੰਤਰੀ ਯਵੇਟ ਕੂਪਰ ਨੇ ਇੱਕ ਮਾਹਿਰ ਕਮੇਟੀ ਨੂੰ ਉਕਤ ਨੀਤੀ ਦੀ ਸਮੀਖਿਆ ਕਰਨ ਅਤੇ 9 ਮਹੀਨਿਆਂ ਵਿੱਚ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਪ੍ਰੀਵਾਰਿਕ ਵੀਜ਼ਾ ਲਈ ਘੱਟੋ ਘੱਟ ਆਮਦਨ ਅਪ੍ਰੈਲ 2024 ਤੋਂ 10 ਹਜ਼ਾਰ ਪੌਂਡ ਵਧਾ ਕੇ 29000 ਪੌਂਡ ਸਾਲਾਨਾ ਕਰ ਦਿੱਤੀ ਸੀ, ਜਦ ਕਿ 2025 ਵਿੱਚ ਇਸ ਵਿੱਚ ਹੋਰ ਵਾਧਾ ਕਰਕੇ 38700 ਪੌਂਡ ਹੋ ਜਾਣੀ ਸੀ। ਗ੍ਰਹਿ ਮੰਤਰੀ ਕੂਪਰ ਨੇ ਕਿਹਾ ਕਿ ਸਮੀਖਿਆ ਪੂਰੀ ਹੋਣ ਤੱਕ ਕੋਈ ਬਦਲਾਅ ਨਹੀਂ ਕੀਤੇ ਜਾਣਗੇ। ਸਮੀਖਿਆ ਕਮੇਟੀ ਦੀ ਅਗਵਾਈ ਪ੍ਰੋ: ਬ੍ਰਾਇਨ ਬੇਲ ਕਰ ਰਹੇ ਹਨ, ਉਹਨਾਂ ਕਿਹਾ ਕਿ ਇਸ ਸਮੀਖਿਆ ਲਈ ਸਟੇਕਹੋਲਡਰਾਂ ਨੂੰ ਆਪਣੇ ਵਿਚਾਰ ਦੇਣ ਦਾ ਮੌਕਾ ਪ੍ਰਦਾਨ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਜੂਨ ਵਿੱਚ ਰੀਯੂਨਾਇਟ ਫੈਮਲੀਜ਼ ਯੂ ਕੇ ਨਾਮ ਦੀ ਸੰਸਥਾ ਵੱਲੋਂ ਹਾਈਕੋਰਟ ਵਿੱਚ ਚਣੌਤੀ ਦਿੱਤੀ ਸੀ। ਮੁਹਿੰਮ ਦੇ ਕਾਰਜਕਾਰੀ ਨਿਰਦੇਸ਼ਨ ਕੈਰੋਲੀਨ ਕੋਮਬਸ ਨੇ ਕਿਹਾ ਕਿ ਸਾਡਾ ਉਦੇਸ਼ ਉਕਤ ਨੀਤੀ ਨੂੰ ਮੁੱਢੋਂ ਰੱਦ ਕਰਵਾਉਣਾ ਹੈ। ਜੋ ਪ੍ਰੀਵਾਰਾਂ ਨੂੰ ਇੱਕ ਦੂਜੇ ਤੋਂ ਦੂਰ ਰੱਖਦੀ ਹੈ।

# ਬਲਿਊ ਸਟਾਰ 'ਤੇ ਚੰਨੀ ਦੀ 'ਗਲਤ' ਟਿੱਪਣੀ ਬਾਰੇ ਕਾਂਗਰਸ ਦੀ ਚੁੱਪੀ ਕਿਉਂ ? ਦੁਚਿੱਤੀ ਵਿਚ ਕਿਉਂ ?

## ਨਿਊਜ ਵਿਸ਼ਲੇਸ਼ਣ

ਜਲੰਧਰ ਤੋਂ ਆਈ ਪੀ ਸਿੰਘ
ਸੀਨੀਅਰ ਪੱਤਰਕਾਰ



ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਇਹ ਕਹਿ ਕੇ ਆਪਣੀ ਪਾਰਟੀ ਨੂੰ ਨਵੀਂ ਲਾਈਨ ਦਿੱਤੀ ਹੈ ਕਿ ਘਲੂਘਾਰਾ 84 ਦਰਬਾਰ ਸਾਹਿਬ 'ਤੇ ਹਮਲਾ 'ਗਲਤ' ਸੀ ਅਤੇ ਕਾਂਗਰਸ ਨੇ ਇਸ ਬਾਰੇ ਮੁਆਫੀ ਮੰਗ ਲਈ ਸੀ।

ਹਾਲਾਂਕਿ, ਕਾਂਗਰਸ ਵਿੱਚ ਕਿਸੇ ਨੇ ਵੀ ਚੰਨੀ ਦੇ ਬਿਆਨ ਅਤੇ ਉਨ੍ਹਾਂ ਵੱਲੋਂ ਲਏ ਗਏ ਸਟੈਂਡ ਦਾ ਸਮਰਥਨ ਜਾਂ ਖੰਡਨ ਨਹੀਂ ਕੀਤਾ, ਜਦੋਂ ਕਿ ਅਸਲੀਅਤ ਇਹ ਹੈ ਕਿ ਕਾਂਗਰਸ ਨੇ ਕਦੇ ਵੀ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਲਈ ਮੁਆਫੀ ਨਹੀਂ ਮੰਗੀ, ਜਦਕਿ ਕਾਂਗਰਸ ਸਿੱਖਾਂ ਨਾਲ ਸਾਂਝ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਬਾਕੀ ਪਾਰਟੀ ਦੀ ਇਸ ਮੁੱਦੇ 'ਤੇ ਚੁੱਪੀ ਨਾ ਸਿਰਫ਼ ਕਾਂਗਰਸ ਦੀ ਅਸਪਸ਼ਟਤਾ ਨੂੰ ਉਜਾਗਰ ਕਰਦੀ ਹੈ, ਸਗੋਂ ਇਸ ਦੀ ਦੁਚਿੱਤੀ ਨੂੰ ਵੀ ਉਜਾਗਰ ਕਰਦੀ ਹੈ। ਲੰਮੇ ਸਮੇਂ ਤੋਂ ਕਾਂਗਰਸੀ ਆਗੂਆਂ ਨੇ ਇਸ ਵਿਸ਼ੇ ਬਾਰੇ ਟਾਲਣ ਨੂੰ ਤਰਜੀਹ ਦਿੱਤੀ ਹੈ। ਉਨ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 'ਤੇ ਬੋਲਣ ਤੋਂ ਵੀ ਗੁਰੇਜ਼ ਕੀਤਾ ਹੈ।



ਬੀਤੇ ਦਿਨੀਂ ਦਿੱਲੀ ਸਥਿਤ ਕਾਂਗਰਸ ਹੈੱਡਕੁਆਰਟਰ ਵਿਖੇ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਹੋਈ। ਉਨ੍ਹਾਂ ਨੇ ਰਾਹੁਲ ਗਾਂਧੀ ਦੀ ਅਮਰੀਕਾ ਫੇਰੀ ਦੌਰਾਨ ਸਿੱਖਾਂ ਬਾਰੇ ਕੀਤੀਆਂ ਟਿੱਪਣੀਆਂ ਦਾ ਸਮਰਥਨ ਕੀਤਾ।

ਇੱਕ ਸਵਾਲ ਦੇ ਜਵਾਬ ਵਿੱਚ ਚੰਨੀ ਨੇ ਵਾਰ-ਵਾਰ ਘਲੂਘਾਰਾ 84 ਨੂੰ ਦਰਬਾਰ ਸਾਹਿਬ 'ਤੇ ਇੱਕ "ਹਮਲਾ" ਕਿਹਾ ਅਤੇ ਇਸਨੂੰ "ਗਲਤ" ਕਿਹਾ। ਉਸਨੇ "ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਲਈ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਦਬਾਅ ਪਾਉਣ ਲਈ" ਇਸ ਮੁੱਦੇ 'ਤੇ ਭਾਜਪਾ ਨੂੰ ਘੇਰਿਆ ਕਿ ਉਸਦੇ ਦਬਾਅ ਕਾਰਣ ਇਹ ਫੌਜੀ ਹਮਲਾ ਹੋਇਆ ਹੈ। ਉਹ ਫੌਜੀ ਹਮਲਾ ਕਰਵਾਉਣ ਲਈ ਕਾਹਲੀ ਸੀ।

ਉਸਨੇ ਦਾਅਵਾ ਕੀਤਾ ਕਿ ਕਾਂਗਰਸ ਨੇ "ਹਮਲੇ" ਅਤੇ (ਨਵੰਬਰ 1984) "ਕਤਲੇਆਮ" ਲਈ ਮੁਆਫੀ ਮੰਗੀ ਸੀ।

ਜਦ ਕਿ ਕਾਂਗਰਸ ਨੇ ਕਦੇ ਵੀ ਦਰਬਾਰ ਸਾਹਿਬ 'ਤੇ ਹਮਲੇ ਲਈ ਮੁਆਫੀ ਨਹੀਂ ਮੰਗੀ।

ਚੰਨੀ ਨੇ ਕਿਹਾ ਕਿ ਕਤਲੇਆਮ ਬਾਰੇ ਨਾਨਾਵਤੀ ਕਮਿਸ਼ਨ ਦੁਆਰਾ ਦੋਸ਼ੀ ਕਾਂਗਰਸੀ ਨੇਤਾਵਾਂ ਦੇ ਨਾਮ ਲਏ ਜਾਣ ਤੋਂ ਬਾਅਦ, 2005 ਵਿੱਚ ਸੰਸਦ ਵਿੱਚ ਮੁਆਫੀ ਮੰਗਣ ਦੀ ਜ਼ਿੰਮੇਵਾਰੀ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ 'ਤੇ ਛੱਡ ਦਿੱਤੀ ਗਈ ਸੀ। ਕਤਲੇਆਮ ਲਈ ਕਾਂਗਰਸੀ ਆਗੂਆਂ ਦੀ ਇੰਦਰਾ ਗਾਂਧੀ ਦੀ ਹੱਤਿਆ ਨੂੰ "ਮਹਾਨ ਰਾਸ਼ਟਰੀ ਦੁਖਾਂਤ" ਕਹਿਣ ਤੋਂ ਬਾਅਦ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ "ਅੱਗੇ ਜੋ ਹੋਇਆ ਉਹ ਬਰਾਬਰ ਸ਼ਰਮਨਾਕ ਸੀ"।

ਉਨ੍ਹਾਂ ਕਿਹਾ, "ਮੈਨੂੰ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਵਿੱਚ ਕੋਈ ਝਿਜਕ ਨਹੀਂ ਹੈ। ਮੈਂ ਸਿਰਫ਼ ਸਿੱਖ ਕੌਮ ਤੋਂ ਹੀ ਨਹੀਂ, ਸਗੋਂ ਪੂਰੀ ਭਾਰਤੀ ਕੌਮ ਤੋਂ ਮੁਆਫ਼ੀ ਮੰਗਦਾ ਹਾਂ ਕਿਉਂਕਿ 1984 ਵਿੱਚ ਜੋ ਵਾਪਰਿਆ, ਉਹ ਸਾਡੇ ਸੰਵਿਧਾਨ ਵਿੱਚ ਦਰਜ ਰਾਸ਼ਟਰਵਾਦ ਦੇ ਸੰਕਲਪ ਦਾ ਖੰਡਨ ਹੈ।"

ਕਾਂਗਰਸ ਦੇ ਪੱਖ ਵਿਚ ਕੈਪਟਨ ਅਮਰਿੰਦਰ ਸਿੰਘ ਵੀ ਸਨ, ਜੋ ਫੌਜ ਦੀ ਕਾਰਵਾਈ 'ਤੇ ਆਪਣੇ ਸਟੈਂਡ 'ਤੇ ਇਕਸਾਰ ਰਹੇ ਸਨ ਅਤੇ ਫੌਜ ਦੀ ਕਾਰਵਾਈ ਦੇ ਵਿਰੋਧ ਵਿਚ ਕਾਂਗਰਸ ਅਤੇ ਲੋਕ ਸਭਾ ਤੋਂ ਸੰਸਦ ਮੈਂਬਰ ਵਜੋਂ ਅਸਤੀਫਾ ਵੀ ਦਿਤਾ ਸੀ । ਹਾਲਾਂਕਿ ਉਹ 1990 ਦੇ ਦਹਾਕੇ ਦੇ ਅਖੀਰ ਵਿੱਚ ਕਾਂਗਰਸ ਵਿੱਚ ਵਾਪਸ ਆਏ ਸਨ, ਪਰ ਉਸਨੇ ਕਦੇ ਵੀ ਆਪਣਾ ਰੁਖ ਨਹੀਂ ਬਦਲਿਆ। ਹੋਰ ਕਾਂਗਰਸੀ ਆਗੂ ਇਸ ਸਵਾਲ ਨੂੰ ਟਾਲ ਰਹੇ ਹਨ ਅਤੇ ਜਨਤਕ ਤੌਰ 'ਤੇ ਕੁਝ ਵੀ ਕਹਿਣ ਤੋਂ ਗੁਰੇਜ਼ ਕਰ ਰਹੇ ਹਨ।

ਵਿਦਵਾਨ ਲੇਖਕ ਟਾਈਮਜ ਆਫ ਇੰਡੀਆ ਦੇ ਸੀਨੀਅਰ ਪੱਤਰਕਾਰ ਹਨ

# ਕੇਂਦਰੀ ਜੇਲ੍ਹ ਫਿਰੋਜ਼ਪੁਰ ਕੈਦੀਆਂ ਵਿਚਾਲੇ ਲੜਾਈ

### ✪ ਸੂਏ ਨਾਲ ਕੀਤੇ ਵਾਰ; ਸੁਰੱਖਿਆ ਵਿਵਸਥਾ 'ਤੇ ਉੱਠੇ ਸਵਾਲ ✪ ਜੇਲ੍ਹ ਵਿਚੋਂ ਮਿਲ ਰਹੇ ਨੇ ਮੋਬਾਈਲ ਤੇ ਨਸ਼ੇ





ਫਿਰੋਜ਼ਪੁਰ-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਐਤਵਾਰ ਨੂੰ ਕੈਦੀਆਂ ਦੇ ਦੋ ਧੜੇ ਭਿੜ ਪਏ। ਝਗੜੇ ਵਿਚ ਇਕ ਕੈਦੀ ਨੂੰ ਸੂਏ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਜਿਸ ਨੂੰ ਇਲਾਜ ਲਈ ਫਿਰੋਜ਼ਪੁਰ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਹਾਲੇ ਤੱਕ ਜੇਲ੍ਹ 'ਚੋਂ ਮੋਬਾਈਲ ਤੇ ਨਸ਼ੇ ਮਿਲ ਰਹੇ ਸਨ ਪਰ ਹੁਣ ਕੈਦੀਆਂ ਕੋਲ ਸੂਆ ਪੁੱਜਣ ਨਾਲ ਜੇਲ੍ਹ ਪ੍ਰਸ਼ਾਸਨ ਦੇ ਸੁਰੱਖਿਆ ਇੰਤਜ਼ਾਮਾਂ 'ਤੇ ਸਵਾਲ ਖੜ੍ਹੇ ਹੋ ਗਏ ਹਨ। ਦੱਸਣਯੋਗ ਹੈ ਕਿ ਜੇਲ੍ਹ ਵਿਚ ਪਿਛਲੇ ਦੋ ਮਹੀਨਿਆਂ ਦੌਰਾਨ ਝਗੜੇ ਦਾ ਇਕ ਚੌਥਾ ਮਾਮਲਾ ਹੈ।

ਜਾਣਕਾਰੀ ਅਨੁਸਾਰ ਫਿਰੋਜ਼ਪੁਰ ਦੇ ਪਿੰਡ ਰੁਕਨੇਵਾਲਾ ਵਾਸੀ ਪਰਮਜੀਤ ਸਿੰਘ ਉਰਫ ਪੰਮਾ ਕੇਂਦਰੀ ਜੇਲ੍ਹ ਵਿਚ ਐੱਨਡੀਪੀਸੀਐੱਸ ਦੇ ਮਾਮਲੇ ਵਿਚ ਸਜ਼ਾ ਕੱਟ ਰਿਹਾ ਹੈ। ਦੁਪਹਿਰ ਸਮੇਂ ਉਸ ਦਾ ਕੈਦੀਆਂ ਦੇ ਦੂਜੇ ਧੜੇ ਨਾਲ ਝਗੜਾ ਹੋ ਗਿਆ। ਦੇਖਦੇ ਹੀ ਦੇਖਦੇ ਇਕ ਧੜੇ ਦੇ ਕੈਦੀਆਂ ਨੇ ਪਰਮਜੀਤ ਸਿੰਘ 'ਤੇ ਬਰਫ ਤੋੜਨ ਵਾਲੇ ਸੂਏ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ ਤੇ ਪੰਮਾ ਲਹੂ-ਲੁਹਾਨ ਹੋ ਗਿਆ। ਕਾਫੀ ਮੁਸ਼ਕਲ ਨਾਲ ਜੇਲ੍ਹ ਦੇ ਸੁਰੱਖਿਆ ਅਮਲੇ ਨੇ ਪਰਮਜੀਤ ਸਿੰਘ ਨੂੰ ਹਮਲਾਵਰਾਂ ਤੋਂ ਛੁਡਵਾਇਆ। ਬਾਅਦ ਵਿਚ ਜੇਲ੍ਹ ਪ੍ਰਸ਼ਾਸਨ ਜ਼ਖ਼ਮੀ ਕੈਦੀ ਨੂੰ ਲੈ ਕੇ ਸਿਵਲ ਹਸਪਤਾਲ ਪੁੱਜਾ ਜਿਥੇ ਉਸ ਦਾ ਇਲਾਜ ਸ਼ੁਰੂ ਕੀਤਾ ਗਿਆ।

ਹਸਪਤਾਲ ਪੱਜੇ ਜ਼ਖ਼ਮੀ ਕੈਦੀ ਦੇ ਪਰਿਵਾਰਕ ਮੈਂਬਰਾਂ ਨੇ ਜੇਲ੍ਹ ਦੀ ਸੁਰੱਖਿਆ ਵਿਵਸਥਾ 'ਤੇ ਸਵਾਲ ਖੜ੍ਹੇ ਹਨ। ਉਨ੍ਹਾਂ ਦੱਸਿਆ ਕਿ ਪਰਮਜੀਤ ਦੀ ਜੇਲ੍ਹ ਵਿਚ ਬੰਦ ਕੁਝ ਲੋਕਾਂ ਨਾਲ ਰੰਜਿਸ਼ ਚੱਲ ਰਹੀ ਸੀ ਜਿਸ ਕਾਰਨ ਉਨ੍ਹਾਂ ਨੇ ਹਮਲਾ ਕੀਤਾ ਹੈ।

-ਮਾਮਲਾ ਸਾਧ ਸਿਉੜਾ ਦੇ ਡੇਰੇ ਉਪਰ ਸਿਖ ਪਰੰਪਰਾ ਦੀ ਉਲੰਘਣਾ ਕਰਨ ਦਾ-

# ਅਕਾਲ ਤਖਤ ਵਿਖੇ ਚੰਦੂਮਾਜਰਾ, ਪ੍ਰਨੀਤ ਕੌਰ, ਰੱਖੜਾ ਤੇ ਮਲਵਿੰਦਰ ਸਿੰਘ ਦੀ ਸ਼ਿਕਾਇਤ ਪੁੱਜੀ



ਅੰਮ੍ਰਿਤਸਰ-ਸਿੱਖ ਆਗੂ ਗੁਰਜੀਤ ਸਿੰਘ ਨੇ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਜਥੇਦਾਰ ਰਘਬੀਰ ਸਿੰਘ ਨੂੰ ਦਿੱਤੇ ਮੰਗ ਪੱਤਰ ਵਿਚ ਸਾਬਕਾ ਅਕਾਲੀ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧਰਮ ਪਤਨੀ ਪ੍ਰਨੀਤ ਕੌਰ, ਆਪ ਦੇ ਬੁਲਾਰੇ ਮਲਵਿੰਦਰ ਸਿੰਘ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਜ਼ਿੰਮੇਵਾਰ ਦਸਦਿਆ ਸ੍ਰੀ ਅਕਾਲ ਤਖਤ ਵਿਖੇ ਤਲਬ ਕਰਨ ਦੀ ਮੰਗ ਕੀਤੀ ਹੈ।

ਗੁਰਜੀਤ ਸਿੰਘ ਨੇ ਮੰਗ ਪੱਤਰ ਵਿਚ ਕਿਹਾ ਹੈ ਕਿ ਸਾਲ 2008 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300ਵੇਂ ਗੁਰਗੱਦੀ ਦਿਵਸ ਸ਼ਤਾਬਦੀ ਮੌਕੇ ਉਪਰੋਕਤ ਸਾਰੇ ਆਗੂਆਂ ਨੇ ਡੇਰਾ ਬਲਵੰਤ ਸਿੰਘ ਸਿਓੜਾ ਵਿਖੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਰੋਕਿਆ ਹੀ ਨਹੀਂ। ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤਿਲਕ ਲਗਾ ਕੇ ਡੇਰੇਦਾਰ ਦੇ ਕਹਿਣ 'ਤੇ ਸਿੱਖ ਧਾਰਮਿਕ ਮਰਿਆਦਾ ਦੀ ਵੀ ਘੋਰ ਉਲੰਘਣਾ ਕੀਤੀ ਸੀ। ਉਸ ਸਮੇਂ ਵੀ ਸਿੰਘ ਸਾਹਿਬਾਨ ਨੂੰ ਉਸ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਸੀ ਪਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਇਸ ਬਾਰੇ ਕਾਰਵਾਈ ਕੀਤੀ ਜਾਵੇ।

# ਟਰੰਪ ਵੱਲੋਂ ਹੈਤੀ ਪ੍ਰਵਾਸੀਆਂ ਬਾਰੇ ਟਿੱਪਣੀ ਤੋਂ ਬਾਅਦ ਡਰ ਮਹਿਸੂਸ ਕਰ ਰਿਹਾ ਹੈ ਹੈਤੀਅਨ ਭਾਈਚਾਰਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਵੱਲੋਂ ਹੈਤੀ ਲੋਕਾਂ ਬਾਰੇ ਕੀਤੀ ਟਿਪਣੀ ਤੋਂ ਬਾਅਦ ਸਪਿਰੰਗਫੀਲਡ, ਓਹੀਓ ਵਿਚ ਵੱਸਦਾ ਹੈਤੀਅਨ ਭਾਈਚਾਰਾ ਡਰ ਤੇ ਸਹਿਮ ਦੇ ਮਹੌਲ ਵਿਚ ਰਹਿ ਰਿਹਾ ਹੈ ਜਦ ਕਿ ਹੈਤੀ ਪ੍ਰਵਾਸੀਆਂ ਨੂੰ ਲੈ ਕੇ ਸਪਰਿੰਗਫੀਲਡ ਰਾਸ਼ਟਰੀ ਪੱਧਰ 'ਤੇ ਬਹਿਸ ਦਾ ਕੇਂਦਰ ਬਣ ਗਿਆ ਹੈ।



ਹੈਤੀਅਨ ਟਾਈਮਜ਼ ਤੇ ਹੈਤੀਅਨ ਕਮਿਊਨਿਟੀ ਹੈਲਪ ਐਂਡ ਸਪੋਰਟ ਸੈਂਟਰ ਵੱਲੋਂ ਸਮਾਜਿਕ ਕਾਰਕੁੰਨਾਂ, ਪੱਤਰਕਾਰਾਂ ਤੇ ਹੈਤੀਅਨ ਪ੍ਰਵਾਸੀਆਂ ਨਾਲ ਵਿਚਾਰ ਵਟਾਂਦਰੇ ਲਈ ਇਕ ਪ੍ਰੋਗਰਾਮ ਅਯੋਜਿਤ ਕੀਤਾ ਗਿਆ ਤਾਂ ਜੋ ਆਨ ਲਾਈਨ ਹੈਤੀ ਲੋਕਾਂ ਬਾਰੇ ਬਿਨਾਂ ਕਿਸੇ ਸਬੂਤ ਦੇ ਕੀਤੇ ਜਾ ਰਹੇ ਦਾਅਵਿਆਂ ਦਾ ਜਵਾਬ ਦਿੱਤਾ ਜਾ ਸਕੇ। ਮੈਕੋਲਵੀ ਨੀਲ ਕਾਰਜਕਾਰੀ ਐਡੀਟਰ ਹੈਤੀਅਨ ਟਾਈਮਜ਼ ਨੇ ਕਿਹਾ ਹੈ ਕਿ ਪਹਿਲਾਂ ਸਪਰਿੰਗਫੀਲਡ ਵਿਚ ਖੁਲਾ ਸਮਾਗਮ ਅਯੋਜਿਤ ਕਰਨ ਦੀ ਯੋਜਨਾ ਸੀ ਪਰੰਤੂ ਸੁਰੱਖਿਆ ਦੇ ਮੱਦੇਨਜਰ ਵਰਚੂਅਲ ਵਿਚਾਰ ਵਟਾਂਦਰਾ ਕਰਨ ਦਾ ਫੈਸਲਾ ਕੀਤਾ ਗਿਆ। ਇਥੇ ਜਿਕਰਯੋਗ ਹੈ ਕਿ ਬੰਬ ਨਾਲ ਉਡਾ ਦੇਣ ਦੀਆਂ ਧਮਕੀਆਂ ਤੋਂ ਬਾਅਦ ਪਿਛਲੇ ਹਫਤੇ ਸਪਰਿੰਗਫੀਲਡ ਸਿਟੀ ਹਾਲ ਤੇ 2 ਐਲੀਮੈਂਟਰੀ ਸਕਲਾਂ ਨੂੰ ਖਾਲੀ ਕਰਵਾਉਣਾ ਪਿਆ ਸੀ ਤੇ ਬੀਤੇ ਦਿਨ ਫਿਰ ਮਿਲੀਆਂ ਧਮਕੀਆਂ ਉਪਰੰਤ ਦੋ ਹਸਪਤਾਲਾਂ ਨੂੰ ਬੰਦ ਕਰਨਾ ਪਿਆ ਸੀ।

ਸਪਰਿੰਗਫੀਲਡ ਸ਼ਹਿਰ ਉਸ ਵੇਲੇ ਰਾਸ਼ਟਰੀ ਪੱਧਰ 'ਤੇ ਬਹਿਸ ਦਾ ਕੇਂਦਰ ਬਣ ਗਿਆ ਸੀ ਜਦੋਂ ਡੋਨਡਲ ਟਰੰਪ ਨੇ ਦਾਅਵਾ ਕੀਤਾ ਸੀ ਕਿ ਹੈਤੀਅਨ ਪ੍ਰਵਾਸੀ ਇਥੇ ਵੱਸਦੇ ਸਥਾਨਕ ਹੋਰ ਲੋਕਾਂ ਦੇ ਪਾਲਤੂ ਕੁੱਤੇ ਤੇ ਬਿੱਲੀਆਂ ਖਾ ਰਹੇ ਹਨ। ਉਨਾਂ ਕਿਹਾ ਸਾਡੇ ਦੇਸ਼ ਵਿਚ ਇਹ ਕੀ ਹੋ ਰਿਹਾ ਹੈ, ਇਹ ਬਹੁਤ ਸ਼ਰਮਨਾਕ ਹੈ। ਬੰਬ ਨਾਲ ਉਡਾ ਦੇਣ ਦੀਆਂ ਧਮਕੀਆਂ ਬਾਰੇ ਟਰੰਪ ਨੇ ਕਿਹਾ ਕਿ ਇਹ ਗੈਰਕਾਨੂੰਨੀ ਪ੍ਰਵਾਸੀਆਂ ਦਾ ਕੰਮ ਹੈ। ਹੈਤੀਅਨ ਪ੍ਰਵਾਸੀਆਂ ਦਾ ਕਹਿਣਾ ਹੈ ਕਿ ਉਹ ਇਥੇ ਕਈ ਸਾਲਾਂ ਤੋਂ ਰਹਿ ਰਹੇ ਹਨ ਤੇ ਜਾਇਦਾਦਾਂ ਦੇ ਮਾਲਕ ਹਨ। ਉਨਾਂ ਵਿਰੁੱਧ ਨਫਰਤ ਫੈਲਾਈ ਜਾ ਰਹੀ ਹੈ। ਹੈਤੀਅਨ ਪ੍ਰਵਾਸੀ ਇਮਸ ਡੈਨਿਸ ਨੇ ਕਿਹਾ ਕਿ ਹੈਤੀਅਨ ਇਥੇ ਸੁਰੱਖਿਅਤ ਨਹੀਂ ਹਨ ਤੇ ਉਹ ਘਰੋਂ ਬਾਹਰ ਨਿਕਲਣ ਤੋਂ ਡਰਦੇ ਹਨ। ਉਸ ਨੇ ਕਿਹਾ ਪਹਿਲਾਂ ਮੈ ਆਪਣੇ ਬੱਚੇ ਪਾਰਕ ਲੈ ਕੇ ਜਾਂਦਾ ਸੀ ਪਰੰਤੂ ਹੁਣ ਅਜਿਹਾ ਨਹੀਂ ਹੈ ਤੇ ਅਸੀਂ ਘਰ ਵਿਚ ਹੀ ਰਹਿੰਦੇ ਹਾਂ। ਪਹਿਲਾਂ ਬਿਨਾਂ ਡਰ ਸੈਰ ਕਰਦੇ ਸੀ ਪਰੰਤੂ ਹੁਣ ਇਹ ਸਭ ਬੰਦ ਹੈ। ਉਸ ਨੇ ਕਿਹਾ ਮੇਰੀ ਪਤਨੀ ਸ਼ਹਿਰ ਛੱਡ ਕੇ ਹੋਰ ਕਿਤੇ ਜਾਣਾ ਚਹੁੰਦੀ ਹੈ। ਅਜਿਹੀਆਂ ਹੀ ਭਾਵਨਾਵਾਂ ਹੋਰ ਹੈਤੀ ਪ੍ਰਵਾਸੀਆਂ ਨੇ ਪ੍ਰਗਟਾਈਆਂ ਹਨ। ਇਸੇ ਦੌਰਾਨ ਕੋਲੰਬਸ ਵਿਚ ਰਹਿੰਦੀ ਹੈਤੀਅਨ ਸਮਾਜ ਸੇਵਿਕਾ ਸੋਫੀਆ ਪੀਰਾਲੁਸ ਨੇ ਸਪਰਿੰਗਫੀਲਡ ਵਾਸੀਆਂ ਨੂੰ ਕਿਹਾ ਹੈ ਕਿ ਉਹ ਆਪਣੀ ਮਾਨਸਿਕ ਸਿਹਤ ਦਾ ਖਿਆਲ ਰੱਖਣ ਤੇ ਖਾਸ ਕਰਕੇ ਸਕੂਲ ਜਾਂਦੇ ਆਪਣੇ ਬੱਚਿਆਂ ਬਾਰੇ ਅੱਖਾਂ ਖੋਲ ਕੇ ਰਖਣ ਕਿਉਂਕਿ ਸਕੂਲਾਂ ਵਿਚ ਉਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ ਹੈ।

# ਅਮਰੀਕਾ ਵਿਚ ਇਸਰਾਈਲ ਪਖੀ ਰੈਲੀ ਦੌਰਾਨ ਚੱਲੀ ਗੋਲੀ, ਇਕ ਜ਼ਖਮੀ ਤੇ ਇਕ ਗ੍ਰਿਫਤਾਰ

## ✪ ਮੇਅਰ ਵੱਲੋਂ ਸ਼ਾਤੀ ਬਣਾਈ ਰੱਖਣ ਦੀ ਅਪੀਲ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮਾਸਾਚੂਸੈਟਸ ਰਾਜ ਵਿਚ ਨਿਊਟੋਨ ਵਿਖੇ ਇਕ ਇਸਰਾਈਲ ਪਖੀ ਰੈਲੀ ਦੌਰਾਨ ਗੋਲੀ ਚੱਲ ਜਾਣ ਦੀ ਖਬਰ ਹੈ ਜਿਸ ਵਿਚ ਇਕ ਵਿਅਕਤੀ ਜ਼ਖਮੀ ਹੋ ਗਿਆ ਹੈ। ਇਸ ਮਾਮਲੇ ਵਿਚ ਇਕ ਪ੍ਰਦਰਸ਼ਨਕਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮਿਡਲਸੈਕਸ ਡਿਸਟ੍ਰਿਕਟ ਅਟਾਰਨੀ ਮਾਰੀਅਨ ਰੀਆਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਰੈਲੀ ਵਿਚ ਝਗੜਾ ਉਸ ਸਮੇ ਸ਼ੁਰੂ ਹੋਇਆ ਜਦੋਂ ਪ੍ਰਦਰਸ਼ਨਕਾਰੀਆਂ ਉਪਰ ਇਕ ਵਿਅਕਤੀ ਨੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਰੈਲੀ ਵਿਚ ਸ਼ਾਮਿਲ ਲੋਕਾਂ ਨੇ ਵੀ ਟਿੱਪਣੀਆਂ ਦਾ ਮੋੜਵਾਂ ਜਵਾਬ ਦਿੱਤਾ। ਉਸ ਵਿਅਕਤੀ ਨੇ ਸੜਕ ਪਾਰ ਕਰਕੇ ਰੈਲੀ ਵਿਚ ਸ਼ਾਮਿਲ ਇਕ ਪ੍ਰਦਰਸ਼ਨਕਾਰੀ 'ਤੇ ਹਮਲਾ ਕਰ ਦਿੱਤਾ। ਹੱਥੋਪਾਈ ਦੌਰਾਨ ਰੈਲੀ ਵਿਚ ਸ਼ਾਮਿਲ ਇਕ ਪ੍ਰਦਰਸ਼ਨਕਾਰੀ ਨੇ ਉਸ ਵਿਅਕਤੀ ਉਪਰ ਗੋਲੀ ਚਲਾ ਦਿੱਤੀ ਜਿਸ ਨਾਲ ਉਹ ਜ਼ਖਮੀ ਹੋ ਗਿਆ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਜ਼ਖਮੀ ਹੋਏ ਵਿਅਕਤੀ ਦੀ ਉਮਰ 31 ਸਾਲ ਹੈ ਤੇ ਉਸ ਨੂੰ ਇਲਾਜ਼ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਹੈ। ਜਾਂਚਕਾਰਾਂ ਅਨੁਸਾਰ ਗੋਲੀ ਚਲਾਉਣ ਵਾਲੇ ਪ੍ਰਦਰਸ਼ਨਕਾਰੀ ਦੀ ਪਛਾਣ ਸਕਾਟ ਹੇਅਜ (41) ਵਜੋਂ ਹੋਈ ਹੈ ਜੋ ਫਰਾਮਿੰਘਮ ਦਾ ਰਹਿਣਾ ਵਾਲਾ ਹੈ। ਪ੍ਰਾਸੀਕਿਊਟਰ ਦੇ ਦਫਤਰ ਅਨੁਸਾਰ ਹੇਅਜ ਨੇ ਆਪਣੀ ਗੰਨ ਤੋਂ ਗੋਲੀ ਚਲਾਈ ਹੈ ਜਿਸ ਗੰਨ ਦਾ ਉਹ ਕਾਨੂੰਨੀ ਤੌਰ 'ਤੇ ਮਾਲਕ ਹੈ। ਹੇਅਜ ਨੂੰ ਗਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਖਤਰਨਾਕ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਦਾ ਗੰਨ ਲਾਇਸੰਸ ਵੀ ਮੁਲਤਵੀ ਕਰ ਦਿੱਤਾ ਗਿਆ ਹੈ। ਉਸ ਨੇ ਅਦਾਲਤ ਵਿਚ ਅਪੀਲ ਦਾਇਰ ਕੀਤੀ ਹੈ ਕਿ ਉਹ ਦੋਸ਼ੀ ਨਹੀਂ ਹੈ।



*ਨਿਊਟੋਨ ਵਿਚ ਗੋਲੀ ਚੱਲਣ ਉਪਰੰਤ ਸੁੰਨਸਾਨ ਨਜਰ ਆ ਰਿਹਾ ਰੈਲੀ ਵਾਲਾ ਸਥਾਨ।*

ਨਿਊਟੋਨ ਪੁਲਿਸ ਮੁੱਖੀ ਜਾਰਜ ਮੈਕਮੇਨਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਘਟਨਾ ਸਬੰਧੀ ਵੀਡੀਓ ਜਾਂ ਹੋਰ ਜਾਣਕਾਰੀ ਦੇਣ ਤਾਂ ਜੋ ਜਾਂਚਕਾਰ ਗੋਲੀ ਚੱਲਣ ਦੇ ਅਸਲ ਕਾਰਨ ਦਾ ਪਤਾ ਲਾ ਸਕਣ। ਮੇਅਰ ਰੂਥਾਨੇ ਫੂਲਰ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਉਹ ਸ਼ਾਂਤੀ ਬਣਾਈ ਰਖਣ।

### -ਮਾਮਲਾ ਦਫਤਰ ਵਿਚ ਅਣਉਚਿੱਤ ਸਬੰਧ ਬਣਾਉਣ ਦਾ -

# ਭਾਰਤੀ ਅਮਰੀਕੀ ਵਕੀਲ ਤੇ ਮੁੱਖ ਕਾਨੂੰਨੀ ਅਫਸਰ ਨੂੰ ਅਹੁੱਦੇ ਤੋਂ ਹਟਾਇਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਅਮਰੀਕੀ ਵਕੀਲ ਤੇ ਨਾਰਫੋਲਕ ਸਾਊਦਰਨ ਕਾਰਪੋਰੇਸ਼ਨ ਦੇ ਚੀਫ ਲੀਗਲ ਅਫਸਰ ਨਾਬਨਿਤਾ ਚਟਰਜੀ ਨਾਗ ਨੂੰ ਕੰਮ ਵਾਲੇ ਸਥਾਨ 'ਤੇ ਸੀ ਈ ਓ ਐਲਨ ਸ਼ਾਅ ਨਾਲ ਅਣਉਚਿੱਤ ਸਬੰਧ ਬਣਾਉਣ ਦੇ ਮਾਮਲੇ ਦੀ ਜਾਂਚ ਉਪਰੰਤ ਅਹੁੱਦੇ ਤੋਂ ਫਾਰਗ ਕਰ ਦਿੱਤਾ ਗਿਆ ਹੈ। ਸ਼ਾਅ ਨੂੰ ਵੀ ਜਾਂਚ ਉਪਰੰਤ ਅਹੁੱਦੇ ਤੋਂ ਹਟਾ ਦਿੱਤਾ ਗਿਆ ਸੀ। ਜਾਂਚ ਅਨੁਸਾਰ ਸ਼ਾਅ ਨੇ ਦਫਤਰ ਵਿਚ ਅਣਉਚਿੱਤ ਸਬੰਧ ਬਣਾ ਕੇ ਕੰਪਨੀ ਦੀਆਂ ਨੀਤੀਆਂ ਤੇ ਨੈਤਿਕਤਾ ਕੋਡ ਦੀ ਉਲੰਘਣਾ ਕੀਤੀ ਹੈ। ਨਾਰਫੋਲਕ ਸਾਊਦਰਨ ਕਾਰਪੋਰੇਸ਼ਨ ਨੇ ਜਾਰੀ ਇਕ ਬਿਆਨ ਵਿਚ ਸਪੱਸ਼ਟ ਕੀਤਾ ਹੈ ਕਿ ਹਾਲਾਂ ਕਿ ਸਬੰਧ ਆਪਸੀ ਸਹਿਮਤੀ ਨਾਲ ਬਣਾਏ ਗਏ ਹਨ ਪਰੰਤੂ ਨਾਗ ਤੇ ਸ਼ਾਅ ਨੇ ਅਜਿਹਾ ਕਰਕੇ ਕੰਪਨੀ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ। ਕੰਪਨੀ ਨੇ ਕਿਹਾ ਹੈ " ਮਾਮਲੇ ਦੀ ਹੋ ਰਹੀ ਜਾਂਚ ਦੌਰਾਨ ਮੁੱਢਲੇ ਤੌਰ 'ਤੇ ਇਹ ਗੱਲ ਸਪੱਸ਼ਟ ਹੋਈ ਹੈ ਕਿ ਸ਼ਾਅ ਨੇ ਕੰਪਨੀ ਦੇ ਚੀਫ ਲੀਗਲ ਅਫਸਰ ਨਾਲ ਸਹਿਮਤੀ ਨਾਲ ਸਬੰਧ ਬਣਾ ਕੇ ਕੰਪਨੀ ਦੀਆਂ ਨੀਤੀਆਂ ਦੀ ਉਲੰਘਣਾ ਕੀਤੀ ਹੈ। ਸ਼ਾਅ ਦੇ ਚਲੇ ਜਾਣ ਨਾਲ ਕੰਪਨੀ ਦੀ ਕਾਰਗੁਜਾਰੀ, ਵਿੱਤੀ ਵਿਵਸਥਾ ਜਾਂ ਕੰਮ ਕਾਰ 'ਤੇ ਕੋਈ ਅਸਰ ਨਹੀਂ ਪਵੇਗਾ।" ਨਾਗ ਨੇ 2020 ਵਿਚ ਨਾਰਫੋਲਕ ਸਾਊਦਰਨ ਕਾਰਪੋਰਸ਼ਨ ਵਿਚ ਜਨਰਲ ਕੌਂਸਲ ਵਜੋਂ ਅਹੁੱਦਾ ਸੰਭਾਲਿਆ ਸੀ। 2022 ਵਿਚ ਉਸ ਨੂੰ ਤਰੱਕੀ ਦੇ ਕੇ ਚੀਫ ਲੀਗਲ ਅਫਸਰ ਬਣਾ ਦਿੱਤਾ ਗਿਆ ਸੀ ਤੇ 2023 ਵਿਚ ਉਸ ਨੂੰ ਕਾਰਪੋਰੇਟ ਮਾਮਲਿਆਂ ਦੀ ਕਾਰਜਕਾਰੀ ਉੱਪ ਪ੍ਰਧਾਨ ਬਣਾ ਦਿੱਤਾ ਗਿਆ ਸੀ।

# ਅਮਰੀਕਾ ਦੇ ਡਲਾਸ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ 3 ਵਿਅਕਤੀ ਜ਼ਖਮੀ, ਸ਼ੱਕੀ ਫਰਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਟੈਕਸਾਸ ਰਾਜ ਦੇ ਡਲਾਸ ਸ਼ਹਿਰ ਦੇ ਹੇਠਲੇ ਹਿੱਸੇ ਵਿਚ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਗੋਲੀਆਂ ਵੱਜਣ ਕਾਰਨ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਅਨੁਸਾਰ ਸ਼ੱਕੀ ਫਰਾਰ ਹੋ ਗਿਆ ਹੈ ਜਿਸ ਦੀ ਭਾਲ ਕੀਤੀ ਜਾ ਰਹੀ ਹੈ। ਡਲਾਸ ਦੇ ਪੁਲਿਸ ਲੈਫਟੀਨੈਂਟ ਟਰਾਮੀਸ ਜੋਨਜ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਜ਼ਖਮੀਆਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੀ ਹਾਲਤ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਉਨਾਂ ਕਿਹਾ ਹੈ ਕਿ ਸ਼ੱਕੀ ਦੀ ਪਛਾਣ ਨਹੀਂ ਹੋ ਸਕੀ ਤੇ ਮਾਮਲਾ ਅਜੇ ਜਾਂਚ ਅਧੀਨ ਹੈ। ਉਨਾਂ ਕਿਹਾ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਦੁਪਹਿਰ 12.15 ਘਟਨਾ ਸਥਾਨ 'ਤੇ ਪੁੱਜੇ। ਪੁਲਿਸ ਨੇ ਘਟਨਾ ਸਬੰਧੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਕ ਸਥਾਨਕ ਵਾਸੀ ਅਨੁਸਾਰ ਗੋਲੀਬਾਰੀ ਟਾਵਰ ਦੀ 8 ਵੀਂ ਮੰਜਿਲ 'ਤੇ ਹੋਈ ਹੈ। ਜ਼ਖਮੀਆਂ ਵਿਚ ਡਲਾਸ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਦਾ ਇਕ ਵਿਦਿਆਰਥੀ ਵੀ ਸ਼ਾਮਿਲ ਹੈ।


## -ਮਾਮਲਾ ਦਿੱਲੀ ਸਿਖ ਕਤਲੇਆਮ ਵਿਚ ਤਿੰਨ ਸਿੱਖਾਂ ਦੀ ਹੱਤਿਆ ਦਾ-

# ਫੂਲਕਾ ਦੇ ਉਦਮ ਕਾਰਣ ਟਾਈਟਲਰ ਖ਼ਿਲਾਫ਼ ਹੱਤਿਆ ਦੇ ਦੋਸ਼ ਆਇਦ

### ਖਾਸ ਖਬਰ

ਸਿੱਖ ਕਤਲੇਆਮ ਦੇ 40 ਸਾਲਾਂ ਬਾਅਦ ਇਥੋਂ ਦੀ ਅਦਾਲਤ ਨੇ ਪੁਲ ਬੰਗਸ਼ ਇਲਾਕੇ ਵਿਚ ਤਿੰਨ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਟਾਈਟਲਰ ਵੱਲੋਂ ਦੋਸ਼ ਕਬੂਲ ਨਾ ਕੀਤੇ ਜਾਣ ਮਗਰੋਂ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਮੁਕੱਦਮਾ ਚਲਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਹੱਤਿਆ ਤੋਂ ਇਲਾਵਾ ਗ਼ੈਰਕਾਨੂੰਨੀ ਢੰਗ ਨਾਲ ਇਕੱਠੇ ਹੋਣ, ਹਿੰਸਾ, ਦੋ ਗੁੱਟਾਂ ਵਿਚ ਦੁਸ਼ਮਣੀ ਪੈਦਾ ਕਰਨ, ਘਰ ਅੰਦਰ ਜਬਰੀ ਦਾਖ਼ਲ ਹੋਣ ਅਤੇ ਡਾਕੇ ਦੇ ਦੋਸ਼ ਆਇਦ ਕਰਨ ਦੇ ਵੀ ਹੁਕਮ ਦਿੱਤੇ ਹਨ। ਜੱਜ ਨੇ 30 ਅਗਸਤ ਨੂੰ ਕਿਹਾ ਸੀ ਕਿ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਢੁੱਕਵੇਂ ਸਬੂਤ ਹਨ। ਸੀਬੀਆਈ ਨੇ ਪਿਛਲੇ ਸਾਲ 20 ਮਈ ਨੂੰ ਟਾਈਟਲਰ ਖ਼ਿਲਾਫ਼ ਚਾਰਸ਼ੀਟ ਦਾਖ਼ਲ ਕੀਤੀ ਸੀ। ਸੀਬੀਆਈ ਦੀ ਚਾਰਜਸ਼ੀਟ ਵਿਚ ਦੋਸ਼ ਲਾਇਆ ਗਿਆ ਹੈ ਕਿ ਟਾਈਟਲਰ ਨੇ ਪਹਿਲੀ ਨਵੰਬਰ, 1984 ਨੂੰ ਪੁਲ ਬੰਗਸ਼ ਗੁਰਦੁਆਰੇ ਦੇ ਬਾਹਰ ਭੀੜ ਨੂੰ ਭੜਕਾਇਆ ਸੀ

ਪੀੜ੍ਹਤਾਂ ਦੇ ਵਕੀਲ ਐੱਸ ਐੱਚ ਫੂਲਕਾ ਦੇ ਉਦਮ ਕਾਰਣ ਪੀੜਤਾਂ ਨੂੰ ਇਹ ਸਫਲਤਾ ਮਿਲੀ ਹੈ ਵਕੀਲ ਫੂਲਕਾ ਨੇ ਦੱਸਿਆ ਕਿ ਜਗਦੀਸ਼ ਟਾਈਟਲਰ ਨੂੰ ਚਾਰਜਸ਼ੀਟ ਦੀ ਕਾਪੀ ਦਿੱਤੀ ਗਈ ਸੀ ਅਤੇ ਉਸ ਨੇ ਇਲਜ਼ਾਮਾਂ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਹੁਣ ਇਹ ਕੇਸ ਗਵਾਹੀਆਂ ਲਈ ਜਾਵੇਗਾ, 3 ਅਕਤੂਬਰ ਨੂੰ ਪਹਿਲੀ ਗਵਾਹੀ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਦੀ ਹੋਵੇਗੀ। ਜਿਸ ਦੇ ਪਤੀ ਨੂੰ ਪੁਲਬੰਗਸ਼ ਵਿੱਚ 3 ਸਿੱਖਾਂ ਦੇ ਨਾਲ ਮਾਰਿਆ ਸੀ ਵਕੀਲ ਐੱਚ ਐੱਸ ਫੂਲਕਾ ਨੇ ਹੈਰਾਨੀ ਅਤੇ ਨਰਾਜ਼ਗੀ ਜਤਾਈ ਕਿ 40 ਸਾਲ ਪੁਲਬੰਗਸ਼ ਕੇਸ ਦੀ ਸੁਣਵਾਈ ਸ਼ੁਰੂ ਹੋਈ ਹੈ ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੋਈ ਪਾਵਰਫੁੱਲ ਸ਼ਖਸ ਆਪਣੀ ਤਾਕਤ ਦੇ ਨਾਲ ਕੇਸ ਨੂੰ ਆਪਣੇ ਹਿਸਾਬ ਨਾਲ ਮੋੜ ਸਕਦਾ ਹੈ। ਉਨ੍ਹਾਂ ਕਿਹਾ ਹੁਣ ਸਾਨੂੰ ਉਮੀਦ ਹੈ ਕਿ ਜਗਦੀਸ਼ ਟਾਈਟਲਰ ਵੀ ਜਲਦ ਹੀ ਸਲਾਖਾਂ ਦੇ ਪਿੱਛੇ ਹੋਵੇਗਾ ਜਿਵੇਂ ਸੱਜਣ ਕੁਮਾਰ ਹੈ।



ਉੱਧਰ ਬੀਜੇਪੀ ਦੇ ਆਗੂ ਆਰ. ਪੀ ਸਿੰਘ ਨੇ ਕਿਹਾ ਪੁਲਬੰਗਸ਼ ਮਾਮਲੇ ਵਿੱਚ ਸੀਬੀਆਈ ਕੋਲ ਪੂਰੇ ਸਬੂਤ ਹਨ ਅਤੇ ਟਾਈਟਲ ਦਾ ਹਸ਼ਰ ਵੀ ਸੱਜਣ ਕੁਮਾਰ ਵਰਗਾ ਹੋਵੇਗਾ ਉਸ ਨੂੰ ਜੇਲ੍ਹ ਜਾਣਾ ਹੋਵੇਗਾ।

ਅਦਾਲਤ ਨੇ ਪੁਲਬੰਗਸ਼ ਗੁਰਦੁਆਰਾ ਹਿੰਸਾ ਅਤੇ ਤਿੰਨ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਜਗਦੀਸ਼ ਟਾਈਟਲਰ ਖ਼ਿਲਾਫ਼ ਆਈਪੀਸੀ ਦੀ ਧਾਰਾ 147, 149, 153ਏ, 188, 109, 295, 380 ਅਤੇ 302 ਤਹਿਤ ਕੇਸ ਦਰਜ ਕੀਤਾ ਸੀ। ਹਾਲਾਂਕਿ ਜਗਦੀਸ਼ ਟਾਈਟਲਰ ਨੂੰ ਪਹਿਲਾਂ ਵੀ ਪੁਲ ਬੰਗਸ਼ ਗੁਰਦੁਆਰਾ ਹਿੰਸਾ ਮਾਮਲੇ ਵਿੱਚ ਤਿੰਨ ਵਾਰ ਕਲੀਨ ਚਿੱਟ ਮਿਲ ਚੁੱਕੀ ਹੈ ਪਰ ਇਸ ਵਾਰ ਅਦਾਲਤ ਨੇ ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਸਾਬਕਾ ਸੰਸਦ ਮੈਂਬਰ 'ਤੇ ਦੋਸ਼ ਆਇਦ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਸੀਬੀਆਈ ਨੇ ਅਦਾਲਤ ਵਿੱਚ ਦਾਅਵਾ ਕੀਤਾ ਸੀ ਕਿ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਚਸ਼ਮਦੀਦ ਗਵਾਹਾਂ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਹਿੰਸਾ ਦੌਰਾਨ ਭੀੜ ਨੂੰ ਭੜਕਾਉਂਦੇ ਦੇਖਿਆ ਸੀ।

ਇਸ ਤੋਂ ਪਹਿਲਾਂ ਵੀ ਪਿਛਲੀਆਂ ਸੁਣਵਾਈਆਂ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਟਾਈਟਲਰ ਨੂੰ ਬਚਾਉਣ ਲਈ ਅਦਾਲਤ ਵਿੱਚ ਕਈ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਸਨ। ਇਸ ਤੋਂ ਪਹਿਲਾਂ 19 ਜੁਲਾਈ ਨੂੰ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਮਨੂ ਸ਼ਰਮਾ ਨੇ ਦੂਰਦਰਸ਼ਨ 'ਤੇ ਤੀਨ ਮੂਰਤੀ ਹਾਊਸ, ਜਿੱਥੇ ਇੰਦਰਾ ਗਾਂਧੀ ਦੀ ਲਾਸ਼ ਰੱਖੀ ਹੋਈ ਸੀ, ਦੀ ਸ਼ੂਟਿੰਗ ਦਾ ਵੀਡੀਓ ਰਿਕਾਰਡ 'ਤੇ ਰੱਖਿਆ ਸੀ।

ਮਨੂ ਸ਼ਰਮਾ ਨੇ ਦਲੀਲ ਦਿੱਤੀ ਸੀ ਕਿ ਸੀਬੀਆਈ ਨੇ ਤਿੰਨ ਕਲੋਜ਼ਰ ਰਿਪੋਰਟਾਂ ਦਾਇਰ ਕੀਤੀਆਂ ਹਨ। ਸੀਬੀਆਈ ਨੇ 2009 ਵਿੱਚ ਸਹਿ ਮੁਲਜ਼ਮ ਸੁਰੇਸ਼ ਕੁਮਾਰ ਪਾਨੇਵਾਲਾ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ। ਉਸ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ। ਇਹ ਵੀ ਦਲੀਲ ਦਿੱਤੀ ਗਈ ਕਿ 1984 ਤੋਂ 2022-23 ਤੱਕ ਕੋਈ ਗਵਾਹ ਸਾਹਮਣੇ ਨਹੀਂ ਆਇਆ। 40 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਗਵਾਹ ਸਾਹਮਣੇ ਆ ਰਹੇ ਹਨ। ਉਨ੍ਹਾਂ 'ਤੇ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ?

## 'ਉਹ ਚਾਹੁੰਦੇ ਹਨ ਕਿ ਅਸੀਂ ਥੱਕ-ਟੁੱਟ ਕੇ ਘਰ ਬੈਠ ਜਾਈਏ'-ਫੂਲਕਾ



ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੇ ਆਖਿਆ ਕਿ ਅਸੀਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਇਨ੍ਹਾਂ ਮਾਮਲਿਆਂ ਨੂੰ ਅੰਜਾਮ ਤੱਕ ਪਹੁੰਚਾਇਆ ਜਾਵੇ। ਉਹ ਚਾਹੁੰਦੇ ਹਨ ਕਿ ਅਸੀਂ ਥੱਕ-ਹਾਰ ਕੇ ਘਰ ਬੈਠ ਜਾਈਏ' ਇਸ ਦੇਸ਼ ਵਿੱਚ ਕਾਨੂੰਨ ਤੋਂ ਉੱਪਰ ਕੁਝ ਨਹੀਂ ਹੈ। ਜਿਸ ਨੇ ਵੀ ਜੋ ਜ਼ੁਰਮ ਕੀਤੇ ਹਨ, ਇੱਕ ਦਿਨ ਉਸ ਦੇ ਨਤੀਜੇ ਭੁਗਤਣੇ ਪੈਣਗੇ। ਜਿੰਨਾ ਚਿਰ ਸੱਤਾ ਵਿੱਚ ਬੈਠੇ ਤਾਕਤਵਰ ਲੋਕਾਂ ਦੇ ਮਨ ਵਿੱਚ ਇਹ ਗੱਲ ਨਹੀਂ ਬੈਠੀ ਹੁੰਦੀ ਹੈ, ਉਦੋਂ ਤੱਕ ਕੋਈ ਸੁਰੱਖਿਅਤ ਨਹੀਂ ਹੋ ਸਕਦਾ ਅਤੇ ਇਹ ਹਿੰਸਾ ਦੇ ਦੌਰ ਚਲਦੇ ਰਹਿਣਗੇ।''

### ਗੁਰਦੁਆਰਾ ਪੁਲਬੰਗਸ਼ ਇਲਾਕੇ ਵਿੱਚ ਕੀ ਹੋਇਆ ਸੀ

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਰਾਜਧਾਨੀ ਦਿੱਲੀ ਸਮੇਤ ਭਾਰਤ ਵਿੱਚ ਕਈ ਥਾਂ ਹਿੰਸਾ ਸ਼ੁਰੂ ਹੋ ਗਈ ਸੀ।

ਦਿੱਲੀ ਦੇ ਆਜ਼ਾਦ ਮਾਰਕੀਟ ਇਲਾਕੇ ਵਿੱਚ ਹਿੰਸਕ ਹੋਈ ਭੀੜ ਨੇ 1 ਨਵੰਬਰ 1984 ਨੂੰ ਗੁਰਦਵਾਰਾ ਪੁਲਬੰਗਸ਼ ਸਾਹਿਬ ਨੂੰ ਅੱਗ ਲਗਾ ਦਿੱਤੀ ਸੀ। ਭੀੜ ਵੱਲੋਂ ਪੁਲਬੰਗਸ਼ ਇਲਾਕੇ ਕੋਲ ਮੌਜੂਦ ਸਿੱਖਾਂ ਉੱਪਰ ਵੀ ਹਮਲਾ ਕੀਤਾ ਕੀਤਾ ਗਿਆ ਸੀ। ਇਸ ਭੀੜ ਨੇ ਤਿੰਨ ਸਿੱਖ ਜਿਨ੍ਹਾਂ ਦਾ ਨਾਮ ਗੁਰਚਰਨ ਸਿੰਘ, ਸਰਦਾਰ ਠਾਕੁਰ ਸਿੰਘ ਅਤੇ ਬਾਦਲ ਸਿੰਘ ਸੀ, ਨੂੰ ਮਾਰ ਦਿੱਤਾ ਸੀ। ਉਸ ਦੀ ਮੌਤ ਅੱਗ ਵਿੱਚ ਸੜ ਜਾਣ ਨਾਲ ਹੋਈ ਸੀ।

ਭੀੜ ਵੱਲੋਂ ਇਸ ਦੇ ਨਜ਼ਦੀਕ ਬਾੜਾ ਹਿੰਦੂ ਰਾਓ ਇਲਾਕੇ ਵਿੱਚ ਵੀ ਅੱਗ ਲਗਾ ਦਿੱਤੀ ਗਈ ਸੀ।

ਜਸਟਿਸ ਨਾਨਾਵਤੀ ਦੀ ਅਗਵਾਈ ਵਿੱਚ 1984 ਵਿੱਚ ਹੋਈ ਹਿੰਸਾ ਦੀ ਜਾਂਚ ਵਾਸਤੇ 'ਨਾਨਾਵਤੀ ਕਮਿਸ਼ਨ' ਦਾ ਗਠਨ ਹੋਇਆ ਸੀ।

ਸੀਬੀਆਈ ਵੱਲੋਂ ਨਵੰਬਰ 2005 ਵਿੱਚ 1984 ਸਿੱਖ ਕਤਲੇਆਮ ਬਾਰੇ ਮਾਮਲਾ ਦਰਜ ਕੀਤਾ ਗਿਆ ਸੀ।

2023 ਵਿੱਚ ਸੀਬੀਆਈ ਨੇ ਤਤਕਾਲੀ ਸੰਸਦ ਮੈਂਬਰ ਜਗਦੀਸ਼ ਟਾਈਟਲਰ ਖ਼ਿਲਾਫ਼ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕੀਤੀ ਅਤੇ ਆਖਿਆ ਕਿ ਟਾਈਟਲਰ ਨੇ ਕਥਿਤ ਤੌਰ 'ਤੇ ਗੁਰਦਵਾਰਾ ਪੁਲਬੰਗਸ਼ ਵਿਖੇ ਇਕੱਠੀ ਹੋਈ ਭੀੜ ਨੂੰ ਭੜਕਾਇਆ ਸੀ। ਜਿਸ ਦੇ ਨਤੀਜੇ ਵਜੋਂ ਭੀੜ ਨੇ ਤਿੰਨ ਸਿੱਖਾਂ ਨੂੰ ਮਾਰ ਦਿੱਤਾ, ਗੁਰਦਵਾਰਾ ਸਾਹਿਬ ਨੂੰ ਅੱਗ ਲਗਾ ਦਿੱਤੀ ਅਤੇ ਦੁਕਾਨਾਂ ਨੂੰ ਲੁੱਟਿਆ।

### ਅਦਾਲਤੀ ਸੁਣਵਾਈ ਕਿੰਨੀ ਦੇਰ ਤੋਂ ਚਲਦੀ ਰਹੀ

ਸਾਲ 2000-1984 ਦੀ ਹਿੰਸਾ ਬਾਰੇ ਜਾਂਚ ਲਈ ਨਾਨਾਵਤੀ ਕਮਿਸ਼ਨ ਦਾ ਗਠਨ ਕੀਤਾ ਗਿਆ।

ਸਾਲ 2007-ਨਵੰਬਰ ਵਿੱਚ ਸੀਬੀਆਈ ਵੱਲੋਂ ਟਾਈਟਲਰ ਦੇ ਖ਼ਿਲਾਫ਼ ਮਾਮਲੇ ਵਿੱਚ ਸਬੂਤਾਂ ਦੀ ਕਮੀ ਦਾ ਹਵਾਲਾ ਦਿੰਦਿਆਂ ਬੰਦ ਕਰ ਦਿੱਤੇ ਗਏ ਸਨ।

ਦਸੰਬਰ 2007-ਦਿੱਲੀ ਦੀ ਅਦਾਲਤ ਨੇ ਸੀਬੀਆਈ ਨੂੰ ਟਾਈਟਲਰ ਖ਼ਿਲਾਫ਼ ਮੁੜ ਜਾਂਚ ਸ਼ੁਰੂ ਕਰਨ ਦੇ ਹੁਕਮ ਜਾਰੀ ਕੀਤੇ ਸਨ

ਮਾਰਚ 2009- ਸੀਬੀਆਈ ਵੱਲੋਂ ਸਬੂਤਾਂ ਦੀ ਕਮੀ ਦਾ ਹਵਾਲਾ ਦਿੰਦੇ ਹੋਏ ਟਾਈਟਲਰ ਨੂੰ ਕਲੀਨ ਚਿੱਟ ਦਿੱਤੀ ਗਈ ਸੀ।

2013-ਅਦਾਲਤ ਨੇ ਇੱਕ ਵਾਰ ਫਿਰ ਸੀਬੀਆਈ ਦੀ ਰਿਪੋਰਟ ਰੱਦ ਕਰਦੇ ਹੋਏ ਜਾਂਚ ਜਾਰੀ ਰੱਖਣ ਲਈ ਆਖਿਆ ਗਿਆ ਸੀ।

2014-ਸੀਬੀਆਈ ਵੱਲੋਂ ਟਾਈਟਲਰ ਖਿਲਾਫ਼ ਤੀਜੀ ਵਾਰ ਕਲੋਜ਼ਰ ਰਿਪੋਰਟ ਦਾਖਿਲ ਕੀਤੀ ਗਈ ਸੀ। ਸਾਲ 2007, 2009 ਵਿੱਚ ਕਲੀਨ ਚਿੱਟ ਮੌਕੇ ਵੀ ਅਜਿਹਾ ਹੋਇਆ ਸੀ।

2015-ਅਦਾਲਤ ਵੱਲੋਂ ਇੱਕ ਵਾਰ ਫਿਰ ਸੀਬੀਆਈ ਨੂੰ ਜਾਂਚ ਜਾਰੀ ਰੱਖਣ ਦੇ ਹੁਕਮ ਜਾਰੀ ਹੋਏ

2016-ਸੀਬੀਆਈ ਵੱਲੋਂ ਜਗਦੀਸ਼ ਟਾਈਟਲਰ ਦੀ ਪੁੱਛਗਿੱਛ ਹੋਈ ਜੋ ਤਿੰਨ ਘੰਟੇ ਤੋਂ ਵੱਧ ਚੱਲੀ

2023-ਸੀਬੀਆਈ ਵੱਲੋਂ ਟਾਈਟਲਰ ਖਿਲਾਫ਼ ਚਾਰਜਸ਼ੀਟ ਦਾਖਿਲ ਕੀਤੀ ਗਈ ਅਤੇ ਹਿੰਸਕ ਭੀੜ ਨੂੰ ਭੜਕਾਉਣ ਦੀ ਗੱਲ ਵੀ ਆਖੀ ਗਈ

ਸੀਬੀਆਈ ਵੱਲੋਂ ਜਗਦੀਸ਼ ਟਾਈਟਲਰ ਦੀ ਆਵਾਜ਼ ਦੇ ਨਮੂਨੇ ਵੀ ਲਏ ਗਏ ਤਾਂ ਜੋ 1984 ਵਿੱਚ ਉਨ੍ਹਾਂ ਦੇ ਭਾਸ਼ਣ ਨਾਲ ਇਸ ਨੂੰ ਮਿਲਾ ਕੇ ਜਾਂਚ ਕੀਤੀ ਜਾਵੇ। ਅਦਾਲਤ ਵੱਲੋਂ ਟਾਈਟਲਰ ਨੂੰ 5 ਅਗਸਤ ਨੂੰ ਪੇਸ਼ ਹੋਣ ਵਾਸਤੇ ਆਖਿਆ ਗਿਆ ਹੈ

ਟਾਈਟਲਰ ਵੱਲੋਂ ਅਦਾਲਤ ਵਿੱਚ ਅਗਾਊਂ ਜ਼ਮਾਨਤ ਬਾਰੇ ਅਰਜ਼ੀ ਦਿੱਤੀ ਗਈ ਸੀ ਜਿਸ ਨੂੰ ਅਦਾਲਤ ਨੇ 4 ਅਗਸਤ ਨੂੰ ਮਨਜ਼ੂਰ ਕਰ ਲਿਆ। ਜ਼ਿਕਰਯੋਗ ਹੈ ਜੇ ਅਜਿਹਾ ਨਾ ਹੁੰਦਾ ਤਾਂ ਉਨ੍ਹਾਂ ਨੂੰ ਜੇਲ੍ਹ ਜਾਣਾ ਪੈ ਸਕਦਾ ਸੀ।

## ਗਾਂਧੀ ਪਰਿਵਾਰ ਦੀ ਮਿਹਰ ਕਾਰਣ ਕਈ ਵਾਰ ਸੰਸਦ ਮੈਂਬਰ ਅਤੇ ਮੰਤਰੀ ਰਹੇ ਹਨ ਟਾਈਟਲਰ

ਜਗਦੀਸ਼ ਟਾਈਟਲਰ ਦੀ ਉਮਰ ਤਕਰੀਬਨ 83 ਸਾਲ ਹੈ। ਉਹ ਸਾਲ 1984 ਵਿੱਚ ਦਿੱਲੀ ਤੋਂ ਸੰਸਦ ਮੈਂਬਰ ਚੁਣੇ ਗਏ ਸਨ। 1991 ਵਿੱਚ ਉਨ੍ਹਾਂ ਨੇ ਮੁੜ ਜਿੱਤ ਹਾਸਿਲ ਕੀਤੀ ਤੇ ਸੰਸਦ ਪਹੁੰਚੇ। ਸਾਲ 1986 ਤੋਂ 1996 ਤੱਕ ਉਹ ਭਾਰਤ ਸਰਕਾਰ ਦੇ ਕਈ ਮੰਤਰਾਲਿਆਂ ਵਿੱਚ ਕੇਂਦਰੀ ਰਾਜ ਮੰਤਰੀ ਰਹੇ, ਜਿਸ ਵਿੱਚ ਕੋਲਾ, ਸੈਰ-ਸਪਾਟਾ, ਸਿਵਲ ਏਵੀਏਸ਼ਨ ਸ਼ਾਮਿਲ ਹਨ। ਸਾਲ 2004, 2009 ਵਿੱਚ ਵੀ ਪਾਰਟੀ ਵੱਲੋਂ ਟਾਈਟਲਰ ਨੂੰ ਲੋਕ ਸਭ ਚੋਣਾਂ ਦੀ ਟਿਕਟ ਦਿੱਤੀ ਗਈ ਸੀ।

2004 ਚੋਣਾਂ ਜਿੱਤ ਕੇ ਉਹ ਸੰਸਦ ਦਾ ਹਿੱਸਾ ਬਣੇ ਅਤੇ ਫ਼ਿਰ ਕੇਂਦਰੀ ਮੰਤਰੀ ਮੰਡਲ ਦਾ ਹਿੱਸਾ ਵੀ ਰਹੇ। 2009 ਵਿੱਚ ਵਿਵਾਦ ਤੋਂ ਬਾਅਦ ਟਿਕਟ ਵਾਪਿਸ ਲੈ ਲਈ ਗਈ ਸੀ।

ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਉੱਪਰ 1984 ਦੀ ਹਿੰਸਾ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮ ਲੱਗਦੇ ਰਹੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਕਈ ਰਾਜਨੀਤਿਕ ਦਲਾਂ ਨੇ ਕਾਂਗਰਸ ਨੂੰ ਇਸ ਮੁੱਦੇ ਉੱਪਰ ਘੇਰਿਆ ਹੈ। ਉਹ ਕਈ ਵਾਰ ਪਾਰਟੀ ਦੀਆਂ ਬੈਠਕਾਂ ਵਿੱਚ ਨਜ਼ਰ ਆਏ ਹਨ ਅਤੇ ਹੁਣ ਵੀ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਥਾਈ ਮੈਂਬਰ ਹਨ।

ਮਾਰਚ 2023 ਵਿੱਚ ਰਾਹੁਲ ਗਾਂਧੀ ਦੀ ਸੰਸਦ ਵਜੋਂ ਮੈਂਬਰਸ਼ਿਪ ਰੱਦ ਹੋਣ ਦੇ ਵਿਰੋਧ ਵਿੱਚ ਹੋ ਰਹੇ ਧਰਨੇ ਵਿੱਚ ਵੀ ਉਹ ਨਜ਼ਰ ਆਏ।

## ਕਰਾਈਮ ਨਿਊਜ਼

### ਹਵਸ 'ਚ ਅੰਨ੍ਹੇ ਨੌਜਵਾਨ ਨੇ ਮੰਦਬੁੱਧੀ ਬੱਚੇਨਾਲ ਕੀਤੀ ਬਦਫੈਲੀ

**ਘਟਨਾ ਦੀ ਸੀਸੀਟੀਵੀ ਫੁਟੇਜ ਆਈ ਸਾਹਮਣੇ**

ਲੁਧਿਆਣਾ-13 ਸਾਲ ਦੇ ਮੰਦਬੁੱਧੀ ਬੱਚੇ ਨੂੰ ਹਵਸ ਦਾ ਸ਼ਿਕਾਰ ਬਣਾਉਣ ਦੀ ਸ਼ਰਮਨਾਕ ਘਟਨਾ ਸਾਹਮਣੇ ਆਈ ਹੈਲ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਮੁਲਜ਼ਮ ਬੱਚੇ ਦੇ ਭੋਲੇਪਨ ਦਾ ਫਾਇਦਾ ਚੁੱਕਦਾ ਹੋਇਆ ਉਸਨੂੰ ਖਾਣ-ਪੀਣ ਦਾ ਲਾਲਚ ਦੇ ਕੇ ਲੰਮੇ ਸਮੇਂ ਤੋਂ ਸ਼ਰਮਨਾਕ ਕਾਰੇ ਨੂੰ ਅੰਜਾਮ ਦੇ ਰਿਹਾ ਸੀਲ ਇਸ ਮਾਮਲੇ 'ਚ ਥਾਣਾ ਡਵੀਜ਼ਨ ਨੰਬਰ ਦੋ ਦੀ ਪੁਲਿਸ ਨੇ ਲੜਕੇ ਦੀ ਨਾਨੀ ਦੀ ਸ਼ਿਕਾਇਤ 'ਤੇ ਹਬੀਬਗੰਜ ਨਿਵਾਸੀ ਖਿਲਾਫ ਕੇਸ ਦਰਜ ਕਰ ਲਿਆ ਹੈ।

ਔਰਤ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੇ ਕੋਲ ਰਹਿਣ ਵਾਲਾ ਉਸ ਦਾ ਵੱਡਾ ਦੋਹਤਾ ਦਿਮਾਗੀ ਤੌਰ 'ਤੇ ਸਿਧੜਾ ਹੈ ਲ ਕੁਝ ਦਿਨ ਪਹਿਲੋਂ ਉਨ੍ਹਾਂ ਨੂੰ ਕਿਸੇ ਨੇ ਸੀਸੀਟੀਵੀ ਵੀਡੀਓ ਭੇਜੀਲ ਵੀਡੀਓ ਦੇਖ ਕੇ ਔਰਤ ਦੇ ਹੋਸ਼ ਉੱਡ ਗਏ। ਨਾਈ ਦੀ ਦੁਕਾਨ ਚਲਾਉਣ ਵਾਲਾ ਹਬੀਬਗੰਜ ਨਿਵਾਸੀ ਉਨ੍ਹਾਂ ਦੇ ਮੰਦਬੁੱਧੀ ਦੋਹਤੇ ਨਾਲ ਬਦਫੈਲੀ ਕਰ ਰਿਹਾ ਸੀ। ਹੈਵਾਨ ਬਣੇ ਮੁਲਜ਼ਮ ਨੇ ਭੋਲੇਭਾਲੇ ਬੱਚੇ ਨਾਲ ਗੈਰ-ਕੁਦਰਤੀ ਤਰੀਕੇ ਨਾਲ ਵੀ ਬਦਫੈਲੀ ਕੀਤੀਲ ਔਰਤ ਨੇ ਇਸ ਸਬੰਧੀ ਥਾਣਾ ਡਵੀਜ਼ਨ ਨੰਬਰ ਦੋ ਦੀ ਪੁਲਿਸ ਨੂੰ ਸ਼ਿਕਾਇਤ ਦਿੱਤੀ। ਥਾਣਾ ਮੁਖੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਮੁਲਜ਼ਮ ਖਿਲਾਫ ਐਫਆਈਆਰ ਦਰਜ ਕਰ ਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਗਈ ਹੈ।

## 'ਆਪ' ਵਰਕਰ ਦੀ ਮੋਟਰਸਾਈਕਲ ਸਵਾਰਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ

ਨੌਸ਼ਹਿਰਾ ਪੰਨੂੰਆਂ-ਤਰਨ ਤਾਰਨ ਦੇ ਪਿੰਡ ਨੌਸ਼ਹਿਰਾ ਪੰਨੂੰਆਂ ਵਿਖੇ ਆਮ ਆਦਮੀ ਪਾਰਟੀ (ਆਪ) ਦੇ ਇਕ ਵਰਕਰ ਦੀ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ। ਜਾਣਕਾਰੀ ਮੁਤਾਬਿਕ ਬਚਿੱਤਰ ਸਿੰਘ ਉਰਫ਼ ਬਿੱਕਰ ਸਿੰਘ (42) ਪੁੱਤਰ ਤਰਸੇਮ ਸਿੰਘ ਵਾਸੀ ਨੌਸ਼ਹਿਰਾ ਪੰਨੂੰਆਂ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ ਅਤੇ ਉਹ ਦੇਰ ਸ਼ਾਮ ਸਥਾਨਕ ਬੱਸ ਅੱਡੇ 'ਤੇ ਗਗਨ ਬੇਕਰੀ ਦੇ ਬਾਹਰ ਮੋਟਰਸਾਈਕਲ 'ਤੇ ਬੈਠਣ ਲੱਗਾ ਸੀ ਕਿ ਟੀ.ਵੀ.ਐੱਸ. ਮੋਟਰਸਾਈਕਲ 'ਤੇ ਸਵਾਰ ਦੋ ਨੌਜਵਾਨ, ਜਿਨ੍ਹਾਂ ਨੇ ਆਪਣੇ ਚਿਹਰੇ ਕੱਪੜੇ ਨਾਲ ਢਕੇ ਹੋਏ ਸਨ, ਨੇ ਆਉਂਦੇ ਸਾਰ ਦੋ ਗੋਲੀਆਂ ਬਚਿੱਤਰ ਸਿੰਘ ਉਰਫ਼ ਬਿੱਕਰ ਨੂੰ ਨਿਸ਼ਾਨਾ ਬਣਾ ਕੇ ਚਲਾਈਆਂ, ਜਿਨ੍ਹਾਂ ਵਿਚੋਂ ਇਕ ਗੋਲੀ ਬਚਿੱਤਰ ਸਿੰਘ ਦੇ ਢਿੱਡ ਵਿਚ ਅਤੇ ਦੂਜੀ ਲੱਕ ਵਿਚ ਲੱਗੀ, ਜਿਸ ਨਾਲ ਉਹ



ਗੰਭੀਰ ਜ਼ਖ਼ਮੀ ਹੋ ਗਿਆ। ਗੰਭੀਰ ਹਾਲਤ ਵਿਚ ਉਸ ਨੂੰ ਤਰਨ ਤਾਰਨ ਦੇ ਗੁਰੂ ਨਾਨਕ ਦੇਵ ਸੁਪਰਸਪੈਸ਼ਲਿਟੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਬਿੱਕਰ ਸਿੰਘ ਆਮ ਆਦਮੀ ਪਾਰਟੀ ਦਾ ਪੁਰਾਣਾ ਵਰਕਰ ਸੀ

## ਨਸ਼ਾ ਸਮਗਲਰਾਂ ਦਾ ਸਹਿਯੋਗੀ ਡਰੱਗ ਇੰਸਪੈਕਟਰ ਗ੍ਰਿ.ਫਤਾਰ



**1.49 ਕਰੋੜ ਦੀ ਨਕਦੀ ਬਰਾਮਦ**

ਚੰਡੀਗੜ੍ਹ-ਪੰਜਾਬ ਪੁਲੀਸ ਵੱਡੀ ਕਾਰਵਾਈ ਕਰਦਿਆਂ ਨਸ਼ਾ ਤਸਕਰੀ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਵਾਲੇ ਅਤੇ ਜੇਲ੍ਹ ਵਿੱਚ ਬੰਦ ਤਸਕਰਾਂ ਦੇ ਸੰਪਰਕ ਵਿੱਚ ਰਹਿਣ ਵਾਲੇ ਇੱਕ ਡਰੱਗ ਇੰਸਪੈਕਟਰ ਨੂੰ ਮੋਹਾਲੀ ਤੋਂ ਗ੍ਰਿ.ਫਤਾਰ ਕੀਤਾ ਗਿਆ ਹੈ। ਪੰਜਾਬ ਪੁਲੀਸ ਦੀ ਐਂਟੀ ਨਾਰਕੋਟਿਕਸ ਟਾਸਕ ਫੋਰਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਪੁਲੀਸ ਨੇ ਡਰੱਗ ਇੰਸਪੈਕਟਰ ਕੋਲੋਂ 1.49 ਕਰੋੜ ਰੁਪਏ ਦੀ ਨਕਦੀ ਵੀ ਬਰਾਮਦ ਕੀਤੀ ਗਈ ਹੈ। ਇਸ ਸਬੰਧੀ ਡੀਜੀਪੀ ਗੌਰਵ ਯਾਦਵ ਨੇ 'ਐਕਸ' 'ਤੇ ਪੋਸਟ ਸਾਂਝੀ ਕਰਦਿਆਂ ਇਹ ਦੋਸ਼ੀ ਗੈਰ-ਕਾਨੂੰਨੀ ਦਵਾਈਆਂ, ਮੈਡੀਕਲ ਸਟੋਰਾਂ ਅਤੇ ਨਸ਼ੀਲੇ ਪਦਾਰਥਾਂ ਦੇ ਪੈਸੇ ਨੂੰ ਲਾਂਡਰਿੰਗ ਕਰਨ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀਆਂ ਕਾਰਵਾਈਆਂ ਵਿੱਚ ਮਦਦ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਦੋਸ਼ੀ ਜੇਲ ਦੇ ਅੰਦਰ ਬੰਦ ਨਸ਼ਾ ਤਸਕਰਾਂ ਦੇ ਸੰਪਰਕ ਵਿਚ ਸੀ ਅਤੇ ਉਨ੍ਹਾਂ ਦੇ ਨਸ਼ੇ ਦੇ ਨੈੱਟਵਰਕ ਨੂੰ ਚਲਾ ਰਿਹਾ ਸੀ।

ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੀਆਂ ਗੰਭੀਰ ਵਿੱਤੀ ਬੇਨਿਯਮੀਆਂ ਦਰਜ ਕਰਨ ਤੋਂ ਬਾਅਦ ਏਐਂਟੀਐੱਫ਼ ਨੇ 7.09 ਕਰੋੜ ਦੇ 24 ਬੈਂਕ ਖਾਤਿਆਂ ਦੀ ਪਛਾਣ ਕਰਦਿਆਂ ਫ੍ਰੀਜ਼ ਕਰ ਦਿੱਤਾ ਹੈ। ਇਸ ਤੋਂ ਇਲਾਵਾ ਦੋ ਬੈਂਕ ਲਾਕਰ ਜ਼ਬਤ ਕੀਤੇ ਗਏ ਹਨ, 1.49 ਕਰੋੜ ਦੀ ਨਕਦੀ, 260 ਗ੍ਰਾਮ ਸੋਨਾ ਅਤੇ ਵਿਦੇਸ਼ੀ ਮੁਦਰਾ ਬਰਾਮਦ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਗੈਰ-ਕਾਨੂੰਨੀ ਗਤੀਵਿਧੀਆਂ ਦੀ ਕਮਾਈ ਰਾਹੀਂ ਹਾਸਲ ਕੀਤੀ ਮਹੱਤਵਪੂਰਨ ਸੰਪਤੀਆਂ ਦੀ ਪਛਾਣ ਕੀਤੀ ਗਈ ਹੈ, ਜਿਸ ਵਿੱਚ ਜ਼ੀਰਕਪੁਰ ਅਤੇ ਡੱਬਵਾਲੀ ਵਿੱਚ 2.40 ਕਰੋੜ ਦੀ ਰੀਅਲ ਅਸਟੇਟ ਵੀ ਸ਼ਾਮਲ ਹੈ।

## ਜਲੰਧਰ ਦੇ ਗੈਂਗਸਟਰਾਂ ਨੇ ਜੈਪੁਰ ਹੋਟਲ ਵਿਚ ਚਲਾਈਆਂ ਗੋਲ਼ੀਆਂ

**ਗੈਂਗਸਟਰ ਚੌਧਰੀ ਦੇ ਨਾਂ 'ਤੇ ਮੰਗੇ 5 ਕਰੋੜ**

ਜਲੰਧਰ-ਪੰਜਾਬ ਦੇ ਅੰਤਰਰਾਸ਼ਟਰੀ ਸਰਕਲ ਸਟਾਈਲ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੇ ਕਤਲ ਸਮੇਤ ਜ਼ਿਲ੍ਹੇ ਦੇ ਤਿੰਨ ਵੱਡੇ ਕਤਲ ਕੇਸਾਂ ਵਿੱਚ ਭਗੌੜੇ ਜਲੰਧਰ ਦੇ ਸ਼ਾਰਪ ਸ਼ੂਟਰਾਂ ਪੁਨੀਤ ਸ਼ਰਮਾ ਅਤੇ ਨਰਿੰਦਰ ਸ਼ਰਮਾ ਉਰਫ਼ ਲਾਲੀ ਨੇ ਜੈਪੁਰ ਦੇ ਨੀਮਰਾਨਾ ਸਥਿਤ ਹੋਟਲ ਹਾਈਵੇ ਕਿੰਗ ਦੇ ਮਾਲਕ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ। ਗੋਲੀਬਾਰੀ ਦੌਰਾਨ ਹੋਟਲ ਅਤੇ ਆਸਪਾਸ ਦੀਆਂ ਦੁਕਾਨਾਂ ਨੂੰ ਨੁਕਸਾਨ ਪਹੁੰਚਿਆ। ਜੈਪੁਰ ਪੁਲਿਸ ਦੀ ਹੁਣ ਤੱਕ ਦੀ ਜਾਂਚ ਪੰਜਾਬ ਅਤੇ ਹਰਿਆਣਾ ਵਿੱਚ ਰੁਕੀ ਹੋਈ ਹੈ।

ਜਲਦ ਹੀ ਜੈਪੁਰ ਪੁਲਿਸ ਕੌਸ਼ਲ ਚੌਧਰੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਵੇਗੀ। ਨਾ ਤਾਂ ਜਲੰਧਰ ਸਿਟੀ ਪੁਲਿਸ ਅਤੇ ਨਾ ਹੀ ਪੰਜਾਬ ਪੁਲਿਸ ਦੀਆਂ ਏਜੰਸੀਆਂ ਜਲੰਧਰ ਦੇ ਦੋ ਸ਼ਾਰਪ ਸ਼ੂਟਰਾਂ ਨੂੰ ਫੜ ਸਕੀਆਂ ਹਨ ਜੋ ਪਿਛਲੇ ਢਾਈ ਸਾਲਾਂ ਤੋਂ ਸੰਦੀਪ ਦੇ ਕਤਲ ਮਾਮਲੇ ਵਿਚ ਫਰਾਰ ਸਨ।

ਅੰਬੀਆ ਕਤਲ ਕਾਂਡ ਦਾ ਮਾਸਟਰਮਾਈਂਡ ਅਤੇ ਹਰਿਆਣਾ ਦੇ ਬਦਨਾਮ ਗੈਂਗਸਟਰ ਕੌਸ਼ਲ ਚੌਧਰੀ ਲਈ ਕੰਮ ਕਰਨ ਵਾਲਾ ਨੰਗਲ ਜਲੰਧਰ ਦੇ ਪੁਨੀਤ ਅਤੇ ਲਾਲੀ ਹੋਟਲ ਵਿੱਚ ਗੋਲੀਬਾਰੀ ਦੌਰਾਨ ਸੀਸੀਟੀਵੀ ਵਿੱਚ ਕੈਦ ਹੋ ਗਿਆ ਹੈ। ਜਿਸ ਵਿੱਚ ਉਹ ਗੋਲੀਬਾਰੀ ਕਰਦੇ ਨਜ਼ਰ ਆ ਰਹੇ ਹਨ।



ਮੁਲਜ਼ਮਾਂ ਨੇ ਹੋਟਲ ਵਿੱਚ ਕੁੱਲ 32 ਰਾਊਂਡ ਫਾਇਰ ਕੀਤੇ ਸਨ।

ਜੈਪੁਰ ਰੇਂਜ ਦੇ ਆਈਜੀ ਅਨਿਲ ਕੁਮਾਰ ਟਾਂਕ ਨੇ ਪੁਸ਼ਟੀ ਕੀਤੀ ਹੈ ਕਿ ਇਸ ਘਟਨਾ ਨੂੰ ਹਰਿਆਣਾ ਦੇ ਕੌਸ਼ਲ ਗੈਂਗ ਨੇ ਅੰਜਾਮ ਦਿੱਤਾ ਹੈ। ਪੁਨੀਤ ਅਤੇ ਲਾਲੀ ਕੋਲ ਸਟੇਨ ਗੰਨ ਅਤੇ ਪਿਸਤੌਲ ਸਨ। ਲਾਲੀ ਨੇ ਹੋਟਲ ਰਿਸੈਪਸ਼ਨ 'ਤੇ ਫਿਰੌਤੀ ਦੀ ਪਰਚੀ ਸੌਂਪੀ ਸੀ। ਜਿਸ ਦਾ ਸੀਸੀਟੀਵੀ ਵੀ ਸਾਹਮਣੇ ਆਇਆ ਹੈ ਅਤੇ ਜਿਸ ਤੋਂ ਬਾਅਦ ਲਾਲੀ ਨੇ ਅੰਨ੍ਹੇਵਾਹ ਫਾਇਰਿੰਗ ਕੀਤੀ।

ਪੁਲਿਸ ਨੂੰ ਮਿਲੀ ਪਰਚੀ ਵਿੱਚ ਹਰਿਆਣਾ ਦੇ ਕੌਸ਼ਲ ਚੌਧਰੀ ਗੈਂਗ ਦੇ ਹਵਾਲੇ ਨਾਲ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਜਬਰੀ ਵਸੂਲੀ ਨਾ ਹੋਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ। ਘਟਨਾ ਤੋਂ ਬਾਅਦ ਪੁਨੀਤ ਅਤੇ ਲਾਲੀ ਬਾਈਕ 'ਤੇ ਫਰਾਰ ਹੋ ਗਏ।

## ਪੰਜਾਬ ਪੁਲਿਸ ਵਿਦੇਸ਼ ਤੋਂ ਫੜਕੇ ਲੈ ਆਈ ਖ਼ਤਰਨਾਕ ਦੋਸ਼ੀ !

**ਵਾਰਦਾਤਾਂ ਨੂੰ ਅੰਜਾਮ ਦੇ ਕੇ 2022 ਤੋਂ ਸੀ ਫਰਾਰ**

ਪੁਲਿਸ ਨੇ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਇੱਕ ਸ਼ਾਤਿਰ ਮੁਲਜ਼ਮ ਅੰਮ੍ਰਿਤਪਾਲ ਸਿੰਘ ਨੂੰ ਆਸਟ੍ਰੀਆ ਤੋਂ ਡਿਪੋਰਟ ਕੀਤਾ ਹੈ। ਅੰਮ੍ਰਿਤਪਾਲ ਸਿੰਘ ਨੂੰ ਪੀਓ ਐਲਾਨਿਆ ਸੀ। ਉਹ ਪਿੰਡ ਭੋਮਾ ਥਾਣਾ ਘੁੰਮਨ ਦਾ ਰਹਿਣ ਵਾਲਾ ਸੀ। ਕਾਫ਼ੀ ਸਮੇਂ ਤੋਂ ਉਹ ਆਸਟ੍ਰੀਆ ਵਿੱਚ ਰਹਿ ਗਿਆ ਸੀ। ਪੰਜਾਬ ਪੁਲਿਸ ਨੇ ਦਿੱਲੀ ਦੇ ਹਵਾਈ ਅੱਡੇ ਤੋਂ ਅੰਮ੍ਰਿਤਪਾਲ ਨੂੰ ਕਬਜ਼ੇ ਵਿੱਚ ਲਿਆ ਹੈ।



ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਅੰਮ੍ਰਿਤਪਾਲ ਸਿੰਘ 'ਤੇ ਕਤਲ, ਕਤਲ ਦੀ ਕੋਸ਼ਿਸ਼, ਆਮਰਸ ਐਕਟ ਸਮੇਤ ਹੋਰ ਖਤਰਨਾਕ ਅਪਰਾਧ ਸ਼ਾਮਲ ਹਨ। ਐਸ ਐਸ ਪੀ ਬਟਾਲਾ ਸੁਹੈਲ ਕਾਸਿਮ ਮੀਰ ਨੇ ਦੱਸਿਆ ਕਿ ਮੁਲਜ਼ਮ ਅੰਮ੍ਰਿਤਪਾਲ ਸਿੰਘ ਕਈ ਮਾਮਲਿਆਂ ਵਿੱਚ ਪੀਓ ਐਲਾਨਿਆ ਗਿਆ ਸੀ। 2022 ਵਿੱਚ ਦੁਬਈ ਅਤੇ ਸਬਿਆ ਦੇ ਰਸਤੇ ਆਸਟ੍ਰੀਆ ਭੱਜ ਗਿਆ ਸੀ ਅਤੇ ਉਸ ਵੇਲੇ ਤੋਂ ਉਹ ਗ੍ਰਿਫਤਾਰੀ ਤੋਂ ਬਚ ਰਿਹਾ ਸੀ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਹੈ ਮੁਲਜ਼ਮ ਕਾਫੀ ਸ਼ਾਤਿਰ ਹੈ ਉਹ ਸਿਆਸੀ ਸ਼ਰਣ ਲੈਣ ਦੀ ਕੋਸ਼ਿਸ਼ ਵਿੱਚ ਸੀ। ਉਸ ਨੇ ਅਰਜ਼ੀ ਵੀ ਦਿੱਤੀ ਸੀ ਪਰ ਪੁਲਿਸ ਨੂੰ ਉਸ ਦੀ ਤਲਾਸ਼ ਸੀ ਅਤੇ ਆਸਟ੍ਰੀਆ ਦੇ ਸਾਹਮਣੇ ਮਜ਼ਬੂਤੀ ਨਾਲ ਪੱਖ ਰੱਖਿਆ ਗਿਆ ਅਤੇ ਫਿਰ ਉਸ ਨੂੰ ਭਾਰਤ ਵਾਪਸ ਲਿਆਂਦਾ ਗਿਆ।

## ਧੀ ਨਾਲ ਬਲਾਤਕਾਰ ਕਰਨ ਦੇ ਦੋਸ਼ ਹੇਠ ਪਿਓ ਗ੍ਰਿ.ਫਤਾਰ

ਜਲੰਧਰ-ਇੱਥੇ ਪਿਓ ਵੱਲੋਂ ਆਪਣੀ 19 ਸਾਲ ਦੀ ਧੀ ਨਾਲ ਕਥਿਤ ਜਬਰ-ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਪਿਛਲੇ ਸੱਤ ਸਾਲ ਤੋਂ ਕਥਿਤ ਜਬਰ-ਜਨਾਹ ਕਰਦਾ ਆ ਰਿਹਾ ਸੀ। ਇਸ ਲੜਕੀ ਨੇ ਆਪਣੀ ਮਾਂ ਨੂੰ ਇਸ ਬਾਰੇ ਦੱਸਿਆ, ਜਿਸ ਨੇ ਪੁਲੀਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ। ਜਲੰਧਰ ਛਾਉਣੀ ਦੀ ਪੁਲੀਸ ਨੇ ਮੁਲਜ਼ਮ ਨੂੰ ਗ੍ਰਿ.ਫਤਾਰ ਕਰ ਲਿਆ ਹੈ।



# ਸਰਨਾ ਵਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ

## ✪ ਮਨਜਿੰਦਰ ਸਿਰਸਾ ਨੂੰ ਤਲਬ ਕਰੋ ਰਾਹੁਲ ਗਾਂਧੀ ਦੇ ਬਿਆਨ ਦਾ ਕੀਤਾ ਸਮਰਥਨ



ਅੰਮ੍ਰਿਤਸਰ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਕੇ ਮਨਜਿੰਦਰ ਸਿੰਘ ਸਿਰਸਾ ਨੂੰ ਵੀ ਸੌਦਾ ਸਾਧ ਦੇ ਮਸਲੇ ਉਪਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਤਲਬ ਕਰਨ ਲਈ ਕਿਹਾ। ਸਰਨਾ ਨੇ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਨੂੰ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ ਵਿਚ ਮੰਤਰੀ ਦਾ ਰੁਤਬਾ ਦਿੱਤਾ ਸੀ, ਉਥੇ ਹੀ ਆਪਣਾ ਸਲਾਹਕਾਰ ਵੀ ਲਗਾਇਆ ਸੀ। ਇਸ ਲਈ 2007 ਤੋਂ 2017 ਤੱਕ ਜਿਥੇ 17 ਮੰਤਰੀਆਂ ਨੂੰ ਪੇਸ਼ ਕੀਤਾ ਹੈ, ਸਿਰਸਾ ਤੋਂ ਵੀ ਸਪਸ਼ਟੀਕਰਨ ਲਿਆ ਜਾਵੇ।

ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਦੇ ਉਸ ਬਿਆਨ ਦਾ ਸਮਰਥਨ ਕੀਤਾ ਹੈ, ਜਿਸ ਵਿਚ ਰਾਹੁਲ ਨੇ ਕਿਹਾ ਸੀ ਕਿ ਸਿੱਖਾਂ ਨੂੰ ਆਪਣੇ ਦੇਸ਼ ਵਿਚ ਦਸਤਾਰ ਅਤੇ ਕੜਾ ਪਹਿਨਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਸਰਨਾ ਨੇ ਕਿਹਾ ਕਿ ਦਿੱਲੀ ਦੀਆਂ ਦਾਖਲਾ ਪ੍ਰੀਖਿਆਵਾਂ ਵਿਚ ਅਜਿਹਾ ਹੋਇਆ ਹੈ, ਜਿਸ ਵਿਚ ਸਿੱਖ ਬੱਚਿਆਂ ਨੂੰ ਕੜਾ ਪਾ ਕੇ ਪ੍ਰੀਖਿਆ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਗਈ, ਦੂਜੇ ਰਾਜਾਂ ਦੇ ਸ਼ਹਿਰਾਂ ਵਿੱਚ ਅਜਿਹਾ ਹੋਇਆ ਹੈ, ਦਿੱਲੀ ਵਿੱਚ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਰਵਾਈ ਕਰਨਾ ਭੁੱਲ ਗਈ ਹੈ, ਅਜਿਹੀਆਂ ਘਟਨਾਵਾਂ ਦਾ ਨੋਟਿਸ ਲੈਣਾ ਵੀ ਜ਼ਰੂਰੀ ਨਹੀਂ ਸਮਝਿਆ ਗਿਆ। ਕਿਸਾਨਾਂ ਨੂੰ ਘਰੇਲੂ ਉਡਾਨ ਦੌਰਾਨ ਕ੍ਰਿਪਾਨ ਪਹਿਨਣ ਦੀ ਇਜਾਜਤ ਨਹੀਂ ਦਿੱਤੀ ਗਈ।

ਸਰਨਾ ਨੇ ਕਿਹਾ ਕਿ ਜਥੇਦਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਸਾਬਕਾ ਮੰਤਰੀਆਂ ਅਤੇ ਪਾਰਟੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇਕੱਠੇ ਬੁਲਾਵੇ ਅਤੇ ਹਰੇਕ ਦੀ ਸ਼ਮੂਲੀਅਤ ਦੇ ਅਨੁਸਾਰ ਸਜਾ ਲਗਾਈ ਜਾਵੇ।

ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਪਿਛਲੀ ਅਕਾਲੀ ਸਰਕਾਰ ਦੌਰਾਨ ਕਈ ਹੋਰ ਸਾਬਕਾ ਮੰਤਰੀਆਂ ਨੇ ਵੀ ਗੁਨਾਹ ਅਤੇ ਗਲਤੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਅਜੇ ਤੱਕ ਸਪੱਸ਼ਟੀਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਨਹੀਂ ਕੀਤਾ ਗਿਆ। ਇਨ੍ਹਾਂ ਗਲਤੀਆਂ ਲਈ ਜਿੰਮੇਵਾਰ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਸਪੱਸ਼ਟੀਕਰਨ ਲਈ ਇਕੱਠੇ ਤਲਬ ਕੀਤਾ ਜਾਣਾ ਚਾਹੀਦਾ ਹੈ।

# ਨਿਸ਼ਾਨੇਬਾਜ਼ ਮਨੂ ਨੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ

## ✪ ਕਿਹਾ-ਦਰਸ਼ਨ ਕਰਨ ਦੀ ਚਿਰਾਂ ਦੀ ਇੱਛਾ ਹੋਈ ਪੂਰੀ



ਅੰਮ੍ਰਿਤਸਰ-ਪੈਰਿਸ ਓਲੰਪਿਕ ਖੇਡਾਂ ਵਿੱਚ ਦੋ ਤਗਮੇ ਜਿੱਤ ਕੇ ਇਤਿਹਾਸ ਰਚਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਤਿਗੁਰੂ ਦਾ ਆਸ਼ੀਰਵਾਦ ਲਿਆ। ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਵੱਲੋਂ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਮਨੂ ਨੇ ਕਿਹਾ ਕਿ ਹਰਿਮੰਦਰ ਸਾਹਿਬ ਅਦਭੁਤ ਸ਼ਾਂਤੀ ਦਾ ਪ੍ਰਤੀਕ ਹੈ। ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਦੀ ਉਨ੍ਹਾਂ ਦੇ ਮਨ ਦੀ ਇੱਛਾ ਅੱਜ ਪੂਰੀ ਹੋਈ ਹੈ।

# ਹੋਟਲ ਦਾ ਨਾਂ ਪਰਾਂਠਾ ਸਿੰਘ ਰੱਖਣਾ ਮਹਿੰਗਾ ਪਿਆ

## ✪ ਨਿਹੰਗ ਸਿੰਘਾਂ ਵੱਲੋਂ ਰੈਸਟੋਰੈਂਟ ਵਿਚ ਕੀਤਾ ਤਕਰਾਰ, ਪਾੜੇ ਪੋਸਟਰ

ਅੰਮ੍ਰਿਤਸਰ-ਹਰਿਮੰਦਰ ਸਾਹਿਬ ਨਜਦੀਕ ਸਾਰਾਗੜ੍ਹੀ ਪਾਰਕਿੰਗ ਦੇ ਕੋਲ ਰੈਸਟੋਰੈਂਟ ਮਾਲਕ ਨੂੰ ਹੋਟਲ ਦਾ ਨਾਂ ਪਰਾਂਠਾ ਸਿੰਘ ਰੱਖਣਾ ਮਹਿੰਗਾ ਪਿਆ। ਬੁੱਢਾ ਦਲ ਦੇ ਨਿਹੰਗ ਸਿੰਘਾਂ ਨੇ ਰੈਸਟੋਰੈਂਟ ਵਿੱਚ ਪਹੁੰਚ ਕੇ ਇਤਰਾਜ ਕੀਤਾ ਅਤੇ ਇਸ ਦੇ ਪੋਸਟਰ ਪੜਵਾ ਦਿੱਤੇ। ਉਨ੍ਹਾਂ ਨੇ ਉਸ ਨੂੰ ਨਾਂ ਬਦਲਣ ਲਈ ਕਿਹਾ। ਜਿਸ ਤੋਂ ਬਾਅਦ ਰੈਸਟੋਰੈਂਟ ਦੇ ਮਾਲਕ ਨੇ ਕਿਹਾ ਕਿ ਉਹ ਛੇਤੀ ਨਾਮ ਬਦਲ ਦੇਣਗੇ।



ਇਸ 'ਤੇ ਇਤਰਾਜ਼ ਜ਼ਾਹਿਰ ਕਰਦਿਆਂ ਨਿਹੰਗ ਸਿੰਘ ਰੈਸਟੋਰੈਂਟ ਵਿਚ ਦਾਖ਼ਲ ਹੋਏ ਅਤੇ ਮੈਨੇਜਰ ਨਾਲ ਗੱਲ ਕੀਤੀ।

ਮੈਨੇਜਰ ਨੇ ਦੱਸਿਆ ਕਿ ਹੋਟਲ ਮਾਲਕ ਵਿਦੇਸ਼ ਰਹਿੰਦਾ ਹੈ। ਜਿਸ ਤੋਂ ਬਾਅਦ ਨਿਹੰਗ ਸਿੰਘ ਸਤਿੰਦਰ ਸਿੰਘ ਨੇ ਉਸ ਫੋਨ ਕਰ ਕੇ ਦੱਸਿਆ ਕਿ ਸਿੰਘ ਦਾ ਮਤਲਬ ਸ਼ੇਰ ਅਤੇ ਹੁਣ ਸ਼ੇਰ ਪਰਾਂਠਾ ਕਿਵੇਂ ਹੋ ਗਿਆ?

ਗੱਲਬਾਤ ਤੋਂ ਬਾਅਦ ਮਾਲਕ ਨੇ ਮੰਨਿਆ ਕਿ ਉਸ ਨੇ ਗਲਤੀ ਕੀਤੀ ਹੈ ਅਤੇ ਨਾਮ ਬਦਲ ਦੇਵੇਗਾ। ਉਨ੍ਹਾਂ ਕਿਹਾ ਕਿ ਉਹ ਖੁਦ ਸਿੱਖ ਹੈ। ਨਿਹੰਗ ਸਿੰਘ ਸਤਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਨਾਂ 'ਤੇ ਇਤਰਾਜ਼ ਹੈ, ਕਿਉਂਕਿ ਉਨ੍ਹਾਂ ਦੇ ਗੁਰੂਆਂ ਨੇ ਉਨ੍ਹਾਂ ਨੂੰ ਇਹ ਨਾਂ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਰੈਸਟੋਰੈਂਟ ਦਾ ਮਾਲਕ ਕਿਸੇ ਹੋਰ ਸੂਬੇ ਤੋਂ ਹੈ, ਉਨ੍ਹਾਂ ਨੂੰ ਉਸ ਦੇ ਕੰਮ ਵਿਚ ਕੋਈ ਦਿੱਕਤ ਨਹੀਂ ਹੈ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਨਾਂ ਰੱਖਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਇਸੇ ਲਈ ਉਸ ਨੂੰ ਇਹ ਨਾਂ ਬਦਲਣ ਲਈ ਕਿਹਾ ਗਿਆ ਹੈ।

ਰੈਸਟੋਰੈਂਟ ਦੇ ਮੈਨੇਜਰ ਹਨੀ ਨੇ ਦੱਸਿਆ ਕਿ ਉਨ੍ਹਾਂ ਨੇ ਨਾਂ ਬਦਲਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਂ ਨਾਲ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਇਸ ਤੋਂ ਬਾਅਦ ਰੈਸਟੋਰੈਂਟ ਮੈਨੇਜਰ ਨੇ ਸਿੱਖ ਜਥੇਬੰਦੀਆਂ ਦੇ ਸਾਹਮਣੇ ਪੋਸਟਰ ਪਾੜ ਦਿੱਤਾ ਅਤੇ ਮੁਆਫੀ ਮੰਗੀ।

# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਲਗੇ ਦੋਸ਼ !

## ✪ ਸਿਖ ਤੋਂ ਬਣੇ ਈਸਾਈ ਨੇ ਪਾਵਨਤਾ ਨਹੀਂ ਰਖੀ ✪ ਨਿਹੰਗਾਂ ਨੇ ਸਰੂਪ ਹਟਾਇਆ

ਅੰਮ੍ਰਿਤਸਰ ਵਿੱਚ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਇਕ ਘਰ ਵਿੱਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਰੱਖਿਆ ਹੋਇਆ ਸੀ ਅਤੇ ਗੁਰੂ ਸਾਹਿਬ ਦੇ ਸਰੂਪ ਨੂੰ ਜਾਂਚ ਤੋਂ ਬਾਅਦ ਕਬਜ਼ੇ ਵਿਚ ਲੈ ਲਿਆ ਗਿਆ। ਇਸ ਸਬੰਧੀ ਨਿਹੰਗ ਸਿੰਘ ਜਥੇਬੰਦੀਆਂ ਨੇ ਕਿਹਾ ਕਿ ਜਿਸ ਘਰ ਵਿੱਚ ਗੁਰੂ ਸਾਹਿਬ ਜੀ ਦਾ ਸਰੂਪ ਰੱਖਿਆ ਸੀ ਉਸ ਘਰ ਵਿੱਚ ਇਸਾਈ ਧਰਮ ਦਾ ਪ੍ਰਚਾਰ ਹੋ ਰਿਹਾ ਸੀ।



ਦੱਸ ਦੇਈਏ ਕਿ ਇਹ ਘਟਨਾ ਵਾਈਟ ਐਵੇਨਿਊ ਦੀ ਹੈ। ਇਸ ਘਰ ਦਾ ਮਾਲਕ ਜੋਗਿੰਦਰ ਸਿੰਘ ਹੈ ਜੋ ਇਸਾਈ ਧਰਮ ਅਪਣਾ ਚੁੱਕਾ ਹੈ। ਸਤਿਕਾਰ ਕਮੇਟੀ ਨੂੰ ਸੂਚਨਾ ਮਿਲੀ ਸੀ ਕਿ ਇਸ ਘਰ ਵਿਚ ਇਕ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਸ਼ੋਭਿਤ ਕੀਤਾ ਗਿਆ ਹੈ, ਜਦਕਿ ਦੂਜੇ ਪਾਸੇ ਇਸ ਘਰ ਵਿਚ ਈਸਾਈ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਹੈ।

ਨਿਹੰਗ ਜਥੇਬੰਦੀਆਂ ਅਤੇ ਸਤਿਕਾਰ ਕਮੇਟੀ ਦੇ ਪਹੁੰਚਣ 'ਤੇ ਘਰ ਵਿਚ ਹੰਗਾਮਾ ਸ਼ੁਰੂ ਹੋ ਗਿਆ। ਜਿਸ ਤੋਂ ਬਾਅਦ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ। ਸਤਿਕਾਰ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ, ਨੇੜੇ ਹੀ ਇੱਕ ਬਾਥਰੂਮ ਸੀ ਅਤੇ ਉਸ ਕਮਰੇ ਵਿੱਚ ਪੁਰਾਣੀਆਂ ਬੇਕਾਰ ਚੀਜ਼ਾਂ ਰੱਖੀਆਂ ਹੋਈਆਂ ਸਨ।

ਜਦੋਂ ਕਿ ਈਸਾਈ ਧਰਮ ਦਾ ਪ੍ਰਚਾਰ ਕਰਨ ਵਾਲੇ ਕਮਰੇ ਨੂੰ ਖੂਬਸੂਰਤੀ ਨਾਲ ਸਜਾਇਆ ਗਿਆ ਸੀ।

ਸਤਿਕਾਰ ਕਮੇਟੀ ਵੱਲੋਂ ਪੁਲਿਸ ਕੋਲੋਂ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਤਹਿਤ ਕਾਰਵਾਈ ਦੀ ਮੰਗ ਕੀਤੀ ਹੈ ਪਰ ਪੁਲਿਸ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸਤਿਕਾਰ ਸਹਿਤ ਭੇਜ ਦਿੱਤਾ ਹੈ ਅਤੇ ਦੋਵੇਂ ਪੱਖਾਂ ਦੇ ਬਿਆਨ ਲਏ ਜਾਣਗੇ। ਜੇਕਰ ਕਾਨੂੰਨ ਮੁਤਾਬਕ ਕਾਰਵਾਈ ਬਣੀ ਤਾਂ ਜ਼ਰੂਰ ਕੀਤੀ ਜਾਵੇਗੀ।

# ਹਿੰਦੂਆਂ ਨੂੰ ਕਤਲ ਵਾਲਾ ਸੋਮਨਾਥ ਮੰਦਰ ਦਾ ਲੁਟੇਰਾ ਮਹਿਮੂਦ ਗਜਨਵੀ ਪੰਜਾਬ ਦੇ ਜੱਟਾਂ ਅਗੇ ਗੋਡੇ ਟੇਕ ਗਿਆ ?

**ਪੰਥਕ ਰਾਜਨੀਤੀ ਸਿਰਜਣਾ ਸਤਿਗੁਰੂ ਨੂੰ ਸਮਰਪਿਤ ਜੱਟ ਸਿੱਖਾਂ ਅਗੇ ਵਡੀ ਚੁਣੌਤੀ ✪ ਜੱਟ ਸਿਖ ਭਾਈਚਾਰੇ ਲਈ ਇਤਿਹਾਸ, ਸਿੱਖ ਫਿਲਾਸਫੀ ਸਮਝਣ ਦਾ ਵੇਲਾ ✪ ਪਿੰਡਾਂ ਵਿਚੋਂ ਮਜਹਬੀ ਸਿੱਖਾਂ ਤੇ ਹੋਰ ਸਿੱਖ ਕਬੀਲਿਆਂ ਤੇ ਸ਼ਹਿਰਾਂ ਵਿਚ ਖਤਰੀ, ਅਰੋੜਿਆਂ ਨਾਲ ਸਾਂਝ ਬਹਾਲ ਕਰਨ**

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਇਤਿਹਾਸ, ਫਿਲਾਸਫੀ ਨੂੰ ਸਮਝੇ ਬਿਨਾਂ ਨਾ ਤਾਂ ਤੁਸੀਂ ਨਵੇ ਵਿਅਕਤੀ ਜਿਸਨੂੰ ਸਤਿਗੁਰੂ ਨਾਨਕ ਜੀ ਨੇ ਗਰਮੁਖ ਕਿਹਾ ਹੈ, ਦੀ ਸਿਰਜਣਾ ਕਰ ਸਕਦੇ ਹੋ ਨਾ ਆਦਰਸ਼ਵਾਦੀ ਸਮਾਜ ਤੇ ਨਾ ਹੀਆਦਰਸ਼ਵਾਦੀ ਰਾਜਨੀਤੀ ਦੀ। ਅੱਜ ਸਾਡੇ ਸਾਹਮਣੇ ਅਕਾਲੀ ਰਾਜਨੀਤੀ ਦਾ ਸੰਕਟ ਗੰਭੀਰ ਹੈ, ਜਿਸ ਉਪਰ ਗੁਨਾਹਗਾਰ ਅਕਾਲੀ ਲੀਡਰ ਦਾ ਕਬਜਾ ਹੈ ਜੋ ਕਾਰਪੋਰੇਟ ਵਾਂਗ ਅਕਾਲੀ ਦਲ ਨੂੰ ਚਲਾਉਣਾ ਚਾਹੁੰਦੀ ਹੈ। ਪਰ ਸਿਖ ਪੰਥ ਬਾਗੀ ਹੈ। ਨਵੀਂ ਸਿਰਜਣਾ ਕਿਵੇਂ ਹੋਵੇ ਤਾਂ ਇਹ ਕਥਾ ਵੀ ਹੈ, ਬੁਝਾਰਤ ਵੀ ਹੈ, ਜੱਟ ਸਿਖਾਂ ਲਈ।

ਇਸ ਤੋਂ ਤੁਹਾਨੂੰ ਅਕਾਲੀ ਦਲ ਦੀ ਗਿਰਾਵਟ ਤੇ ਸਤਿਗੁਰੂ ਦੇ ਸਿਧਾਂਤ ਦੀ ਸਮਝ ਪਵੇਗੀ ਕਿ ਅਸੀਂ ਗਲ ਕਿਥੋਂ ਸੰਗਠਨ ਹੋਣ ਦੀ ਸ਼ੁਰੂ ਕਰਨੀ ਹੈ। ਇਹ ਜੱਟਾਂ ਦੀ ਆਰਥਿਕਤਾ, ਸਭਿਆਚਾਰ ਦੀ ਰਾਖੀ ਦਾ ਵੀ ਸੁਆਲ ਹੈ। ਪੰਜਾਬ ਤੇ ਪੰਥ ਦੀ ਹੋਣੀ ਦਾ ਵੀ। ਜੱਟਾਂ ਦੀ ਆਰਥਿਕਤਾ ਤੇ ਅਣਖ ਦਾ ਮਸਲਾ ਆਪਣੀ ਅਕਾਲੀ ਰਾਜਨੀਤੀ ਨੂੰ ਸੰਭਾਲਣ ਤੇ ਸਿਰਜਣਾ ਵਿਚ ਹੈ। ਇਹ ਇਤਿਹਾਸਕ ਕਥਾ ਜੋ ਮੈਂ ਤੁਹਾਨੂੰ ਸੁਣਾ ਰਿਹਾ ਹਾਂ, ਤੁਹਾਡੇ ਲਈ ਦਿਲਚਸਪ ਵੀ ਹੈ ਲਾਭਦਾਇਕ ਵੀ ਹੈ।

## ਮਹਿਮੂਦ ਗਜਨਵੀ ਨੂੰ ਪੰਜਾਬ ਦੇ ਜੱਟਾਂ ਨੇ ਦਿਤੀ ਚੁਣੌਤੀ

ਮਹਿਮੂਦ ਗਜ਼ਨੀ ਯਮਨ ਰਾਜਵੰਸ਼ ਨਾਲ ਸਬੰਧਤ ਸੀ। ਉਸ ਦਾ ਜਨਮ 971 ਈ.ਸੁਬਕਤਗਿਨ ਦੇ ਘਰ ਹੋਇਆ ਸੀ। ਮਹਿਮੂਦ ਗਜ਼ਨੀ ਮਹਿਜ਼ 27 ਸਾਲ ਦੀ ਉਮਰ ਵਿੱਚ ਰਾਜ ਦਾ ਮੁਖੀ ਬਣਿਆ। ਇਹ ਪੂਰਬੀ ਈਰਾਨ ਦੀ ਧਰਤੀ ਵਿੱਚ ਆਪਣੇ ਸਾਮਰਾਜ ਦੇ ਵਿਸਥਾਰ ਲਈ ਜਾਣਿਆ ਜਾਂਦਾ ਹੈ।

ਭਾਰਤ ਦੀ ਦੌਲਤ ਤੋਂ ਆਕਰਸ਼ਿਤ ਹੋ ਕੇ ਗਜ਼ਨਵੀ ਨੇ ਭਾਰਤ 'ਤੇ 17 ਵਾਰ ਹਮਲੇ ਕੀਤੇ। ਆਪਣੇ 17 ਹਮਲਿਆਂ ਵਿੱਚ ਉਸਨੇ ਕਈ ਸਾਮਰਾਜਾਂ ਨੂੰ ਤਬਾਹ ਕਰ ਦਿੱਤਾ ਤੇ ਖਾਸ ਕਰਕੇ ਹਿੰਦੂਆਂ ਦਾ ਕਤਲੇਆਮ ਕੀਤਾ। ਮਹਿਮੂਦ ਗਜ਼ਨੀ ਨੇ ਭਾਰਤ ਉੱਤੇ ਪਹਿਲੀ ਵਾਰ 1001 ਈ. ਜਦੋਂ ਗਜ਼ਨੀ ਦੇ ਮਹਿਮੂਦ ਨੇ ਦੂਜੀ ਵਾਰ ਭਾਰਤ 'ਤੇ ਹਮਲਾ ਕੀਤਾ, ਤਾਂ ਉਸਨੇ ਸਰਹੱਦੀ ਖੇਤਰਾਂ ਦੇ ਸ਼ਾਹੀ ਰਾਜੇ ਜੈਪਾਲ ਨੂੰ ਇੱਕ ਲੜਾਈ ਵਿੱਚ ਹਰਾ ਦਿੱਤਾ ਅਤੇ ਬਠਿੰਡ ਉੱਤੇ ਕਬਜ਼ਾ ਕਰ ਲਿਆ। ਦੱਸਿਆ ਜਾਂਦਾ ਹੈ ਕਿ ਜੈਪਾਲ ਇਸ ਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਉਸ ਨੇ ਆਪਣੇ ਆਪ ਨੂੰ ਅੱਗ ਲਗਾ ਕੇ ਖੁਦਕੁਸ਼ੀ ਕਰ ਲਈ।

ਮਹਿਮੂਦ ਗਜ਼ਨੀ ਦਾ ਸਭ ਤੋਂ ਵੱਡਾ ਹਮਲਾ ਕਾਠੀਆਵਾੜ ਦੇ ਸੋਮਨਾਥ ਮੰਦਰ 'ਤੇ 1026 ਈ. ਇਹ ਭਾਰਤ ਲਈ ਉਸ ਸਮੇਂ ਦਾ ਸਭ ਤੋਂ ਵੱਡਾ ਹਮਲਾ ਸੀ। ਦੇਸ਼ ਦੀ ਪੱਛਮੀ ਸਰਹੱਦ 'ਤੇ ਪ੍ਰਾਚੀਨ ਕੁਸ਼ਸਥਲੀ ਅਤੇ ਅਜੋਕੇ ਸੌਰਾਸ਼ਟਰ (ਗੁਜਰਾਤ) ਵਿਚ ਕਾਠੀਆਵਾੜ ਵਿਚ ਸਮੁੰਦਰ ਤੱਟ 'ਤੇ ਸੋਮਨਾਥ ਮਹਾਦੇਵ ਦਾ ਇਕ ਪ੍ਰਾਚੀਨ ਮੰਦਰ ਹੈ, ਜਿਸ ਦਾ ਜ਼ਿਕਰ ਸਕੰਦ ਪੁਰਾਣ ਵਿਚ ਵੀ ਮਿਲਦਾ ਹੈ।ਹਮਲੇ ਦੌਰਾਨ ਗਜ਼ਨੀ ਦੇ ਮਹਿਮੂਦ ਨੇ ਸੋਮਨਾਥ ਮੰਦਰ ਦਾ ਸ਼ਿਵਲਿੰਗ ਤੋੜ ਦਿੱਤਾ ਅਤੇ ਮੰਦਰ ਨੂੰ ਢਾਹ ਦਿੱਤਾ। ਹਜ਼ਾਰਾਂ ਪੁਜਾਰੀ ਮਾਰੇ ਗਏ ਅਤੇ ਉਸਨੇ ਮੰਦਰ ਦਾ ਸੋਨਾ ਅਤੇ ਵਿਸ਼ਾਲ ਖਜ਼ਾਨਾ ਲੁੱਟ ਲਿਆ। ਕਿਹਾ ਜਾਂਦਾ ਹੈ ਕਿ ਉਸ ਨੇ ਸੋਮਨਾਥ ਮੰਦਿਰ ਤੋਂ 20 ਮਿਲੀਅਨ ਦੀਨਾਰ ਪ੍ਰਾਪਤ ਕੀਤੇ, ਜੋ ਕਿ ਉਸ ਦੇ ਪਹਿਲੇ ਹਮਲੇ ਤੋਂ ਉਸ ਨੂੰ ਮਿਲੇ ਨਾਲੋਂ ਅੱਠ ਗੁਣਾ ਵੱਧ ਸੀ। ਉਸ ਦਾ ਆਖਰੀ ਹਮਲਾ 1027 ਈ ਦੌਰਾਨ ਹੋਇਆ।

ਡਾਕਟਰ ਨਜ਼ੀਮ Life And Times Of Sultan Mahmud Of Ghazni... ਵਿੱਚ ਲਿਖਦੇ ਹਨ, "ਆਖਰੀ ਹਮਲੇ ਬਾਅਦ ਮਹਿਮੂਦ ਨੇ ਸਿੰਧ ਦਰਿਆ ਪਾਰ ਕਰਕੇ ਗਜ਼ਨੀ ਲਈ ਆਪਣਾ ਸਫਰ ਜਾਰੀ ਰੱਖਿਆ। ਹਾਲਾਂਕਿ ਰੇਗਿਸਤਾਨ ਦੇ ਜਾਟਾਂ ਨੇ ਉਸ ਉੱਪਰ ਕਰਾਰੇ ਹਮਲੇ ਕੀਤੇ। ਲੁਟਿਆ। ਇਨ੍ਹਾਂ ਹਮਲਿਆਂ ਕਾਰਨ ਸੁਲਤਾਨ ਦੇ ਕਈ ਸੈਨਿਕ ਮਾਰੇ ਗਏ।"

## ਪੰਜਾਬ ਦੇ ਜੱਟ ਗਜਨਵੀ ਲਈ ਖਤਰਨਾਕ ਸਾਬਤ ਹੋਏ

ਪੰਜਾਬ ਦੇ ਜੱਟ ਹੋਰ ਵੀ ਜਿਆਦਾ ਖਤਰਨਾਕ ਸਨ ਉਨ੍ਹਾਂ ਨੇ ਮਹਿਮੂਦ ਨੂੰ ਰੋਕਿਆ। ਇੱਥੋਂ ਮਹਿਮੂਦ ਦਾ ਕਾਫੀ ਖਜ਼ਾਨਾ ਤਾਂ ਬਚਾ ਲਿਆ ਪਰ ਊਠ, ਘੋੜੇ ਅਤੇ ਹੋਰ ਜਾਨਵਰ ਕਾਫੀ ਹਥਿਆਰ ਉਸ ਤੋਂ ਖੋਹ ਲਏ ਗਏ। ਉਸਨੂੰ ਵਾਪਸ ਹਮਲੇ ਜੋਗਾ ਨਾ ਛਡਿਆ। ਜੱਟਾਂ ਦਾ ਸੁਭਾਅ ਲੜਾਕੂ ਸੀ ਤੇ ਉਹ ਗੁਰੀਲਾ ਹਮਲਾ ਬੋਲਦੇ ਸਨ।

ਇਤਿਹਾਸਕ ਬਿਰਤਾਂਤਾਂ ਦੇ ਅਨੁਸਾਰ, 11ਵੀਂ ਸਦੀ ਦੇ ਸ਼ੁਰੂ ਵਿੱਚ ਮਹਿਮੂਦ ਗਜ਼ਨਵੀ ਨਾਲ ਜਾਟਾਂ ਦੀ ਝੜਪ ਹੋਈ ਸੀ, ਖਾਸ ਕਰਕੇ ਪੰਜਾਬ ਖੇਤਰ ਵਿੱਚ ਉਸ ਦੀਆਂ ਮੁਹਿੰਮਾਂ ਦੌਰਾਨ। ਜਾਟਾਂ ਨੇ, ਆਪਣੇ ਸਰਦਾਰਾਂ ਦੀ ਅਗਵਾਈ ਵਿੱਚ, ਗਜ਼ਨਵੀ ਦੀਆਂ ਫੌਜਾਂ ਦਾ ਵਿਰੋਧ ਕੀਤਾ, ਪਰ ਅੰਤ ਵਿੱਚ, ਗਜ਼ਨਵੀ ਦੀ ਉੱਤਮ ਫੌਜੀ ਸ਼ਕਤੀ ਨੇ ਜਾਟਾਂ ਨੂੰ ਹਰਾ ਦਿਤਾ।

ਗਜ਼ਨਵੀ ਦੇ ਹਮਲਿਆਂ ਦਾ ਵਿਰੋਧ ਕਰਨ ਵਾਲੇ ਕੁਝ ਮਸ਼ਹੂਰ ਜਾਟ ਨੇਤਾਵਾਂ ਵਿੱਚ ਸ਼ਾਮਲ ਹਨ :

1. ਰਾਜਾ ਸਲਵਾਨ (ਰਾਜੇ ਸਲਬਾਹਨ ਵਜੋਂ ਵੀ ਜਾਣਿਆ ਜਾਂਦਾ ਹੈ): ਇੱਕ ਜਾਟ ਸਰਦਾਰ ਜਿਸਨੇ ਸਲਵਾਨ (ਹੁਣ ਪੰਜਾਬ, ਪਾਕਿਸਤਾਨ ਵਿੱਚ) ਦੇ ਖੇਤਰ ਉੱਤੇ ਰਾਜ ਕੀਤਾ ਅਤੇ ਗਜ਼ਨਵੀ ਦੇ ਸ਼ੁਰੂਆਤੀ ਹਮਲਿਆਂ ਦਾ ਵਿਰੋਧ ਕੀਤਾ ਸੀ।

2. ਰਾਜਾ ਹਰਦੱਤ: ਹਾਂਸੀ ਖੇਤਰ (ਹੁਣ ਹਰਿਆਣਾ, ਭਾਰਤ ਵਿੱਚ) ਦਾ ਇੱਕ ਜਾਟ ਸ਼ਾਸਕ ਜਿਸਨੇ ਗਜ਼ਨਵੀ ਦੀਆਂ ਫ਼ੌਜਾਂ ਵਿਰੁੱਧ ਲੜਾਈ ਕੀਤੀ।

ਡਾ. ਨਜ਼ੀਮ ਦੀ ਕਿਤਾਬ ਮੁਤਾਬਕ, "ਮਹਿਮੂਦ ਆਪਣੀ ਇਸ ਮੁਹਿੰਮ ਤੋਂ ਬਾਅਦ 2 ਅਪਰੈਲ 1026 ਨੂੰ ਵਾਪਸ ਗਜ਼ਨੀ ਪਰਤਿਆ।"

ਡਾਕਟਰ ਨਜ਼ੀਮ ਨੇ ਇਸ ਗਲ ਦਾ ਜਿਕਰ ਕੀਤਾ ਹੈ ਕਿ ਮਹਿਮੂਦ ਨੇ ਆਪਣੇ ਦੇ ਪਰਤਣ ਬਾਅਦ ਆਪਣੇ ਖੁਫੀਆ ਅਫਸਰ ਨੂੰ ਬੁਲਾਇਆ ਕਿਹਾ ਕਿ ਮੇਰਾ ਭਾਰਤ ਦੇ ਬਾਕੀ ਸਵਰਨ ਹਿੰਦੂ ਇਲਾਕਿਆਂ ਵਿਚ ਕਿਸਾਨਾਂ ਨੇ ਵਿਰੋਧ ਨਹੀਂ ਕੀਤਾ ਸਗੋਂ ਸਹਿਯੋਗ ਕੀਤਾ, ਪਰ ਪੰਜਾਬ ਵਿਚ ਕਿਉਂ ਮੇਰਾ ਵਿਰੋਧ ਕਰੜਾ ਹੋਇਆ।

ਅਗੋਂ ਖੁਫੀਆ ਅਫਸਰ ਨੇ ਕਿਹਾ ਕਿ ਬ੍ਰਾਹਮਣ, ਖਤਰੀਆਂ ਨੇ ਜਾਟਾਂ ਨੂੰ ਹਥਿਆਰ ਚੁਕਣ ਦੀ ਆਗਿਆ ਨਹੀਂ ਦਿਤੀ। ਲੜਾਈ ਲੜਨਾ ਖਤਰੀਆਂ ਦਾ ਅਧਿਕਾਰ ਹੈ। ਇਹ ਹਿੰਦੂ ਵਰਨ ਆਸ਼ਰਮ ਨੂੰ ਮੰਨਦੇ ਹਨ। ਇਨ੍ਹਾਂ ਅਨੁਸਾਰ ਜੱਟ ਸ਼ੂਦਰ ਹਨ।

ਪਰ ਇਥੇ ਪੰਜਾਬ ਵਿਚ ਜੱਟਾਂ ਦਾ ਬੋਲਬਾਲਾ ਹੈ। ਉਹ ਕਿਸੇ ਦੀ ਪਰਵਾਹ ਨਹੀਂ ਕਰਦੇ। ਖੇਤੀ ਤੋਂ ਲੈਕੇ ਆਰਥਿਕਤਾ ਉਪਰ ਉਨਾਂ ਦਾ ਪ੍ਰਭਾਵ ਹੈ। ਡਾਂਗ ਉਪਰ ਉਨ੍ਹਾਂ ਦਾ ਕਬਜਾ ਹੈ। ਖੱਤਰੀਆਂ ਨਾਲ ਗਠਜੋੜ ਹੈ। ਇਹੀ ਏਕਤਾ ਸਾਡੇ ਲਈ ਚੁਣੌਤੀ ਬਣੀ।



## ਪੰਜਾਬ ਦੇ ਜੱਟ ਸਿਖ ਕਿਉਂ ਬਣੇ

ਸੋ ਮੇਰੀ ਕਥਾ ਇਥੇ ਮੁਕ ਗਈ।ਮੇਰੇ ਕਹਿਣ ਦਾ ਭਾਵ ਹੈ ਕਿ ਜੱਟਾਂ ਨੇ ਪਹਿਲਾਂ ਵਰਨ ਆਸ਼ਰਮ ਨਹੀਂ ਮੰਨਿਆ ਉਹੀਂ ਉਨ੍ਹਾਂ ਦੀ ਤਾਕਤ ਤੇ ਇਤਿਹਾਸ ਦੀ ਸਿਰਜਣਾ ਸੀ। ਪੰਜਾਬ ਦੇ ਜੱਟਾਂ ਦੀ ਪੰਜਾਬ ਦੇ ਖੱਤਰੀਆਂ ਤੇ ਹਰੇਕ ਜਾਤ ਨਾਲ ਸਾਂਝ ਬਣੀ ਰਹੀ। ਸਤਿਗੁਰੂ ਦੀ ਸਰਬੱਤ ਦੇ ਭਲੇ ਦੀ ਭਾਵਨਾ, ਕਿਰਤ ਦਾ ਸੰਦੇਸ਼ ਜੱਟਾਂ ਨੂੰ ਰਾਸ ਆਇਆ ਉਹ ਗੁਰੂ ਦੇ ਸਿੱਖ ਬਣ ਤੁਰੇ। ਗੁਰਬਾਣੀ ਮਨੁੱਖ ਨੂੰ ਗਿਆਨਵਾਨ ਯੋਧਾ ਸਿਰਜਦੀ ਹੈ ਇਹ ਜੱਟ ਦੇ ਲੜਾਕੂ ਸੁਭਾਅ ਨੂੰ ਰਾਸ ਆਇਆ। ਜੱਟ ਭਾਈਚਾਰਾ ਗੁਰਬਾਣੀ ਤੇ ਗੁਰੂ ਦੇ ਹੁਕਮ ਵਿਚ ਆ ਗਿਆ। ਸਿੱਖ ਇਤਿਹਾਸ ਵਿਚ ਉਹਨਾਂ ਦਾ ਵੱਡਾ ਯੋਗਦਾਨ ਹੈ। ਮੇਰੇ ਹਿਸਾਬ ਨਾਲ ਪੰਜਾਬ ਦੀ ਉਹ 25 ਪ੍ਰਤੀਸ਼ਤ ਅਬਾਦੀ ਹਨ। ਸ਼ਾਇਦ ਇਸ ਤੋਂ ਵੀ ਜਿਆਦਾ।

## ਜੱਟ ਸਿਖ ਭਾਈਚਾਰਾ ਅਕਾਲੀ ਦਲ ਦੀ ਪੁਨਰ ਸਿਰਜਣਾ ਕਿਵੇਂ ਕਰੇ

ਅਕਾਲੀ ਸੰਕਟ ਦਾ ਮਸਲਾ ਉਨ੍ਹਾਂ ਦੀ ਹੋਂਦ ਦਾ ਮੱਸਲਾ ਬਣ ਗਿਆ ਕਿ ਬਾਦਲ ਪਰਿਵਾਰ ਨੇ ਉਨ੍ਹਾਂ ਦੀ ਵਿਰਾਸਤ, ਮੋਰਚਿਆਂ ਦਾ ਇਤਿਹਾਸ, ਕੁਰਬਾਨੀਆਂ ਸਭ ਕਲੰਕਿਤ ਕਰ ਦਿੱਤੀਆਂ, ਅਕਾਲੀ ਦਲ ਤਬਾਹ ਕਰਕੇ। ਅੱਜ ਪਰਿਵਾਰ ਵਾਦ ਦਾ ਲਾਣਾ, ਸ਼ੈਤਾਨੀ ਜਾਗੀਰਦਾਰੀ, ਕਪਟੀ ਕਾਰਪੋਰੇਟ ਲਾਣਾ ਅਕਾਲੀ ਦਲ ਉਪਰ ਕਾਬਜ ਹੈ ਜੋ ਪ੍ਰਾਈਵੇਟ ਲਿਮਟਿਡ ਕੰਪਨੀ ਹੈ, ਨਵੀਂ ਤਰ੍ਹਾਂ ਦਾ ਬ੍ਰਾਹਮਣਵਾਦ ਵਰਨ ਆਸ਼ਰਮ ਧਰਮ ਉਪਰ ਲਾਗੂ ਹੈ ਜਿਸ ਵਿਚੋਂ ਪੰਥ ਤੇ ਸਿਖ ਧਰਮ ਗਾਇਬ ਹੈ। ਇਸੇ ਵਰਨ ਆਸ਼ਰਮ ਨੇ ਹਿੰਦੂ ਧਰਮ ਨੂੰ ਹਰਾਇਆ, ਇਹੀ ਵਰਨ ਆਸ਼ਰਮ ਜਾਤੀਵਾਦ ਸਿਖ ਪੰਥ ਲਈ ਖਤਰਨਾਕ ਚੁਣੌਤੀ ਬਣ ਗਿਆ।

ਅਕਾਲੀ ਦਲ ਪੰਥ ਤੇ ਕਿਸਾਨੀ ਦੀ ਰਚਨਾ ਸੀ ਜਿਸ ਦੀ ਹੱਤਿਆ ਬਾਦਲ ਪਰਿਵਾਰ ਵਲੋਂ ਹੋ ਚੁਕੀ ਹੈ।

ਅਸੀਂ ਜੱਟ ਜੇ ਆਪ ਪਾਰਟੀ ਨੂੰ ਜਿਤਾ ਸਕਦੇ ਹਾਂ ਤਾਂ ਅਸੀਂ ਆਪਣੇ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਕੇ ਇਸ ਨੂੰ ਤਖਤ ਉਪਰ ਕਿਉਂ ਨਹੀਂ ਬਿਠਾ ਸਕਦੇ। ਸਾਨੂੰ ਜਟ ਮਜਹਬੀ, ਜੱਟ-ਭਾਪਾ ਵਿਵਾਦ ਖਤਮ ਕਰਕੇ ਵੰਸ਼ਵਾਦ ਤੇ ਜਾਤੀਵਾਦ ਦਾ ਨਾਸ਼ ਕਰਕੇ ਸਤਿਗੁਰੂ ਨਾਨਕ ਦੀਆਂ ਪੈੜਾਂ ਵਿਚ ਕਦਮ ਧਰਦਿਆਂ ਸ੍ਰੋਮਣੀ ਅਕਾਲੀ ਦਲ ਦੀ ਸਿਰਜਣਾ ਕਰਨੀ ਪਵੇਗੀ। ਸਾਡੀ ਸਭ ਦੀ ਇਸੇ ਵਿਚ ਮੁਕਤੀ ਹੈ ਤੇ ਪੰਜਾਬ ਤੇ ਪੰਜਾਬੀਆਂ ਦੀ ਮੁਕਤੀ ਇਸੇ ਵਿਚ ਹੈ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ

# ਅਕਾਲੀ ਦਲ ਦੇ ਸੰਕਟ ਲਈ ਸਿੰਘ ਸਾਹਿਬਾਨ ਦੀਵਾਲੀ, ਵਿਸਾਖੀ ਉਪਰ ਨੁਮਾਇੰਦਾ ਪੰਥਕ ਇਕਠ ਬੁਲਾਉਣ-ਖਾਲਸਾ

## ✪ ਗੁਨਾਹਗਾਰ ਤੇ ਪਰਿਵਾਰਵਾਦੀ ਲੀਡਰਸ਼ਿਪ ਤੋਂ ਸਿੱਖ ਪੰਥ ਤੋਂ ਮੁਕਤੀ ਦਿਵਾਉਣ



ਜਲੰਧਰ-ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਨੇ ਜਥੇਦਾਰ ਅਕਾਲ ਤਖਤ ਸਾਹਿਬ ਤੋਂ ਆਸ ਰਖਦਿਆਂ ਕਿਹਾ ਕਿ ਉਹ ਜਲਦ ਪੰਥਕ ਜਮਾਤ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨਗੇ ਤੇ ਗੁਨਾਹਗਾਰ ਲੀਡਰਸ਼ਿਪ, ਪਰਿਵਾਰਵਾਦੀ ਲੀਡਰਸ਼ਿਪ ਤੋਂ ਸਿੱਖ ਪੰਥ ਤੋਂ ਮੁਕਤੀ ਦਿਵਾਉਣਗੇ।

ਖਾਲਸਾ ਨੇ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਇਸ ਸਬੰਧ ਵਿਚ ਦੀਵਾਲੀ ਤੇ ਵਿਸਾਖੀ ਵਾਲੇ ਦਿਨ ਨੁਮਾਇੰਦਾ ਇਕਠ ਕਰਕੇ ਇਸ ਸਬੰਧੀ ਯੋਗ ਫੈਸਲੇ ਲਏ ਜਾਣ। ਅਕਾਲੀ ਦਲ ਦੀ ਪੰਥਕ ਸੋਚ ਵਾਲੀ ਪੰਜ ਮੈਂਬਰੀ ਟੀਮ ਬਣਾਕੇ ਅਕਾਲੀ ਦਲ ਦੀ ਭਰਤੀ ਸ਼ੁਰੂ ਕੀਤੀ ਜਾਵੇ। ਇਸ ਉਪਰ ਜੋ ਖਰਚਾ ਆਵੇ ਉਹ ਸੁਖਬੀਰ ਬਾਦਲ ਕੋਲੋਂ ਲਿਆ ਜਾਵੇ, ਵੱਡੇ ਬਾਦਲ ਦਾ ਫਖਰੇ ਕੌਮ ਦਰਜਾ ਵਾਪਸ ਲਿਆ ਜਾਵੇ। ਇਹੀ ਇਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਹੈ। ਜੋ ਉਸ ਸਮੇਂ ਗਿਆਨੀ ਗੁਰਬਚਨ ਸਿੰਘ ਨੇ ਅਕਾਲ ਤਖਤ ਸਾਹਿਬ ਤੋਂ ਜੋ ਗਲਤ ਫੈਸਲੇ ਲਏ ਹਨ ਉਨ੍ਹਾਂ ਦਾ ਅਧਿਐਨ ਕਰਕੇ ਉਹ ਫੈਸਲੇ ਵਾਪਸ ਲਏ ਜਾਣ ਤੇ ਕੌਮ ਨਾਲ ਧੋਖਾ ਕਰਨ ਦੀ ਗਿਆਨੀ ਗੁਰਬਚਨ ਸਿੰਘ ਤੇ ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ ਨੂੰ ਸਜ਼ਾ ਸੁਣਾਈ ਜਾਵੇ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਪੰਥ ਲਈ ਜਰੂਰੀ ਹੈ। ਇਸ ਦਾ ਬਾਦਲ ਪਰਿਵਾਰ ਤੇ ਪਰਿਵਾਰਵਾਦ ਕਾਰਣ ਅਕਾਲੀ ਦਲ ਵਿਚ ਨਿਘਾਰ ਪੰਥ ਤੇ ਪੰਜਾਬ ਲਈ ਵੀ ਚੰਗਾ ਨਹੀਂ।

ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਪਾਰਟੀ ਵਜੋਂ ਜਾਣਿਆ ਜਾਂਦਾ ਹੈ, ਪਰ ਸਿੱਖ ਵੋਟ ਬੈਂਕ ਨੂੰ ਦੇਖਦਿਆਂ ਇਸ ਦੇ ਨਿਘਾਰ ਕਾਰਨ ਪੈਦਾ ਹੋਏ ਖ਼ਲਾਅ ਨੂੰ ਜੋ ਸਿਆਸੀ ਪਾਰਟੀਆਂ ਭਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਉਹ ਪੰਜਾਬ ਤੇ ਪੰਥ ਲਈ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ। ਕਿਉਂ ਕਿ ਇਨ੍ਹਾਂ ਦਾ ਏਜੰਡਾ ਖੇਤਰਵਾਦ ਤੇ ਪੰਜਾਬ ਦੇ ਹਕ ਵਿਚ ਨਹੀਂ ਹੈ। ਪੰਜਾਬ ਨੂੰ ਇੱਕ ਖੇਤਰੀ ਤੇ ਪੰਥਕ ਪਾਰਟੀ ਵਜੋਂ ਮਜਬੂਤ ਅਕਾਲੀ ਦਲ ਦੀ ਬਹੁਤ ਲੋੜ ਹੈ। ਪੰਜਾਬ ਵਿੱਚ ਵੀ ਖੇਤਰੀ ਪਾਰਟੀ ਦੀ ਥਾਂ ਸਿਰਫ ਅਕਾਲੀ ਦਲ ਭਰ ਸਕਦਾ ਹੈ, ਜੋ ਅਸਲ ਵਿੱਚ ਪੰਜਾਬੀਆਂ ਦੀ, ਪੰਜਾਬ ਦੀ ਗੱਲ ਕਰੇ ਅਤੇ ਦਿੱਲੀ ਤੋਂ ਆਏ ਨਿਰਦੇਸ਼ਾਂ ਮੁਤਾਬਕ ਨਾ ਚੱਲੇ।

ਖਾਲਸਾ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲਗਦਾ ਕਿ ਸਿਰਫ਼ ਲੀਡਰਸ਼ਿਪ ਦੀ ਤਬਦੀਲੀ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਖਤਮ ਹੋ ਜਾਵੇਗਾ। ਅਸਲ ਮਸਲਾ ਇਸ ਦਾ ਸਮੁਚਾ ਪਰਿਵਾਰਵਾਦੀ ਢਾਂਚਾ ਤੇ ਲੀਡਰਸ਼ਿਪ ਵਿੱਚ ਤਬਦੀਲੀ ਦੀ ਲੋੜ ਤੇ ਪਾਰਟੀ ਦੇ ਖੇਤਰਵਾਦੀ ਏਜੰਡੇ ਤੇ ਸਿਆਸੀ ਪ੍ਰੋਗਰਾਮ ਦੀ ਲੋੜ ਹੈ ਜੋ ਪੰਥ ਵਿਚ ਜਜਬਾ ਜਗਾਏ ਤੇ ਪੰਜਾਬ ਨੂੰ ਰੋਸ਼ਨ ਕਰੇ। ਅਕਾਲ ਤਖਤ ਦੇ ਸਹਿਯੋਗ ਬਿਨਾਂ ਅਕਾਲੀ ਪਾਰਟੀ ਖੜ੍ਹੀ ਨਹੀਂ ਹੋ ਸਕਦੀ ਹੈ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸਮੁਚੇ ਧੜੇ ਭੰਗ ਹੋਣੇ ਚਾਹੀਦੇ ਹਨ ਕਿਸੇ ਨੂੰ ਅਕਾਲੀ ਦਲ ਦੀ ਵਰਤੋਂ ਕਰਨ ਦਾ ਅਧਿਕਾਰ ਨਹੀਂ। ਇਹ ਇਕੋ ਇਕ ਪੰਥਕ ਜਮਾਤ ਹੈ ਤੇ ਉਸਦਾ ਨਾਮ ਸਿਰਫ ਸ਼੍ਰੋਮਣੀ ਅਕਾਲੀ ਦਲ ਹੈ। ਇਹ ਗਲਤ ਵਰਤਾਰਾ ਹੁੰਦਾ ਆਇਆ ਹੈ ਕਿ ਵੱਖ ਹੋਇਆ ਲੀਡਰ ਵੱਖਰਾ ਅਕਾਲੀ ਗਰੁੱਪ ਬਣਾ ਲੈਂਦਾ ਹੈ ਜੋ ਕਿ ਘਟੀਆ ਤੇ ਪੰਥ ਨਾਲ ਧੋਖਾ ਕਰਨ ਦਾ ਵਰਤਾਰਾ ਸੀ। ਇਸ ਉਪਰ ਅਕਾਲ ਤਖਤ ਸਾਹਿਬ ਤੋਂ ਰੋਕ ਲਗਣੀ ਚਾਹੀਦੀ ਹੈ।

## ਦਰਬਾਰ ਸਾਹਿਬ ਦੇ ਗ੍ਰੰਥੀ ਨੇ ਵਾਰ ਵਾਰ ਟਰਾਂਸਫਰ ਕਰਨ ਕਾਰਣ ਜ਼ਹਿਰੀਲਾ ਪਦਾਰਥ ਨਿਗਲਿਆ

ਅੰਮ੍ਰਿਤਸਰ-ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਬਦਲ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਯੁਕਤ ਹੋਏ ਗ੍ਰੰਥੀ ਜਗਦੇਵ ਸਿੰਘ ਵੱਲੋਂ ਕਥਿਤ ਤੌਰ 'ਤੇ ਜ਼ਹਿਰੀਲਾ ਪਦਾਰਥ ਨਿਗਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਉਧਰ, ਐਸਜੀਪੀਸੀ ਦੇ ਇੱਕ ਅਧਿਕਾਰੀ ਅਨੁਸਾਰ ਉਕਤ ਗ੍ਰੰਥੀ ਨੂੰ ਦਿਲ ਦਾ ਦੌਰਾ ਪਿਆ ਹੈ, ਦਿਲ ਦਾ ਦੌਰਾ ਪੈਣ ਕਾਰਨ ਉਹ ਪੌੜੀਆਂ ਤੋਂ ਡਿੱਗ ਗਿਆ, ਉਸ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ, ਗੁਰਦੁਆਰਾ ਸ਼ਹੀਦਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਸੂਤਰਾਂ ਅਨੁਸਾਰ ਉਸ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ ਹੈ। ਜ਼ਹਿਰੀਲੇ ਪਦਾਰਥਾਂ ਦਾ ਸੇਵਨ ਕਰਨ ਦਾ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਉਕਤ ਗ੍ਰੰਥੀ ਦਾ ਵਾਰ-ਵਾਰ ਟਰਾਂਸਫਰ ਹੋਣਾ ਦੱਸਿਆ ਜਾ ਰਿਹਾ ਹੈ। ਸੂਤਰਾਂ ਅਨੁਸਾਰ ਹਾਲ ਹੀ ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਟਰਾਂਸਫਰ ਹੋਏ ਉਕਤ ਗ੍ਰੰਥੀ ਦਾ ਹੁਣ ਯੂਪੀ ਦੇ ਲਖਨਊ ਵਿੱਚ ਤਬਾਦਲਾ ਕਰਨ ਦੀ ਚਰਚਾ ਦੇ ਨਤੀਜੇ ਵਜੋਂ ਉਸ ਨੇ ਇਹ ਕਦਮ ਚੁੱਕਿਆ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਹਾਲੇ ਤਕ ਕੋਈ ਪਖ ਨਹੀਂ ਦਿਤਾ।

## ਸੰਗਤਾਂ ਦੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਦਿਲਚਸਪੀ ਨਹੀਂ

### ✪ ਪੰਜਵੀਂ ਵਾਰ ਵਧੀ ਸ਼੍ਰੋਮਣੀ ਕਮੇਟੀ ਲਈ ਵੋਟਾਂ ਬਣਾਉਣ ਦੀ ਤਰੀਕ !



ਜਲੰਧਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਦੇ ਲਈ ਵੋਟਿੰਗ ਦੀ ਤਰੀਕ ਵਧਾ ਦਿੱਤੀ ਗਈ ਹੈ। ਹੁਣ 31 ਅਕਤੂਬਰ 2024 ਤੱਕ ਵੋਟਾਂ ਬਣਾਈਆਂ ਜਾ ਸਕਣਗੀਆਂ। ਪਹਿਲਾਂ 16 ਸਤੰਬਰ ਨੂੰ ਅਖੀਰਲੀ ਤਰੀਕ ਮਿਥੀ ਗਈ ਸੀ। ਚੀਫ ਕਮਿਸ਼ਨਰ ਗੁਰਦੁਆਰਾ ਚੋਣ ਨੇ ਨੋਟਿਫਿਕੇਸ਼ਨ ਜਾਰੀ ਕਰਕੇ ਜਾਣਕਾਰੀ ਸਾਂਝੀ ਕੀਤੀ ਹੈ।

ਸਿੱਖ ਸੰਗਤਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈਕੇ ਸੁਸਤ ਰਵੱਈਏ ਦੀ ਵਜ੍ਹਾ ਕਰਕੇ ਹੁਣ ਤੱਕ ਕਈ ਵਾਰ ਵੋਟਾਂ ਬਣਾਉਣ ਦੀ ਤਰੀਕ ਨੂੰ ਵਧਾਇਆ ਜਾ ਚੁੱਕਿਆ ਹੈ। ਇਸ ਤੋਂ ਪਹਿਲਾਂ 31 ਜੁਲਾਈ ਨੂੰ ਤਰੀਕ ਵਧਾਕੇ 16 ਸਤੰਬਰ ਕੀਤੀ ਗਈ ਸੀ। 31 ਜੁਲਾਈ ਤੱਕ ਸਿਰ਼ਫ ਅੱਧੀਆਂ ਹੀ 25 ਲੱਖ ਤੱਕ ਹੀ ਵੋਟਾਂ ਬਣੀਆਂ ਸਨ ਜਦਕਿ 2011 ਦੀਆਂ ਚੋਣਾਂ ਵਿੱਚ 50 ਲੱਖ ਤੋਂ ਵੱਧ ਸਿੱਖ ਸੰਗਤ ਨੇ ਵੋਟਾਂ ਬਣਾਈਆਂ ਸਨ। ਸ਼੍ਰੋਮਣੀ ਕਮੇਟੀਆਂ ਦੀਆਂ ਚੋਣਾਂ ਦੇ ਲਈ ਵੋਟਰ ਦੀ ਉਮਰ 21 ਸਾਲ ਉਮਰ ਤੈਅ ਕੀਤੀ ਗਈ ਹੈ। ਘੱਟ ਵੋਟਾਂ ਬਣਾਉਣ ਦੀ ਵਜ੍ਹਾ ਕਰਕੇ ਗੁਰਦੁਆਰਾ ਚੋਣ ਕਮਿਸ਼ਨ ਨੇ ਪਿਛਲੀ ਵਾਰ ਮਹਿਲਾਵਾਂ ਨੂੰ ਫਾਰਮ 'ਤੇ ਫੋਟੋ ਨਾ ਲਗਾਉਣ ਦੀ ਛੋਟ ਦੇ ਦਿੱਤੀ ਸੀ। 31 ਜੁਲਾਈ ਤੋਂ ਪਹਿਲਾਂ 30 ਅਪ੍ਰੈਲ ਤੱਕ ਨਵੀਆਂ ਵੋਟਾਂ ਲਈ ਫਾਰਮ ਭਰੇ ਜਾਣ ਦੀ ਤਰੀਕ ਮਿੱਥੀ ਗਈ ਸੀ।

ਸਭ ਤੋਂ ਪਹਿਲਾਂ 21 ਅਕਤੂਬਰ ਤੋਂ 15 ਨਵੰਬਰ 2023 ਤੱਕ ਵੋਟ ਬਣਾਉਣ ਦੀ ਤਰੀਕ ਮਿੱਥੀ ਗਈ ਸੀ ਪਰ ਸਿਰ਼ਫ 10 ਫੀਸਦੀ ਵੋਟਾਂ ਬਣੀਆਂ ਹੋਣ ਦੀ ਵਜ੍ਹਾ ਕਰਕੇ ਅਖੀਰਲੇ ਦਿਨ ਨੋਟਿਫਿਕੇਸ਼ਨ ਜਾਰੀ ਕਰਕੇ ਇਸ ਨੂੰ ਵਧਾ ਕੇ 29 ਫਰਵਰੀ 2024 ਕਰ ਦਿੱਤਾ ਗਿਆ ਸੀ।

## ਮੁੱਖ ਮੰਤਰੀ ਦੇ ਬੋਰਡ 'ਤੇ ਪਹਿਲਾਂ ਕਿਸੇ ਨੇ ਪੋਥੀ ਕਾਲਖ ਫਿਰ ਕੋਈ ਲਾਹ ਕੇ ਲੈ ਗਿਆ ਫਲੈਕਸ, ਪੁਲਿਸ ਬੇਖਬਰ



ਮਾਨਸਾ-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਫ਼ਲੈਕਸ ਉਪਰ ਮਾਨਸਾ ਬਠਿੰਡਾ ਮੁੱਖ ਮਾਰਗ ਤੇ ਲੱਗੇ ਬੋਰਡ 'ਤੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਕਾਲ਼ਖ ਫ਼ੇਰ ਦਿੱਤੀ ਗਈ ਸੀ। ਪਰ ਇਹ ਫ਼ਲੈਕਸ 'ਤੇ ਕਿਸ ਵਿਅਕਤੀ ਵੱਲੋਂ ਕਾਲ਼ਖ ਫ਼ੇਰੀ ਗਈ ਇਸ ਦਾ ਪਤਾ ਨਹੀਂ ਲੱਗਿਆ ਸੀ, ਪਰ ਕੁੱਝ ਸਮੇਂ ਬਾਅਦ ਉਕਤ ਫ਼ਲੈਕਸ ਕੋਈ ਉਤਾਰ ਕੇ ਲੈ ਗਿਆ। ਇਸ ਮਾਮਲੇ ਵਿਚ ਠੂਠਿਆਂਵਾਲੀ ਚੌਕੀ ਦੇ ਇੰਚਾਰਜ ਗੁਰਤੇਜ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਇਸ ਮਾਮਲੇ ਤੋਂ ਜਾਣੂ ਨਾ ਹੋਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਬਾਰੇ ਪਤਾ ਕਰਕੇ ਹੀ ਕੁੱਝ ਦੱਸਿਆ ਜਾਵੇਗਾ

## ਐਨ.ਆਈ.ਏ. ਨੇ ਸੁਖਰਾਜ ਸਿੰਘ ਨਿਆਮੀਵਾਲਾ ਨੂੰ 19 ਸਤੰਬਰ ਨੂੰ ਦਿੱਲੀ ਕੀਤਾ ਤਲਬ



ਫਿਰੋਜ਼ਪੁਰ-ਬਹਿਬਲ ਕਲਾਂ ਗੋਲੀਕਾਂਡ ਦੌਰਾਨ ਸ਼ਹੀਦ ਹੋਏ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨੂੰ ਕੇਂਦਰੀ ਜਾਂਚ ਏਜੰਸੀ ਐਨਆਈਏ ਨੇ ਤਲਬ ਕੀਤਾ ਹੈ।

ਨਿਆਮੀਵਾਲਾ ਨੂੰ 19 ਸਤੰਬਰ ਨੂੰ ਦਿੱਲੀ ਹੈੱਡਕੁਆਰਟਰ ਅੱਗੇ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਹਾਲ ਹੀ ਵਿਚ ਐਨ ਆਈਏ ਨੇ ਪੰਜਾਬ ਵਿਚ ਸਾਂਸਦ ਅੰਮ੍ਰਿਤਪਾਲ ਸਿੰਘ ਦੇ ਰਿਸ਼ਤੇਦਾਰਾਂ ਅਤੇ ਨਜ਼ਦੀਕੀਆਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਸੀ।

# ਕਿਸਮਤ ਦੇ ਸਿਤਾਰੇ

## ਵੀਰਵਾਰ 19 ਸਤੰਬਰ ਬੁੱਧਵਾਰ 25 ਸਤੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਵਪਾਰ ਦੀ ਹਾਲਤ ਮੱਧਮ, ਉਲਝਣਾਂ ਵੱਧਣਗੀਆਂ, ਕਿਸੇ ਨਜ਼ਦੀਕੀ ਸਬੰਧੀ ਦੇ ਸਹਿਯੋਗ ਨਾਲ ਵਪਾਰ ਵਿੱਚ ਵਾਧੇ ਦੀ ਯੋਜਨਾ ਬਣੇਗੀ, ਪਰ ਸੰਘਰਸ਼ ਜ਼ਿਆਦਾ ਰਹੇਗਾ। ਪਰਿਵਾਰਕ ਜਾਇਦਾਦ ਲਈ ਕੁਝ ਗੈਰ ਜਰੂਰੀ ਮੱਤਭੇਦ ਹੋਣਗੇ। ਫਜ਼ੂਲ ਦੀ ਭੱਜ-ਦੌੜ ਕਾਰਨ ਦਿਮਾਗੀ ਤਣਾਅ ਰਹੇਗਾ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਲਾਭਕਾਰੀ ਰਹੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਇਸ ਹਫ਼ਤੇ ਮਿਹਨਤ ਤੇ ਦੌੜ-ਭੱਜ ਜ਼ਿਆਦਾ ਰਹੇਗੀ, ਪਰ ਫਿਰ ਵੀ ਗੁਜ਼ਾਰੇਯੋਗ ਧਨ ਦੀ ਪ੍ਰਾਪਤੀ ਹੁੰਦੀ ਰਹੇਗੀ। ਕਾਰੋਬਾਰ ਵਿੱਚ ਕਈ ਤਰ੍ਹਾਂ ਦੇ ਉਤਾਰ-ਚੜ੍ਹਾਵ ਤੇ ਪ੍ਰੇਸ਼ਾਨੀਆਂ ਰਹਿਣਗੀਆਂ। ਸਿਹਤ ਢਿੱਲੀ, ਦਿਮਾਗੀ ਤਣਾਉ, ਮਨ ਅਸ਼ਾਂਤ ਰਹੇਗਾ। ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਕਿਸੇ ਨਵੇਂ ਕਾਰਜ ਖੇਤਰ ਵਿੱਚ ਦਿਲਚਸਪੀ ਜਾਗੇਗੀ। ਪਰਿਵਾਰ ਦਾ ਪੂਰਾ ਸਹਿਯੋਗ ਮਿਲੇਗਾ। ਖਰੀਦੋ-ਫਰੋਖਤ ਦੇ ਕੰਮਾਂ ਵਿੱਚ ਲਾਭ ਮਿਲੇਗਾ। ਸੰਘਰਸ਼ ਭਰੇ ਹਾਲਾਤ ਦੇ ਨਾਲ-ਨਾਲ ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦੇ ਯੋਗ ਹਨ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਬਣਦੇ ਕੰਮਾਂ ਵਿੱਚ ਰੁਕਾਵਟਾਂ, ਦਿਮਾਗੀ ਤਣਾਉ ਅਤੇ ਪ੍ਰੇਸ਼ਾਨੀ ਬਣੀ ਰਹੇਗੀ। ਧਨ ਦਾ ਖਰਚ ਜ਼ਿਆਦਾ, ਭੱਜ-ਦੌੜ ਅਤੇ ਗੁਪਤ ਪ੍ਰੇਸ਼ਾਨੀ ਬਣੀ ਰਹੇਗੀ। ਪਰਿਵਾਰਕ ਮਾਹੌਲ ਸੁੱਖਦ ਹੁੰਦੇ ਹੋਏ ਵੀ ਚਿੰਤਾ ਰਹੇਗੀ ਅਤੇ ਭੈਣ-ਭਰਾਵਾਂ ਨਾਲ ਕੁਝ ਮੱਤਭੇਦ ਰਹਿਣਗੇ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਜਰੂਰ ਕਰਵਾਉ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਹਫਤੇ ਕਾਰੋਬਾਰੀ ਖੇਤਰ ਵਿੱਚ ਅਸਥਿਰਤਾ ਅਤੇ ਉੱਥਲ-ਪੁਥਲ ਦੇ ਹਾਲਾਤ ਦਾ ਸਾਹਮਣਾ ਹੋਵੇਗਾ। ਆਮਦਨ ਦੇ ਮੁਤਾਬਕ ਖਰਚ ਜ਼ਿਆਦਾ ਰਹਿਣਗੇ। ਗੁੱਸਾ ਜ਼ਿਆਦਾ, ਪਰਿਵਾਰ ਵਿੱਚ ਕਲਹ-ਕਲੇਸ਼ ਅਤੇ ਮਨ-ਮੁਟਾਵ ਰਹੇਗਾ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਦੇ ਯੋਗ ਹਨ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਕੁਝ ਵਿਗੜੇ ਕੰਮ ਵੀ ਬਣਨਗੇ। ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਰਹਿਣਗੇ। ਭਾਈ-ਬੰਧੂਆਂ ਦਾ ਪੂਰਾ ਸਹਿਯੋਗ ਮਿਲੇਗਾ। ਧਨ ਲਾਭ ਤੇ ਵਪਾਰਕ ਖੇਤਰਾਂ ਵਿੱਚ ਤਰੱਕੀ ਦੇ ਯੋਗ ਹਨ, ਪਰ ਸੰਤਾਨ ਸਬੰਧੀ ਚਿੰਤਾ ਬਣੀ ਰਹੇਗੀ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ ਬਾਤਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਧਨ ਲਾਭ, ਰਾਜਕੀਯ ਕੰਮ ਅਤੇ ਸਮਾਜਿਕ ਕੰਮਾਂ ਵਿੱਚ ਭਾਗਯਵਸ਼ ਹੀ ਮਾਣ-ਇੱਜ਼ਤ ਵਧੇਗਾ, ਪਰ ਆਮਦਨ ਤੋਂ ਖਰਚ ਜ਼ਿਆਦਾ ਹੋਵੇਗਾ। ਸੁੱਖ-ਸੁਵਿਧਾਵਾਂ ਅਤੇ ਵਿਲਾਸ ਆਦਿ ਦੇ ਕੰਮਾਂ 'ਤੇ ਖਰਚ ਅਤੇ ਧਿਆਨ ਜ਼ਿਆਦਾ ਰਹੇਗਾ। ਰਿਸ਼ਤੇਦਾਰਾਂ ਨਾਲ ਮੇਲ-ਜੋਲ ਵਧੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਸਰੀਰਕ ਕਸ਼ਟ, ਭਾਈ-ਬੰਧੂਆਂ ਨਾਲ ਮੱਤਭੇਦ ਅਤੇ ਪਿਤਾ-ਪੁੱਤਰ ਨੂੰ ਕਾਰੋਬਾਰ ਦੇ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਅਜੀਵਿਕਾ ਲਈ ਵਧੇਰੇ ਸੰਘਰਸ਼ ਤੇ ਖਰਚ ਵੀ ਵਧੇਰੇ ਹੋਣਗੇ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਰੱਬ 'ਤੇ ਵਿਸ਼ਵਾਸ ਰੱਖੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਬਹੁਤ ਜ਼ਿਆਦਾ ਗੁੱਸਾ ਤੇ ਅਵੇਸ਼ ਵਿੱਚ ਆਉਣ ਨਾਲ ਨਜ਼ਦੀਕੀ ਲੋਕਾਂ ਨਾਲ ਕਲਹ-ਕਲੇਸ਼ ਹੋਣ ਦਾ ਡਰ ਰਹੇਗਾ। ਧਨ ਦਾ ਖਰਚ ਜ਼ਿਆਦਾ, ਘਰੇਲੂ ਅਤੇ ਕਾਰੋਬਾਰੀ ਉਲਝਣਾਂ ਦਾ ਸਾਹਮਣਾ ਰਹੇਗਾ। ਸੰਘਰਸ਼ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਹਫ਼ਤੇ ਸੰਘਰਸ਼ ਵਾਲਾ ਸਮਾਂ ਚੱਲ ਰਿਹਾ ਹੈ। ਵਧੇਰੇ ਮਿਹਨਤ ਕਰਨ 'ਤੇ ਵੀ ਉਮੀਦ ਮੁਤਾਬਕ ਲਾਭ ਨਹੀਂ ਮਿਲੇਗਾ। ਫਜ਼ੂਲ ਦਾ ਵਾਦ-ਵਿਵਾਦ ਸਮਾਂ ਬਰਬਾਦ ਕਰੇਗਾ। ਨੌਕਰੀ ਵਿੱਚ ਤਰੱਕੀ ਲਈ ਦੇਰੀ ਜਾਂ ਰੁਕਾਵਟ ਆ ਸਕਦੀ ਹੈ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਸ ਹਫਤੇ ਕੁਝ ਅਸਮੰਜਸ ਵਾਲੇ ਹਾਲਾਤ ਕਰਕੇ ਲਾਭ ਦੇ ਰਸਤੇ ਵਿੱਚ ਕੁਝ ਰੁਕਾਵਟਾਂ ਹੋਣਗੀਆਂ। ਸਿਹਤ ਸਬੰਧੀ ਪ੍ਰੇਸ਼ਾਨੀ ਤੇ ਵਧੇਰੇ ਮਿਹਨਤ ਤੋਂ ਬਾਅਦ ਹੀ ਗੁਜ਼ਾਰੇਯੋਗ ਧਨ ਦੀ ਪ੍ਰਾਪਤੀ ਹੋਵੇਗੀ। ਆਖਿਰ ਵਿੱਚ ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਅਤੇ ਪਰਿਵਾਰਕ ਸਹਿਯੋਗ ਨਾਲ ਕੁਝ ਕੰਮ ਬਣਨਗੇ। ਪੂਰਾ ਹਫ਼ਤਾ ਨਿੱਤਨੇਮ ਦਾ ਪਾਠ ਕਰਨਾ ਸ਼ੁੱਭ ਹੋਵੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਹਫਤੇ ਦੇ ਸ਼ੁਰੂ ਵਿੱਚ ਕਾਰੋਬਾਰੀ ਹਾਲਾਤ ਸੁਧਰਨਗੇ ਅਤੇ ਕੁਝ ਰੁੱਕੇ ਹੋਏ ਕੰਮ ਵੀ ਬਣਨਗੇ। ਧਨ ਲਾਭ ਅਤੇ ਉੱਚ ਅਧਿਕਾਰੀ ਵਰਗ ਨਾਲ ਮੇਲ-ਜੋਲ ਵੱਧਣਗੇ। ਸੁੱਖ-ਸਾਧਨਾਂ ਅਤੇ ਸਵਾਰੀ ਆਦਿ ਸੁੱਖਾਂ ਵਿੱਚ ਵਾਧਾ ਹੋਵੇਗਾ। ਸੰਤਾਨ ਦੇ ਕੈਰੀਅਰ ਸਬੰਧੀ ਹਾਲਾਤ ਉੱਥਲ-ਪੁੱਥਲ ਵਾਲੇ ਬਣਨਗੇ। ਅਜਿਹਾ ਕੋਈ ਕੰਮ ਨਾ ਕਰੋ, ਜਿਸ ਨਾਲ ਕਿਸੇ ਨੂੰ ਦੁੱਖ ਪੁੱਜੇ।

----------

# ਹਾਸੇ ਦੀ ਪਟਾਰੀ

**ਸਹੁਰਾ,** ਤੁਮ ਦਾਰੂ ਪੀਅਤ ਹੋ। ਕਭੀ ਬਤਾਏ ਨਾਹੀ।

ਜਵਾਈ, ਤੋਹਾਰ ਲੜਕੀ ਖੂਨ ਪੀਅਤ ਹੈ, ਤੁਮ ਬਤਾਏ ਕਾ।

*---*---*

**ਪ੍ਰੇਮੀ** (ਪ੍ਰੇਮਿਕਾ ਨੂੰ), ਡੀਅਰ, ਮੈਂ ਤੇਰੇ ਪਾਪਾ ਨਾਲ ਵਿਆਹ ਦੀ ਗੱਲ ਕਿਸ ਵੇਲੇ ਕਰਾਂ?

ਪ੍ਰੇਮਿਕਾ, ਜਦੋਂ ਮੇਰੇ ਪਾਪਾ ਦੇ ਪੈਰਾਂ ਵਿੱਚ ਜੁੱਤੀ ਨਾ ਹੋਵੇ।

**ਪਤਨੀ,** ਮੈਂ ਕਿਹਾ ਜੀ ਇਕ ਗੱਲ ਦੱਸੋ। ਆਦਮੀ ਨੂੰ ਮਰਨ ਤੋਂ ਬਾਅਦ ਸਵਰਗ ਵਿੱਚ ਅਪਸਰਾ ਮਿਲਦੀ ਹੈ ਤਾਂ ਔਰਤ ਨੂੰ ਕੀ ਮਿਲਦਾ ਹੈ?

ਪਤੀ, ਬਾਂਦਰ ਮਿਲਦਾ ਹੈ ਬਾਂਦਰ।

ਪਤਨੀ, ਇਹ ਗਲਤ ਗੱਲ ਹੈ, ਤੁਹਾਨੂੰ ਤਾਂ ਇਥੇ ਵੀ ਅਪਸਰਾ ਤੇ ਉਥੇ ਵੀ ਅਪਸਰਾ, ਸਾਨੂੰ ਏਥੇ ਵੀ ਬਾਂਦਰ ਤੇ ਉਥੇ ਵੀ ਬਾਂਦਰ।

*---*---*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION (PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................
ADDRESS.............................................
.........................POST CODE...................
TEL..................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ



ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਮਨੀਪੁਰ : ਰੋਮ ਜਲ ਰਿਹਾ ਹੈ

ਗੁਰਮੀਤ ਸਿੰਘ ਪਲਾਹੀ
9815802070





ਮਨੀਪੁਰ ਦਾ ਸੰਘਰਸ਼ ਹੁਣ ਗ੍ਰਹਿ ਯੁੱਧ ਜਿਹੀ ਸਥਿਤੀ 'ਤੇ ਪੁੱਜ ਚੁੱਕਾ ਹੈ। ਉਥੋਂ ਦੇ ਮੈਤੇਈ ਅਤੇ ਕੁਕੀ ਫਿਰਕਿਆਂ ਦੇ ਗਰਮ-ਤੱਤੇ ਹਥਿਆਰਬੰਦ ਸੰਗਠਨ ਨਾ ਕੇਵਲ ਹਿੰਸਾ ਕਰਦੇ ਹਨ ਬਲਕਿ ਨਵੇਂ ਆਧੁਨਿਕ ਤਕਨੀਕੀ ਉਪਕਰਨਾਂ, ਹਥਿਆਰਾਂ ਦੀ ਵਰਤੋਂ ਕਰਨ ਲੱਗੇ ਹਨ। ਮਨੀਪੁਰ ਦੇ ਮੁੱਖ ਮੰਤਰੀ ਨੇ ਸਖ਼ਤ ਕਦਮ ਚੁੱਕਣ ਦੀ ਚਿਤਾਵਨੀ ਦਿੱਤੀ ਹੈ, ਪਰ ਉਪਰਲੀ-ਹੇਠਲੀ ਭਾਜਪਾ ਸਰਕਾਰ ਹੱਥ 'ਤੇ ਹੱਥ ਧਰਕੇ ਬੈਠੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੋਈ ਜ਼ਿੰਮੇਵਾਰ ਸਰਕਾਰ ਕਿਸ ਤਰ੍ਹਾਂ ਨਾਗਰਿਕਾਂ ਨੂੰ ਆਪਸ ਵਿੱਚ ਇੱਕ-ਦੂਜੇ ਨਾਲ ਭਿੜਦੇ-ਮਰਦੇ ਵੇਖ ਸਕਦੀ ਹੈ ?

ਮਨੀਪੁਰ ਦੀ ਹਿੰਸਾ ਨੂੰ ਲੈ ਕੇ ਦੁਨੀਆ ਭਰ ਵਿੱਚ ਦੇਸ਼ ਦੀ ਕਿਰਕਰੀ ਹੋ ਰਹੀ ਹੈ। ਇਹੋ ਜਿਹੀ ਸਥਿਤੀ ਵਿੱਚ ਵੀ ਕੇਂਦਰ ਸਰਕਾਰ ਚੁੱਪ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰ ਸਰਕਾਰ ਚੁੱਪ ਆਖ਼ਿਰ ਕਿਉਂ ਹੈ ? ਜੇਕਰ ਮੁੱਖ ਮੰਤਰੀ ਮਨੀਪੁਰ 'ਚ ਹਿੰਸਾ ਰੋਕਣ 'ਚ ਕਾਮਯਾਬ ਨਹੀਂ ਤਾਂ ਉਸਨੂੰ ਬਦਲਣ 'ਚ ਸੰਕੋਚ ਕਿਉਂ ਹੈ ? ਚੋਣ ਨੀਤੀ ਤਹਿਤ ਭਾਜਪਾ ਕਈ ਸੂਬਿਆਂ 'ਚ ਮੁੱਖ ਮੰਤਰੀ ਬਦਲ ਚੁੱਕੀ ਹੈ, ਫਿਰ ਮਨੀਪੁਰ 'ਚ ਕਿਉਂ ਨਹੀਂ ਬਦਲਿਆ ਜਾ ਰਿਹਾ ਹੈ ? ਸਵਾਲ ਤਾਂ ਇਹ ਵੀ ਪੈਦਾ ਹੁੰਦਾ ਹੈ ਕਿ ਰੂਸ-ਯੁਕਰੇਨ ਯੁੱਧ ਰੁਕਵਾਉਣ ਲਈ ਤਾਂ ਪ੍ਰਧਾਨ ਮੰਤਰੀ ਯਤਨਸ਼ੀਲ ਹਨ, ਪਰ ਮਨੀਪੁਰ ਦੀ ਹਿੰਸਾ ਨੂੰ ਰੋਕਣ ਲਈ ਪਹਿਲ ਕਿਉਂ ਨਹੀਂ ਕਰਦੇ ?

ਮਨੀਪੁਰ ਬੇਯਕੀਨੀ, ਛਲ-ਕਪਟ ਅਤੇ ਜਾਤੀ ਸੰਘਰਸ਼ ਦੇ ਜਾਲ ਵਿੱਚ ਫਸਿਆ ਹੋਇਆ ਹੈ। ਭਾਵੇਂ ਮਨੀਪੁਰ 'ਚ ਸ਼ਾਂਤੀ ਬਣਾਈ ਰੱਖਣਾ ਪਹਿਲੀਆਂ ਸਰਕਾਰਾਂ ਸਮੇਂ ਵੀ ਸੌਖਾ ਨਹੀਂ ਸੀ, ਪਰ ਭਾਜਪਾ ਦੀ ਕੇਂਦਰੀ ਸਰਕਾਰ ਦੀ ਲਾਪਰਵਾਹੀ ਅਤੇ ਸੂਬਾ ਸਰਕਾਰ ਦੀ ਨਾ-ਕਾਬਲੀਅਤ ਕਾਰਨ ਪਿਛਲੇ ਸਮੇਂ ਤੋਂ ਇਥੇ ਸਥਿਤੀ ਬਦ ਤੋਂ ਬਦਤਰ ਹੋ ਚੱਕੀ ਹੈ।

ਸਰਕਾਰ ਵਲੋਂ ਪਿਛਲੇ ਇੱਕ ਹਫਤੇ 'ਚ ਦੋ ਜ਼ਿਲਿਆਂ 'ਚ ਕਰਫਿਊ ਲਗਾ ਦਿੱਤਾ ਗਿਆ। ਸਕੂਲ, ਕਾਲਜ ਬੰਦ ਕਰ ਦਿੱਤੇ ਗਏ, ਪੰਜ ਜ਼ਿਲਿਆਂ 'ਚ ਇੰਟਰਨੈੱਟ ਬੰਦ ਕੀਤਾ ਗਿਆ। ਇੰਫਾਲ ਦੀਆਂ ਸੜਕਾਂ 'ਤੇ ਪੁਲਿਸ ਅਤੇ ਵਿਦਿਆਰਥੀ ਇੱਕ ਦੂਜੇ ਦੇ ਆਹਮੋ-ਸਾਹਮਣੇ ਹਨ, ਲੜ ਰਹੇ ਹਨ। ਮਨੀਪੁਰ 'ਚ 26000 ਸੀ.ਆਰ.ਪੀ.ਐਫ. ਜਵਾਨ ਤੈਨਾਤ ਹਨ, ਇਹਨਾ 'ਚ 2000 ਹੋਰ ਦਾ ਵਾਧਾ ਕੀਤਾ ਗਿਆ ਹੈ। ਤਦ ਵੀ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਕਾਬੂ 'ਚ ਨਹੀਂ ਹੈ। ਨਿੱਤ ਦਿਹਾੜੇ ਵੱਡੀਆਂ ਵਾਰਦਾਤਾਂ ਹੋ ਰਹੀਆਂ ਹਨ।

ਮਨੀਪੁਰ ਅਸਲ 'ਚ ਦੋ ਰਾਜ ਹਨ। ਚੂੜਾਚਾਂਦਪੁਰ, ਫੇਰਜਾਵਲ ਅਤੇ ਕਾਂਗਪੋਕਪੀ ਜਿਲੇ ਪੂਰੀ ਤਰ੍ਹਾਂ ਕੁਕੀ ਲੋਕਾਂ ਦੇ ਕਾਬੂ ਵਿੱਚ ਹਨ ਅਤੇ ਤੇਂਗਨੋਪਾਲ ਜ਼ਿਲਾ (ਜਿਸ ਵਿੱਚ ਸੀਮਾਵਰਤੀ ਸ਼ਹਿਰ ਮੋਰੇਹ ਵੀ ਸ਼ਾਮਲ ਹੈ) ਜਿਸ ਵਿੱਚ ਕੁਕੀ-ਜੋਮੀ ਅਤੇ ਨਾਗਾ ਦੀ ਰਲੀ-ਮਿਲੀ ਆਬਾਦੀ ਹੈ, ਅਸਲੀਅਤ ਵਿੱਚ ਕੁਕੀ ਜੋਮੀ ਦੇ ਨਿਯੰਤਰਣ ਵਿੱਚ ਹਨ। ਇਥੇ ਕੋਈ ਵੀ ਮੈਤੇਈ ਸਰਕਾਰੀ ਕਰਮਚਾਰੀ ਨਹੀਂ ਹੈ। ਇਹ ਘਾਟੀ ਦੇ ਜ਼ਿਲੇ ਵਿੱਚ ਵਸੇ ਹੋਏ ਹਨ। ਰਾਜ ਦਾ ਲਗਭਗ 40 ਫ਼ੀਸਦੀ ਹਿੱਸਾ ਮੈਦਾਨੀ ਅਤੇ ਘਾਟੀ ਵਾਲਾ ਹੈ, ਜਿਥੇ 53 ਫ਼ੀਸਦੀ ਮੈਤੇਈ ਆਬਾਦੀ ਇਥੇ ਰਹਿੰਦੀ ਹੈ। ਬਾਕੀ 60 ਫੀਸਦੀ ਆਬਾਦੀ ਪਹਾੜੀ ਇਲਾਕੇ 'ਚ ਕੁਕੀ, ਨਾਗਾ ਅਤੇ ਜਨ ਜਾਤੀਆਂ ਰਹਿੰਦੀਆਂ ਹਨ।

ਕੁਕੀ-ਜੋਮੀ ਇਹੋ ਜਿਹੇ ਰਾਜ ਦਾ ਹਿੱਸਾ ਨਹੀਂ ਬਨਣਾ ਚਾਹੁੰਦੇ, ਜਿਥੇ ਮੈਤੇਈ ਬਹੁਮਤ 'ਚ ਹੋਣ। ਮੈਤੇਈ ਮਨੀਪੁਰ 'ਚ ਆਪਣੀ ਪਛਾਣ ਅਤੇ ਖੇਤਰੀ ਅਖੰਡਤਾ ਬਣਾਈ ਰੱਖਣਾ ਚਾਹੁੰਦੇ ਹਨ। ਇੰਜ ਫਿਰਕਿਆਂ ਵਿੱਚ ਦੁਸ਼ਮਣੀ ਗਹਿਰੀ ਹੈ। ਕਿਸੇ ਵੀ ਫਿਰਕੇ ਦੀ ਆਪਸ ਵਿੱਚ ਕੋਈ ਗਲਬਾਤ ਨਹੀਂ, ਕੋਈ ਸਾਂਝ ਨਹੀਂ ਹੈ: ਸਰਕਾਰ ਅਤੇ ਜਾਤੀ ਸਮੂਹ ਦੇ ਵਿੱਚ ਜਾਂ ਮੈਤੇਈ ਅਤੇ ਕੁਕੀ-ਜੋਮੀ ਵਿਚਕਾਰ। ਨਾਗਾ ਲੋਕਾਂ ਦੀ ਕੇਂਦਰ ਅਤੇ ਰਾਜ ਸਰਕਾਰਾਂ ਦੇ ਖਿਲਾਫ਼ ਆਪਣੀਆਂ ਇਤਿਹਾਸਕ ਸ਼ਕਾਇਤਾਂ ਹਨ ਅਤੇ ਉਹ ਮੈਤੇਈ ਬਨਾਮ ਕੁਕੀ-ਜੋਮੀ ਸੰਘਰਸ਼ ਵਿੱਚ ਉਲਝਣਾ ਨਹੀਂ ਚਾਹੁੰਦੇ।

ਮੌਜੂਦਾ ਸਮੇਂ 'ਚ ਮੁੱਖ ਮੰਤਰੀ ਬੀਰੇਨ ਸਿੰਘ ਸਿਰਫ਼ ਨਾਂਅ ਦੇ ਹੀ ਮੁੱਖ ਮੰਤਰੀ ਬਣਕੇ ਰਹਿ ਗਏ ਹਨ। ਕੁਕੀ-ਜੋਮੀ ਉਹਨਾ ਨੂੰ ਨਫ਼ਰਤ ਕਰਦੇ ਹਨ। ਮੈਤੇਈ ਫਿਰਕਾ ਉਹਨਾ ਦੀ ਪਿੱਠ ਉਤੇ ਹੈ, ਪਰ ਮਨੀਪੁਰ 'ਚ ਸਥਿਤੀ ਇਹੋ ਜਿਹੀ ਬਣ ਚੁੱਕੀ ਹੈ ਕਿ ਪ੍ਰਾਸ਼ਾਸ਼ਨ ਦਾ ਉਥੇ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਸੱਭੋ ਕੁਝ ਫਿਰਕਿਆਂ ਦੇ ਚੌਧਰੀਆਂ ਹੱਥ ਹੈ।

ਮਨੀਪੁਰ ਇਸ ਵੇਲੇ ਜਲ ਰਿਹਾ ਹੈ, ਉਥੇ ਦੇ ਲੋਕਾਂ 'ਚ ਆਪਸੀ ਵਿਸ਼ਵਾਸ ਦੀ ਕਮੀ ਹੋ ਚੁੱਕੀ ਹੈ। ਸੰਸਦੀ ਲੋਕਤੰਤਰ 'ਚ ਮਨੀਪੁਰ ਦੁਖਦ ਸਥਿਤੀ 'ਚ ਪੁੱਜ ਚੁੱਕਾ ਹੈ। ਅਸਲ ਵਿੱਚ ਤਾਂ ਸਰਕਾਰਾਂ ਅਤੇ ਸਿਆਸੀ ਨੇਤਾਵਾਂ ਨੇ, ਮਨੀਪੁਰ ਨੂੰ ਆਪਣੀ ਸਮੂਹਿਕ ਚੇਤਨਾ ਦੇ ਸਭ ਤੋਂ ਗਹਿਰੇ ਹਨ੍ਹੇਰੇ ਦੇ ਇੱਕ ਕੋਨੇ 'ਚ ਦਬਾ ਦਿੱਤਾ ਹੈ।

ਮਨੀਪੁਰ 'ਚ ਦੋ ਫਿਰਕਿਆਂ ਦੇ ਵਿਚਕਾਰ ਲਗਾਤਾਰ ਝੜਪਾਂ ਹੁੰਦੀਆਂ ਹਨ। ਮੈਤੇਈ ਫਿਰਕੇ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਦੇਣ ਦੀ ਮੰਗ ਨੂੰ ਇਸ ਹਿੰਸਾ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕੁਕੀ ਫਿਰਕਾ ਇਸਦਾ ਵਿਰੋਧ ਕਰਦਾ ਹੈ। ਇਸ ਹਿੱਸਾ 'ਚ 221 ਲੋਕ ਮਰੇ ਅਤੇ 60000 ਤੋਂ ਵੱਧ ਬੇਘਰ ਹੋਏ। ਪਿੰਡਾਂ ਦੇ ਪਿੰਡ ਇਸ ਹਿੰਸਾ 'ਚ ਤਬਾਹ ਹੋਏ। ਲੋਕਾਂ ਨੂੰ ਹੋਰ ਥਾਵਾਂ ਤੇ ਪਨਾਹ ਲੈਣੀ ਪਈ। ਇੱਕ-ਦੂਜੇ ਦੇ ਚਰਚ, ਮੰਦਰ ਤੋੜ ਦਿੱਤੇ ਗਏ।

ਪਿਛਲੇ ਸਾਲ ਮਨੀਪੁਰ ਹਿੰਸਾ ਦੇ ਦੌਰਾਨ ਭੀੜ ਤੋਂ ਬਚਣ ਲਈ ਮਦਦ ਦੀ ਗੁਹਾਰ ਲਗਾਉਣ ਵਾਲੀਆਂ ਦੋ ਔਰਤਾਂ ਨੂੰ ਪੁਲਿਸ ਨੇ ਹੀ ਦੰਗਾ ਕਰਨ ਵਾਲਿਆਂ ਦੇ ਹੱਥ ਸੌਂਪ ਦਿੱਤਾ। ਇਸ ਤੋਂ ਬਾਅਦ ਭੀੜ ਨੇ ਇਹਨਾ ਦੋ ਔਰਤਾਂ ਨੂੰ ਨਿਰਬਸਤਰ ਕਰ ਦਿੱਤਾ ਅਤੇ ਇਲਾਕੇ 'ਚ ਘੁੰਮਾਇਆ ਅਤੇ ਉਹਨਾ ਦਾ ਜੋਨ ਉਤਪੀੜਨ ਵੀ ਕੀਤਾ ਗਿਆ। ਇਸ ਘਟਨਾ ਨੇ ਭਾਰਤ ਦੇਸ਼ ਦਾ ਅਕਸ ਵਿਦੇਸ਼ਾਂ 'ਚ ਬਹੁਤ ਧੁੰਦਲਾ ਕੀਤਾ। ਭਾਰਤੀ ਨੇਤਾਵਾਂ ਨੂੰ ਉਹਨਾ ਦੇ ਵਿਦੇਸ਼ ਦੌਰਿਆਂ ਦੌਰਾਨ ਇਸ ਸਬੰਧੀ ਸਵਾਲ ਪੁੱਛੇ। ਅਸਲ 'ਚ ਇਸ ਘਟਨਾ ਨੇ ਭਾਰਤੀਆਂ ਨੂੰ ਪੂਰੀ ਦੁਨੀਆਂ 'ਚ ਸ਼ਰਮਸਾਰ ਕੀਤਾ।

ਮਨੀਪੁਰ ਵਿੱਚ ਸੰਘਰਸ਼ ਦਾ ਮੁੱਖ ਕਾਰਨ ਜ਼ਮੀਨ ਹੈ। ਇਥੇ ਸਮਾਜਿਕ-ਆਰਥਿਕ ਅਤੇ ਸਿਆਸੀ ਵਿਵਸਥਾਵਾਂ ਜ਼ਮੀਨ ਅਤੇ ਇਸ ਨਾਲ ਸਬੰਧਤ ਮੁੱਦਿਆ ਤੇ ਹੀ ਕੇਂਦਰਤ ਹਨ। ਖ਼ਾਸ ਕਰਕੇ ਆਦਿਵਾਸੀਆਂ ਲਈ ਜ਼ਮੀਨ, ਇਕੋ ਇੱਕ ਮਹੱਤਵਪੂਰਨ ਭੌਤਿਕ ਜਾਇਦਾਦ ਹੈ। ਸੰਸਕ੍ਰਿਤਿਕ ਅਤੇ ਜਾਤੀ ਪਛਾਣ ਨੂੰ ਸਹੀ ਆਕਾਰ ਦੇਣ ਲਈ ਕਿਸੇ ਸਥਾਨ ਵਿਸ਼ੇਸ਼ ਦੀ ਜ਼ਮੀਨ ਦੀ ਭੂਮਿਕਾ ਖ਼ਾਸ ਹੁੰਦੀ ਹੈ। ਇਸ ਤੋਂ ਬਿਨ੍ਹਾਂ ਆਦਿਵਾਸੀ ਸੁਮਦਾਏ ਦੀ ਜ਼ਮੀਨ ਅਤੇ ਜੰਗਲ ਦੇ ਸਾਖ਼ ਇੱਕ ਸਹਿਜੀਵੀ ਸਬੰਧ ਹਨ, ਜਿਹਨਾ ਉਤੇ ਉਹਨਾ ਦੀ ਰੋਜੀ ਰੋਟੀ ਨਿਰਭਰ ਹੈ। ਇਸ ਸੰਘਰਸ਼ ਅਤੇ ਹਿੰਸਾ ਦੀ ਵਜਾਹ ਮੀਆਮਾਰ ਦੇਸ਼ ਤੋਂ ਗੈਰਕਾਨੂੰਨੀ ਪ੍ਰਵਾਸ ਦਾ ਵਧਣਾ ਅਤੇ ਬੇਰੁਜ਼ਗਾਰੀ ਨੂੰ ਵੀ ਗਿਣਿਆ ਜਾਂਦਾ ਹੈ। ਜਿਹੜੇ ਨੌਜਵਾਨ ਪੜ੍ਹ ਲਿਖ ਗਏ ਹਨ। ਜਿਹਨਾ ਨੂੰ ਨੌਕਰੀ ਨਹੀਂ ਮਿਲਦੀ, ਉਹ ਅਸੰਤੁਸ਼ਟ ਨਜ਼ਰ ਆਉਂਦੇ ਹਨ। ਰੋਸ ਪ੍ਰਗਟ ਕਰਦੇ ਹਨ। ਸੜਕਾਂ 'ਤੇ ਉਤਰਦੇ ਹਨ। ਘੱਟ ਪੜ੍ਹੇ ਲਿਖਿਆ ਲਈ ਕੋਈ ਕਿੱਤਾ ਸਿਖਲਾਈ ਦਾ ਪ੍ਰਬੰਧ ਨਹੀਂ, ਸਵੈ-ਰੁਜ਼ਗਾਰ ਦੀ ਵੀ ਕਮੀ ਹੈ, ਇਸ ਲਈ ਉਹਨਾ ਦਾ ਪ੍ਰੇਸ਼ਾਨ ਹੋਣਾ ਅਤੇ ਗਰਮ-ਸਰਦ ਧੜਿਆਂ 'ਚ ਸ਼ਾਮਲ ਹੋਣਾ ਅਤੇ ਨਸ਼ਿਆਂ 'ਚ ਗਰਕ ਹੋਣਾ ਸੁਭਾਵਕ ਹੈ।

ਮਨੀਪੁਰ 1949 'ਚ ਭਾਰਤ ਦਾ ਹਿੱਸਾ ਬਣਿਆ। 1972 ਵਿੱਚ ਇਸਨੂੰ ਪੂਰੇ ਰਾਜ ਦਾ ਦਰਜਾ ਮਿਲਿਆ। ਇਥੇ ਰਾਜਸ਼ਾਹੀ ਦੇ ਸ਼ਾਸ਼ਨ ਕਾਲ 'ਚ ਆਈ.ਐਲ.ਪੀ. ਜਿਹੀ ਪ੍ਰਣਾਲੀ ਲਾਗੂ ਸੀ, ਜਿਸਦੇ ਤਹਿਤ ਕੋਈ ਬਾਹਰਲਾ ਵਿਅਕਤੀ ਰਾਜ ਵਿੱਚ ਨਾ ਤਾਂ ਨਾਗਰਿਕ ਬਣ ਸਕਦਾ ਸੀ ਅਤੇ ਨਾ ਹੀ ਜ਼ਮੀਨ ਜਾਂ ਹੋਰ ਕੋਈ ਜਾਇਦਾਦ ਖ਼ਰੀਦ ਸਕਦਾ ਸੀ। ਪਰੰਤੂ ਕੇਂਦਰ ਨੇ ਇਹ ਪ੍ਰਣਾਲੀ ਖ਼ਤਮ ਕਰ ਦਿੱਤੀ ਸੀ। ਹੁਣ ਸਮੇਂ-ਸਮੇਂ ਇਹ ਪ੍ਰਣਾਲੀ ਲਾਗੂ ਕਾਰਨ ਦੀ ਮੰਗ ਉੱਠਦੀ ਰਹਿੰਦੀ ਹੈ ਅਤੇ ਲੋਕਾਂ 'ਚ ਵੱਖਰੇਵੇਂ ਦੀ ਭਾਵਨਾ ਵਧ ਰਹੀ ਹੈ।

ਮਨੀਪੁਰ ਦੀ ਸਮੱਸਿਆ ਗੰਭੀਰ ਹੈ। ਇਸ ਉਤੇ ਚੁੱਪੀ ਵੱਟਕੇ ਨਹੀਂ ਬੈਠਿਆ ਜਾ ਸਕਦਾ। ਮਨੀਪੁਰ 'ਤੇ ਚੁੱਪੀ ਅਤੇ ਸਥਿਲਤਾ ਨਾ ਕੇਵਲ ਉਸ ਰਾਜ ਦੇ ਤਬਾਹੀ ਦੇ ਲਈ ਜ਼ਿੰਮੇਦਾਰ ਹੋ ਰਹੀ ਹੈ, ਬਲਕਿ ਭਵਿੱਖ ਵਿੱਚ ਇਸ ਤੋਂ ਵੀ ਵੱਡੇ ਖਤਰੇ ਪੈਦਾ ਹੋਣ ਦੀ ਅਸ਼ੰਕਾ ਗਹਿਰੀ ਹੁੰਦੀ ਜਾ ਰਹੀ ਹੈ। ਇਸ ਮਹੱਤਵਪੂਰਨ ਸੂਬੇ ਦੇ ਹਾਲਾਤ ਇਹੋ ਜਿਹੇ ਬਣ ਚੁੱਕੇ ਹਨ ਕਿ ਕੇਂਦਰ ਸਰਕਾਰ ਦੀ ਪਹਿਲਕਦਮੀ ਲੋੜੀਂਦੀ ਹੈ, ਉਥੇ ਅਮਨ-ਸ਼ਾਂਤੀ ਲਈ ਫਿਰਕਿਆਂ 'ਚ ਇੱਕ ਸੁਰਤਾ ਦੀ ਲੋੜ ਹੈ। ਉਥੇ ਬੁਨਿਆਦੀ ਢਾਂਚਾ ਲੋੜੀਂਦਾ ਹੈ। ਨਰੇਂਦਰ ਮੋਦੀ ਦਾ ਦੌਰਾ ਉਥੇ ਭਾਰਤ ਸਰਕਾਰ ਦੀ ਹੋਂਦ ਤਾਂ ਦਰਸਾਏਗਾ ਹੀ, ਸੂਬਾ ਸਰਕਾਰ ਖ਼ਾਸ ਕਰਕੇ ਮੁੱਖਮੰਤਰੀ ਦੇ ਵਿਗੜ ਚੁੱਕੇ ਅਕਸ 'ਚ ਕੁਝ ਸੁਧਾਰ ਵੀ ਲਿਆਏਗਾ ਪਰ 9 ਜੂਨ 2024 ਦੇ ਤੀਜੇ ਕਾਰਜਕਾਲ ਤੋਂ ਬਾਅਦ ਵੀ ਮੋਦੀ ਮਨੀਪੁਰ ਨਹੀਂ ਗਏ ਹਾਲਾਂਕਿ ਉਹ ਕਈ ਦੇਸ਼ਾਂ, ਇਟਲੀ, ਰੂਸ, ਅਸਟਰੀਆ, ਪੋਲੈਂਡ, ਸਿੰਗਾਪੁਰ ਦਾ ਦੌਰਾ ਕਰ ਚੁੱਕੇ ਹਨ ਅਤੇ ਉਹ ਅਮਰੀਕਾ, ਰੂਸ, ਬਰਾਜੀਲ ਆਦਿ ਦੇਸ਼ਾਂ 'ਚ ਜਾਣ ਦਾ ਪ੍ਰੋਗਰਾਮ ਬਣਾਈ ਬੈਠੇ ਹਨ।

ਇਸ ਵੇਲੇ ਤਾਂ ਕੇਂਦਰ ਸਿੰਘਾਸਨ ਦਾ ਮਹਾਂਮੰਤਰੀ ਨਰੇਂਦਰ ਮੋਦੀ ਸਾਬਕਾ ਕੇਂਦਰੀ ਮੰਤਰੀ ਪੀ.ਚਿੰਦਬਰਮ ਦੇ ਸ਼ਬਦਾਂ 'ਚ, "ਮਨੀਪੁਰ ਕੋ ਜਲਨੇ ਦੋ, ਮੈਂ ਮਨੀਪੁਰ ਕੀ ਧਰਤੀ ਪਰ ਕਦਮ ਨਹੀਂ ਰਖੂੰਗਾ" ਦੀ ਜਿੱਦ ਬਿਲਕੁਲ ਉਵੇਂ ਕਰੀ ਬੈਠਾ ਹੈ, ਜਿਵੇਂ ਦੀ ਉਸਦੀ ਜਿੱਦ ਗੁਜਰਾਤ ਦੰਗਿਆਂ, ਸੀਏਏ ਵਿਰੋਧੀ ਪ੍ਰਦਰਸ਼ਨਾਂ ਅਤੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ਼ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਦੌਰਾਨ ਵੇਖੀ ਸੀ।

ਮਨੀਪੁਰ ਜਲ ਰਿਹਾ ਹੈ। ਮਨੀਪੁਰ ਦੀ ਜਨਤਾ ਪ੍ਰੇਸ਼ਾਨ ਹੈ। ਦੇਸ਼ ਦਾ "ਰਾਜਾ ਬੰਸਰੀ ਵਜਾ ਰਹਾ ਹੈ, ਰੋਮ ਜਲ ਰਹਾ ਹੈ।"

* * * * *

TAIL PIECE

Dalip Singh Wasan, Advocate
Email: dalipsinghwassan@yahoo.co.in

## Contesting groups in J and K Provincde are not telling the people about their programmes

Elections for State Assembly in J and K are just near. But till date none of the two major groups BJP and Congress are clear what they shall do for the people during next five years.The people of J and K know that they are Indians and none can separate Kashmir from India.

They had been getting all shares in development in India. They iknow that these terrorists too are sent from the side of Pakistan and are not from the side of people in J and K. Most of their youths are in service and even a large number of them have been given employment in other prts of India. The people of Indiqa have no hatered against the people from J and K. Because of some problems on the subject of Occupied Indian Portion, their are certain problems and people of Kashmir know thqt they have no concern on this subject and this international problem too shall be solved by dialogues between India and Pakistan.The people of J and K want that this state too must get all shares in development plans in India and in a few years they shall all be standing in line with developed countries. Peace in this state is the first necessisty and they know that without peace all development lans can not be taken in hand in this Stqte and because of all these facts, the people of J and K had been suffering a lot.

The latest decisions on Article 370 has removed all doubts and now people of J and K are fully prepared to take part in coming Assembly Elections. Therefore, the contesting groups must not create any doubtful situation. Some development plans be taken in hand we must ensure that most of the youths could get jobs and reasonable wages so that the first five basics like Health, Education, training, jobs and proper monthly income in each family so that they too shall stand proudly with others while in line of developed countries. They had been suffering during the last seven and more decades because of artificial doubts created by some politicians just to have their own sound position. The people of J and K are in line with people of India because it is a progressing state and sound in all respects.

## SHRI RAHUL GANDHI JEE TALKS ON DEMOCRACY IN INDIA



Presently Mr. Rahul Gandhi, the leader of oppositions in India is in America. He is commenting upon democracy in India and specially the last then yeaqrs when BJP had been in power and says that democratic system established here in India had been disturbed.

Till date he did not specifically pointed out where there had been disturbances in our democracy. And till date he could not tell us whether people of India had been at fault or the people who had been governing us had been at fault. As far as the people are concerned, till date, they could not nominate candidates for elections. This work is in hands of contesting groups and when in Parliament, these people just supporters of the parties who nominate them and have no independent esistence. They do not turn Public Servants after oath and because of this system they have no independent concience, will, wisdom and desire. They have to support their own leaders who had nominatd their names.

Because of this basic defect in establishment our Parliament, all disturbances, which Mr. Rahul is quoting could come in our democracy. Therefore, time has come when we should come out at a stage where people could nominate and elect members and not the contesting groups. And such a revolutionary change is not possible, because such a system could not be adopted throughout in the world where democracies have been established. The only outway is that on taking oath of Constitution, all members must become public servants and must have equal status, means no supporters no oppositions. Even PM and other ministers must be chosen herte and while discdussiong on Bills, all must speak as per their own conscience, will, wisdom and desire and the same positon, they must cast their votes. The system allowing each one or groups of adjoining constituencies, they must be allowed to come up with Bills, Projects, Schemes and Policies pointing out problems of their own areas.


We hope Mr. Rahul jee shall be coming up with Bills, schemes and Policies with help of which we shall be able to bring basic changes in functioning of our Parliament. Even the ruling front too must have an introspection and if need be must plan accordingly. We are a democracy and since our is the biggest democracy in the world, we must set up examplary democracy. Even Rajaya Sabha mut be manned by Experts who could be able to examine each Bill, Scheme, Project and Policy and give suggestions.

## WHAT ARE OUR PROGRAMMES IN THIS TENURE OF FIVE YEARS FOR ATTAINING STATUS OF DEVELOPED COUNTRY BY 2047

The outgoing government had been declaring time and again that we shall be in line with developed countries by 2047. We know that much is still pending and there are still no programmes in hand for rooting out those problems. Two-third of our population is still living onfree ration from the state. Illiteracy too is still a problem. Providing bread, houses and clothess, three basics are still in handand not completeed. The first fives Health, Education, Training, Jobs and proper wages are still not begun. This tenure too has started, but still new government is not giving us their programmes for this period of five years, because of not having absolute majority. Instead of framing programmes, we have started discussions ons on Blue Star Operation and establishing true democracy in India. Since the governing side could not get absolute majority, thesupporters and oppositiobns must divide work in ratio of 3;2 andsomething must be done in this tenur we of five years so that we could take some steps ahead to reacxh 2047. All in our Parliament must know that they all are Reppresentatives of the people and Public Servants and not supporters and opposition just to fight here. In spite of more than seven decades we are still a developing countries and reaching our final stage is still half way. We are a rich country and because of our richness, we had been raided and looted and when these stages are crossed, our speed must be fast. Fighting s of politicians claiming that they are better is not our game. We must close this chapter and must work together for reaching our goals.

The politicians must know that all are Indians and none is better and none is worse. The Parliament too is not of supporters and oppositions, but all are Representatives of the people and must work together as per their conscience, will, wisdom and discretion independently keeping in heart welfare of our people.

## BJP is still committed to bring One Nation and One elections- Narendar Modi PM



Shri Narendar Modi, Prime Minister of India, once again talked on the subject of One Nation One Elections and it clearly means that his government shall soon be coming up with a Bill on the subject. Very good plan because we are one nation and one type of problems are there with all the people here. When Unity and Integrity are our main target, we must have an administrative unit.

All Legislative Assemblies too must go and one Parliament for the whole country is enough. Our Parliament represents all areas in the country and whenwe are having one sets of laws, there is no need of different unitsand different legislative assemblies. The present division of country which we had adopted just after independence was wrong and our action has divided the country into different units claiming different rights and crowds of legislative people fighting on different rights. When we have function a ladministration in our country, we should have small unit of legislative unit and our Parliament is enough having near 550 duly elected people. This number is enough. And this number must be reduced because more people on legislative side is often dangerous for the unity and integrity of the country.

*Continue on page 29*

# ਗੁਰ ਅੰਗਦੁ ਗੁਰੁ ਅੰਗੁ ਤੇ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ ਤੀਜੀ




ਉਨ੍ਹਾਂ ਹੈਰਾਨੀ ਨਾਲ ਪੁੱਛਿਆ ਕਿ ਇਹ ਕਿਥੇ ਰਹੇ ਅਰ ਦੇਰ ਤੱਕ ਅਜੇ ਚੱਲਣ ਲਈ ਤਿਆਰ ਕਿਉਂ ਨਹੀਂ ਹੋਏ? ਇਨ੍ਹਾਂ ਨੇ ਹੱਥ ਜੋੜ ਕਿਹਾ,

'ਮੈਂ ਹੁਣ ਤੁਹਾਡੇ ਨਾਲ ਨਹੀਂ ਜਾ ਸਕਾਂਗਾ'।

'ਕਿਉਂ'?

'ਕਿਉਂਕਿ ਮੈਂ ਜਿਸ ਭਾਲ ਲਈ ਓਥੇ ਆ ਜਾ ਰਿਹਾ ਸਾਂ, ਉਹ ਮੈਨੂੰ ਮਿਲ ਇਥੇ ਮਿਲ ਗਈ ਹੈ। ਮੇਰੀ ਤਾਂ ਰਾਇ ਹੈ ਕਿ ਤੁਸੀਂ ਵੀ ਹੁਣ ਕਿਤੇ ਨਾ ਜਾਉ, ਇਥੇ ਹੀ ਰੁਕ ਜਾਉ'।

'ਇਹ ਕਿਵੇਂ ਹੋ ਸਕਦਾ ਹੈ? ਤੁਸੀਂ ਸਾਡੇ ਆਗੂ ਬਣ ਕੇ ਸਾਨੂੰ ਨਾਲ ਲਿਆਏ ਸੀ, ਸਾਡੇ ਨਾਲ ਜਾਣਾ ਚਾਹੀਦਾ ਹੈ। ਹੁਣ ਸਾਨੂੰ ਭਟਕਣ ਲਈ ਛੱਡਣ ਲੱਗਿਆਂ ਤੁਸੀਂ ਇਹ ਵੀ ਨਹੀਂ ਸੋਚਿਆ ਕਿ ਅਸੀਂ ਐਨੀ ਦੂਰ ਦੇਵੀ ਦੁਆਰੇ ਕਿਵੇਂ ਪਹੁੰਚਾਗੇ? ਇਹ ਪਾਪ ਹੈ, ਦੇਵੀ ਮਾਂ ਤੁਹਾਡੇ ਨਾਲ ਨਾਰਾਜ਼ ਹੋਵੇਗੀ'। ਸ੍ਰੀ ਲਹਿਣਾ ਜੀ ਸਿਰ ਨਿਵਾਈ ਇਹ ਸੁਣਦੇ ਰਹੇ। ਫਿਰ ਪਿਆਰ ਨਾਲ ਆਖਿਆ,

,.'ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਓਥੇ ਨਾ ਜਾਉ, ਇਥੇ ਠਹਿਰ ਜਾਉ। ਮੇਰਾ ਵਿਸ਼ਵਾਸ ਹੈ ਤੁਹਾਨੂੰ ਵੀ ਸਭ ਕੁਝ ਇਥੇ ਮਿਲ ਜਾਏਗਾ ਪਰ, ਜੇ ਜਾਣਾ ਹੈ ਤਾਂ ਇਕ ਦਿਨ ਇਥੇ ਜ਼ਰੂਰ ਆ ਜਾਣਾ, ਮੈਂ ਤੁਹਾਡੀ ਉਡੀਕ ਕਰਾਂਗਾ, ਮੇਰੀਆਂ ਸ਼ੁਭ ਇਛਾਵਾਂ ਤੁਹਾਡੇ ਨਾਲ ਹਨ'। ਮਿਹਰਵਾਨ ਜਨਮਸਾਖੀ ਅਨੁਸਾਰ:

ੳ. ਜਿ ਭਾਈ ਲੋਕਹੁ ਮੇਰੀ ਸਭਨਾਂ ਨੋ ਰਾਮ ਰਾਮ ਹੈ। ਤਬ ਸੰਗ ਜਿਤਨਾ ਸੀ, ਸੋ ਨਿੰਮੋਝੁਣਾ ਹੋਇ ਗੈਆ, ਜਿ ਜੀ, ਸੰਗ ਦੇ ਵਾਲੀ ਤੂ। ਤੇਰੇ ਪਿਛੇ ਸੰਗੁ ਚਲਿਆ ਹੈ ਜੀ। ਏਵ ਬਣਦੀ ਹੈ? ਸਿ ਤੂ ਵਿਣੁ ਪਰਸੇ ਮਾਈ ਦੇ ਭਵਨਿ ਰਹਦਾ ਹੈ। ਤਬ ਗੁਰੂ ਅੰਗਦ ਆਖਿਆ, 'ਜਿਸ ਕਾਰਣਿ ਹਉ ਭਵਣਿ ਜਾਂਦਾ ਸੀ, ਸੁ ਪਰਮੇਸੁਰ ਇਥਾਉਂ ਨਿਸਾ ਕੀਤੀ' ਤਾਂ ਲੋਕੀ ਆਖਿਆਜਿ, ਭਲਾ ਹੋਇ। ਤੇਰੀ ਤਾ ਨਿਸਾ ਹੋਈ, ਪਰ ਸਾਡਾ ਕਿ ਹਾਲ? ਤਬ ਗੁਰੂ ਅੰਗਦ ਆਖਿਆ ਜਿ, 'ਹੁਣ ਤੁਸੀ ਜਾਹੁ। ਪਰਮੇਸੁਰ ਤੁਸਾ ਨੋ ਸੁਖੀ ਸਾਂਦੀ ਲੈ ਆਵੈਗਾ। ਤੁਸਾਡੀ ਭੀ ਆਸਾ ਪੂਰਨ ਹੋਵੈਗੀ'। ਤਬ ਗੁਰੂ ਅੰਗਦ ਫਿਰਿ ਆਇਆ। (ਅੰਗਦ ਜੀ ਦਾ ਮੇਲ)

ਅ. ਸਾਥੀ ਕਹਨਿ ਚਲ ਦੇਵੀ ਦੁਆਰੇ।
ਇਨ ਕਹਿਆ ਕਾਰਜ ਹੂਏ ਹਮਾਰੇ।੨੪॥

ਇਹ ਬਚਨ ਸੁਣ ਕੇ ਸੰਗੀ ਚਲੇ ਗਏ ਤੇ ਸ੍ਰੀ ਲਹਿਣਾ ਜੀ ਅਰਾਮ ਸਥਾਨ 'ਤੇ ਆ ਗਏ। ਗਲ ਵਿਚ ਪਾਇਆ ਮਉਲੀ ਦਾ ਅੱਟਾ ਲਾਹ ਦਿੱਤਾ ਅਰ ਪੈਰੀਂ ਬਧੇ ਘੁੰਗਰੂ ਖੋਲ੍ਹ ਦਿੱਤੇ:

ੳ. ਦਰਸਨੁ ਦੇਖਣੇ ਨਾਲੇ ਹਥਹੁੰ ਪੈਰਹੁੰ ਘੁੰਗਰੂ ਤੋੜਿ ਸੁਟਿਓਸੁ, ਗੁਰੂ ਗੁਰੂ ਲਗਾ ਜਪਣਿ। ਟਹਲ ਕਰਣਿ ਆਵੈ, ਭਾਡੇ ਮਾਜੈ, ਪਖਾ ਫੇਰੈ। (ਸ੍ਰੀ ਲਹਿਣਾ ਪ੍ਰੀਖਯਾ)

ਅ. ਬੇਖ ਭਗਤ ਦੇਵੀ ਕੋ ਸਭ ਹੀ।
(ਦੇਵੀ ਭਗਤ ਵਾਲਾ ਸਾਰਾ ਲਿਬਾਸ)
ਕਰਿ ਬਿਚਾਰ ਕੋ ਤਯਾਗਯੋ ਤਬ ਹੀ।੪੫॥
(ਵਿਚਾਰ ਕੇ ਸਾਰਾ ਲਾਹ ਦਿੱਤਾ)
ਪਗ ਸੋਂ ਘੁੰਗਰੂ ਬਾਧੇ ਜੋਊ।
(ਜੋ ਪੈਰੀਂ ਘੁੰਗਰੂ ਬਧੇ ਸਨ)
ਤੋਰਿ ਦਿਯੇ ਪੂਰਨ ਤਬ ਸੋਊ।
(ਉਸੇ ਵੇਲੇ ਤੋੜ ਦਿੱਤੇ)
ਉਰ ਤੇ ਆਸ਼ਾ ਅਪਰ ਬਿਡਾਰੀ।
(ਦਿਲ ਤੋਂ ਹੋਰ ਕਿਸੇ ਦੀ ਆਸ ਲਾਹ ਦਿੱਤੀ)
ਹੋਇ ਰਹਯੋ ਗੁਰ ਚਰਨ ਅਧਾਰੀ।੪੬॥੪੭॥
(ਬੱਸ, ਗੁਰੂ ਆਸਰੇ ਹੀ ਹੋ ਗਏ) ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿਆਇ ੪੭

ਸੰਗ ਚਲਾ ਗਿਆ ਅਰ, ਸ੍ਰੀ ਲਹਿਣਾ ਕੁਝ ਦਿਨ ਇਥੇ ਰਹੇ। ਸਾਰੇ ਦਿਨ ਦੀ ਮਰਯਾਦਾ ਨੂੰ ਦੇਖਿਆ ਅਤੇ ਮਾਣਿਆ। ਇਥੋਂ ਦੇ ਵਾਤਾਵਰਣ ਨੇ ਮਨ ਨੂੰ ਮੋਹ ਲਿਆ। ਅੰਦਰ ਮਹਿਸੂਸ ਹੋਣ ਲਗਾ ਕਿ ਬੱਸ, ਅੱਜ ਤੋਂ ਬਾਦ ਹੁਣ ਹੋਰ ਕਿਤੇ ਨਹੀਂ ਜਾਣਾ, ਜੀਵਨ ਦਾ ਬਾਕੀ ਸਮਾਂ ਹੁਣ ਗੁਰੂ-ਬਾਬਾ ਜੀ ਦੀ ਸੇਵਾ ਵਿਚ ਹੀ ਗੁਜ਼ਾਰਾਂਗੇ। ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪਾਵਣ ਬਚਨ ਸ਼ਾਇਦ ਅਜੇਹੀ ਅਵਸਥਾ ਵੱਲ ਇਸ਼ਾਰਾ ਕਰਦੇ ਹਨ:

ਮੇਰੈ ਹੀਅਰੈ ਪ੍ਰੀਤਿ ਰਾਮਰਾਇ ਕੀ
ਗੁਰਿ ਮਾਰਗੁ ਪੰਥੁ ਬਤਾਇਆ॥
ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ
ਜਿਨਿ ਵਿਛੁੜਿਆ ਹਰਿ ਗਲਿ ਲਾਇਆ॥੨॥
ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ
ਗੁਰਿ ਹਿਰਦੇ ਨਾਲਿ ਦਿਖਾਇਆ॥
ਸਹਜੁ ਆਨੰਦ ਭਇਆ ਮਨਿ ਮੋਰੈ
ਗੁਰ ਆਗੈ ਆਪੁ ਵੇਚਾਇਆ॥੩॥
ਗੁ.ਗ੍ਰੰ.ਸਾ. ਪੰਨਾ ੧੭੨

ਭਾਈ ਨੰਦ ਲਾਲ ਜੀ ਦੀ ਦ੍ਰਿਸ਼ਟੀ ਵਿਚ:
ਮੀ ਫ਼ਰੋਸ਼ਦ ਦਿਲ-ਇ ਦੀਵਾਨਾ-ਇ ਖ਼ੁਦ ਰਾ ਗੋਯਾ, ਬ-ਉਮੀਦ-ਇ ਕਰਮ-ਇ ਆਂ ਕਿ ਖ਼ਰੀਦਾਰ ਸ਼ਵੀ।੫॥੬੧॥ (ਗੋਯਾ ਆਪਣਾ ਦੀਵਾਨਾ ਦਿਲ ਉਸ ਮਿਹਰ ਦੀ ਆਸ 'ਤੇ ਵੇਚਦਾ ਹੈ ਕਿ ਸ਼ਾਇਦ ਤੂੰ ਖ਼ਰੀਦਾਰ ਬਣ ਜਾਵੇਂ)
ਡਾ. ਗੰਡਾ ਸਿੰਘ

... Continue from page 28

Time has come when we must establish a Commission in our country to look into the matter of one Parliament and let us adopt its recommendations. We have started considering our administration and one set of laws shall bring unity in the country.

The British had ruled over our country for one century and all legislative powers were with the Parliament and that too in another country. And when we have established Parliament in our country, that is enough. When we could have two contesting groups in the country, one Parliament shall bring better results. Mr. Narendar Modi shall get name in history of India if we could establish One Nation One Elections. It shall not be a trial, but the result shall be very useful for the country and its people.

## Un-Employment Allowance till Employment to all un-employed in J and K--Congress promises

From the contesting groups Group.INDIA has floated a promise to allUn-employed youths in J and K that if they come in power in the statethey shall give Un-employment allowance to unemployed youths. Verygood promise because youths of the state had been suffering because ofuncertainities durng all past time and nothing constructive had beendone. The youths of teh state had been suffering and nothing can bedone for them as compensation against them the past failures. The newgovernment, when talks of employment to all, it shall have to ensuremore employment opportunities and for that we shall have to establishsome Industrial Towns, Complexes because this is the only field wheremore employment opportunities could be created.

And the youths who get unemployment allowance must be consideredas in employment from the date they are enrolled as unemployed andwhen then get employment, this period be counted as service in thatline and even annual increments, leave and this service be counted forretiral benefits.

The government shall have to see that some corporatelike-cooperative societies too must be established in the state and see allfamilies participate and become members of these cooperativesocieties. Private companies often fear to establish units in stateslike J and K because of fear.

## ਰਾਸ਼ਟਰਪਤੀ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਨੇ ਟੈਕਸ ਸਬੰਧੀ ਆਪਣੇ ਉਪਰ ਲੱਗੇ ਸਾਰੇ ਦੋਸ਼ਾਂ ਨੂੰ ਕੀਤਾ ਸਵਿਕਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਹੈਰਾਨੀਜਨਕ ਘਟਨਾਕ੍ਰਮ ਵਜੋਂ ਰਾਸ਼ਟਰਪਤੀ ਜੋ ਬਾਈਡਨ ਦੇ ਪੁੱਤਰ ਹੰਟਰ ਬਾਈਡਨ ਨੇ ਆਪਣੇ ਉਪਰ ਸੰਘੀ ਟੈਕਸਾਂ ਦੀ ਅਦਾਇਗੀ ਨਾ ਕਰਨ ਸਬੰਧੀ ਲੱਗੇ ਸਾਰੇ 9 ਦੋਸ਼ਾਂ ਨੂੰ ਮੰਨ ਲਿਆ ਹੈ। ਇਸ ਉਪਰੰਤ ਯੂ ਐਸ ਡਿਸਟ੍ਰਿਕਟ ਜੱਜ ਮਾਰਕ ਸਕਾਰਸੀ ਨੇ ਅਗਲੀ ਸੁਣਵਾਈ 16 ਦਸੰਬਰ 'ਤੇ ਪਾ ਦਿੱਤੀ ਜਿਸ ਦਿਨ ਹੰਟਰ ਬਾਈਡਨ ਨੂੰ ਸਜ਼ਾ ਸੁਣਾਈ ਜਾਵੇਗੀ। ਹੰਟਰ ਬਾਈਡਨ ਨੇ ਇਸ ਤੋਂ ਪਹਿਲਾਂ ਇਕ ਵਿਸ਼ੇਸ਼ 'ਐਲਫੋਰਡ ਅਪੀਲ' ਦਾਇਰ ਕਰਨ ਦੀ ਪੇਸ਼ਕਸ਼ ਕੀਤੀ ਸੀ ਜਿਸ ਨੂੰ ਜੱਜ ਨੇ ਠੁਕਰਾ ਦਿੱਤਾ ਸੀ। ਇਸ ਅਪੀਲ ਤਹਿਤ ਕਥਿੱਤ ਦੋਸ਼ੀ ਆਪਣੇ ਵਿਰੁੱਧ ਲੱਗੇ ਦੋਸ਼ਾਂ ਨੂੰ ਨਹੀਂ ਮੰਨਦਾ ਪਰ ਉਹ ਸਜ਼ਾ ਲਈ ਤਿਆਰ ਹੋ ਜਾਂਦਾ ਹੈ। ਨਿਆਂ ਵਿਭਾਗ ਦੇ ਵਿਸ਼ੇਸ਼ ਵਕੀਲ ਡੇਵਿਡ ਵੀਸ ਦੀ ਟੀਮ ਨੇ ਇਸ ਅਪੀਲ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਬਾਈਡਨ ਨੂੰ ਆਪਣੇ ਉਪਰ



ਲੱਗੇ ਦੋਸ਼ਾਂ ਨੂੰ ਮੰਨਣ ਲਈ ਮਜ਼ਬੂਰ ਕੀਤਾ ਜਾਵੇ। ਆਖਰਕਾਰ ਬਾਈਡਨ ਨੇ 2016 ਤੋਂ 2019 ਦਰਮਿਆਨ 1.4 ਮਿਲੀਅਨ ਡਾਲਰ ਟੈਕਸ ਦੀ ਅਦਾਇਗੀ ਕਰਨ ਵਿੱਚ ਨਾਕਾਮ ਰਹਿਣ ਦੇ ਦੋਸ਼ਾਂ ਨੂੰ ਮੰਨ ਲਿਆ ਹੈ। ਬਾਈਡਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਹੋਰ ਲੱਖਾਂ ਅਮਰੀਕੀਆਂ ਦੀ ਤਰਾਂ ਸਮੇ ਸਿਰ ਟੈਕਸ ਦੇਣ ਵਿਚ ਅਸਫਲ ਰਿਹਾ ਹਾਂ ਜਿਸ ਲਈ ਮੈ ਜਿੰਮੇਵਾਰ ਹਾਂ। ਟੈਕਸ ਸਬੰਧੀ ਲੱਗੇ ਦੋਸ਼ਾਂ ਤਹਿਤ ਵਧ ਤੋਂ ਵਧ 17 ਸਾਲ ਕੈਦ ਹੋ ਸਕਦੀ ਹੈ। ਇਥੇ ਜਿਕਰਯੋਗ ਹੈ ਕਿ ਬਾਈਡਨ ਨੂੰ 2018 ਵਿਚ ਹੈਂਡਗੰਨ ਖਰੀਦਣ ਸਮੇ ਡਰੱਗ ਖਾਣ ਬਾਰੇ ਝੂਠ ਬੋਲਣ ਦੇ ਲੱਗੇ ਸੰਘੀ ਦੋਸ਼ਾਂ ਤਹਿਤ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਉਸ ਨੇ ਝੂਠ ਬੋਲਿਆ ਸੀ ਕਿ ਉਹ ਡਰੱਗ ਨਹੀਂ ਖਾਂਦਾ ਜਦ ਕਿ ਸੱਚ ਕੁਝ ਹੋਰ ਹੀ ਨਿਕਲਿਆ ਸੀ।

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**


**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫੋਨ : 07853 317 891**

Email: jaggikussa@yahoo.de


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-69**

# ਕੋਸੀ ਧੁੱਪ ਦਾ ਨਿੱਘ




**ਮਕਤੂਲ ਬੱਗੇ ਦੇ ਵਾਰਸਾਂ ਨੇ ਵੀ ਕੋਈ ਬਹੁਤੀ ਹੀਲ-ਹੁੱਜਤ ਨਹੀਂ ਕੀਤੀ ਸੀ। ਉਹਨਾਂ ਨੂੰ ਪਤਾ ਸੀ ਕਿ ਨਸ਼ੇੜੀ ਪੁੱਤ ਇੱਕ ਨਾ ਇੱਕ ਦਿਨ ਕੋਈ ਨਾ ਕੋਈ ਚੰਦ ਜ਼ਰੂਰ ਚਾੜ੍ਹੇਗਾ। ਕਿਸੇ ਦੇ ਘਰ ਮੂਹਰੇ ਜਾ ਕੇ ਅਗਲੇ ਦੀ ਧੀ-ਭੈਣ ਦੀ ਮਿੱਟੀ ਪੱਟਣੀ ਅਤੇ ਇੱਜ਼ਤਦਾਰ ਪ੍ਰੀਵਾਰ ਨੂੰ ਲਲਕਾਰਨਾ ਕਿਹੜੇ ਪਾਸੇ ਦੀ ਅਕਲਮੰਦੀ ਸੀ...? ਘਰ ਅੱਗੇ ਚੜ੍ਹ ਕੇ ਆਏ ਅਣਖ਼ ਇੱਜ਼ਤ ਦੇ ਵੈਰੀ ਨੂੰ ਅਗਲਾ ਕਿਵੇਂ ਬਖਸ਼ ਦਿੰਦਾ...? ਇਹ ਸੋਚ ਕੇ ਬੱਗੇ ਦਾ ਮਜਬੂਰ ਬਾਪ ਕੌਰਾ ਚੁੱਪ ਸੀ। ਦੁੱਖ ਤਾਂ ਉਸ ਨੂੰ ਪੁੱਤ ਦੇ ਤੁਰ ਜਾਣ ਦਾ ਬਥੇਰਾ ਸੀ, ਪਰ ਕਰਦਾ ਕੀ...? ਆਪਣੀ ਔਲ਼ਾਦ ਹੀ ਮਾੜੀ ਸੀ, ਅਗਲੇ ਦਾ ਕੀ ਕਸੂਰ...? ਪੈਸਾ ਆਪਣਾ ਖੋਟਾ ਸੀ, ਅਗਲੇ ਦਾ ਕੀ ਦੋਸ਼ ਸੀ...?**

## ਕਾਂਡ 27

-"ਤੂੰ ਮੈਨੂੰ ਡਰਾਉਨੈਂ ਓਏ ਬੁੜ੍ਹਿਆ...? ਤੁਸੀਂ ਜੋਤੀ ਨੂੰ ਮੇਰੇ ਨਾਲ਼ ਤੋਰੋ, ਮੈਂ ਹੁਣੇ ਚਲਿਆ ਜਾਊਂਗਾ...!" ਬੱਗੇ ਨੇ ਅਗਲੀ ਅਕਾਸ਼ਬਾਣੀ ਕੀਤੀ ਤਾਂ ਜੋਤੀ ਦੇ ਵੱਡੇ ਭਰਾ ਦੇ ਸਿਰ ਨੂੰ ਫ਼ਤੂਰ ਚੜ੍ਹ ਗਿਆ।

-"ਕੁੱਤੇ ਦਿਆ ਹੱਡਾ, ਤੇਰੀ ਇਹ ਮਜ਼ਾਲ...? ਜਿਸ ਬਾਪੂ ਜੀ ਅੱਗੇ ਅਸੀਂ ਕਦੇ ਅੱਖ ਉਚੀ ਕਰ ਕੇ ਗੱਲ ਨੀ ਕੀਤੀ, ਤੂੰ ਮੇਰੇ ਬਾਪੂ ਜੀ ਨੂੰ ਬੁੜ੍ਹਿਆ ਦੱਸਦੈਂ ਹਰਾਮ ਦਿਆ ਤੁਖ਼ਮਾਂ...?" ਉਸ ਨੇ ਪੂਰੇ ਜੋਰ ਨਾਲ਼ ਬੱਗੇ ਦੇ ਘਸੁੰਨ ਮਾਰਿਆ। ਪੁੜਪੁੜੀ 'ਚ ਵੱਜੇ ਘਣ ਵਰਗੇ ਘਸੁੰਨ ਨੇ ਬੱਗੇ ਦਾ ਤਣ-ਪੱਤਣ ਹਿਲਾ ਦਿੱਤਾ। ਬਾਪੂ ਜੀ ਦੇ ਰੋਕਦਿਆਂ-ਰੋਕਦਿਆਂ ਜਬਰਜੰਗ ਸਿੰਘ ਨੇ ਬੱਗੇ ਨੂੰ ਚੁੱਕ ਕੇ ਕੰਧ ਨਾਲ਼ ਮਾਰਿਆ। ਸਿਰ ਪਰਨੇ ਕੰਧ ਨਾਲ਼ ਵੱਜਣ ਕਾਰਨ ਉਸ ਦੀ ਧੌਣ ਠੁਕ ਗਈ। ਕੱਟੀਦੇ ਬੱਕਰੇ ਵਾਂਗ ਮਿਆਂਕ ਕੇ ਉਹ ਖਲ਼ ਦੀ ਬੋਰੀ ਵਾਂਗ ਧਰਤੀ 'ਤੇ ਡਿੱਗਿਆ ਮੁੜ ਨਾ ਉਠਿਆ।

-"ਜਬਰਜੰਗ....!" ਬਾਪੂ ਜੀ ਬੋਲੇ।

-"ਜੀ ਬਾਪੂ ਜੀ...?"

-"ਪੁਲੀਸ ਨੂੰ ਕਾਲ ਕਰੋ ਬੇਟੇ...! ਚਿੰਤਾ ਕਰਨ ਦੀ ਲੋੜ ਨਹੀਂ..! ਘਰ ਆ ਕੇ ਤੁਹਾਡੀ ਅਣਖ਼ ਅਤੇ ਇੱਜ਼ਤ ਨੂੰ ਲਲਕਾਰਨ ਵਾਲ਼ੇ ਨੂੰ ਮੂੰਹ ਤੋੜਵਾਂ ਜਵਾਬ ਦੇਣਾ ਤਾਜ਼ੀਰਾਤੇ ਹਿੰਦ ਦੇ ਅਨੁਸਾਰ ਕੋਈ ਗੁਨਾਂਹ ਨਹੀਂ...!" ਚੜ੍ਹਦੀ ਕਲਾ ਵਾਲ਼ੇ ਬਾਪੂ ਜੀ ਨੇ ਕਿਹਾ। ਜਬਰਜੰਗ ਦੇ ਛੋਟੇ ਭਰਾ ਸਫ਼ਦਰਜੰਗ ਨੇ ਠਾਣੇ ਨੂੰ ਫ਼ੋਨ ਕਰ ਦਿੱਤਾ। ਅੱਧੇ ਕੁ ਘੰਟੇ ਬਾਅਦ ਪੁਲੀਸ ਪਹੁੰਚ ਗਈ।

-"ਸਾਲ਼ਾ ਬਣਿਆਂ ਈ ਅੰਗਾਂ-ਬੰਗਾਂ ਦਾ ਸੀ, ਇੱਕ ਮੁੱਕੀ ਨੀ ਝੱਲੀ, ਧਰਮਰਾਜ ਦੇ ਦਰਬਾਰ ਜਾ ਬਿਰਾਜਿਆ...!" ਸਿਪਾਹੀ ਨੇ ਜਾਇਜ਼ਾ ਲੈਣ ਤੋਂ ਬਾਅਦ ਕਿਹਾ।

-"ਇਹਦਾ ਫ਼ੋਨ ਬੰਦ ਕਰੋ, ਕੰਜਰ ਫ਼ੇਸਬੁੱਕ 'ਤੇ ਲਾਈਵ ਹੋਇਆ ਫਿਰਦੈ...!" ਹੌਲਦਾਰ ਬੋਲਿਆ।

ਸਿਪਾਹੀ ਫ਼ੋਨ ਫੜ ਕੇ ਦੇਖਣ ਲੱਗ ਪਿਆ। "ਆਏ ਲੈ ਬਰੋ", "ਚੱਕ ਦੇ ਫੱਟੇ ਸੂਰਮਿਆਂ", "ਅਸੀਂ ਤੇਰੇ ਨਾਲ਼ ਐਂ ਬਰੋ" "ਮੈਦਾਨ ਛੱਡ ਕੇ ਭੱਜਣਾ ਸੂਰਮਿਆਂ ਦਾ ਕੰਮ ਨੀ ਬਰੋ".... ਵਰਗੇ ਮੈਸਿਜ਼ਾਂ ਦਾ ਅਜੇ ਵੀ ਤਾਂਤਾ ਲੱਗਿਆ ਹੋਇਆ ਸੀ। ਪਰ ਬੱਗਾ ਹੀ ਸੀ, ਜੋ "ਸਵਰਗ ਸਿਧਾਰ" ਗਿਆ ਸੀ। ਸਿਪਾਹੀ ਨੇ "ਲਾਈਵ" ਪ੍ਰਸਾਰਣ ਬੰਦ ਕਰ ਦਿੱਤਾ।

-"ਸਾਲ਼ਾ ਫ਼ੋਕੀ ਬੱਲੇ-ਬੱਲੇ 'ਚ ਈ ਮਰ ਗਿਆ...!"

-"ਫੜ ਕੇ ਤਾਂ ਐਹਨਾਂ ਫੂਕ ਦੇਣ ਆਲ਼ਿਆਂ ਨੂੰ ਵੀ ਟੰਗਣਾਂ ਚਾਹੀਦੈ...!" ਖਿਝਿਆ ਸਿਪਾਹੀ ਬੋਲਿਆ।

-"ਮੈਨੂੰ ਐਹਦੀ ਸਮਝ ਨੀ ਆਉਂਦੀ, ਕੰਜਰ ਨੇ ਪੰਗਾ ਆ ਕੇ ਲਿਆ ਕਿੱਥੇ...!"

-"ਸਿੱਧਾ ਈ ਸ਼ੇਰ ਦੇ ਜਬਾੜ੍ਹੇ ਨੂੰ ਆ ਚੁੰਬੜਿਆ...!"

-"ਸਿਆਣੇ ਐਵੇਂ ਨੀ ਆਖਦੇ, ਬਈ ਜਦੋਂ ਗਿੱਦੜ ਦੀ ਮੌਤ ਆਉਂਦੀ ਐ, ਜੱਟ ਦੀ ਮੁੰਨੀ ਨਾਲ਼ ਖਹਿੰਦੈ...!"

-"ਇਹ ਤਾਂ ਕਰਨਲ ਸਾਅਬ ਦੇ ਕੌਲ਼ੇ ਨਾਲ਼ ਖਹਿਣ ਲੱਗ ਪਿਆ, ਮਰਨਾ ਤਾਂ ਆਪੇ ਸੀ ਸਾਲ਼ੇ ਨੇ...!"

-"ਗੱਲੀਂ ਬਾਤੀਂ ਤਾਂ ਬਥੇਰੀਆਂ ਕਧੋਲ਼ੀਆਂ ਢਾਹੁੰਦਾ ਸੀ, ਪਰ ਮਾਰ ਇੱਕ ਛਿੱਤਰ ਦੀ ਵੀ ਨੀ ਸੀ...!"

ਸਿਪਾਹੀ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ।

-"ਲਾਸ਼ ਪੋਸਟ ਮਾਰਟਮ ਵਾਸਤੇ ਭੇਜੋ ਬਈ...!" ਪੂਰਾ ਜਾਇਜ਼ਾ ਲੈਣ ਤੋਂ ਬਾਅਦ ਠਾਣੇਦਾਰ ਨੇ ਹੌਲਦਾਰ ਨੂੰ ਕਿਹਾ ਅਤੇ ਆਪ ਜੋਤੀ ਦੇ ਬਾਪ ਕੋਲ਼ ਵਰਾਂਡੇ ਵਿੱਚ ਬੈਠ ਗਿਆ।

-"ਜਿਹੜੇ "ਚੱਕ ਦੇ ਬਰੋ" ਕਰਦੇ ਸੀ, ਹੁਣ ਉਹਨਾਂ 'ਚੋਂ ਕਿਸੇ ਨੇ ਸਸਕਾਰ 'ਤੇ ਵੀ ਨੀ ਆਉਣਾ...!" ਲਾਸ਼ ਚੁੱਕਦੇ ਸਿਪਾਹੀ ਨੇ ਕਿਹਾ।

-"ਹੁਣ ਉਹਨਾਂ ਨੇ ਕੀ ਕਰਨ ਆਉਣੈ...?"

-"ਇਹਨੂੰ ਮਰਵਾ ਕੇ ਪਾਸੇ ਹੋਏ...!"

-"ਚੱਲ ਤੂੰ ਤਾਂ ਮਿੱਤਰਾ ਸੁਰਗਾਂ ਨੂੰ, ਤੇ ਕਰ ਉਡੀਕਾਂ ਮੱਥੇ 'ਤੇ ਹੱਥ ਧਰ ਕੇ ਆਬਦੀ ਮਾਸ਼ੂਕ ਦੀਆਂ...!" ਟਰੱਕ ਵਿੱਚ ਲਾਸ਼ ਟਿਕਾਉਂਦਾ ਸਿਪਾਹੀ ਬੋਲਿਆ।

-"ਤੂੰ ਵੀ ਠੂੰਹੇਂ ਵਾਂਗੂੰ ਪੂਛ ਚੱਕੀ ਵੀ ਸੀ...!"

-"ਕਰ ਅਰਾਮ ਹੁਣ...! ਸਾਲ਼ਾ ਆਸ਼ਕੀ ਦਾ...!"

-"ਬਈ ਸਾਲ਼ਿਆ ਤੈਨੂੰ ਪਤਾ ਹੋਣਾ ਚਾਹੀਦੈ ਬਈ ਜਬਰਜੰਗ ਅਰਗਾ ਤੈਨੂੰ ਸਾਬਤੇ ਨੂੰ ਖਾ ਕੇ ਡਕਾਰ ਨਾ ਮਾਰੇ, ਤੇ ਤੂੰ ਫ਼ੇਸਬੁੱਕੀ ਮਿੱਤਰਾਂ ਮਗਰ ਲੱਗ ਕੇ ਪੁੱਠਾ ਪੰਗਾ ਲੈ ਲਿਆ..!" ਉਹ ਗੱਲਾਂ 'ਚੋਂ ਸੁਆਦ ਲੈਂਦੇ ਲਾਸ਼ ਲੱਦ ਕੇ ਲੈ ਗਏ।

-"ਠਾਣੇਦਾਰ ਸਾਹਿਬ, ਜਦੋਂ ਅਗਲਾ ਘਰੇ ਆ ਕੇ ਗਲ਼ ਥਾਣੀਂ ਪਜਾਮਾਂ ਲਾਹੇ, ਫ਼ੇਰ ਅਗਲਾ ਦੱਸੋ ਕੀ ਕਰੇ....?" ਜੋਤੀ ਦੇ ਬਾਪ ਨੇ ਕਿਹਾ। ਉਸ ਦੇ ਚਿਹਰੇ ਉਪਰ ਕੋਈ ਘਬਰਾਹਟ ਨਹੀਂ ਸੀ। ਉਹ ਬੜੇ ਸਹਿਜ ਮਤੇ ਨਾਲ਼ ਗੱਲ ਕਰ ਰਿਹਾ ਸੀ।

-"ਮੈਂ ਤੁਹਾਡੀ ਗੱਲ ਨਾਲ਼ ਸੌ ਪ੍ਰਤੀਸ਼ਤ ਸਹਿਮਤ ਹਾਂ ਕਰਨਲ ਸਾਅਬ, ਪਰ ਕਾਨੂੰਨੀ ਕਾਰਵਾਈ ਸਾਨੂੰ ਕਰਨੀ ਪੈਣੀ ਆਂ...!"

-"ਜੀ ਸਦਕੇ ਕਰੋ, ਸਰਕਾਰ...! ਜੀ ਸਦਕੇ ਕਰੋ...! ਇਹ ਤੁਹਾਡੀ ਡਿਊਟੀ ਐ..!"

ਜਬਰਜੰਗ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ।

ਅਗਲੇ ਦਿਨ ਜਬਰਜੰਗ ਸਿੰਘ ਨੂੰ ਇਲਾਕਾ ਮਜਿਸਟ੍ਰੇਟ ਦੇ ਪੇਸ਼ ਕਰ ਕੇ ਬਿਆਨ ਕਲਮਬੱਧ ਕਰਵਾ ਦਿੱਤੇ ਅਤੇ ਦੋਸ਼ੀ ਧਿਰ ਵੱਲੋਂ ਸਬੂਤਾਂ ਦੇ ਨਾਲ਼-ਨਾਲ਼ ਗੁਆਂਢੀ ਵੱਲੋਂ ਬਣਾਈ ਗਈ ਫ਼ਿਲਮ ਵੀ ਪੇਸ਼ ਕਰ ਦਿੱਤੀ ਗਈ, ਅਤੇ ਬੱਗੇ ਵੱਲੋਂ ਫ਼ੇਸਬੁੱਕ ਉਪਰ "ਲਾਈਵ" ਹੋਣ ਦੀ ਰਿਕਾਰਡਿੰਗ ਵੀ ਫ਼ਾਈਲ ਨਾਲ਼ ਨੱਥੀ ਕਰ ਦਿੱਤੀ ਗਈ।

ਸਫ਼ਾਈ ਪੱਖ ਦੀਆਂ ਦਲੀਲਾਂ ਕਾਰਨ ਨਾਲ਼ ਸਹਿਮਤ ਹੋਣ 'ਤੇ ਜਬਰਜੰਗ ਸਿੰਘ ਨੂੰ ਜ਼ਮਾਨਤ ਮਿਲ਼ ਗਈ। ਪੁਲੀਸ ਨੇ ਕੋਈ ਵਿਰੋਧ ਨਾ ਕੀਤਾ। ਕੋਈ ਗੱਲ ਧੁੰਦਲੀ ਨਹੀਂ ਸੀ, ਕੇਸ ਬਿਲਕੁਲ ਸਾਫ਼ ਅਤੇ ਸਪੱਸ਼ਟ ਸੀ, ਜਿਸ ਕਾਰਨ ਪੁਲੀਸ ਨੂੰ ਕਿਸੇ ਰਿਮਾਂਡ ਦੀ ਜ਼ਰੂਰਤ ਨਹੀਂ ਸੀ।

ਮਕਤੂਲ ਬੱਗੇ ਦੇ ਵਾਰਸਾਂ ਨੇ ਵੀ ਕੋਈ ਬਹੁਤੀ ਹੀਲ-ਹੁੱਜਤ ਨਹੀਂ ਕੀਤੀ ਸੀ। ਉਹਨਾਂ ਨੂੰ ਪਤਾ ਸੀ ਕਿ ਨਸ਼ੇੜੀ ਪੁੱਤ ਇੱਕ ਨਾ ਇੱਕ ਦਿਨ ਕੋਈ ਨਾ ਕੋਈ ਚੰਦ ਜ਼ਰੂਰ ਚਾੜ੍ਹੇਗਾ। ਕਿਸੇ ਦੇ ਘਰ ਮੂਹਰੇ ਜਾ ਕੇ ਅਗਲੇ ਦੀ ਧੀ-ਭੈਣ ਦੀ ਮਿੱਟੀ ਪੱਟਣੀ ਅਤੇ ਇੱਜ਼ਤਦਾਰ ਪ੍ਰੀਵਾਰ ਨੂੰ ਲਲਕਾਰਨਾ ਕਿਹੜੇ ਪਾਸੇ ਦੀ ਅਕਲਮੰਦੀ ਸੀ...? ਘਰ ਅੱਗੇ ਚੜ੍ਹ ਕੇ ਆਏ ਅਣਖ਼ ਇੱਜ਼ਤ ਦੇ ਵੈਰੀ ਨੂੰ ਅਗਲਾ ਕਿਵੇਂ ਬਖਸ਼ ਦਿੰਦਾ...? ਇਹ ਸੋਚ ਕੇ ਬੱਗੇ ਦਾ ਮਜਬੂਰ ਬਾਪ ਕੌਰਾ ਚੁੱਪ ਸੀ। ਦੁੱਖ ਤਾਂ ਉਸ ਨੂੰ ਪੁੱਤ ਦੇ ਤੁਰ ਜਾਣ ਦਾ ਬਥੇਰਾ ਸੀ, ਪਰ ਕਰਦਾ ਕੀ...? ਆਪਣੀ ਔਲ਼ਾਦ ਹੀ ਮਾੜੀ ਸੀ, ਅਗਲੇ ਦਾ ਕੀ ਕਸੂਰ...? ਪੈਸਾ ਆਪਣਾ ਖੋਟਾ ਸੀ, ਅਗਲੇ ਦਾ ਕੀ ਦੋਸ਼ ਸੀ...? ਅਗਲੇ ਨੇ ਤਾਂ ਘਰ ਮੂਹਰੇ ਆਇਆ ਵੈਰੀ ਸਾਂਭਣਾਂ ਹੀ ਸੀ...! ਇਹ ਸੋਚ ਕੇ ਕੌਰਾ ਚੁੱਪ ਸੀ।

ਅਗਲੀ ਪੇਸ਼ੀ 'ਤੇ ਅਦਾਲਤ ਨੇ ਜਬਰਜੰਗ ਸਿੰਘ ਨੂੰ ਦੋਸ਼ ਮੁਕਤ ਕਰ ਕੇ ਸਾਫ਼ ਬਰੀ ਕਰ ਦਿੱਤਾ। ਕਤਲ ਕਿਸੇ ਯੋਜਨਾ ਤਹਿਤ ਨਹੀਂ, ਅਚਾਨਕ ਹੋਇਆ ਸੀ। ਮਕਤੂਲ ਨੇ ਅਗਲਿਆਂ ਦੇ ਦਰਵਾਜੇ ਅੱਗੇ ਜਾ ਕੇ ਉਹਨਾਂ ਦੀ ਅਣਖ਼ ਇੱਜ਼ਤ ਨੂੰ ਵੰਗਾਰਿਆ ਸੀ। ਜਬਰਜੰਗ ਸਿੰਘ ਦੀ ਕੋਈ ਅਪਰਾਧਿਕ ਬਿਰਤੀ ਜਾਂ ਅਪਰਾਧਿਕ ਪਿਛੋਕੜ ਨਹੀਂ ਸੀ। ਇਸ ਲਈ ਅਦਾਲਤ ਨੇ ਸਭ ਗੱਲਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜਬਰਜੰਗ ਸਿੰਘ ਦੇ ਰੱਸੇ ਲਾਹ ਦਿੱਤੇ ਸਨ।

-"ਆਹ ਤਾਂ ਯਾਰ ਲੋਹੜਾ ਨ੍ਹੀ...?" ਬੱਗੇ ਦੇ ਪਿੰਡ ਦੇ ਲੋਕ ਸੱਥ ਵਿੱਚ ਸੱਥਰ ਪਾਈ ਬੈਠੇ ਸਨ।

-"ਦਿਨ ਦਿਹਾੜ੍ਹੇ, ਸ਼ਰੇਆਮ ਬੰਦਾ ਮਾਰ ਕੇ ਸਾਫ਼ ਬਰੀ ਹੋ ਜਾਣਾ, ਯਾਰ ਇਹ ਤਾਂ ਕੋਈ ਇਨਸਾਫ਼ ਨੀ..!"

-"ਪਰ ਤੁਸੀਂ ਇਹ ਵੀ ਸਮਝੋ, ਬਈ ਅਗਲੇ ਨੇ ਘਰੇ ਜਾ ਕੇ ਲਲਕਾਰਿਆ, ਕਾਨੂੰਨ ਕੋਈ ਕਮਲ਼ਾ ਨੀ, ਤੇ ਨਾ ਈ ਕਮਲ਼ੇ ਐ ਵਕੀਲ ਤੇ ਜੱਜ..!"

-"ਉਹ ਘਰ ਮੂਹਰੇ ਜਾ ਕੇ ਬਣਦਾ ਸੀ ਸੁੱਚਾ ਸੂਰਮਾਂ, ਤੇ ਅਗਲਿਆਂ ਨੇ ਕਿੱਲ ਮਾਂਗੂੰ ਠੋਕਤਾ...!"

-"ਠੋਕਣਾ ਈ ਸੀ, ਅਗਲਿਆਂ ਦੀ ਇੱਜ਼ਤ ਤਕਾਉਂਦਾ ਸੀ...!"

-"ਐਹੋ ਜੇ ਨੂੰ ਤਾਂ ਫ਼ੇਰ ਠੋਕਣਾ ਈ ਚਾਹੀਦਾ ਸੀ...!"

-"ਪਰ ਮੁੰਡਾ ਮਾਰਨਾ ਨੀ ਸੀ ਚਾਹੀਦਾ...!" ਅਮਲੀ ਨਸਵਾਰ ਦਾ ਚੂੰਢਾ ਚਾੜ੍ਹਦਾ ਹੋਇਆ ਬੋਲਿਆ।

-"ਤੇ ਹੋਰ ਐਹੋ ਜੇ ਨੂੰ ਗੋਲਡ ਮੈਡਲ ਦਿੰਦੇ...?"

-"ਜਿਹੜਾ ਧੀ ਧਿਆਣੀ ਦੀ ਇੱਜ਼ਤ ਦਾ ਸਾਂਝੀ ਨੀ, ਉਹਦਾ ਤਾਂ ਗੁੱਗਾ ਪੂਜਣਾ ਈ ਚਾਹੀਦੈ..!" ਪਿੰਡ ਵਿੱਚ ਭਾਂਤ-ਭਾਂਤ ਦੇ ਪ੍ਰਤੀਕਰਮ ਸਨ।

ਵਿਹਲੀ ਬੈਠੀ ਜਨਤਾ ਨੂੰ ਜਾਭਾਂ ਦਾ ਭੇੜ੍ਹ ਕਰਨ ਲਈ ਮਸਾਂ ਕੋਈ ਮੁੱਦਾ ਮਿਲਿਆ ਸੀ। ਪਰ ਕੌਰੇ ਅਤੇ ਅਮਰੋ ਦਾ ਘਰ ਵਿਹਲਾ ਹੋ ਗਿਆ ਸੀ। ਰੱਬ ਨੇ ਦੋ ਪੁੱਤ ਦਿੱਤੇ ਸੀ। ਉਹ ਦੋਨਾਂ ਵੱਲੋਂ ਹੱਥ ਧੋ ਕੇ ਵਿਹਲੇ ਹੋਏ ਬੈਠੇ ਸਨ। ਅਮਰੋ ਹੁਣ ਰੋਂਦੀ ਨਹੀਂ ਸੀ। ਸਿਲ਼ ਪੱਥਰ ਹੋਈ ਕੰਧੋਲ਼ੀ ਨਾਲ਼ ਲੱਗੀ ਬੈਠੀ ਰਹਿੰਦੀ।


ਚਲਦਾ...

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

# ਸਿੱਖ ਧਰਮ ਵਿਚ ਇਬਾਦਤ ਤੋਂ ਸ਼ਹਾਦਤ ਤੱਕ ਦਾ ਸਫ਼ਰ

**ਪ੍ਰਭਜੋਤ ਕੌਰ (ਰਿਸਰਚ ਸਕਾਲਰ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੋਬਾਇਲ ਨੰਬ: 97819-25418
ਈਮੇਲ: prabhjk99@gmial.com





ਇਬਾਦਤ ਦੇ ਨਾਲ ਹੀ ਸ਼ਹਾਦਤ ਤੱਕ ਦਾ ਰਸਤਾ ਤੈਅ ਹੁੰਦਾ ਹੈ। ਇਬਾਦਤ ਦੇ ਅਰਥ ਹਨ ਭਜਨ, ਬੰਦਗੀ, ਪ੍ਰਭੂ ਦੇ ਨਾਮ ਦਾ ਜਾਪ ਕਰਨਾ। ਉਸ ਕਾਦਰ ਪਰਮਾਤਮਾ ਦਾ ਨਾਮ ਸਿਮਰਨਾ ਹੀ ਸੱਚੀ ਇਬਾਦਤ ਹੈ। ਇਬਾਦਤ ਕਰਨ ਨਾਲ ਧੀਰਜ ਤੇ ਨਿਡਰਤਾ ਵਰਗੇ ਗੁਣ ਹਿਰਦੇ ਵਿਚ ਜਨਮ ਲੈਂਦੇ ਹਨ। ਸਾਧਾਰਨ ਮਨੁੱਖ ਸੰਸਾਰ ਦੀ ਸੁੰਦਰਤਾ ਤੇ ਸੁਆਦਾਂ ਵਿਚ ਲੀਨ ਰਹਿੰਦਾ ਹੈ ਪਰ ਇਬਾਦਤ ਕਰਨ ਵਾਲੇ



ਮਨੁੱਖ ਉਸ ਪਰਮਾਤਮਾ ਦੀ ਭਗਤੀ ਕਰਦੇ ਹਨ। ਉਹ ਆਪਣੀਆਂ ਇੱਛਾਂਵਾਂ ਨੂੰ ਪਰਮਾਤਮਾ ਦੇ ਹੁਕਮ ਅਨੁਸਾਰ ਢਾਲ ਲੈਂਦੇ ਹਨ। ਇਬਾਦਤ ਕਰਨਾ ਉਸ ਕਾਦਰ ਨੂੰ ਪਾਉਣ ਦਾ ਇਕ ਸਫ਼ਲ ਸਾਧਨ ਹੈ। ਆਮ ਦੇਖਣ ਵਿਚ ਆਉਂਦਾ ਹੈ ਕਿ ਸਿੱਖ ਕੌਮ ਵਿਚ ਅਤੇ ਹੋਰ ਅਨੇਕਾਂ ਕੌਮਾਂ ਵਿਚ ਸ਼ਹੀਦ ਹੋਏ ਹਨ ਪਰ ਸ਼ਹੀਦ ਹੋਣ ਵਾਸਤੇ ਕਠਿਨ ਘਾਲਣਾ ਦੀ ਲੋੜ ਹੁੰਦੀ ਹੈ ਕਿਉਂਕਿ ਉਸ ਨਿਰਭਉ ਪਰਮਾਤਮਾ ਦਾ ਨਾਮ ਜਪ ਕੇ ਹੀ ਸਾਰੇ ਡਰ ਭੈਅ ਖ਼ਤਮ ਕਰਕੇ ਸ਼ਹੀਦੀ ਦੇ ਯੋਗ ਬਣਿਆ ਜਾ ਸਕਦਾ ਹੈ। ਇਸ ਸੰਬੰਧੀ ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ :

**ਨਿਰਭਉ ਜਪੈ**
**ਸਗਲ ਭਉ ਮਿਟੈ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 293)

ਆਪਣੇ ਆਪ ਨੂੰ ਰੱਬੀ ਰਾਹ 'ਤੇ ਚਲਾਉਣਾ ਅਤੇ ਉਸ ਦੇ ਸਿਧਾਂਤਾਂ ਦੀ ਪਾਲਣਾ ਕਰਦਿਆਂ ਕੁਰਬਾਨ ਹੋ ਜਾਣਾ ਇਹ ਸਭ ਇਬਾਦਤ ਦੀ ਕਰਾਮਾਤ ਹੀ ਹੈ। ਇਬਾਦਤ ਹੀ ਪਰਮਾਤਮਾ ਦੇ ਸੱਚੇ ਭਗਤਾਂ ਵਿਚ ਸਹਿਣਸ਼ੀਲਤਾ ਤੇ ਸੰਜਮ ਵਰਗੇ ਗੁਣ ਪੈਦਾ ਕਰਦੀ ਹੈ। ਗੁਰਬਾਣੀ ਅਨੁਸਾਰ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਰੰਗ ਚੜ੍ਹਿਆ ਹੈ, ਉਹੀ ਅਸਲੀ ਸੂਰਮਾ ਹੈ। ਜਦੋਂ ਵੀ ਧਰਮ ਅਤੇ ਮਜ਼ਲੂਮਾਂ 'ਤੇ ਕੋਈ ਮੁਸੀਬਤ ਬਣਦੀ ਹੈ ਤਾਂ ਇਬਾਦਤ ਕਰਨ ਵਾਲੇ ਹੀ ਧਰਮ ਤੇ ਨਿਆਂ ਦੀ ਰੱਖਿਆ ਵਾਸਤੇ ਸ਼ਹਾਦਤ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਭਗਤੀ ਲਈ ਸੰਪੂਰਨ ਸਮਰਪਣ ਦੀ ਮੰਗ ਕੀਤੀ ਹੈ। ਸੰਪੂਰਨ ਸਮਰਪਣ ਦੇ ਨਾਲ ਹੀ ਪਰਉਪਕਾਰ, ਦਇਆ, ਸਰਬ-ਸਾਂਝੀਵਾਲਤਾ ਤੇ ਧਰਮ ਦੀ ਖ਼ਾਤਿਰ ਮਰ ਮਿਟਣ ਦੇ ਸਦਾਚਾਰਕ ਗੁਣ ਪੈਦਾ ਹੁੰਦੇ ਹਨ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ:

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 1412)

ਇਤਿਹਾਸ ਗਵਾਹ ਹੈ ਕਿ ਹਰ ਮਹਾਨ ਧਰਮ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਉਨ੍ਹਾਂ ਕੁਰਬਾਨੀਆਂ ਨਾਲ ਜਿਹੜੀਆਂ ਕਿ ਆਪੋ ਆਪਣੇ ਧਰਮ ਨੂੰ ਮੰਨਣ ਵਾਲਿਆਂ ਨੇ ਆਪਣੀ ਕੌਮ ਦੀ ਮਾਣ-ਮਰਿਯਾਦਾ ਦੀ ਸੰਭਾਲ ਕਰਨ ਲਈ ਦਿੱਤੀਆਂ। ਇੰਨ੍ਹਾਂ ਕੁਰਬਾਨੀਆਂ ਵਿਚੋਂ ਉੱਤਮ ਸ਼ਹਾਦਤ ਹੈ, ਜਿਹੜੀ ਕਿ ਆਪਣੀ ਜਿੰਦ ਨੂੰ ਮੌਤ ਤੋਂ ਕੁਰਬਾਨ ਕਰ ਦਿੰਦੀ ਹੈ। ਅਜਿਹੀ ਸਵੈ ਕੁਰਬਾਨੀ ਨੂੰ ਸ਼ਹਾਦਤ ਕਰਕੇ ਸਨਮਾਨਿਆ ਜਾਂਦਾ ਹੈ। ਭਾਵੇਂ ਅਰਬੀ ਭਾਸ਼ਾ ਦੇ ਸ਼ਬਦ ਸ਼ਹੀਦ ਅਤੇ ਸ਼ਹਾਦਤ ਦਾ ਮੂਲ ਸੰਬੰਧ ਸਾਮੀ ਪਰੰਪਰਾ (ਯਹੂਦੀ, ਇਸਾਈ, ਇਸਲਾਮ) ਨਾਲ ਹੈ, ਪਰ ਭਾਰਤੀ ਪ੍ਰਸੰਗ ਵਿਚ ਸ਼ਹਾਦਤ ਦੇ ਸੰਕਲਪ ਦੀ ਗਵਾਹੀ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੇ ਕਾਇਮ ਕੀਤੀ। ਸ਼ਹਾਦਤ ਦੇ ਸਿਧਾਂਤ ਦਾ ਅਮਲੀ ਜਾਮਾ ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਨ ਕੇ ਇਸ ਪਰੰਪਰਾ ਨੂੰ ਉੱਤਮ ਅਤੇ ਨਿਆਰਾ ਰੂਪ ਪ੍ਰਦਾਨ ਕੀਤਾ ਅਤੇ ਅਨੇਕਾਂ ਪਿਆਰਿਆਂ, ਸਾਹਿਬਜ਼ਾਦਿਆਂ, ਸਿੰਘਾਂ, ਸਿੰਘਣੀਆਂ ਨੇ ਧਰਮ ਦੀ ਖ਼ਾਤਰ ਆਪਣਾ ਆਪ ਕੁਰਬਾਨ ਕਰਕੇ ਨਵਾਂ ਇਤਿਹਾਸ ਸਿਰਜਿਆ।

ਸਿੱਖੀ ਇਬਾਦਤ ਤੋਂ ਲੈ ਕੇ ਸ਼ਹਾਦਤ ਤੱਕ ਦਾ ਲੰਮਾ ਸਫ਼ਰ ਹੈ। ਇਬਾਦਤ ਜਾਂ ਬੰਦਗੀ ਇਸ ਦੀ ਬੁਨਿਆਦ ਹੈ ਤੇ ਸ਼ਹਾਦਤ ਸਿਖ਼ਰ ਦਾ ਕਲਸ਼। ਗੁਰਬਾਣੀ ਇਹ ਦੱਸਦੀ ਹੈ ਕਿ ਸਿੱਖ ਨੇ ਜਿਉਣਾ ਕਿਵੇਂ ਹੈ ਤੇ ਕੁਰਬਾਨੀ ਉਹ ਸਬਕ ਹੈ ਜੋ ਇਹ ਦੱਸਦੀ ਹੈ ਕਿ ਨਿਰਭਉ ਤੇ ਨਿਰਵੈਰ ਰਹਿ ਕੇ ਮਰਨਾ ਕਿਵੇਂ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਨੇ ਹੀ ਸਿੱਖੀ ਤੇ ਸਿੱਖ ਇਤਿਹਾਸ ਨੂੰ ਚਮਤਕਾਰੀ ਤੇ ਵਿਲੱਖਣ ਬਣਾਇਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ਼ਹਾਦਤ ਦਾ ਅਰਥ ਗਵਾਹੀ ਅਤੇ ਸਾਖੀ ਭਰਨਾ ਹੈ। ਸੰਸਾਰੀ ਲੋਕ ਹਮੇਸ਼ਾ ਸੱਚ ਦੀ ਗਵਾਹੀ ਭਰਦੇ ਹਨ। ਸ਼ਹੀਦ ਉਹ ਹੈ , ਜੋ ਆਪਣੇ ਵਿਸ਼ਵਾਸ ਲਈ ਸੀਸ ਦੇਵੇ ਪਰ ਆਪਣਾ ਸਿਦਕ ਨਾ ਛੱਡੇ। ਸ਼ਹੀਦ ਉਹ ਹੈ , ਜੋ ਤਸੀਹਿਆਂ ਦੀ ਹਾਲਤ ਵਿਚ ਆਪਣੇ ਕੋਲ ਮੌਕਾ ਹੁੰਦਿਆਂ ਵੀ ਆਪਣੀ ਜਾਨ ਧਰਮ ਲਈ ਕੁਰਬਾਨ ਕਰ ਦੇਵੇ। ਵਿਸ਼ਵਕੋਸ਼ ਵਿਚ 'ਮਾਰਟੀਅਰਜ਼' ਅਰਥ ਦੱਸਦਿਆਂ ਲਿਖਿਆ ਹੈ ਕਿ ਸੰਤ ਹੀ ਸ਼ਹੀਦ ਹੋ ਸਕਦਾ ਹੈ। ਸ਼ਹਾਦਤ ਦੇਣ ਲਈ ਨਿਰਭੈਤਾ ਤੇ ਇਕਾਗਰਤਾ ਦੀ ਬਹੁਤ ਜ਼ਰੂਰਤ ਹੁੰਦੀ ਹੈ। ਫਿਰ ਇਬਾਦਤ ਕਰ ਕੇ ਹੀ ਸ਼ਹਾਦਤ ਦਾ ਜਜ਼ਬਾ ਪੈਦਾ ਹੁੰਦਾ ਹੈ। ਕੇਵਲ ਸੰਤ ਹੀ ਹੈ, ਜੋ ਆਪਣੇ ਆਪ ਨੂੰ ਹਰ ਪਾਸਿਉਂ ਤੋੜ ਕੇ ਇਕ ਪਰਮਾਤਮਾ ਨਾਲ ਜੁੜ ਕੇ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਸੰਸਾਰ ਵਿਚ ਅਨੇਕਾਂ ਸ਼ਹੀਦ ਹੋਏ ਹਨ ਜਿੰਨ੍ਹਾਂ ਨੇ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰ ਕੇ ਸੰਤ ਪਦਵੀ ਧਾਰਨ ਕੀਤੀ। ਸੰਤ ਹਮੇਸ਼ਾ ਉਸ ਪਰਮਾਤਮਾ ਦੀ ਇਬਾਦਤ ਦਾ ਰਾਹ ਚੁਣ ਕੇ ਸ਼ਹਾਦਤ ਪ੍ਰਾਪਤ ਕਰਨਾ ਪਰਵਾਨ ਕਰਦੇ ਹਨ, ਉਹਨਾਂ ਨੂੰ ਆਪਣੇ ਅਸੂਲਾਂ ਨੂੰ ਤਿਆਗਣਾ ਪਰਵਾਨ ਨਹੀਂ । ਕੌਮ ਤੇ ਦੇਸ਼ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਸੰਤਾਂ ਦੀ ਇਬਾਦਤ ਅਤੇ ਸ਼ਹੀਦਾਂ ਦੀ ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਕਿਸੇ ਦੀ ਸ਼ਹਾਦਤ ਕਿੰਨੀ ਮਹਾਨ ਹੈ ਇਸ ਦਾ ਅਨੁਮਾਨ ਉਸ ਤੋਂ ਬਾਅਦ ਉਸ ਦੀ ਵਿਚਾਰਧਾਰਾ ਤੇ ਅਨੁਯਾਈਆਂ ਦੇ ਹਮਾਇਤੀਆਂ ਦੀ ਗਿਣਤੀ ਤੋਂ ਲਾਇਆ ਜਾਂਦਾ ਹੈ।

ਸਿੱਖ ਧਰਮ ਦੇ ਬਾਨੀਆਂ ਨੇ ਮਨੁੱਖ ਦੇ ਸਮੁੱਚੇ ਜੀਵਨ ਸੰਘਰਸ਼ ਨੂੰ ਤਿੰਨ ਉਦੇਸ਼ਾਂ ਦੁਆਲੇ ਕੇਂਦਰਿਤ ਕੀਤਾ ਹੈ- ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ। ਦਸਾਂ ਨਹੁੰਆਂ ਦੀ ਕਮਾਈ ਕਰਨੀ ਹੈ, ਇਸ ਕਿਰਤ-ਕਮਾਈ ਨੂੰ ਆਪਸੀ ਭਾਈਚਾਰੇ ਵਿਚ ਵੰਡ ਕੇ ਛੱਕਣਾ ਹੈ ਅਤੇ ਇਸ ਤਰ੍ਹਾਂ ਆਪਣੀ ਭੁੱਖ ਨੂੰ ਦੂਰ ਕਰਕੇ ਫਿਰ ਪੂਰੀ ਸੰਤੁਸ਼ਟੀ ਨਾਲ ਉਸ ਪਰਮਾਤਮਾ ਦਾ ਨਾਮ ਜਪਣਾ ਹੈ। ਸਿੱਖ ਧਰਮ ਦਾ ਸਮੁੱਚਾ ਸੰਘਰਸ਼ ਅਤੇ ਇਤਿਹਾਸ ਇਸੇ ਹੀ ਸਿਧਾਂਤ ਦੇ ਦੁਆਲੇ ਘੁੰਮਦਾ ਹੈ। ਇਹ ਵੀ ਦੇਖਣਯੋਗ ਹੈ ਕਿ ਸਿੱਖ ਸੰਘਰਸ਼ ਜਦੋਂ ਤੱਕ ਇਸ ਸਿਧਾਂਤ ਦੇ ਦੁਆਲੇ ਕੇਂਦਰਿਤ ਰਿਹਾ ਹੈ ਤਾਂ ਇਸ ਨੂੰ ਸਫ਼ਲਤਾਵਾਂ ਹੀ ਮਿਲੀਆਂ ਹਨ। ਸਿੱਖ ਸ਼ਹੀਦੀਆਂ ਅਤੇ ਸ਼ਹਾਦਤਾਂ ਇਸੇ ਹੀ ਸੰਘਰਸ਼ ਦੀ ਪੈਦਾਵਾਰ ਹਨ।

ਇਸ ਤਰ੍ਹਾਂ ਦੇ ਸੰਘਰਸ਼ ਦੀ ਤਿਆਰੀ ਲਈ ਹੀ ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਮਝਾਇਆ ਸੀ ਕਿ ਜੇਕਰ ਤੈਨੂੰ ਇਸ ਤਰ੍ਹਾਂ ਦੇ ਖੇਲ ਖੇਲ੍ਹਣ ਦਾ ਸ਼ੌਕ ਹੈ ਤਾਂ ਆਪਣੇ ਸਿਰ ਨੂੰ ਵਾਰ ਦੇਣ ਦੇ ਅਹਿਸਾਸ ਨਾਲ ਮੇਰੇ ਕੋਲ ਆ, ਕਿਉਂਕਿ ਜਦੋਂ ਤੂੰ ਇਕ ਵਾਰ ਇਸ ਮਾਰਗ 'ਤੇ ਤੁਰਨ ਦੀ ਸ਼ੁਰੂਆਤ ਕਰ ਦਿੱਤੀ ਤਾਂ ਫਿਰ ਮਰਿਆ ਤਾਂ ਜਾ ਸਕਦਾ ਹੈ ਪਰ ਪਿੱਛੇ ਨਹੀਂ ਮੁੜਿਆ ਜਾ ਸਕਦਾ।

ਸ਼ਹਾਦਤ ਕਦੇ ਵੀ ਵਿਅਰਥ ਨਹੀਂ ਜਾਂਦੀ। ਜੇਕਰ ਸ਼ਹਾਦਤਾਂ ਅਜਾਈਂ ਜਾਂਦੀਆਂ ਹੋਣ ਤਾਂ ਕੋਈ ਸ਼ਹੀਦ ਨਹੀਂ ਹੋਵੇਗਾ। ਹਰ ਕੌਮ 'ਤੇ ਸ਼ਹਾਦਤ ਦਾ ਪ੍ਰਭਾਵ ਪੈਂਦਾ ਹੈ। ਸ਼ਹੀਦ ਦੇ ਡੁੱਲ੍ਹੇ ਖ਼ੂਨ ਵਿਚੋਂ ਸੂਰਮੇਂ ਪੈਦਾ ਹੁੰਦੇ ਹਨ। ਗੁਰੂ ਅਰਜਨ ਸਾਹਿਬ ਜੀ ਨੇ ਆਪਣਾ ਖ਼ੂਨ ਦੇ ਕੇ ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ ਵਿਚ ਐਸੇ ਸੂਰਮੇ ਖੜੇ ਕਰ ਦਿੱਤੇ ਸਨ ਜਿੰਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਹੇਠ ਆਪਣੇ ਹੱਥਾਂ ਵਿਚ ਤਲਵਾਰਾਂ ਚੁੱਕ ਕੇ, ਉਸੇ ਹਕੂਮਤ ਨੂੰ ਜੰਗ ਦੀ ਵੰਗਾਰ ਪਾ ਦਿੱਤੀ ਸੀ, ਜਿਸ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕੀਤਾ ਸੀ। ਜਿਸ ਹਕੂਮਤ ਨੇ ਸੋਚਿਆ ਸੀ ਕਿ ਗੁਰੂ ਅਰਜਨ ਜੀ ਦਾ ਪ੍ਰਚਾਰ ਇਸਲਾਮ ਦੀ ਹਕੂਮਤ ਵਿਚ ਵੀ ਲੋਕਾਂ ਨੂੰ ਇਸਲਾਮ ਤੋਂ ਦੂਰ ਲਿਜਾ ਰਿਹਾ ਹੈ ਅਤੇ ਸਿੱਖ ਬਣਾ ਰਿਹਾ ਹੈ। ਉਹੀ ਹਕੂਮਤ ਦੇਖ ਰਹੀ ਸੀ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਇਸਲਾਮ ਨੂੰ ਪੰਜਾਬ ਦੀ ਧਰਤੀ ਤੇ ਠੱਲ੍ਹ ਪੈ ਗਈ ਸੀ ਅਤੇ ਪੰਜਾਬ ਦੇ ਲੋਕ ਧੜਾ-ਧੜ ਸਿੱਖ ਧਰਮ ਦੇ ਪੈਰੋਕਾਰ ਬਣ ਰਹੇ ਸੀ।

ਸ਼ਹੀਦ ਜਿਸ ਕਾਰਜ ਲਈ ਸ਼ਹਾਦਤ ਦੇ ਰਿਹਾ ਹੁੰਦਾ ਹੈ, ਉਹ ਉਸ ਪ੍ਰਤੀ ਪੂਰਨ ਰੂਪ ਵਿਚ ਸਮਰਪਿਤ ਹੁੰਦਾ ਹੈ। ਰਾਜਨੀਤਿਕ ਲਾਭਾਂ ਵਾਸਤੇ ਜ਼ਾਲਮਾਂ ਵੱਲੋਂ ਸਤਾਏ ਲੋਕਾਂ ਦਾ ਕਤਲ ਅਤੇ ਆਪਣੇ ਹਿੱਤ ਜਾਂ ਕੋਈ ਰਾਜਸੀ ਮਕਸਦ ਲਈ ਜੀਵਨ ਦੇਣਾ ਸ਼ਹਾਦਤ ਨਹੀਂ ਕਹਾਉਂਦਾ। ਸ਼ਹੀਦ ਤਾਂ ਉਹ ਹੈ, ਜਿਸ ਨੇ ਆਪਣੀਆਂ ਧਾਰਮਿਕ ਮਾਨਤਾਵਾਂ ਲਈ ਦੁੱਖ ਝੱਲਿਆ ਹੈ। ਸ਼ਹਾਦਤ ਉਹ ਉੱਚਾ ਰੁੱਤਬਾ ਹੈ, ਜੋ ਕਿਸੇ ਵਿਰਲੇ ਇਬਾਬਤ ਕਰਨ ਵਾਲੇ ਸੰਤ ਮਹਾਂਪੁਰਸ਼ ਨੂੰ ਹੀ ਪ੍ਰਾਪਤ ਹੁੰਦਾ ਹੈ। ਸ਼ਹਾਦਤ ਲਈ ਵੱਡੇ ਜਿਗਰੇ ਦੀ ਬਹੁਤ ਲੋੜ ਹੁੰਦੀ ਹੈ, ਜਿਸ ਦੀ ਇਕਾਗਰਤਾ ਉਸ ਪ੍ਰਭੂ ਵਿਚ ਹੋਵੇ ਅਤੇ ਸੰਸਾਰ ਦੇ ਦੁੱਖ-ਸੁੱਖ ਤੋਂ ਉੱਪਰ ਉੱਠ ਚੁੱਕਿਆ ਹੋਵੇ। ਹਰੇਕ ਦੇਸ਼ ਕੌਮ ਦੇ ਸ਼ਹੀਦਾਂ ਦੀ ਗਾਥਾ ਸੁਨਹਿਰੀ ਅੱਖਰਾਂ 'ਚ ਲਿਖੀ ਜਾਂਦੀ ਹੈ। ਸਾਨੂੰ ਆਪਣੇ ਸ਼ਹੀਦਾਂ ਤੇ ਮਹਾਨ ਅਤੇ ਨਾਇਕਾਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ, ਜਿੰਨ੍ਹਾਂ ਸਦਕਾ ਅਸੀਂ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ। ਕਿਸੇ ਸ਼ਾਇਰ ਨੇ ਬਹੁਤ ਹੀ ਸੁੰਦਰ ਲਿਖਿਆ ਹੈ ਕਿ-

**ਸ਼ਹੀਦ ਕੀ ਜੋ ਮੌਤ ਹੈ**
**ਵੋ ਕੌਮ ਕੀ ਹਯਾਤ (ਜ਼ਿੰਦਗੀ) ਹੈ।**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਉਹ ਵੱਡੇ ਭਾਗਾਂ ਵਾਲ਼ਾ ਹੁੰਦਾ ਹੈ ਤੇ ਉਹ ਰਾਤ ਦਿਨ ਮਾਇਆ ਦੇ ਹੱਲਿਆਂ ਵੱਲੋਂ ਸੁਚੇਤ ਰਹਿੰਦਾ ਹੈ । "ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥4॥ ਅੰਗ 237"।

ਜੇਹੜਾ ਮਨੁੱਖ ਇਸ ਦੁਬਿਧਾ ਨੂੰ ਮੁਕਾ ਲੈਂਦਾ ਹੈ, ਉਹ ਸੰਸਾਰ ਵਿਚ ਰਹਿੰਦਿਆਂ ਹੀ ਸੰਸਾਰਿਕ/ਮਾਇਕ ਬੰਧਨਾਂ ਤੋਂ ਆਜ਼ਾਦ ਰਹਿੰਦਾ ਹੈ, ਉਸ ਦੀ ਰਹਿਣੀ-ਬਹਿਣੀ ਸਦਾ ਪਵਿੜ੍ਹ ਹੁੰਦੀ ਹੈ (ਭਾਵ ਉਹ ਨਾਮ ਜਪਦਾ ਹੈ ਤੇ ਨਿਰਮਲ ਕਰਮ ਕਰਦਾ ਹੈ), ਉਹੀ ਮਨੁੱਖ ਸ੍ਰੇਸ਼ਟ ਬ੍ਰਹਮ ਗਿਆਨ ਵਾਲ਼ਾ ਹੁੰਦਾ ਹੈ ਤੇ ਉਸਦਾ ਧਿਆਨ ਆਤਮਕ ਅਡੋਲਤਾ ਵਿਚ (ਨਾਮ ਵਿਚ) ਟਿਕਿਆ ਰਹਿੰਦਾ ਹੈ । "ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥5॥ ਅੰਗ 237"। ਇਸ ਦੁਬਿਧਾ ਨੂੰ ਦੂਰ ਕਰਨ ਤੋਂ ਬਿਨਾ ਕੋਈ ਮਨੁੱਖ ਪਰਮਾਤਮਾ ਦੀ ਦਰਗਹ ਵਿਚ ਕਬੂਲ ਨਹੀਂ ਹੁੰਦਾ, ਭਾਵੇਂ ਉਹ ਕ੍ਰੋੜਾਂ ਜਪ ਤੇ ਤਪ ਆਦਿਕ ਕਰਮ ਕਰਦਾ ਰਹੇ । ਦੁਬਿਧਾ ਨੂੰ ਮਿਟਾਣ ਤੋਂ ਬਿਨਾ ਮਨੁੱਖ ਦਾ ਜਨਮ ਮਰਨ ਦਾ ਗੇੜ ਨਹੀਂ ਮੁੱਕਦਾ ਤੇ ਜਮਾਂ ਤੋਂ ਖ਼ਲਾਸੀ ਨਹੀਂ ਹੁੰਦੀ । "ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥ ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥6॥ ਅੰਗ 237"।

ਦੁਬਿਧਾ ਦੂਰ ਕਰਨ ਤੋਂ ਬਿਨਾ ਮਨੁੱਖ ਨੂੰ ਪ੍ਰਭੂ ਦਾ ਗਿਆਨ ਨਹੀਂ ਹੁੰਦਾ, ਮਨ ਵਿਚੋਂ ਵਿਕਾਰਾਂ ਦੀ ਮੈਲ਼ ਦੂਰ ਨਹੀਂ ਹੁੰਦੀ । ਦੁਬਿਧਾ ਨੂੰ ਮਾਰੇ ਬਿਨਾ ਸਭ ਕੁਛ (ਮਨ, ਬੁੱਧੀ ਤੇ ਗਿਆਨ ਇੰਦਰੇ) ਮੈਲ਼ਾ ਰਹਿੰਦਾ ਹੈ ਤੇ ਇਹਨਾਂ ਸਭਨਾਂ ਦੀ ਪਰਮਾਤਮਾ ਨਾਲੋਂ ਵਿੱਥ ਬਣੀ ਰਹਿੰਦੀ ਹੈ । "ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥7॥ ਅੰਗ 237"। ਜਿਸ ਮਨੁੱਖ ਉਤੇ ਦਇਆ ਦਾ ਖ਼ਜ਼ਾਨਾ ਪਰਮਾਤਮਾ ਕਿਰਪਾ ਕਰਦਾ ਹੈ, ਉਸ ਨੂੰ ਦੁਬਿਧਾ ਤੋਂ ਖ਼ਲਾਸੀ ਮਿਲ ਜਾਂਦੀ ਹੈ, ਉਸ ਨੂੰ ਹਰ ਤਰ੍ਹਾਂ ਦੀ ਕਾਮਯਾਬੀ ਪ੍ਰਾਪਤ ਹੋ ਜਾਂਦੀ ਹੈ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਗੁਰੂ ਨੇ ਜਿਸ ਮਨੁੱਖ ਦੀ ਦੁਬਿਧਾ ਖਤਮ ਕਰ ਦਿੱਤੀ, ਉਹ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਨ ਵਾਲ਼ਾ ਹੋ ਗਿਆ । "ਜਾ ਕਉ ਭਏ ਕ੍ਰਿਪਾਲ ਕ੍ਰਿਪਾਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥8॥5॥ ਅੰਗ 238"। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮੁਨੀ ਵੀ ਉਹੀ ਹੈ ਜਿਸਨੇ ਆਪਣੇ ਮਨ ਦੀ ਦੁਬਿਧਾ ਮਾਰ ਲਈ । "ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਅੰਗ 1128"।

ਦੁਬਿਧਾ ਵਿਚ ਲੱਗ ਕੇ ਨਾਮ ਵਿਸਰ ਜਾਂਦਾ ਹੈ । "ਦੁਬਿਧਾ ਲਾਗੇ ਨਾਮੁ ਵਿਸਾਰਾ ॥ ਅੰਗ 415"। ਦੁਬਿਧਾ ਕਾਰਨ ਮਨੁੱਖ ਆਪਣਾ ਅਮੋਲਕ ਜਨਮ ਵਿਅਰਥ (ਕੌਡੀ/ਮਾਇਆ ਬਦਲੇ) ਗੁਆ ਲੈਂਦਾ ਹੈ । "ਜਨਮੁ ਪਦਾਰਥੁ ਦੁਬਿਧਾ ਖੋਵੈ ॥ ਅੰਗ 686"। "ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥1॥ ਰਹਾਉ ॥ ਅੰਗ 1261"। ਦੁਬਿਧਾ 'ਚ ਰਚਿਆਂ ਪ੍ਰਭੂ ਦੇ ਮਹਿਲ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਮੱਥੇ ਤੇ ਸੁਆਹ ਪੈਂਦੀ ਹੈ । "ਦੁਬਿਧਾ ਰਾਤੇ ਮਹਲੁ ਨ ਪਾਵਹਿ ॥ ਅੰਗ 904"। ਅਤੇ "ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥7॥ ਅੰਗ 1343"। ਸਤਿਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ ਕਿ ਇਸ ਦੁਬਿਧਾ ਨੇ ਬਹੁਤ (ਹਿਰਦੇ) ਘਰ ਗਾਲ ਦਿੱਤੇ ਹਨ । "ਇਨਿ ਦੁਬਿਧਾ ਘਰ ਬਹੁਤੇ ਗਾਲੇ ॥ ਅੰਗ 1029"। ਦੁਬਿਧਾ ਦੀ ਖੋਟੀ ਮਤਿ ਕਰਕੇ ਆਦਮੀ ਅੰਨ੍ਹੇ (ਅਗਿਆਨ 'ਚ) ਬੁਰੇ ਕੰਮ ਕਰਦਾ ਹੈ "ਦੁਬਿਧਾ ਦੁਰ-ਮਤਿ ਅਧੁਲੀ ਕਾਰ ॥ ਅੰਗ 1190"। ਹਉਮੈ ਤੇ ਦੁਬਿਧਾ ਨੂੰ ਮਾਰਨ ਤੇ ਹੀ ਹਿਰਦੇ 'ਚ ਨਾਮ ਦਾ ਵਾਸਾ ਹੁੰਦਾ ਹੈ । "ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥ ਅੰਗ 429"। ਅਤੇ "ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥ ਅੰਗ 663"। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਦੁਬਿਧਾ ਛੱਡ ਦੇਵਹੁ, ਇਹ ਗ਼ਲਤ ਰਸਤਾ ਹੈ (ਇਸ ਰਸਤੇ ਪੈ ਕੇ) ਲੁੱਟੇ ਜਾਵੋਗੇ ਤੇ ਦੁਬਿਧਾ ਖਤਮ ਨਾ ਹੋਣ ਤੇ ਧਰਮ ਰਾਇ ਸਜ਼ਾ ਦੇਵੇਗਾ । "ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ ਅੰਗ 419"। ਅਤੇ "ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮਰਾਇ ਤਿਸੁ ਦੇਇ ਸਜਾਇ ॥3॥ ਅੰਗ 491"। ਇਸਦੇ ਉੱਲਟ ਦੁਬਿਧਾ ਛੱਡਣ ਤੇ ਬੰਦਾ ਪਰਮੇਸ਼ਰ ਨੂੰ ਜਾਣ ਲੈਂਦਾ ਹੈ ਤੇ ਨਿਰੰਕਾਰ ਰੂਪ ਹੋ ਜਾਂਦਾ ਹੈ । "ਤਾ ਕੋ ਜਾਣੈ ਦੁਬਿਧਾ ਜਾਇ ॥1॥ ਰਹਾਉ ॥ ਅੰਗ 797"। ਅਤੇ "ਦੁਬਿਧਾ ਛੋਡਿ ਭਏ ਨਿਰੰਕਾਰੀ ॥ ਅੰਗ 685"। ਹਉਮੈ ਤੇ ਦੁਬਿਧਾ ਮਾਰ ਕੇ ਬੰਦੇ ਦਾ ਆਪਾ ਪ੍ਰਭੂ ਦੇ ਆਪੇ ਨਾਲ਼ ਮਿਲਿਆ ਰਹਿੰਦਾ ਹੈ । "ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥ ਅੰਗ 1093"।


ਮਾਇਆਧਾਰੀ ਝੂਠੇ ਬੰਦੇ ਨੂੰ ਸੱਚ (ਸਦਾ ਥਿਰ ਪ੍ਰਭੂ) ਨਹੀਂ ਭਾਉਂਦਾ, ਦੁਬਿਧਾ 'ਚ ਬੱਝਾ ਹੋਇਆ ਉਹ ਆਉਂਦਾ ਜਾਂਦਾ ਰਹਿੰਦਾ ਹੈ; ਭਾਵ ਜੰਮਦਾ ਮਰਦਾ ਰਹਿੰਦਾ ਹੈ । "ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥ ਅੰਗ 109"। ਦੁਬਿਧਾ 'ਚ ਲੱਗ ਕੇ ਉਹ ਦਸਾਂ ਦਿਸ਼ਾਵਾਂ 'ਚ ਭੱਜਿਆ ਫਿਰਦਾ ਹੈ । "ਦੁਬਿਧਾ ਲਾਗੈ ਦਹ ਦਿਸਿ ਧਾਵੈ ॥ ਅੰਗ 127"। ਜੇਕਰ ਉਹ ਦੁਬਿਧਾ ਮਾਰ ਲਏ ਤਾਂ ਇਕ ਪ੍ਰਭੂ ਨਾਲ਼ ਅਟੁੱਟ ਪਿਆਰ ਪਾ ਲਵੇ । "ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥ ਅੰਗ 119"।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

**PUNJABI FOLK SINGERS, DANCERS AND MUSICIANS**

## URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv
**Closing date for applications: 11 October 2024**

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 36**



**ਡਾਇਟੀਸ਼ੀਅਨ ਆਮ ਤੌਰ ‘ਤੇ ਇਹੀ ਸਲਾਹ ਦਿੰਦੇ ਹਨ ਕਿ ਤੁਸੀਂ ਨੁਕਸਾਨਦਾਇਕ ਭੋਜਨ ਦੀ ਮਾਤਰਾ ਹੌਲੀ-ਹੌਲੀ ਘਟਾ ਕੇ, ਆਪਣੇ ਭੋਜਨ ਵਿਚ ਜ਼ਿਆਦਾ ਆਸਾਨੀ ਨਾਲ ਤਬਦੀਲੀਆਂ ਕਰ ਸਕਦੇ ਹੋ । ਉਦਾਹਰਣ ਲਈ, ਸਿਰਫ਼ ਇਕ ਦਿਨ ਦੀ ਬਜਾਇ ਪੂਰੇ ਹਫ਼ਤੇ ਦੌਰਾਨ ਆਪਣੇ ਭੋਜਨ ਵਿਚ ਸੰਤੁਲਨ ਰੱਖੋ। ਜੇਕਰ ਹੁਣ ਤੁਸੀਂ ਹਰ ਰੋਜ਼ ਗਾਂ, ਬੱਕਰੀ ਜਾਂ ਸੂਰ ਦਾ ਮੀਟ ਖਾਂਦੇ ਹੋ, ਤਾਂ ਇਸ ਨੂੰ ਘਟਾ ਕੇ ਹਫ਼ਤੇ ਵਿਚ ਤਿੰਨ ਵਾਰ ਖਾਣ ਦੀ ਕੋਸ਼ਿਸ਼ ਕਰੋ। ਇਸੇ ਤਰ੍ਹਾਂ ਜ਼ਿਆਦਾ ਚਿਕਨਾਈ ਵਾਲੀਆਂ ਚੀਜ਼ਾਂ, ਜਿਵੇਂ ਕਿ ਮੱਖਣ, ਪਨੀਰ, ਆਈਸ-ਕ੍ਰੀਮ ਅਤੇ ਤਲੀਆਂ ਚੀਜ਼ਾਂ ਵੀ ਘੱਟ ਕਰੋ। ਸਾਡਾ ਮਕਸਦ ਚਿਕਨਾਈ ਘੱਟ ਖਾਣ ਦਾ ਹੋਣਾ ਚਾਹੀਦਾ ਹੈ ਤਾਂਕਿ ਇਹ ਸਾਡੇ ਭੋਜਨ ਦੀਆਂ ਕੁੱਲ ਕੈਲੋਰੀਆਂ ਵਿਚ 30 ਫੀ ਸਦੀ ਤੋਂ ਜ਼ਿਆਦਾ ਨਾ ਹੋਵੇ । ਇਹ ਫਾਰਮੂਲੇ ਮੈ ਆਪਣੇ ਬਿਮਾਰ ਹੋਣ ਦੌਰਾਨ ਅਪਣਾਏ ਹੋਏ ਹਨ, ਭਾਵ ਕਿ ਟੈਸਟਡ ਹਨ ਤੇ ਪੂਰੀ ਤਰਾਂ ਕੰਮ ਵੀ ਕਰਦੇ ਹਨ, ਕੁੱਝ ਸਮੇਂ ਬਾਅਦ ਇਹ ਸਾਨੂੰ ਵਧੀਆ ਸਿੱਟੇ ਦੇਂਦੇ ਹਨ, ਸੋ ਜਰੂਰ ਵਰਤ ਲੈਣੇ ਚਾਹੀਦੇ ਹਨ ।**

ਪਿਛਲੇ ਕੁੱਝ ਕੁ ਸਾਲਾਂ ਤੋਂ ਭੋਜਨ ਵਿਚਲੀ ਚਿਕਨਾਈ ਵੱਲ ਬਹੁਤ ਧਿਆਨ ਦਿੱਤਾ ਗਿਆ ਹੈ । ਬਹੁਤ ਸਾਰੇ ਸਿਹਤ ਮਾਹਿਰ ਕਹਿੰਦੇ ਸੁਣੇ ਗਏ ਹਨ ਕਿ ਜ਼ਿਆਦਾ ਚਿਕਨਾਈ ਵਾਲੇ ਭੋਜਨ, ਦਿਲ ਦੀਆਂ ਬੀਮਾਰੀਆਂ ਅਤੇ ਕੁਝ ਖ਼ਾਸ ਤਰ੍ਹਾਂ ਦੇ ਕੈਂਸਰ ਹੋਣ ਦਾ ਖ਼ਤਰਾ ਵਧਾਉਂਦੇ ਹਨ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸਾਨੂੰ ਹਰ ਤਰ੍ਹਾਂ ਦੀ ਚਿਕਨਾਈ ਆਪਣੇ ਭੋਜਨ ਵਿੱਚੋਂ ਬਿਲਕੁਲ ਹੀ ਕੱਢ ਦੇਣੀ ਚਾਹੀਦੀ ਹੈ । ਅਮੈਰੀਕਨ ਡਾਇਟੈਟਿਕ ਐਸੋਸੀਏਸ਼ਨ ਦੀ ਸਾਬਕਾ ਪ੍ਰਧਾਨ, ਮੈਰੀ ਐਬਟ ਹੈੱਸ ਕਹਿੰਦੀ ਹੈ: “ਇਕ ਪੌਸ਼ਟਿਕ ਆਹਾਰ ਵਿਚ ਲਗਭਗ ਹਰ ਦਿਨ ਤੁਸੀਂ ਕੁਝ ਹੱਦ ਤਕ ਆਪਣਾ ਮਨਪਸੰਦ ਖਾਣਾ ਖਾ ਸਕਦੇ ਹੋ, ਪਰ ਇਹ ਬਹੁਤ ਜ਼ਰੂਰੀ ਹੈ ਕਿ ਉਸ ਖਾਣੇ ਦੀ ਮਾਤਰਾ ਸੀਮਿਤ ਹੋਵੇ ਅਤੇ ਉਸ ਤੋਂ ਇਲਾਵਾ ਦੂਸਰੀਆਂ ਚਿਕਨਾਈ ਭਰਪੂਰ ਚੀਜ਼ਾਂ ਖਾਣੀਆਂ ਬੰਦ ਕੀਤੀਆਂ ਜਾਣ ।” ਆਪਾਂ ਜਾਣਦੇ ਹਾਂ ਕਿ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਬਦਲਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਹੈ। ਕੁਝ ਲੋਕ ਤਾਂ ਸ਼ਾਇਦ ਇਹ ਵੀ ਕਹਿਣ ਕਿ ਜੇਕਰ ਲਗਾਤਾਰ ਉਨ੍ਹਾਂ ਨੂੰ ਆਪਣਾ ਮਨਪਸੰਦ ਤੇ ਮਜ਼ੇਦਾਰ ਭੋਜਨ ਖਾਣਾ ਛੱਡਣਾ ਪੈ ਜਾਵੇ ਤਾਂ ਉਨ੍ਹਾਂ ਦੀ ਜ਼ਿੰਦਗੀ ਬਿਲਕੁਲ ਹੀ ਨੀਰਸ ਤੇ ਬੋਝਲ ਬਣ ਜਾਵੇਗੀ , ਪਰ ਜ਼ਿਆਦਾ ਸਖ਼ਤੀ ਦੀ ਬਜਾਇ, ਚੰਗਾ ਸੰਤੁਲਨ ਰੱਖਣ ਦੀ ਕੋਸ਼ਿਸ਼ ਤਾਂ ਸਾਨੂੰ ਹਰ ਹਾਲ ਕਰਨੀ ਹੀ ਚਾਹੀਦੀ ਹੈ ।

ਦਰਅਸਲ ਅਹਿਮ ਗੱਲ ਤਾਂ ਕੁਝ ਖ਼ਾਸ ਤਰ੍ਹਾਂ ਦੇ ਭੋਜਨ ਦੀ ਮਾਤਰਾ ਘਟਾਉਣ ਦੀ ਹੈ ਨਾ ਕਿ ਉਨ੍ਹਾਂ ਨੂੰ ਬਿਲਕੁਲ ਹੀ ਤਿਆਗ ਦੇਣ ਦੀ । ਪਹਿਲਾਂ ਜ਼ਿਕਰ ਕੀਤੀ ਗਈ ਫੈਮਿਲੀ ਮੈਡੀਕਲ ਗਾਈਡ ਕਹਿੰਦੀ ਹੈ: “ਇਕ ਨਰੋਆ ਜੀਵਨ-ਢੰਗ ਅਪਣਾਉਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਜ਼ਿੰਦਗੀ ਦਾ ਮਜ਼ਾ ਲੈਣਾ ਹੀ ਛੱਡ ਦਿਓ ।”

ਡਾਇਟੀਸ਼ੀਅਨ ਆਮ ਤੌਰ ‘ਤੇ ਇਹੀ ਸਲਾਹ ਦਿੰਦੇ ਹਨ ਕਿ ਤੁਸੀਂ ਨੁਕਸਾਨਦ-ਾਇਕ ਭੋਜਨ ਦੀ ਮਾਤਰਾ ਹੌਲੀ-ਹੌਲੀ ਘਟਾ ਕੇ, ਆਪਣੇ ਭੋਜਨ ਵਿਚ ਜ਼ਿਆਦਾ ਆਸਾਨੀ ਨਾਲ ਤਬਦੀਲੀਆਂ ਕਰ ਸਕਦੇ ਹੋ । ਉਦ-ਾਹਰਣ ਲਈ, ਸਿਰਫ਼ ਇਕ ਦਿਨ ਦੀ ਬਜਾਇ ਪੂਰੇ ਹਫ਼ਤੇ ਦੌਰਾਨ ਆਪਣੇ ਭੋਜਨ ਵਿਚ ਸੰਤੁਲਨ ਰੱਖੋ। ਜੇਕਰ ਹੁਣ ਤੁਸੀਂ ਹਰ ਰੋਜ਼ ਗਾਂ, ਬੱਕਰੀ ਜਾਂ ਸੂਰ ਦਾ ਮੀਟ ਖਾਂਦੇ ਹੋ, ਤਾਂ ਇਸ ਨੂੰ ਘਟਾ ਕੇ ਹਫ਼ਤੇ ਵਿਚ ਤਿੰਨ ਵਾਰ ਖਾਣ ਦੀ ਕੋਸ਼ਿਸ਼ ਕਰੋ। ਇਸੇ ਤਰ੍ਹਾਂ ਜ਼ਿਆਦਾ ਚਿਕਨਾਈ ਵਾਲੀਆਂ ਚੀਜ਼ਾਂ, ਜਿਵੇਂ ਕਿ ਮੱਖਣ, ਪਨੀਰ, ਆਈਸ-ਕ੍ਰੀਮ ਅਤੇ ਤਲੀਆਂ ਚੀਜ਼ਾਂ ਵੀ ਘੱਟ ਕਰੋ। ਸਾਡਾ ਮਕਸਦ ਚਿਕਨਾਈ ਘੱਟ ਖਾਣ ਦਾ ਹੋਣਾ ਚਾਹੀਦਾ ਹੈ ਤਾਂਕਿ ਇਹ ਸਾਡੇ ਭੋਜਨ ਦੀਆਂ ਕੁੱਲ ਕੈਲੋਰੀਆਂ ਵਿਚ 30 ਫੀ ਸਦੀ ਤੋਂ ਜ਼ਿਆਦਾ ਨਾ ਹੋਵੇ । ਇਹ ਫਾਰਮੂਲੇ ਮੈ ਆਪਣੇ ਬਿਮਾਰ ਹੋਣ ਦੌਰਾਨ ਅਪਣਾਏ ਹੋਏ ਹਨ, ਭਾਵ ਕਿ ਟੈਸਟਡ ਹਨ ਤੇ ਪੂਰੀ ਤਰਾਂ ਕੰਮ ਵੀ ਕਰਦੇ ਹਨ, ਕੁੱਝ ਸਮੇਂ ਬਾਅਦ ਇਹ ਸਾਨੂੰ ਵਧੀਆ ਸਿੱਟੇ ਦੇਂਦੇ ਹਨ, ਸੋ ਜਰੂਰ ਵਰਤ ਲੈਣੇ ਚਾਹੀਦੇ ਹਨ ।

ਹਾਰਵਰਡ ਯੂਨੀਵਰਸਿਟੀ ਦੇ ਡਾ. ਵੌਲਟਰ ਵਿਲਟ, ਭੋਜਨ ਵਿਚਲੀ ਚਿਕਨਾਈ ਨੂੰ ਘਟਾਉਣ ਅਤੇ ਫਿਰ ਉਸ ਦੀ ਥਾਂ ਤੇ ਜ਼ਿਆਦਾ ਸਟਾਰਚ ਅਤੇ ਸ਼ੱਕਰ ਵਾਲੀਆਂ ਚੀਜ਼ਾਂ ਖਾਣ ਵਿਰੁੱਧ ਚੇਤਾਵਨੀ ਦਿੰਦਾ ਹੈ, ਕਿਉਂਕਿ ਇੰਝ ਕਰਨ ਨਾਲ ਅਕਸਰ ਮੋਟਾ-ਪਾ ਡੇਰਾ ਲਾ ਲੈਂਦਾ ਹੈ। ਸਭ ਤੋਂ ਵਧੀਆ ਗੱਲ ਇਹ ਹੈ ਕਿ ਕੋਸ਼ਿਸ਼ ਕਰਕੇ ਆਪਣੇ ਭੋਜਨ ਵਿੱਚੋਂ ਚਿਕਨਾਈ ਅਤੇ ਕਾਰਬੋਹਾਈਡ੍ਰੇਟ ਦੋਹਾਂ ਨੂੰ ਹੀ ਘਟਾਓ ।

ਇਕ ਨਰੋਏ ਜੀਵਨ-ਢੰਗ ਵਿਚ ਨਿਯਮਿਤ ਕਸਰਤ ਵੀ ਹੋਣੀ ਚਾਹੀਦੀ ਹੈ। ਸਰੀਰਕ ਤੰਦਰੁਸਤੀ ਬਾਰੇ ਯੂ.ਐੱਸ. ਸਰਜਨ ਜਨਰਲ ਦੀ ਰਿਪੋਰਟ ਦਾ ਸੰਪਾਦਕ ਡਾਕਟਰ ਸਟੀਵਨ ਬਲੇਅਰ ਕਹਿੰਦਾ ਹੈ ਕਿ “ਉਹ ਲੋਕ ਜਿਹੜੇ ਬੈਠਵੇਂ ਜੀਵਨ-ਢੰਗ ਨੂੰ ਛੱਡ ਕੇ ਥੋੜ੍ਹੀ-ਬਹੁਤੀ ਕਸਰਤ ਕਰਨ ਲੱਗ ਪੈਂਦੇ ਹਨ, ਉਨ੍ਹਾਂ ਲੋਕਾਂ ਦੀ ਦਿਲ ਦੀਆਂ ਬੀਮਾਰੀਆਂ ਨਾਲ ਮਰਨ ਦੀ ਸੰਭਾਵਨਾ , 50 ਫੀਸਦੀ ਘੱਟ ਜਾਂਦੀ ਹੈ।”

ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤ ਸਾਰੇ ਲੋਕ ਥੋੜ੍ਹੀ ਬਹੁਤੀ ਕਸਰਤ ਵੀ ਨਹੀਂ ਕਰਦੇ । ਉਹ ਦਲਿਦਰੀ ਬਣ ਚੁੱਕੇ ਹਨ । ਸਾਡੇ ਵਿਚੋਂ ਕਈਆਂ ਦੀ ਹਾਲਤ ਤਾਂ ਇਹ ਬਣ ਚੁੱਕੀ ਹੈ ਕਿ ਉਹ ਖਾਣਾ ਖਾਣ ਵਾਸਤੇ ਵੀ ਦੂਸਰਿਆਂ ਵਲੋਂ ਮੱਦਦ ਕੀਤੇ ਜਾਣ ਦੀ ਉਡੀਕ ਕਰਦੇ ਹਨ ਕਿ ਕੋਈ ਆਏ ਅਤੇ ਸਾਡੇ ਮੂੰਹ ਵਿਚ ਬੁਰਕੀਆਂ ਪਾਏ। ਉਦਾਹਰਣ ਲਈ, ਕਿਹਾ ਜਾਂਦਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਿਚ ਚਾਰਾਂ ਵਿੱਚੋਂ ਇਕ ਵਿਅਕਤੀ ਆਪਣੇ ਹੱਡ ਬਿਲਕੁਲ ਹੀ ਨਹੀਂ ਹਿਲਾਉਂਦਾ ।

ਦ ਟਰੌਂਟੋ ਸਟਾਰ (The Toronto star) ਦੀ ਇਕ ਰਿਪੋਰਟ ਅਨੁਸਾਰ, ਕੈਨੇਡਾ ਵਿਚ 1997 ਫ਼ਿਜ਼ਿਕਲ ਐਕਟੀਵਿਟੀ ਬੈਂਚਮਾਰਕਸ (1997 Phyiscal acitivty benchmark) ਨਾਮਕ ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ “ਕੈਨੇਡਾ ਦੇ 63 ਫੀਸਦੀ ਲੋਕ ਦਿਨ ਵਿਚ ਇਕ ਘੰਟੇ ਤੋਂ ਵੀ ਘੱਟ ਸਮੇਂ ਲਈ ਸਰੀਰਕ ਕੰਮ-ਕਾਰ ਕਰਦੇ ਹਨ।”

ਇਸ ਤੋਂ ਇਲਾਵਾ ਦ ਸੰਡੇ ਟਾਈਮਜ਼ ਨੇ ਖ਼ਬਰ ਦਿੱਤੀ ਕਿ ਬਰਤਾਨੀਆ ਵਿਚ ਖੋਜਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੁਆਰਾ ਅਧਿਐਨ ਕੀਤੇ ਗਏ ਬੱਚਿਆਂ ਦਾ ਇਕ ਗਰੁੱਪ “ਇੰਨਾ ਆਲਸੀ ਸੀ ਕਿ ਸੌਂਦੇ ਅਤੇ ਜਾਗਦੇ ਸਮੇਂ ਉਨ੍ਹਾਂ ਦੇ ਦਿਲ ਦੀ ਧੜਕਣ ਦੀ ਰਫ਼ਤਾਰ ਵਿਚ ਜ਼ਰਾ ਵੀ ਫ਼ਰਕ ਨਹੀਂ ਸੀ।”

ਪਹਿਲਾਂ ਇਹ ਸੋਚਿਆ ਜਾਂਦਾ ਸੀ ਕਿ ਸਿਰਫ਼ ਜ਼ੋਰਦਾਰ (Aeroibc) ਕਸਰਤਾਂ ਹੀ ਸਿਹਤ ਲਈ ਫ਼ਾਇਦੇਮੰਦ ਹੁੰਦੀਆਂ ਹਨ, ਪਰ ਤੰਦਰੁਸਤ ਰਹਿਣ ਲਈ ਜ਼ੋਰਦਾਰ ਕਸਰਤਾਂ ਜ਼ਰੂਰੀ ਨਹੀਂ ਹਨ। ਸਰਜਨ ਜਨਰਲ ਦੀ ਇਕ ਰਿਪੋਰਟ ਮੁਤਾਬਿਕ, “ਇਕ ਦਿਨ ਵਿਚ ਹਲਕੀ-ਫੁਲਕੀ ਕਸਰਤ ਦੁਆਰਾ 150 ਕੈਲੋਰੀਆਂ ਨਸ਼ਟ ਕਰਨ ਨਾਲ ਵੀ ਦਿਲ ਦੀ ਬੀਮਾਰੀ, ਹਾਈ ਬਲੱਡ-ਪ੍ਰੈਸ਼ਰ, ਕੈਂਸਰ ਅਤੇ ਸ਼ੱਕਰ ਰੋਗ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ।”

ਜਦੋਂ ਅਸੀਂ ਕਿਸੇ ਕਸਰਤ ਦੀ ਚੋਣ ਕਰਦੇ ਹੋ, ਤਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਕੋਈ ਅਜਿਹੀ ਕਸਰਤ ਚੁਣੀਏ, ਜਿਸ ਨੂੰ ਕਰਨ ਨਾਲ ਸਾਨੂੰ ਆਨੰਦ ਵੀ ਆਵੇ ਤੇ ਸਿਹਤ ਵੀ ਦੂਣੀ ਚੌਣੀ ਬਰਕਰਾਰ ਰਹੇ । ਕਸਰਤ ਨੇਮ ਨਾਲ ਕਰੋ ਤੇ ਹਮੇਸ਼ਾ ਯਾਦ ਰੱਖੋ ਕਿ ਇਹ ਜ਼ਰੂਰੀ ਨਹੀਂ ਕਿ ਅਸੀਂ ਕਿਹੜੀ ਕਸਰਤ ਕਰਦੇ ਹਾਂ ਬਲਕਿ ਜ਼ਿਆਦਾ ਜ਼ਰੂਰੀ ਇਹ ਹੈ ਹੈ ਕਿ ਅਸੀਂ ਉਸ ਨੂੰ ਹਫਤੇ ਵਿਚ ਕਿੰਨੀ ਵਾਰ ਕਰਦੇ ਹਾਂ।

ਯੂ.ਐੱਸ. ਨੈਸ਼ਨਲ ਇੰਸਟੀਟਿਊਟਸ ਆਫ਼ ਹੈਲਥ ਦੀ ਸਲਾਹ ਮੁਤਾਬਿਕ “ਨਿਆਣਿਆਂ ਅਤੇ ਸਿਆਣਿਆਂ ਨੂੰ ਹਫ਼ਤੇ ਦੇ ਕਈ ਦਿਨਾ ਜਾਂ ਹੋ ਸਕੇ ਤਾਂ ਹਰ ਰੋਜ਼ 30 ਮਿੰਟਾਂ ਲਈ ਔਸਤ ਦਰਜੇ ਦੀ ਥੋੜ੍ਹੀ-ਥੋੜ੍ਹੀ ਕਸਰਤ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ ।”

ਹੁਣ ਇਥੇ ਇਕ ਹੋਰ ਨਵਾਂ ਸਵਾਲ ਪੈਦਾ ਹੁੰਦਾ ਹੈ ਕਿ ਔਸਤ ਦਰਜੇ ਦੀਆਂ ਕਸਰਤਾਂ ਕਿਹੜੀਆਂ ਹੁੰਦੀਆਂ ਹਨ?

ਇਸ ਸਵਾਲ ਦੇ ਜਵਾਬ ਵਜੋਂ ਮੇਰਾ ਸਿੱਧਾ ਜਿਹਾ ਜਵਾਬ ਇਹ ਹੋਵੇਗਾ ਕਿ ਜੋ ਹਲਕੀ ਫੁਲਕੀ ਕਸਰਤ 20 ਕੁ ਮਿੰਟਾਂ ਵਿਚ ਸਾਨੂੰ ਪਸੀਨਾ ਲਿਆ ਸਕਦੀ ਹੋਵੇ, ਉਸ ਨੂੰ ਔਸਤ ਦਰਜੇ ਦੀ ਕਸਰਤ ਕਿਹਾ ਦਾ ਸਕਦਾ ਹੈ ਮਸਲਨ ਤੈਰਨਾ, ਤੇਜ਼ ਚੱਲਣਾ, ਸਾਈਕਲ ਚਲਾਉਣਾ, ਕਾਰ ਨੂੰ ਧੋਣਾ/ਪਾਲਿਸ਼ ਕਰਨਾ, ਪੌੜੀਆਂ ਦੀ ਚੜ੍ਹਾਈ ਉਤਰਾਈ, ਬਗੀਚੇ ਦੀ ਸਾਂਭ ਸੰਭ੍ਹਾਲ, ਘਰ ਦੀ ਸਾਫ ਸਫਾਈ ਅਤੇ ਇਸੇ ਤਰਾਂ ਦੇ ਹੋਰ ਕਾਰਜ ਆਦਿ ।

ਮੇਰੇ ਕਹਿਣ ਦਾ ਭਾਵ ਏਹੀ ਹੈ ਕਿ ਆਪਣੀ ਸਿਹਤ ਦੀ ਸਾਂਭ-ਸੰਭਾਲ ਕਰਨ ਲਈ ਸਾਨੂੰ ਕਿਸੇ ਜਿਮਨੇਜ਼ੀਅਮ ਜਾਣ ਦੀ ਜਾਂ ਕਿਸੇ ਹੈਲਥ ਕਲੱਬ ਜਾਣ ਦੀ ਲੋੜ ਨਹੀਂ ਹੈ । ਫਿਰ ਵੀ ਇਕ ਗੱਲ ਦਾ ਧਿਆਨ ਜ਼ਰੂਰ ਰੱਖਣਾ ਪਵੇਗਾ ਕਿ ਜੇਕਰ ਕਿਸੇ ਨੂੰ ਕੋਈ ਦਿਲ ਦੀ ਬੀਮਾਰੀ ਹੈ, ਉਮਰ 40 ਸਾਲਾਂ ਤੋਂ ਉੱਤੇ ਹੈ ਤਾਂ ਕਿਸੇ ਵੀ ਕਸਰਤ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਜ਼ਰੂਰ ਪੁੱਛ ਲੈਣਾ ਚਾਹੀਦਾ ਹੈ ।

——— ਚਲਦਾ

# ਵਿਸ਼ਵ ਸਿਹਤ ਸੰਗਠਨ ਵੱਲੋਂ ਮੰਕੀਪੌਕਸ ਦੇ ਪਹਿਲੇ ਟੀਕੇ ਨੂੰ ਮਨਜ਼ੂਰੀ




ਜਨੇਵਾ- ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਨੇ ਕਿਹਾ ਕਿ ਉਸ ਨੇ ਬਾਲਗਾਂ ਚ ਮੰਕੀਪੌਕਸ ਦੇ ਇਲਾਜ ਵਾਸਤੇ ਟੀਕੇ ਦੀ ਵਰਤੋਂ ਲਈ ਪਹਿਲੀ ਮਨਜ਼ੂਰੀ ਦੇ ਦਿੱਤੀ ਹੈ। ਟੀਕੇ ਨੂੰ ਮਨਜ਼ੂਰੀ ਦੇਣ ਦਾ ਮਤਲਬ ਹੈ ਕਿ ਜੀਏਵੀਆਈ ਵੈਕਸੀਨ ਅਲਾਇੰਸ ਅਤੇ ਯੂਨੀਸੈਫ ਵਰਗੇ ਦਾਨੀ ਇਸ ਨੂੰ ਖਰੀਦ ਸਕਦੇ ਹਨ। ਸਪਲਾਇਰ ਸਿਰਫ ਇੱਕ ਹੋਣ ਕਾਰਨ ਇਸ ਟੀਕੇ ਦੀ ਸਪਲਾਈ ਸੀਮਤ ਹੈ। ਡਬਲਿਊਐੱਚਓ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਘੈਬਰੇਸਿਸ ਨੇ ਕਿਹਾ, ਮੰਕੀਪੌਕਸ ਦੇ ਇਲਾਜ ਲਈ ਟੀਕੇ ਨੂੰ ਮਨਜ਼ੂਰੀ ਮਿਲਣਾ ਅਫਰੀਕਾ ਅਤੇ ਹੋਰ ਥਾਵਾਂ ਤੇ ਇਸ ਬਿਮਾਰੀ ਖ਼ਿਲਾਫ਼ ਸਾਡੀ ਲੜਾਈ ਚ ਅਹਿਮ ਕਦਮ ਹੈ।

# ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਜੋਤਿ ਦੀ ਨਿਰੰਤਰਤਾ ਅਤੇ ਹਲੇਮੀ ਰਾਜ ਦਾ ਸੰਕਲਪ ਨਾਨਕ ਦੀ ਸਿੱਖੀ ਦਾ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਦੇ ਰਾਹੀਂ ਨਹੀਂ !



ਗੁਰੂ ਨਾਨਕ ਦੀ ਸਿੱਖੀ ਦਾ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਤ ਹੁੰਦਾ ਹੈ ਕਿਸੇ ਅਵਤਾਰ ਦੇ ਰਾਹੀਂ ਨਹੀਂ! ਸਿੱਖੀ ਅਕਾਲ ਦੀ ਸੱਭਿਅਤਾ ਦਾ ਸੰਪੂਰਨ ਵਿਕਾਸ ਹੈ। ਜੋ ਅਕਾਲ ਦੇ ਇਕ ਰਾਸ਼ਟਰਵਾਦ ਦਾ ਪ੍ਰਤੱਖ ਰੂਪ ਹੈ। (Sikhi is the complete evolution of Akal's civilisation. It is a direct image of Akal's of Almighty Akals's nationalism (ਪੁਸਤਕ, ਸਿੱਖ ਸਭਿਆਚਾਰ ਦਾ ਮੂਲ ਅਧਾਰ ਪੰਨਾ

ਲੇਖਕ – ਜਥੇਦਾਰ ਮਹਿੰਦਰ ਸਿੰਘ ਯੂ ਕੇ

ਮੋਬਾਈਲ ਫੋਨ:

07989 927477


21) ਨਿਆਰੀ ਹੋਂਦ ਹੀ ਸਿੱਖੀ ਦਾ ਬੁਨਿਆਦੀ ਸਿਧਾਂਤ ਹੈ। ਸਿੱਖ ਗੁਰੂ ਸਾਹਿਬਾਨਾਂ ਨੇ ਸਿੱਖ-ਧਰਮ ਨੂੰ ਇਕ ਅਜਿਹਾ ਸੰਪੰਨ ਧਰਮ-ਪ੍ਰਬੰਧ ਐਲਾਨਿਆ ਹੈ, ਜਿਸ ਦੇ ਉਪਦੇਸ਼ ਅਕਾਲ ਪੁਰਖ ਪ੍ਰਮਾਤਮਾਂ ਦੀ ਸਿੱਧੀ ਉਪਜ ਹਨ (ਧੁਰ ਕੀ ਬਾਣੀ ਆਈ) ਸਿੱਖ ਗੁਰੂ ਸਾਹਿਬਾਨਾਂ ਨੇ ਆਰੀਅਨਾਂ ਅਤੇ ਨਾਲ ਹੀ ਸਾਮੀ ਧਰਮ ਗ੍ਰੰਥਾਂ ਦੀ ਪ੍ਰਭਤਾ ਨੂੰ ਨਾਮਨਜ਼ੂਰ ਕਰ ਦਿੱਤਾ। ਬ੍ਰਾਹਮਣੀ ਹਿੰਦੂ ਦੇਵਤਿਆਂ ਨੂੰ ਤਿਆਗ ਦਿੱਤਾ, ਨਿੰਦਣਯੋਗ ਜਾਤ-ਪ੍ਰਥਾ ਨੂੰ ਰੱਦ ਕਰ ਦਿੱਤਾ ਅਤੇ ਕਰਮ-ਕਾਂਡਾਂ ਦਾ ਖੰਡਨ ਕੀਤਾ। (ਹਵਾਲਾ ਪੁਸਤਕ ਸ਼ਹੀਦ-ਬਿਲਾਸ ਸੰਤ ਜਰਨੈਲ ਸਿੰਘ, ਪੰਨਾ 126)

ਸਿੱਖ ਧਰਮ ਦੇ ਬਾਨੀ ਜਗਤ ਗੁਰੂ, ਗੁਰੂ ਨਾਨਕ ਨੂੰ ਸੁਧਾਰਕ, ਕ੍ਰਾਂਤੀਕਾਰੀ, ਚਿੰਤਕ ਜਾਂ ਦੇਸ਼ ਭਗਤ ਵਜੋਂ ਪ੍ਰਚਾਰਿਆ ਜਾ ਰਿਹਾ ਹੈ, ਪਰ ਇਹ ਸਾਰੀਆਂ ਧਾਰਨਾਵਾਂ ਦਾ ਖੰਡਨ ਹਰਿੰਦਰ ਸਿੰਘ ਮਹਿਬੂਬ ਨੇ ਸਹਿਜੇ ਰਚਿਓ ਖ਼ਾਲਸਾ ਵਿੱਚ ਹੇਠ ਲਿਖੇ ਅਨੁਸਾਰ ਕੀਤਾ ਹੈ: ਆਧੁਨਿਕ ਰਾਜਸੀ ਤੇ ਸਮਾਜਕ ਸ਼ਾਸ਼ਤਰਾਂ ਦੇ ਬੱਝਵੇਂ ਕਾਇਦੇ-ਕਾਨੂੰਨਾਂ ਵਿੱਚ ਕੈਦ ਹੋਈ ਦ੍ਰਿਸ਼ਟੀ ਗੁਰੂ ਸਾਹਿਬ ਦੇ ਦਿੱਬ-ਬਿਬੇਕ ਦੀ ਥਾਹ ਨਹੀਂ ਪਾ ਸਕਦੀ, ....ਗੁਰੂ ਨਾਨਕ ਕੋਈ ਸੁਧਾਰਕ, ਕ੍ਰਾਂਤੀਕਾਰੀ ਚਿੰਤਕ ਜਾਂ ਦੇਸ਼ ਭਗਤ ਦੇ ਤੌਰ 'ਤੇ ਦੁਨੀਆਂ ਉੱਤੇ ਨਹੀਂ ਸਨ ਆਏ। ਇਸ ਕਿਸਮ ਦੇ ਵਿਸ਼ਲੇਸ਼ਣ, ਆਦਰਯੋਗ ਨਾਂ ਅਤੇ ਇਨ੍ਹਾਂ ਨਾਲ ਸੰਬੰਧਿਤ ਇਸਤਲਾਹਾਂ (Terms) ਗੁਰੂ ਸਾਹਿਬ ਦੀ ਸ਼ਾਨ ਲਈ ਵਰਤਣੀਆਂ ਕਿਸੇ ਅੰਧ-ਮੂਰਖਤਾ ਦੀ ਪ੍ਰਦਰਸ਼ਣੀ ਕਰਨ ਤੋਂ ਵੱਧ ਕੁਝ ਨਹੀਂ.... ਗੁਰੂ ਸਾਹਿਬ ਨੇ ਕਿਸੇ ਇਕਹਿਰੇ ਵਿਰੋਧ ਦੀ ਵੰਗਾਰ ਨੂੰ ਆਪਣੇ ਅਮਲ ਦਾ ਧੁਰਾ ਨਹੀਂ ਬਣਾਇਆ ... ਇਕ ਮਾਮੂਲੀ ਫਕੀਰ ਤੋਂ ਲੈ ਕੇ ਰੱਬੀ ਅਜ਼ਮਤਾਂ ਵਾਲੇ ਪੀਰ ਤੱਕ, ਕਿਸੇ ਖ਼ਾਨ ਸਲਾਰ ਤੋਂ ਲੈ ਕੇ ਬਾਬਰ ਦੀ ਬੇ-ਮਿਸਾਲ ਸ਼ਹਿਸ਼ਾਨੀ ਤੱਕ ਅਤੇ ਦੱਖਣ ਦੇ ਸ਼ਿਵ-ਲਿੰਗ ਪੂਜਾ ਦੇ ਮੂਰਖ ਦੰਭ ਤੋਂ ਲੈ ਕੇ ਸੁਮੇਰ ਪਰਬਤ ਦੇ ਬਲਵਾਨ ਯੋਗੀਆਂ ਤੱਕ, ਜਿਥੇ ਵੀ ਸੰਸਾਰਕ ਹਉਮੇ ਦਾ ਗੜ੍ਹ ਨਜ਼ਰ ਪਿਆ, ਬੇਸ਼ੱਕ ਮਨ ਵਿੱਚ ਲੁਕਿਆ ਸੀ, ਬੇਸ਼ਕ ਬਾਹਰ ਦਿੱਸਦਾ ਸੀ ਗੁਰੂ ਨਾਨਕ ਸਾਹਿਬ ਨੇ ਤੋੜ ਕੇ ਨਾਸ਼ਮਾਨਤਾ ਦੇ ਥਲ ਵਿੱਚ ਸੁੱਟ ਦਿੱਤਾ। (ਹਵਾਲਾ ਪੁਸਤਕ, ਕਿਸ ਬਿਧ ਰੁਲੀ ਪਾਤਸ਼ਾਹੀ ਪੰਨਾ 137) ਗੁਰੂ ਨਾਨਕ ਸਾਹਿਬ ਨੇ ਮਾਨਸਿਕ, ਸਮਾਜਿਕ ਤੇ ਰਾਜਸੀ ਗੁਲਾਮੀ ਦੀਆਂ ਜੰਜੀਰਾਂ ਤੋੜ ਕੇ ਰਾਜੇ ਸ਼ੀਹ ਮੁਕਦਸ ਕੁਤਿਆਂ ਦੀ ਸਤਾਈ ਲੋਕਾਈ ਨੂੰ ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ ਦਾ ਪਾਠ ਪੜ੍ਹਾਇਆ।

ਗੁਰੂ ਨਾਨਕ ਸਾਹਿਬ ਨੇ ਉਨ੍ਹਾਂ (ਮਜ਼ਲੂਮਾਂ) ਨੂੰ ਆਪਣੇ ਮਨ (ਮਨਿ ਜੀਤੈ ਜਗੁ ਜੀਤੁ) ਆਪਣੀ ਆਤਮਾ ਅਤੇ ਆਪਣੇ ਸਰੀਰ ਦੀ ਖ਼ੁਦਮੁਖ਼ਤਿਆਰੀ ਤੇ ਪਾਤਸ਼ਾਹੀ ਦਿੱਤੀ। ਉਨ੍ਹਾਂ ਨੂੰ ਦ੍ਰਿੜ ਕਰਵਾਇਆ ਕਿ ਮਨੁੱਖ ਨੂੰ ਮਿਲੀਆਂ ਰੱਬੀ ਸ਼ਕਤੀਆਂ ਉੱਤੇ ਦੂਸਰੇ ਹੋਰ ਕਿਸੇ ਹੁਕਮ-ਰਾਨ ਜਾਂ ਉੱਚ ਪਦਵੀ ਵਾਲੇ ਦਾ ਅਧਿਕਾਰ ਨਹੀਂ ਹੈ। ਹਰ ਇਕ ਮਨੁੱਖ ਵਿੱਚ ਰੱਬ ਦੀ ਅੰਸ਼ ਹੈ (ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ) ਹਰ ਇਕ ਮਨੁੱਖ ਰੱਬ ਦੀ ਕੁਦਰਤ ਦਾ ਸਰਬਰਾਹ ਹੈ। ਹਰ ਇਕ ਮਨੁੱਖ ਆਪਣੇ ਅੰਦਰ ਗਿਆਨ ਦੀ ਜੋਤਿ ਜਗਾ ਕੇ ਨੀਚੋਂ ਊਚ ਬਣ ਸਕਦਾ ਹੈ। ਕੰਗਾਲੇ ਤੋਂ ਅਮੀਰ-ਵਜ਼ੀਰ ਬਣ ਸਕਦਾ ਹੈ ਅਗਿਆਨੀ ਤੋਂ ਬ੍ਰਹਮ ਗਿਆਨੀ ਬਣ ਸਕਦਾ ਹੈ। ਗੁਰੂ ਨਾਨਕ ਦੀ ਸਿੱਖੀ ਨੂੰ ਕਿਸੇ ਇਕ ਰਾਸ਼ਟਰ ਦੀ ਸੀਮਾ ਅੰਦਰ ਹੀ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ (ਗੁਰੂ ਨਾਨਕ) ਦਾ ਮਾਰਗ, ਉਨ੍ਹਾਂ ਦੀ ਚਲਾਈ ਰਹੁਰੀਤ (ਸਿੱਖੀ ਸਿਧਾਂਤ) ਹਰ ਦੇਸ਼ ਤੇ ਹਰ ਕੌਮ ਦੇ ਉਸ ਪ੍ਰਾਣੀ ਲਈ ਹੈ ਜੋ ਸੱਚ ਦਾ ਪਾਂਧੀ ਹੋਵੇ, ਸ਼ਾਂਤੀ ਤੇ ਮਾਨਵ ਏਕਤਾ ਦਾ ਚਾਹਵਾਨ ਹੋਵੇ, ਮਨੁੱਖੀ ਅਧਿਕਾਰਾਂ, ਮਨੁੱਖੀ ਅਜ਼ਾਦੀ ਦਾ ਆਸ਼ਕ ਹੋਵੇ (ਹਵਾਲਾ ਪੁਸਤਕ, ਜੀਵਨ ਚਰਿੱਤ੍ਰ ਗੁਰੂ ਨਾਨਕ ਦੇਵ, ਮੁੱਖ ਬੰਧ ਲੇਖਕ ਡਾ: ਤ੍ਰਿਲੋਚਨ ਸਿੰਘ) ਸਿੱਖ ਧਰਮ ਅਤੇ ਗੁਰੂ ਸਾਹਿਬ ਦੇ ਸਰਬੱਤ ਦੇ ਭਲੇ ਅਤੇ ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੇ ਨਾ ਕਿਸੇ ਬਾਹਰਾ ਜੀਉ ॥ ਦੇ ਸਿੱਖੀ ਸਿਧਾਂਤਾਂ ਦਾ ਵਿਰੋਧ ਦੋਹਾਂ ਹੀ ਧਿਰਾਂ ਹਿੰਦੂ ਸਨਾਤਨੀਆਂ ਅਤੇ ਮੁਸਲਿਮ ਕੱਟੜ ਪੰਥੀਆਂ ਵੱਲੋਂ ਬਰਾਬਰ ਮਾਤਰਾ ਵਿੱਚ ਹੋਇਆ। ਗੁਰੂ ਨਾਨਕ ਦਾ ਮਿਸ਼ਨ ਸੀ ਧਰਤੀ ਉੱਤੇ ਰੱਬ ਦਾ ਰਾਜ ਸਥਾਪਤ ਕਰਨਾ।

ਗੁਰੂ ਨਾਨਕ ਸਾਹਿਬ ਦਾ ਮਿਸ਼ਨ ਨਾ ਤਾਂ ਹਿੰਦੂ ਮੱਤ ਦੇ ਵਰਣ-ਆਸ਼ਰਮ ਦੇ ਜਾਤ-ਪਾਤੀ ਚੌਖਟੇ ਵਿੱਚ ਰਹਿ ਕੇ ਤੇ ਨਾ ਹੀ ਸ਼ਰੀਅਤ ਦੇ ਕੱਟੜ ਵਿਧਾਨ ਅੰਦਰ ਰਹਿ ਕੇ ਪੂਰਾ ਹੋ ਸਕਦਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੀ ਪੂਰਤੀ ਲਈ ਤਤਕਾਲੀਨ ਪ੍ਰਚੱਲਤ ਦੋਹਾਂ ਮਜ਼੍ਹਬਾਂ ਨਾਲੋਂ ਵੱਖਰੇ ਤੀਸਰੇ ਪੰਥ (ਨਿਰਮਲ ਪੰਥ) ਦੀ ਸਥਾਪਨਾ ਕੀਤੀ। ਗੁਰੂ ਨਾਨਕ ਸਾਹਿਬ ਨੇ ਤੀਸਰੇ ਰਾਹ ਦੀ ਮੰਜ਼ਿਲ ਤੇ ਦਿਸ਼ਾਵਾਂ ਸਾਫ਼ ਉਲੀਕ ਦਿੱਤੀਆਂ ਸਨ। ਉਨ੍ਹਾਂ ਤੋਂ ਬਾਅਦ ਅਗਲੇ ਗੁਰੂਆਂ ਨੇ ਜੋ ਵੀ ਕਦਮ ਪੁੱਟੇ ਉਹ ਮਿਥੀ ਹੋਈ ਮੰਜ਼ਿਲ ਦੀ ਦਿਸ਼ਾ ਵਿੱਚ ਹੀ ਪੁੱਟੇ। ਜੋ ਉਸਾਰੀ ਹੋਈ, ਉਹ ਸੁਚੇਤ ਤੇ ਯੋਜਨਾਬੱਧ ਰੂਪ ਵਿੱਚ ਹੋਈ। ਹਰ ਚੀਜ਼ ਸਿਰਜੀ ਗਈ। ਕੁਝ ਵੀ ਆਮ ਮੁਹਾਰਾ ਜਾਂ ਇਤਫਾਕੀਆ ਨਹੀਂ ਵਾਪਰਿਆ, ਦੋ ਸੌ ਸਾਲਾਂ ਤੋਂ ਵੀ ਵਧੇਰੇ ਲੰਮੇ ਸਮੇਂ ਤੱਕ (1486 ਤੋਂ 1708 ਤੱਕ) ਸਿੱਖ ਗੁਰੂਆਂ ਨੇ ਸਿੱਖ ਪੰਥ ਦੀ ਆਪ (ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ) ਸਿੱਧੇ ਰੂਪ ਵਿੱਚ ਰਹਿਨੁਮਾਈ ਕੀਤੀ। ਸਿੱਖ ਧਰਮ ਵਾਂਗ ਹੋਰ ਕਿਸੇ ਵੀ ਧਰਮ ਨੇ ਪੂਰੀ ਸ਼ਿਦਤ ਨਾਲ ਐਨੀ ਸੰਯੁਕਤਾ ਸਹਿਤ ਦੋ ਸੌ ਸਾਲ ਉੱਤੇ ਫੈਲੇ ਦੌਰ ਨੂੰ ਆਪਣੀ ਪੈਗੰਬਰੀ ਅਜ਼ਮਤ ਦਾ ਪਾਤਰ ਨਹੀਂ ਬਣਾਇਆ। ਸਿੱਖ ਧਰਮ ਵਾਂਗ ਕਿਸੇ ਵੀ ਹੋਰ ਧਰਮ ਦੇ ਦੈਵੀ ਅਨੁਭਵ ਨੇ ਮਨੁੱਖੀ ਫ਼ਿਤਰਤ ਅਤੇ ਅਮਲ ਨੂੰ ਐਨੀ ਦੇਰ ਐਨੇ ਭਿੰਨ-ਭਿੰਨ ਰੂਪਾਂ ਅਤੇ ਐਨੀਆਂ ਬਦਲਦੀਆਂ ਹਾਲਾਤਾਂ ਵਿੱਚ ਆਪਣਾ ਸੰਗੀ ਨਹੀਂ ਬਣਾਇਆ। (ਪੁਸਤਕ ਕਿਸ ਬਿਧ ਰੁਲੀ ਪਾਤਸ਼ਾਹੀ ਪੰਨਾ 183)

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਦਾ ਇਕ ਮਹੱਤਵਪੂਰਨ ਪੜਾਅ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਤੇ ਸੁਭਾਉ ਸੰਸਾਰੀ ਤਖ਼ਤਾਂ ਤੋਂ ਨਿਰਾਲਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਨਾਲ ਸਿੱਖ ਕੌਮ ਇਕ

> **ਗੁਰੂ ਨਾਨਕ ਸਾਹਿਬ ਨੇ ਤੀਸਰੇ ਰਾਹ ਦੀ ਮੰਜ਼ਿਲ ਤੇ ਦਿਸ਼ਾਵਾਂ ਸਾਫ਼ ਉਲੀਕ ਦਿੱਤੀਆਂ ਸਨ। ਉਨ੍ਹਾਂ ਤੋਂ ਬਾਅਦ ਅਗਲੇ ਗੁਰੂਆਂ ਨੇ ਜੋ ਵੀ ਕਦਮ ਪੁੱਟੇ ਉਹ ਮਿਥੀ ਹੋਈ ਮੰਜ਼ਿਲ ਦੀ ਦਿਸ਼ਾ ਵਿੱਚ ਹੀ ਪੁੱਟੇ। ਜੋ ਉਸਾਰੀ ਹੋਈ, ਉਹ ਸੁਚੇਤ ਤੇ ਯੋਜਨਾਬੱਧ ਰੂਪ ਵਿੱਚ ਹੋਈ। ਹਰ ਚੀਜ਼ ਸਿਰਜੀ ਗਈ। ਕੁਝ ਵੀ ਆਮ ਮੁਹਾਰਾ ਜਾਂ ਇਤਫਾਕੀਆ ਨਹੀਂ ਵਾਪਰਿਆ, ਦੋ ਸੌ ਸਾਲਾਂ ਤੋਂ ਵੀ ਵਧੇਰੇ ਲੰਮੇ ਸਮੇਂ ਤੱਕ (1486 ਤੋਂ 1708 ਤੱਕ) ਸਿੱਖ ਗੁਰੂਆਂ ਨੇ ਸਿੱਖ ਪੰਥ ਦੀ ਆਪ (ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ) ਸਿੱਧੇ ਰੂਪ ਵਿੱਚ ਰਹਿਨੁਮਾਈ ਕੀਤੀ। ਸਿੱਖ ਧਰਮ ਵਾਂਗ ਹੋਰ ਕਿਸੇ ਵੀ ਧਰਮ ਨੇ ਪੂਰੀ ਸ਼ਿਦਤ ਨਾਲ ਐਨੀ ਸੰਯੁਕਤਾ ਸਹਿਤ ਦੋ ਸੌ ਸਾਲ ਉੱਤੇ ਫੈਲੇ ਦੌਰ ਨੂੰ ਆਪਣੀ ਪੈਗੰਬਰੀ ਅਜ਼ਮਤ ਦਾ ਪਾਤਰ ਨਹੀਂ ਬਣਾਇਆ।**

ਸੁਤੰਤਰ ਤੇ ਪ੍ਰਭੂ ਸੱਤਾ ਸੰਪੰਨ ਦੈਵੀ ਗੁਣਾਂ ਅਧਾਰਿਤ ਕੌਮ ਦੇ ਰੂਪ ਵਿੱਚ ਪ੍ਰਗਟ ਹੋਈ।

ਅਕਾਲ ਤਖ਼ਤ ਉਨ੍ਹਾਂ ਅਕਾਲ ਰੂਪ ਪੁਰਖਾਂ ਦੀ ਦੇਣ ਹੈ ਜੋ ਭਾਰੀ ਘਾਲਣਾ ਘਾਲ ਕੇ ਅੰਤਮ ਸੱਚ ਨਾਲ ਏਸ ਹੱਦ ਤੱਕ ਇਕ ਹੋ ਚੁੱਕੇ ਸਨ ਕਿ ਉਨ੍ਹਾਂ ਦਾ ਬੋਲਿਆ ਹਰ ਅੱਖਰ ਖ਼ੁਦ ਅਕਾਲ ਦੀ ਬਾਣੀ ਹੈ। ਏਸ ਬਾਣੀ ਰਾਹੀਂ ਉਨ੍ਹਾਂ ਨੇ ਅਕਾਲ ਪੁਰਖ ਦੇ ਗੁਣਾਂ, ਸਰੂਪ, ਸੁਭਾਅ ਦਾ ਸੱਚਾ ਸੁੱਚਾ ਵਰਨਣ ਕੀਤਾ ਹੈ। ਅਕਾਲ ਤਖ਼ਤ ਤਾਂ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦਾ ਬਾਹਰੀ ਸਰੂਪ ਹੈ। ਏਸ ਰੂਪ ਵਿੱਚ ਇਹ ਹਰ ਸਿੱਖ ਦੀ ਅੰਤਰ-ਆਤਮਾ ਅੰਦਰ ਉਸਰਿਆ ਹੋਇਆ ਹੈ ਅਤੇ ਗੁਰਬਾਣੀ ਵਾਂਗ ਹੀ ਥਿਰ ਹੈ (ਥਿਰ ਨਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰ) ਏਸ ਦੀ ਹੋਂਦ ਮਨੁੱਖਤਾ ਦੇ ਸਦੀਵੀ ਭਲੇ ਦੀ ਜਾਮਨ ਹੈ। (ਹਵਾਲਾ ਅਕਾਲ ਤਖ਼ਤ ਦਾ ਵਿਰਾਟ ਦਰਸ਼ਨ, ਸ: ਗੁਰਤੇਜ ਸਿੰਘ)

ਗੁਰਬਾਣੀ ਇਕ ਐਸੇ ਗੁਰਸਿੱਖ ਦੀ ਘਾੜਤ ਘੜਦੀ ਹੈ ਜਿਸ ਦਾ ਬਦਲ ਦੁਨੀਆਂ ਦੇ ਕਿਸੇ ਹੋਰ ਧਰਮ ਵਿੱਚ ਨਹੀਂ ਹੈ। ਜਦੋਂ ਯੋਗੀ ਗੁਰੂ ਨਾਨਕ ਸਾਹਿਬ ਨੂੰ ਆਪਣੇ ਮੱਤ ਦੇ ਸਿਧਾਂਤਾਂ ਤੇ ਮਰਿਯਾਦਾ ਦੁਆਰਾ ਪ੍ਰਭਾਵਿਤ ਕਰਨ ਵਿੱਚ ਅਸਫਲ ਹੋ ਗਏ ਤਾਂ ਉਨ੍ਹਾਂ ਨੇ ਗੁਰੂ ਜੀ ਦੇ ਮੱਤ (ਸਿੱਖ ਧਰਮ) ਬਾਰੇ ਅਨੇਕਾਂ ਸੁਆਲ ਕੀਤੇ ਜਿਨ੍ਹਾਂ ਦਾ ਜੁਆਬ ਗੁਰੂ ਸਾਹਿਬ ਨੇ ਗੁਰਮਿਤ ਅਨੁਸਾਰ ਦਿੱਤਾ, ਇਨ੍ਹਾਂ ਸੁਆਲਾਂ ਜੁਆਬਾਂ ਨੂੰ ਸਿਧ ਗੋਸ਼ਟਿ ਵਜੋਂ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 938 ਉੱਤੇ ਦਰਜ ਕੀਤਾ ਗਿਆ ਹੈ।

**ਬਾਕੀ ਹਿਸਾ ਸਫਾ 35 ਤੇ ਪੜ੍ਹੋ** →

**34 ਸਫ਼ੇ ਦੀ ਬਾਕੀ**

ਸਿਧ ਗੋਸ਼ਟਿ ਵਿੱਚ ਗੁਰਮੁਖਿ ਦੀ ਵਿਆਖਿਆ ਬਹੁਤ ਵਿਸਤਾਰ ਨਾਲ ਕੀਤੀ ਹੋਈ ਹੈ ਦਾਸ ਨੇ ਇਥੇ ਕੇਵਲ ਕੁਝ ਪੰਗਤੀਆਂ ਹੀ ਉਦਾਹਰਣ ਵਜੋਂ ਲਿਖੀਆਂ ਹਨ:

ਗੁਰਮੁਖਿ ਸਾਚੇ ਕਾ ਭਉ ਪਾਵੈ ॥
ਗੁਰਮੁਖਿ ਬਾਣੀ ਅਘੜੁ ਘੜਾਵੈ ॥
ਗੁਰਮੁਖੀ ਨਿਰਮਲ ਹਰਿ ਗੁਣ ਗਾਵੈ ॥
ਗੁਰਮੁਖਿ ਪਵਿਤ੍ਰ ਧਰਮ ਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥
ਨਾਨਕ ਗੁਰਮੁਖਿ ਸਾਚਿ ਸਮਾਵੈ ॥
(ਗੁ: ਗ੍ਰੰ: ਸਾ: ਪੰਨਾ 938)

ਭਾਵ ਜਿਹੜਾ ਮਨੁੱਖ ਸਤਿਗੁਰੂ ਦੇ ਅਨੁਸਾਰ ਹੋ ਕੇ ਤੁਰਦਾ ਹੈ, ਉਹ ਸੱਚੇ ਪ੍ਰਭੂ ਦਾ ਡਰ ਆਪਣੇ ਹਿਰਦੇ ਵਿੱਚ ਟਿਕਾਂਦਾ ਹੈ, ਗੁਰੂ ਦੀ ਬਾਣੀ ਰਾਹੀਂ ਅਮੋੜ ਮਨ ਨੂੰ ਸੁਚੱਜਾ ਬਣਾਂਦਾ ਹੈ। ਉਹ ਨਿਰਮਲ ਪ੍ਰਮਾਤਮਾਂ ਦੀ ਸਿਫਤਿ-ਸਲਾਹ ਕਰਦਾ ਹੈ ਅਤੇ ਇੰਝ ਪਵਿੱਤਰ ਤੇ ਉਚੀ ਆਤਮਕ ਅਵਸਥਾ ਹਾਸਲ ਕਰਦਾ ਹੈ। ਗੁਰਮੁਖਿ ਮਨੁੱਖ ਤਨੋਂ ਮਨੋਂ ਪ੍ਰਮਾਤਮਾਂ ਨੂੰ ਯਾਦ ਕਰਦਾ ਹੈ, ਗੁਰਮੁਖਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਲੀਨ ਰਹਿੰਦਾ ਹੈ (ਨੋਟ- ਗੁਰਮੁਖਿ ਹੀ ਗੁਰੂ ਨਾਨਕ ਦੀ ਇਸ ਕਸਵੱਟੀ ਉਤੇ ਪੂਰਾ ਉਤਰਦਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥**
(ਗੁ: ਗ੍ਰੰ: ਸਾ: ਪੰਨਾ 1412)

ਇਹ ਗੁਰਮੁਖਿ ਹੀ 1699 ਦੀ ਵੈਸਾਖੀ ਨੂੰ ਖ਼ਾਲਸੇ ਦੇ ਰੂਪ ਵਿੱਚ ਪ੍ਰਗਟ ਹੋਇਆ। ਰਬਾਬ ਤੋਂ ਨਗਾਰੇ ਤੱਕ ਅਤੇ ਨਿਰਮਲ ਪੰਥ ਤੋਂ ਖ਼ਾਲਸਾ ਪੰਥ ਤੱਕ ਦਾ ਸਫ਼ਰ ਸਿੱਖ ਧਰਮ ਦੀ ਘਾਲਣਾ ਦਾ ਸਿਖਰ ਹੈ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਬਾਕੀ ਨੌਂ ਸਰੂਪਾਂ ਨੇ ਆਪਣੇ ਜਿਗਰ ਦਾ ਖ਼ੂਨ ਪਾ-ਪਾ ਕੇ ਸਿੱਖ ਧਰਮ ਦਾ ਇਹ ਨਵਾਂ ਲਾਇਆ ਬੂਟਾ ਪਾਲਿਆ। ਲੋੜ ਪੈਣ ਉਤੇ ਸੱਚੇ ਪਾਤਸ਼ਾਹ ਨਾਨਕ ਤਤੀਆਂ ਤਵੀਆਂ ਉੱਤੇ ਬੈਠੇ ਕ੍ਰਿਪਾਨ ਫੜਕੇ ਰਣ ਤੱਤੇ ਵਿੱਚ ਜੂਝੇ, ਜਲਾਦਾਂ ਦਾ ਵਾਰ ਆਪਣੇ ਪਰਮ-ਪਾਕ ਸੀਸ ਉੱਤੇ ਸਹਾਰਿਆ ਅਤੇ ਚਰਮ ਸੀਮਾਂ ਉੱਤੇ ਪਹੁੰਚ ਕੇ ਆਪਣਾ ਸਰਬੰਸ, ਇਨ ਪੁਤਰਨ ਕੇ ਸੀਸ ਪਰ ਵਾਰ ਦਿੱਤਾ। ਸੱਚੇ ਸਾਹਿਬ ਦੇ ਨਿਰਾਲੇ ਚੋਜ, ਨਿਰਭੈ-ਨਿਰਵੈਰ ਪਹੁੰਚ, ਆਪਾ-ਵਾਰੂ ਪ੍ਰਵਿਰਤੀ ਨੇ ਸਦੀਆਂ ਦੇ ਦੱਬੇ-ਕੁਚਲੇ ਲੋਕਾਂ ਦੇ ਕਪਾਟ ਖੋਲ੍ਹ ਦਿੱਤੇ। ਉਹ ਹਰ ਕਿਸਮ ਦੇ ਭੈਅ ਨੂੰ ਵਿਸਾਰ ਕੇ ਲੋਹੜੇ ਦਾ ਆਤਮ ਵਿਸ਼ਵਾਸ਼ ਲੈ ਕੇ ਸਵਾ ਲੱਖ ਨਾਲ ਜੁਝਣ ਦੇ ਜਜ਼ਬੇ ਅਧੀਨ ਵੱਡੇ ਤੋਂ ਵੱਡੇ ਜਰਵਾਣੇ ਨਾਲ ਦੋ-ਦੋ ਹੱਥ ਕਰਨ ਲੱਗ ਪਏ। ਪਲਾਂ ਪਲਾਂ ਵਿੱਚ ਹਜ਼ਾਰਾਂ ਲੋਕ ਸਾਹਿਬਾਂ ਦਾ ਅੰਮ੍ਰਿਤ ਛੱਕ ਕੇ ਬਾਜ਼ਾਂ ਉੱਤੇ ਭਾਰੂ ਚਿੜੀਆਂ ਬਣਨ ਲੱਗੇ। ਮਨੁੱਖੀ ਜਮੀਰ ਨੇ ਅਜਿਹੀ ਕਰਵਟ ਲਈ ਕਿ ਹੰਨੇ-ਹੰਨੇ ਮੀਰ ਪੈਦਾ ਹੋ ਗਏ, ਸਭ ਜ਼ਾਲਮ ਮੈਦਾਨੋਂ ਖ਼ਦੇੜ ਦਿੱਤੇ ਗਏ ਅਤੇ ਸਹੀ ਮਾਅਨਿਆਂ ਵਿੱਚ ਇਥੇ ਪਹਿਲਾ ਲੋਕ ਰਾਜ ਸਥਾਪਤ ਹੋਇਆ। ਇਹ ਇਕ ਵੱਡਾ ਕਰਿਸ਼ਮਾ ਸੀ ਜੋ ਕਿਸੇ ਦੁਨਿਆਵੀ ਅੱਖ ਨੇ ਪਹਿਲਾਂ ਕਦੀ ਨਹੀਂ ਸੀ ਵੇਖਿਆ। ਮਨੁੱਖੀ ਜੀਵਨ ਦੀ ਹਰ ਧਰਾਤਲ ਦੀਆਂ ਕਦਰਾਂ-ਕੀਮਤਾਂ ਵਿੱਚ ਜੁਗਗਰਦੀ ਆ ਗਈ (ਉਲਟਾ ਜਗ ਕਾ ਹੋਇ ਵਰਤਾਰਾ) ਗੰਗਾ ਸਮੁੰਦਰ ਵਲ ਵਹਿਣੋ ਹੱਟ ਕੇ ਪਹਾੜਾਂ ਦਾ ਰੁੱਖ ਕਰਨ ਲੱਗੀ। (ਹਵਾਲਾ ਪੁਸਤਕ, ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ, ਪੰਨਾ 48-49)


ਗੁਰੂ ਨਾਨਕ ਦੇ ਉਪਦੇਸ਼ਾਂ ਨੇ ਇਕ ਅਜਿਹੇ ਧਰਮ (ਸਿੱਖ ਧਰਮ) ਨੂੰ ਜਨਮ ਦਿੱਤਾ, ਜੋ ਕਿ ਇਕ ਖਾਸ ਸਿਫਤ ਵਾਲਾ ਹੈ ਕਿਉਂਕਿ ਇਸ ਨੇ ਨਾ ਕੇਵਲ ਜਾਤ-ਪਾਤ ਰਹਿਤ ਸਮਾਜ ਦੀ ਸਿਰਜਨਾ ਕੀਤੀ ਸਗੋਂ ਇਕ ਰਾਜਸੀ ਕੌਮ ਦੀ ਵੀ ਸਿਰਜ-ਨਾ ਕੀਤੀ ਅਤੇ ਇਸ ਕੌਮ ਦਾ ਨਿਸ਼ਾਨਾ ਹੈ ਹਲੇਮੀ ਰਾਜ। ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ। (ਗੁ: ਗ੍ਰੰ: ਸਾ: ਪੰਨਾ 74) ਪ੍ਰਮਾਤਮਾਂ ਨੂੰ ਇਹੋ ਮਨਜ਼ੂਰ ਕਿ ਧਰਮ ਵਿਸ਼ਵ-ਕਲਿਆਣਕਾਰੀ ਹੋਵੇ ਅਤੇ ਸੰਸਾਰ ਦੇ ਹਰ ਦੂਜੇ ਧਰਮਾਂ ਲਈ ਭਾਈਚਾਰੇ ਅਤੇ ਸਦਭਾਵਨਾ ਦੇ ਵਿਚਾਰ ਰੱਖਦਾ ਹੋਵੇ। ਗੁਰਮੁਖ ਵਿਸ਼ਵ ਵਿਆਪੀ ਨਾਗਰਿਕਤਾ ਹੈ। ਸਿੱਖ ਧਰਮ ਦੇ ਅਕਾਲ ਹੁਕਮ ਸਰਬ ਸਾਂਝੀਵਾਲਤਾ ਦਾ ਇਹ ਗੁਰਮੁਖ ਹੀ (ਖ਼ਾਲਸਾ) ਵਿਸ਼ਵੀਕਰਨ ਦੀ ਕਲਪਨਾ ਵਿੱਚਲਾ ਉਹ ਧਰਮੀ ਨਾਗਰਿਕ ਹੈ ਜੋ ਸਭੇ ਸਾਂਝੀਵਾਲ ਸਦਾਇਨ ਤੂੰ ਕਿਸੇ ਨ ਦਿਸਹਿ ਬਾਹਰਾ ਜੀਉ, ਵਾਲੀ ਅਨੇਕ-ਤਾ ਵਿੱਚ ਏਕਤਾ ਦੇ ਸੱਭਿਆਚਾਰ ਅਤੇ ਸਰਬ ਕਲਿਆਣਕਾਰੀ ਦੀ ਆਰਥਿਕਤਾ ਦੀ ਸਰਬ ਵਿਆਪਕਤਾ ਵਾਲੀ ਸੰਸਾਰੀ ਨਾਗਰਿਕਤਾ ਦਾ ਮੁੱਢ ਹੈ, ਘਟ ਘਟ ਅੰਤਰਿ ਤੂੰ ਹੈ ਵੁਠਾ ਦਾ ਇਹੋ ਸੰਕਲਪ ਹੈ ਤੇ ਸੰਸਾਰ ਸਭ ਕੋ ਆਸੈ ਤੇਰੀ ਬੈਠਾ ਦੀ ਉਡੀਕ ਵਿੱਚ ਹੈ (ਗੁ: ਗ੍ਰੰ: ਸਾ: ਪੰਨਾ 97) ਅਜਿਹੇ ਗੁਰਮੁਖ (ਖ਼ਾਲਸੇ) ਨੇ ਹੀ ਸੰਸਾਰੀ ਨਾਗਰਿਕਾਂ ਨੂੰ ਸਰਬ ਕਲਿਆਣਕਾਰੀ ਵਿਵਸਥਾ ਅਤੇ ਪ੍ਰਣਾਲੀ ਦਾ ਨਾਨਕਸ਼ਾਹੀ ਸੰਕਲਪ ਸਮਝਾਉਣਾ ਤੇ ਲਾਗੂ ਕਰਨਾ ਹੈ। (ਹਵਾਲਾ ਪੁਸਤਕ - ਨਾਨਕ ਦੀ ਨਾਨਕਸ਼ਾਹੀ ਸਿੱਖੀ, ਪੰਨਾ 99-100) ਸਿਧਾਂਤਕ ਤੌਰ 'ਤੇ ਦਸਾਂ ਜੋਤਾਂ ਵਿੱਚ ਇਕੋ ਗੁਰੂ ਹੋਣ, ਮੀਰੀ ਪੀਰੀ ਦਾ ਸਿਧਾਂਤ ਅਤੇ ਸਿੱਖ ਧਰਮ ਦੀ ਉਤਪਤੀ ਅਕਾਲ ਪੁਰਖ ਦੀ ਆਗਿਆ ਨਾਲ ਹੋਣ ਕਰਕੇ ਹੀ ਸਿੱਖ ਧਰਮ ਸਭ ਧਰਮਾਂ ਤੋਂ ਅਲੱਗ ਸੰਪੂਰਨ, ਵਿਲੱਖਣ ਅਤੇ ਨਿਆਰਾ ਧਰਮ ਤੇ ਅਡੱਰੀ ਤੇ ਸੁਤੰਤਰ ਹੋਂਦ ਹਸਤੀ ਵਾਲਾ ਨਿਆਰਾ ਪੰਥ ਹੈ।

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਅਫ਼ਸਰ, ਲੀਡਰ ਤਾਂ N.R.I. ਨੂੰ ਥਾਣੇ ਸੱਦਦੇ ਹੀ ਨਹੀਂ ਲਿਖ ਦੇਂਦੇ ਹਨ, ਦੋਵੇਂ ਧਿਰ ਪੇਸ਼ ਹੋਈਆਂ

## ਪਾਠਕਾਂ ਦੇ ਪੱਤਰ

ਪੰਜਾਬ ਵਿੱਚ ਜਾਂ Even India ਵਿੱਚ ਸਾਰੇ ਅਫ਼ਸਰ ਹੋਏ ਜਾਂ ਵਜੀਰ ਜਾਂ ਐਮ.ਪੀ. ਹਰ ਵੇਲੇ ਨਵਾਂ ਸ਼ੋਸ਼ਾ ਛੱਡ ਦਿੰਦੇ ਹਨ ਕਿ ਅਸੀਂ N.R.I. ਨੂੰ ਹਰ ਸਹੂਲਤ ਦਵਾ ਦੇਵਾਂਗਾ ਬੱਸ ਤੁਸੀਂ ਟੈਲੀਫ਼ੂਨ ਕਰੋ, ਚਿੱਠੀ ਲਿਖੋ ਤੁਹਾਡੀ ਹਰ ਮੁਸ਼ਕਿਲ ਵਿੱਚ ਪੂਰਾ ਸਹਿਯੋਗ ਦੇਵੇਗਾ, ਮੈਂ ਸਰਦਾਰ ਚਰਨਜੀਤ ਚੰਨੀ ਸਾਹਿਬ ਸਾਬਕਾ ਮੁੱਖ ਮੰਤਰੀ ਪੰਜਾਬ ਹੁਣ ਦੇ ਪਾਰਲੀਮੈਂਟ ਮੈਂਬਰ ਤੇ ਗੱਲ ਕਰ ਰਿਹਾ ਅੱਜ ਤੀਕਰ ਕਿਸੇ ਲੀਡਰ ਨੇ ਜਾਂ Even N.R.I. ਸਭਾ ਪੰਜਾਬ ਨੇ ਬਹੁਤ ਕੁਸ਼ ਨਹੀਂ ਕੀਤਾ ਗੱਲ ਸਿਰਫ ਬਿਆਨਾਂ ਤੀਕਰ ਹੀ ਸੀਮਤ ਹੈ, ਜਦੋਂ ਚੰਨੀ ਸਾਹਿਬ ਮੁੱਖ ਮੰਤਰੀ ਸਨ ਉਸ ਵੇਲੇ ਕਿਹੜੀਆਂ ਸਹੂਲਤਾਂ N.R.I. ਵੀਰਾਂ ਨੂੰ ਮਿਲੀਆਂ, ਮੈਂ ਦੇਖਿਆ ਹੈ ਜਦੋਂ ਕੋਈ ਕੰਮ ਹੁੰਦਾ ਸੀ ਸੀ.ਐਮ. ਸਾਹਿਬ ਦੀ ਮਿਲਣ ਦੀ ਤਾਰੀਕ ਇਤਨੀ ਲੰਬੀ ਸੀ ਕਿ ਦੋ ਹਫ਼ਤੇ ਜਾਂ ਤਿੰਨ ਹਫ਼ਤੇ ਦੀ ਛੁੱਟੀ ਵਾਲਾ ਮਿਲ ਹੀ ਨਹੀਂ ਸਕਦਾ ਸੀ। N.R.I. ਸਭਾ ਨੂੰ ਆਪਣੀ ਬੇਨਤੀ ਲਿਖੋ ਉਹ ਤੁਹਾਨੂੰ ਜਵਾਬ ਲਿਖ ਦੇਂਦੇ ਹਨ ਕਿ ਇਹ ਲੈਟਰ ਅਸੀਂ ਸੰਬੰਧਿਤ Department ਨੂੰ ਭੇਜ ਦਿੱਤਾ ਹੈ। ਜਵਾਬ Department ਵੱਲੋਂ ਕੁਝ ਹਫ਼ਤੇ ਬਾਅਦ ਆ ਜਾਂਦਾ ਹੈ ਇਨਕੁਆਰੀ ਕੀਤੀ ਜਾਵੇਗੀ। N.R.I. ਹਮੇਸ਼ਾ ਹੀ ਝੂਠਾ ਪਾਇਆ ਜਾਂਦਾ ਹੈ ਸ਼ਾਇਦ 10% ਨੂੰ ਕੁਝ ਜਵਾਬ ਠੀਕ ਮਿਲੇ ਜੇ ਉਸ ਦੀ ਉਪਰ ਤੀਕਰ ਜਾਣ ਪਛਾਣ ਹੈ। ਤੁਸੀਂ ਐਨ-ਆਲ ਥਾਣੇ ਬਣਾਏ ਹਨ ਇਸ ਵਿੱਚ mostly ਜ਼ਿਆਦਾ ਰਿਸ਼ਵਤ ਲੈਣ ਵਾਲੇ ਹਨ ਅਫ਼ਸਰ, ਲੀਡਰ ਤਾਂ N.R.I. ਨੂੰ ਥਾਣੇ ਸੱਦਦੇ ਹੀ ਨਹੀਂ ਲਿਖ ਦੇਂਦੇ ਹਨ ਮੈਂ ਦੋਵੇਂ ਧਿਰ ਪੇਸ਼ ਹੋਈਆਂ ਬੱਸ ਭਾਵੇਂ N.R.I. U.K. ਵਿੱਚ ਬੈਠਾ ਪਰ ਪੇਸ਼ ਜਰੂਰ ਉਸ ਦੇ ਦਫਤਰ ਵਿੱਚ ਲਿਖ ਦੇਣਾ। N.R.I. ਨੂੰ ਇਨਸਾਫ ਦੇਣ ਲਈ ਘੱਟ-ਘੱਟ N.R.I. U.K., U.S.A., ਕਨੇਡਾ ਦੇ ਹੋਰ ਮੁਲਕਾਂ ਦੇ ਮੈਂਬਰ ਲਏ ਜਾਣ ਜਿਹੜੇ ਵਿਦੇਸ਼ ਵਿੱਚ ਸਾਰੀ ਗੱਲ ਸੁਣ ਕੇ ਲਿਖਤ ਸਬੂਤ ਪੰਜਾਬ ਲੈ ਕੇ ਜਾਣ ਉਸ ਬਾਰੇ ਪਿੰਡਾਂ ਵਿੱਚ ਸ਼ਹਿਰਾਂ ਵਿੱਚੋਂ ਸਹੀ ਪੜਤਾਲ ਹੋਵੇ। ਹਰ ਧਰਮ ਦਾ ਵੱਖਰਾ ਵੱਖਰਾ ਅਸਥਾਨ ਹੈ ਉਸ ਦੀ ਮਹੱਤਤਾ ਭੀ ਹਰ ਧਰਮ ਮੁਤਾਬਕ ਹੈ। ਦੇਸ਼-ਪ੍ਰਦੇਸ਼ ਵਿੱਚ ਵੱਸਦੇ ਹਰ ਇਕ ਦਾ ਫਰਜ ਹੈ ਉਸ ਦਾ ਹੁਕਮ ਮੰਨਣਾ, ਲਿਖਣ ਤੋਂ ਪਹਿਲਾਂ ਮੈਂ ਕੇਂਦਰ ਸਰਕਾਰ ਭਾਰਤ ਪਾਸ ਬੇਨਤੀ ਕਰਦਾ ਹਾਂ ਕਿ ਰਾਖਵੇਂਕਰਨ ਵਿੱਚ ਪਹਿਲਾਂ ਭਾਰਤ ਵਿੱਚ ਗਰੀਬੀ ਪੱਧਰ ਦੇਖਿਆ ਜਾਵੇ ਇਕ ਗਰੀਬੀ ਰੇਖਾ ਮਿੱਥੀ ਜਾਵੇ ਕਿ ਉਸ ਵਿੱਚ ਜਾਤ-ਪਾਤ ਦਾ ਸਵਾਲ ਨਹੀਂ ਆਮਦਨ ਦੇ ਲਿਹਾਜ ਨਾਲ ਜਿਸ ਦੀ income ਉਸ ਤੋਂ ਘੱਟ ਹੈ ਉਨ੍ਹਾਂ ਸਾਰੇ ਵਰਗ ਦੇ ਲੋਕਾਂ ਲਈ ਹਰ ਥਾਂ ਰਿਜਰਵੇਸ਼ਣ ਬਰਾਬਰ ਹੋਣੀ ਚਾਹੀਦੀ ਹੈ 20% ਜਾਂ 30% ਜੋ ਭੀ ਅਨੁਪਾਤ ਜਰੂਰੀ ਸਮਝਿਆ ਜਾਵੇ। ਹੁਣ ਗੱਲ ਧਰਮਾਂ ਦੀ ਕਰਾਂ ਧਰਮ ਹਿੰਦੂ ਹੈ, ਮੁਸਲਮਾਨ ਹੈ, ਈਸਾਈ ਹਰ ਲਈ ਵੱਖਰੀ ਵੱਖਰੀ ਥਾਵਾਂ ਹਨ ਜਿਨ੍ਹਾਂ ਨੂੰ ਸਰਬਉੱਚਤਾ ਦਾ ਥਾਂ ਮਿਲਿਆ ਹੈ ਨਾਮ ਲਿਖਣ ਦੀ ਲੋੜ ਨਹੀਂ ਮੈਂ ਸਿੱਖ ਧਰਮ ਲਈ ਲਿਖਾਂਗਾ ਸਾਡਾ ਅਕਾਲ ਤਖ਼ਤ ਜਿਸ ਨੂੰ ਅਸੀਂ ਸੁਪਰੀਮ ਪਾਵਰ ਮੰਨਦੇ ਹਾਂ ਸਾਡੀ ਸੁਪਰੀਮ ਕੋਰਟ ਹੈ ਉਸ ਦਾ ਹੁਕਮ ਮੰਨਣਾ ਹਰ ਸਿੱਖ ਲਈ ਜਰੂਰੀ ਹੈ ਸਹਿਜਧਾਰੀ ਸਿੱਖ ਜਾਂ ਗੁਰ ਦਾ ਸਿੱਖ ਹੈ ਸਭ ਲਈ ਜਰੂਰੀ ਹੈ ਜੋ ਨਹੀਂ ਮੰਨਦਾ ਜਾਂ ਇਹ ਕਹਿ ਰਹੇ ਹਨ ਅਕਾਲ ਤਖ਼ਤ ਦੋ ਹਨ ਉਹ ਗਲਤ ਰਸਤੇ 'ਤੇ ਚੱਲ ਰਹੇ ਹਨ, ਅਕਾਲ ਤਖ਼ਤ ਇਕ ਹੈ ਸਿੱਖ ਪੰਥ ਲਈ ਇਕ ਹੀ ਰਹੇਗਾ, ਸੋ ਉਸ ਦਾ ਹੁਕਮ ਮੰਨਣਾ ਲਾਜ਼ਮੀ ਹੈ।



**ਕੇ ਐਸ ਜੋਗੀ**

* * * * *

## ਹਾਸੇ ਦੀ ਪਟਾਰੀ

**ਅਮਨ,** ਭਾਬੀ ਦਾ ਕੀ ਨਾਂ ਹੈ?

ਰਮਨ, ਗੁਗਲ ਕੌਰ।

ਅਮਨ, ਇਹ ਭਲਾ ਕਿਹੋ ਜਿਹਾ ਨਾਂ ਹੈ?

ਰਮਨ, ਨਹੀਂ ਯਾਰ, ਪਹਿਲਾਂ ਕੁਝ ਹੋਰ ਸੀ, ਪਰ ਵਿਆਹ ਤੋਂ ਬਾਅਦ ਇਕ ਸਵਾਲ ਕਰੋ, 36 ਜਵਾਬ ਦਿੰਦੀ ਹੈ, ਨਾਲੇ ਮੈਂ ਜਿਥੇ ਵੀ ਹੋਵਾਂ, ਲੱਭ ਹੀ ਲੈਂਦੀ ਹੈ।

*---*---*

**ਅਤੁਲ** ਨੌਕਰੀ ਲਈ ਇੰਟਰਵਿਊ ਦੇਣ ਗਿਆ।

ਇੰਟਰਵਿਊ ਲੈਣ ਵਾਲਾ, ਤੁਸੀਂ ਕਿੰਨਾ ਵੱਡਾ ਖਤਰਾ ਉਠਾ ਸਕਦੇ ਹੋ?

ਅਤੁਲ, ਸਰ, ਰੱਬ ਤੋਂ ਅਗਲੇ ਜਨਮ ਵਿੱਚ ਵੀ ਇਹੋ ਪਤਨੀ ਮੰਗੀ ਹੈ।

ਇਸ ਜਵਾਬ ਪਿੱਛੋਂ ਅਤੁਲ ਨੂੰ ਨੌਕਰੀ ਮਿਲ ਗਈ।

*---*---*

**ਮਰੀਜ਼,** ਡਾ: ਸਾਹਿਬ ਅਪ੍ਰੇਸ਼ਨ ਪੂਰੀ ਸਾਵਧਾਨੀ ਨਾਲ ਕਰਨਾ।

ਡਾਕਟਰ, ਤੁਸੀਂ ਅਜਿਹਾ ਕਿਉਂ ਕਹਿ ਰਹੇ ਹੋ?

ਮਰੀਜ਼, ਕਿਉਂਕਿ ਸਰਜਨ ਤੇ ਵਿਸਰ-ਜਨ ਵਿੱਚਕਾਰ ਬੱਸ ਥੋੜ੍ਹਾ ਜਿਹਾ ਹੀ ਫਰਕ ਹੈ, ਅਪ੍ਰੇਸ਼ਨ ਸਹੀ ਹੋਇਆ ਤਾਂ ਤੁਸੀਂ ਸਰਜਨ ਅਤੇ ਜੇ ਹੱਥ ਹਿੱਲ ਗਿਆ ਤਾਂ ਮੇਰਾ ਵਿਸਰਜਨ।

*---*---*

**ਪਿਤਾ,** ਇੰਨੇ ਘੱਟ ਨੰਬਰ? ਦੋ ਥੱਪੜ ਮਾਰਨੇ ਚਾਹੀਦੇ ਹਨ।

ਬੇਟਾ, ਹਾਂ, ਪਾਪਾ ਜਲਦੀ ਚੱਲੋ, ਮੈਂ ਉਸ ਮਾਸਟਰ ਦਾ ਘਰ ਵੀ ਵੇਖਿਆ ਹੋਇਆ ਹੈ।

## ਹਾਸ ਵਿਅੰਗ

**ਨੂਰ ਸੰਤੋਖਪੁਰੀ**

# ਝੂਠ, ਜੁਮਲੇਬਾਜ਼ੀ, ਸ਼ੋਸ਼ੇਬਾਜ਼ੀ ਦਾ ਜਲਵਾ



ਨੈਪੋਲੀਅਨ ਬੋਨਾਪਾਰਟ ਨੂੰ ਆਪਣਾ ਆਦਰਸ਼, ਇਸ਼ਟ, ਗੁਰੂ ਮੰਨਣ ਵਾਲਾ ਨਿਪੋਰੀ ਲਾਲ ਦੋਸਤਾਂ ਦੀ ਜੁੰਡਲੀ 'ਚ ਘਿਰਿਆ ਬੈਠਾ ਮੀਸਣਾ ਹਾਸਾ ਹੱਸਦਿਆਂ ਦਾਅਵਾ ਠੋਕਦਾ ਹੈ, "ਅੱਜ ਦੇ ਦੌਰ ਦੀ ਸਭ ਤੋਂ ਵੱਡੀ ਹਕੀਕਤ ਯਾਨੀ ਸੱਚਾਈ ਹੈ ਕਿ ਜਿਹੜਾ ਸ਼ਖ਼ਸ ਝੂਠ ਦਾ ਸਹਾਰਾ ਨਹੀਂ ਲੈਂਦਾ, ਉਹ ਮੂਰਖ, ਕੰਗਾਲ, ਬੇਸਹਾਰਾ ਹੀ ਰਹਿ ਜਾਂਦਾ ਹੈ। ਉਹ ਤਰੱਕੀ ਨਹੀਂ ਕਰ ਸਕਦਾ। ਖ਼ੁਸ਼ਹਾਲੀ ਨੂੰ ਛੂਹ ਤੱਕ ਨਹੀਂ ਪਾਉਂਦਾ। ਉਹ ...! ਖ਼ੁਦ ਤਾਂ ਭੁੱਖਾ ਮਰਦਾ ਈ ਹੈ, ਨਾਲ ਉਹਦੇ ਟੱਬਰ ਦੇ ਜੀਅ ਵੀ ਫ਼ਾਕਾਕਸ਼ੀ ਕਰਨ ਲਈ ਮਜਬੂਰ ਹੋ ਜਾਂਦੇ ਹਨ।"

"ਤਾਂ ਤੇਰਾ ਕਹਿਣਾ ਹੈ ਕਿ ਝੂਠ ਦਾ ਸਹਾਰਾ ਲਏ ਬਿਨਾਂ ਜ਼ਿੰਦਗੀ ਦੀ ਗੱਡੀ ਨਹੀਂ ਦੌੜਾਈ ਜਾ ਸਕਦੀ?" ਉਸ ਦਾ ਇੱਕ ਦੋਸਤ ਗੱਲ ਜਿਵੇਂ ਸੁੱਟਦਾ ਹੈ, ਕਰਦਾ ਨਹੀਂ।

ਉਸ ਦੀ ਗੱਲ ਨੂੰ ਬੋਚ ਕੇ ਉਹ ਯਕਦਮ ਕਹਿੰਦਾ ਹੈ, "ਓ... ਤੂੰ ਗੱਡੀ ਦੌੜਾਉਣ ਦੀ ਗੱਲ ਕਰਦੈਂ! ਝੂਠ ਤੋਂ ਬਿਨਾਂ ਜ਼ਿੰਦਗੀ ਦੀ ਗੱਡੀ ਚਲਾਈ ਹੀ ਨਹੀਂ ਜਾ ਸਕਦੀ। ਬੱਸ, ਧੱਕੇ ਮਾਰ-ਮਾਰ ਕੇ ਰੋੜ੍ਹੀ ਜਾ ਸਕਦੀ ਹੈ... ਕੁਝ ਦੂਰੀ ਤੱਕ। ਸਾਹ ਉੱਖੜ ਜਾਂਦੇ ਹਨ। ਆਦਮੀ ਜਾਨਵਰ ਵਾਂਗ ਜੀਭ ਕੱਢ ਕੇ ਹੌਂਕਣ ਲੱਗਦਾ ਹੈ।"

"ਮੇਰੇ ਗੂੜ੍ਹੇ ਯਾਰ, ਤੇਰਾ ਗੂੜ੍ਹਾ ਫਲਸਫ਼ਾ ਇਹੀ ਕਹਿੰਦਾ ਹੈ ਕਿ ਜਿਹੜਾ ਇਨਸਾਨ ਸੱਚਾਈ ਦਾ ਸਹਾਰਾ ਲੈਂਦਾ ਹੈ, ਉਹ ਤਰੱਕੀ ਦੀ ਦੌੜ ਵਿੱਚ ਟਿਕ ਨਹੀਂ ਸਕਦਾ! ਉਹ ਮੂਧੇ-ਮੂੰਹ ਡਿੱਗ ਪੈਂਦਾ ਹੈ?" ਉਸ ਦਾ ਦੂਸਰਾ ਮਿੱਤਰ ਮਿੱਤਰਾਂ ਦੀ ਮਹਿਫ਼ਿਲ ਵਿੱਚ ਆਪਣੀ ਗੱਲ ਰੇੜ੍ਹਦਾ ਹੈ।

ਉਸ ਦੀ ਗੱਲ ਸੁਣ ਕੇ ਨਿਪੋਰੀ ਲਾਲ ਆਪਣੀ ਜ਼ੁਬਾਨ ਵਿਚੋਂ ਬਚਨ-ਬਿਲਾਸ ਕੱਢਦਾ ਹੈ, "ਇਹ ਮੇਰਾ ਫਲਸਫ਼ਾ ਨਹੀਂ ਹੈ। ਇਹ ਮੇਰੇ ਆਦਰਸ਼ ਸ਼੍ਰੀਮਾਨ ਨੈਪੋਲੀਅਨ ਬੋਨਾਪਾਰਟ ਦਾ ਹੈ। ਉਸ ਦਾ ਇਕ ਬੜਾ ਸ਼ਾਨਦਾਰ ਕਥਨ ਹੈ ਕਿ ਇਕ ਝੂਠ ਨੂੰ ਸੌ ਵਾਰ ਵੀ ਬੋਲਣਾ ਪਏ ਤਾਂ ਬੋਲਣਾ ਚਾਹੀਦਾ ਹੈ। ਝਿਜਕਣਾ, ਸੰਗਣਾ ਜਾਂ ਡਰਨਾ ਨਹੀਂ ਚਾਹੀਦਾ। ਇਕ ਝੂਠ ਨੂੰ ਸੌ ਵਾਰ ਬੋਲਣ ਨਾਲ ਉਹ ਸੁਣਨ ਵਾਲਿਆਂ ਨੂੰ ਸੱਚ ਵਾਂਗ ਲੱਗਣ ਲੱਗ ਪੈਂਦਾ ਹੈ। ਲੱਗਣ ਕੀ ਲੱਗ ਪੈਂਦਾ ਹੈ? ਉਹ ਝੂਠ ਲੋਕਾਂ ਨੂੰ ਸੌ ਫ਼ੀਸਦ ਸੱਚ ਹੀ ਲੱਗਦਾ ਹੈ।"

"ਨੈਪੋਲੀਅਨ ਦੇ ਚੇਲੇ, ਐ ਮੇਰੇ ਚਾਲੂ ਮਿੱਤਰ! ਕੀ ਝੂਠ ਸਭ ਜਗ੍ਹਾ ਚੱਲ ਜਾਂਦਾ ਹੈ? ਮੈਂ ਤਾਂ ਸੁਣਿਐ ਕਿ ਝੂਠ ਇਕ ਖੋਟੇ ਸਿੱਕੇ ਜਾਂ ਚੇਪੀ ਲੱਗੇ ਪਾਟੇ ਹੋਏ ਕਰੰਸੀ ਨੋਟ ਵਾਂਗ ਹੁੰਦਾ ਹੈ ਜਿਸ ਨੂੰ ਚਲਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ।" ਨਿਪੋਰੀ ਲਾਲ ਦਾ ਚੌਥਾ ਦੋਸਤ ਸਰਕੂ ਉਸ ਵੱਲ ਇਕ ਟੇਢਾ ਜਿਹਾ ਪ੍ਰਸ਼ਨ ਸਰਕਾਉਂਦਾ ਹੈ।

ਉਹਦਾ ਸੁਆਲ ਸੁਣ ਕੇ ਨਿਪੋਰੀ ਲਾਲ ਹੱਥ 'ਤੇ ਹੱਥ ਮਾਰ ਕੇ ਹੱਸ ਪੈਂਦਾ ਹੈ। ਫਿਰ ਹੱਸਦਿਆਂ-ਹੱਸਦਿਆਂ ਕਹਿੰਦਾ ਹੈ, "ਤੂੰ ਨਾਂ ਦਾ ਹੀ ਸਰਕੂ ਦੀਨ ਨਹੀਂ। ਮੈਨੂੰ ਤਾਂ ਤੂੰ ਅਕਲ ਵੱਲੋਂ ਵੀ ਦੀਨ-ਮਸਕੀਨ ਲੱਗਦੈਂ। ਮੇਰੇ ਪਿਆਰੇ ਦੋਸਤ, ਚਲਾਉਣ ਵਾਲੇ ਚਾਲੂ ਆਦਮੀ ਤਾਂ ਖੋਟਾ ਸਿੱਕਾ ਵੀ ਅਤੇ ਚੇਪੀ ਵਾਲਾ ਪਾਟਿਆ ਪੁਰਾਣਾ ਕਰੰਸੀ ਨੋਟ ਵੀ ਚਲਾ ਦਿੰਦੇ ਹਨ। ਬੱਸ, ਬੰਦੇ ਵਿੱਚ ਕਲਾ ਹੋਣੀ ਚਾਹੀਦੀ ਹੈ। ਚਲਾਉਣ ਵਾਲੇ ਤਾਂ ਕਈ ਹਜ਼ਾਰ ਦੇ ਨਕਲੀ ਨੋਟ ਮਾਰਕੀਟ ਵਿੱਚ ਚਲਾ ਦਿੰਦੇ ਹਨ। ਓ... ਯਾਰ, ਜਿਵੇਂ ਹੁਣ ਜੁਮਲੇਬਾਜ਼ੀ, ਸ਼ੋਸ਼ੇਬਾਜ਼ੀ, ਲਿਫ਼ਾਫ਼ਾਬਾਜ਼ੀ, ਤਿਕੜਮਬਾਜ਼ੀ ਚੱਲ ਰਹੀ ਹੈ ਤੇ ਆਪਣਾ ਜਲਵਾ ਦਿਖਾ ਰਹੀ ਏ, ਠੀਕ ਇਵੇਂ ਹੀ ਕ੍ਰਿਪਟੋ ਕਰੰਸੀ ਵੀ ਡਿਜੀਟਲੀ ਚੱਲ ਰਹੀ ਹੈ।" ਨਿਪੋਰੀ ਲਾਲ ਦੀਆਂ ਅਚਰਜ-ਭਰੀਆਂ ਗੱਲਾਂ ਸੁਣ ਕੇ ਉੱਥੇ ਯਾਰਾਂ ਦੀ ਜੁੰਡਲੀ 'ਚ ਸ਼ਾਮਿਲ ਅਚਰਜੀ ਲਾਲ ਅਤਿ ਅਚਰਜ ਹਾਲਤ ਵਿਚ ਪਹੁੰਚ ਕੇ ਪੁੱਛਦਾ ਹੈ, "ਤੂੰ ਤਾਂ ਬੜਾ ਚਾਲੂ... ਮਤਲਬ ਬਹੁਤ ਵੱਡਾ ਗਿਆਨੀ ਏਂ। ਐ ਮਹਾਂਗਿਆਨੀ, ਸਾਡੇ ਨਾਲ ਗਿਆਨ ਸਾਂਝਾ ਕਰ ਅਤੇ ਦੱਸ ਕਿ ਝੂਠ ਕਿੱਥੇ-ਕਿੱਥੇ ਚੱਲਦਾ ਹੈ?"

ਨੈਪੋਲੀਅਨ ਬੋਨਾਪਰਟ ਦਾ ਭਗਤ, ਜਿਹੜਾ ਖ਼ੁਦ ਨੂੰ ਕਿਸੇ ਹੰਢੇ-ਸਿਆਸੀ ਸਲਾਹਕਾਰ ਦੀ ਤਰ੍ਹਾਂ ਸਮਝਦਾ ਹੈ, ਦੁਬਾਰਾ ਹੱਸ ਪੈਂਦਾ ਹੈ ਅਤੇ ਦੁਬਾਰਾ ਹੱਸਦਿਆਂ-ਹੱਸਦਿਆਂ ਇਕ ਪ੍ਰਵਚਨਕਾਰੀ ਮਾਹਿਰ ਵਾਂਗ ਸੰਜੀਦਾ ਅੰਦਾਜ਼ 'ਚ ਬੋਲਦਾ ਹੈ, "ਮੇਰੇ ਭਰਾਤਾ, ਮੇਰੇ ਸਾਥੀ, ਮੈਨੂੰ ਤੇਰੀ ਮੱਤ ਉੱਤੇ ਬਹੁਤ ਤਰਸ ਆਉਂਦਾ ਹੈ। ਤੈਨੂੰ ਪਤਾ ਹੋਣਾ ਚਾਹੀਦੈ ਕਿ ਚਲਿੱਤਰ, ਕਪਟ, ਬੇਈਮਾਨੀ, ਠੱਗੀ, ਧੋਖਾ-ਫ਼ਰੇਬ, ਗੱਦਾਰੀ, ਮੱਕਾਰੀ ਵਾਂਗ ਹੀ ਝੂਠ ਪਿਆਰ, ਵਪਾਰ, ਕਾਰੋਬਾਰ, ਪਰਿਵਾਰ, ਦਫ਼ਤਰ, ਥਾਣਾ, ਕਚਹਿਰੀ, ਸਾਹਿਤ, ਸਿਆਸਤ ਵਗ਼ੈਰਾ ਸਭ ਜਗ੍ਹਾ ਚੱਲਦਾ ਹੈ। ਸਾਹਿਤ ਵਿੱਚ ਕਲਪਨਾ ਨੂੰ ਜੇਕਰ ਝੂਠ ਅਤੇ ਆਦਰਸ਼-ਯਥਾਰਥ ਵਗ਼ੈਰਾ ਨੂੰ ਕੋਰੀ ਹਕੀਕਤ ਮੰਨ ਲਿਆ ਜਾਵੇ ਤਾਂ ਇਸ 'ਚ ਕੋਈ ਅਤਿਕਥਨੀ, ਵਾਧੂਵਚਨੀ ਨਹੀਂ ਹੈ।" ਕੁਝ ਪਲ ਸਾਹ (ਦਮ) ਲੈਣ ਤੋਂ ਬਾਅਦ ਨਿਪੋਰੀ ਲਾਲ ਵਾਛਾਂ ਖਿੜਾ ਕੇ ਉੱਥੇ ਗਿਆਨ ਦੀ ਨਦੀ ਵਹਾ ਦਿੰਦਾ ਹੈ, "ਬਿਨਾਂ ਝੂਠ ਬੋਲੇ ਇਕ ਮਰਦ ਨੂੰ ਨਾ ਘਰਵਾਲੀ ਦਾ ਤੇ ਨਾ ਬਾਹਰਵਾਲੀ ਦਾ ਪਿਆਰ ਮਿਲਦਾ ਹੈ। ਆਹ ਸਾਹਿਤ ਅਤੇ ਸਿਆਸਤ ਤੋਂ ਇਲਾਵਾ ਸਭ ਤੋਂ ਜ਼ਿਆਦਾ ਝੂਠ ਪਿਆਰ, ਵਿਆਹ-ਸ਼ਾਦੀ ਦੇ ਮਾਮਲੇ ਵਿੱਚ ਬੋਲਿਆ ਜਾਂਦਾ ਹੈ। ਸਿਆਸਤ ਤਾਂ ਜ਼ਿਆਦਾਤਰ ਝੂਠ ਦੇ ਦਮ 'ਤੇ ਹੀ ਅਮਰਵੇਲ ਵਾਂਗ ਪਲਦੀ, ਵਧਦੀ ਅਤੇ ਫੈਲਦੀ ਹੈ। ਸਬਜ਼ਬਾਗ਼ ਦਿਖਾਏ ਬਿਨਾਂ, ਝੂਠੇ ਵਾਅਦੇ-ਦਾਅਵੇ ਕੀਤੇ ਬਿਨਾਂ, ਵੋਟਰਾਂ ਨੂੰ ਝੂਠੇ ਭਰੋਸੇ ਦਿੱਤੇ ਬਿਨਾਂ ਕੋਈ ਵੀ ਸਿਆਸੀ ਆਗੂ ਚੋਣ ਜਿੱਤ ਨਹੀਂ ਸਕਦਾ ਅਤੇ ਗੱਦੀ ਉੱਤੇ ਆਪਣਾ ਭਾਰ ਪਾਉਣ ਤੋਂ ਬਾਅਦ ਜੇ ਉਹ ਝੂਠੇ ਅੰਕੜਿਆਂ, ਗੱਪਾਂ, ਜੁਮਲਿਆਂ ਦਾ ਸਹਾਰਾ ਨਹੀਂ ਲੈਂਦਾ ਤਾਂ ਉਹ ਹਰਗਿਜ਼ ਗੱਦੀ ਤੇ ਸਰਕਾਰੀ ਖ਼ਜ਼ਾਨੇ ਉੱਤੇ ਭਾਰ ਪਾਈ ਬੈਠਾ ਨਹੀਂ ਰਹਿ ਸਕਦਾ। ਖ਼ਲਕਤ ਦੇ ਸਿਰ 'ਤੇ ਚੜ੍ਹਿਆ ਬੈਠਾ ਨਹੀਂ ਰਹਿ ਸਕਦਾ। ਲੋਕਾਂ ਦਾ ਨੱਕ 'ਚ ਦਮ ਨਹੀਂ ਕਰ ਸਕਦਾ। ਜਿੰਨਾ ਵੱਡਾ ਕੋਈ ਝੂਠਾ, ਮੱਕਾਰ, ਚਲਾਕ ਵਿਅਕਤੀ ਹੋਵੇਗਾ, ਉਹ ਓਨਾ ਹੀ ਵੱਡਾ ਆਸ਼ਿਕ, ਪਤੀ, ਕਾਮਯਾਬ ਕਾਰੋਬਾਰੀ, ਵਪਾਰੀ, ਦਲਾਲ, ਸਿਆਸੀ ਆਗੂ, ਮੰਤਰੀ, ਪਤਵੰਤਾ ਸੱਜਣ, ਹਰਮਨ ਪਿਆਰਾ ਹੋਵੇਗਾ। ਮੇਰੇ ਪਰਮ ਪਿਆਰੇ ਮਿੱਤਰੋ! ਝੂਠ ਬੋਲਣ, ਦਗ਼ਾ-ਫ਼ਰੇਬ ਕਮਾਉਣ ਦੇ ਫ਼ਨ 'ਚ ਮਾਹਿਰ ਹੋਏ ਬਿਨਾਂ ਬੰਦਾ ਅਖੌਤੀ ਮਹਾਨ, ਉੱਚੀ ਸ਼ਾਨ ਵਾਲਾ ਨਹੀਂ ਹੋ ਸਕਦਾ। ਚਾਰਲਸ ਸ਼ੋਭਰਾਜ, ਨਟਵਰ ਲਾਲ ਜਾਂ ਫਿਰ ਬਨਾਰਸੀ ਠੱਗ ਨਹੀਂ ਬਣ ਸਕਦਾ।"

ਨਿਪੋਰੀ ਲਾਲ ਵੱਲੋਂ ਵਹਾਈ ਗਈ ਗਿਆਨ ਦੀ ਨਦੀ ਵਿਚ ਚੁੱਭੀਆਂ ਲਾਉਂਦੇ ਹੋਏ ਉਹਦੇ ਸਾਰੇ ਮਿੱਤਰ ਰਿਣੀ-ਭਾਵ ਨਾਲ ਬੋਲ ਪਏ, "ਵਾਹ, ਨਿਪੋਰੀ ਲਾਲ, ਵਾਹ! ਤੇਰਾ ਜਵਾਬ ਨਹੀਂ। ਆਖ਼ਰ ਤੂੰ ਨੈਪੋਲੀਅਨ ਬੋਨਾਪਾਰਟ ਦੀ ਵਿਚਾਰਧਾਰਾ ਅਪਣਾਉਣ ਵਾਲਾ, ਉਸ 'ਤੇ ਡਟਿਆ ਰਹਿਣ ਵਾਲਾ ਚਾਲੂ ਆਦਮੀ ਏਂ।"

ਅਚਾਨਕ ਨਿਪੋਰੀ ਲਾਲ ਦੇ ਚਿਹਰੇ ਦੇ ਹਾਵ-ਭਾਵ ਅਤੇ ਆਵਾਜ਼ ਦਾ ਲਹਿਜਾ ਗੰਭੀਰ ਹੋ ਗਿਆ। ਉਹ ਹਉਕਾ ਅਤੇ ਅੱਖਾਂ ਵਿੱਚ ਹੰਝੂ ਭਰ ਕੇ ਬੋਲਿਆ, "ਬੇਲੀਓ, ਅਸੀਂ ਸਾਰੇ ਰਾਜਾ ਹਰੀਸ਼ ਚੰਦਰ ਤੇ ਰਾਜਾ ਵਿਕਰਮਾਦਿੱਤ ਦੇ ਨਕਸ਼ੇ-ਕਦਮਾਂ 'ਤੇ ਕਿਉਂ ਨਹੀਂ ਚੱਲਦੇ? ਅਸੀਂ ਉਨ੍ਹਾਂ ਨੂੰ ਕਿਉਂ ਭੁੱਲ ਗਏ ਹਾਂ?"

## ★ ਖਿੜ ਖਿੜ ਹੱਸੋ ★

ਹੋਟਲ ਦਾ ਬੈਰ੍ਹਾ ਬੋਲਿਆ, "ਹਜ਼ੂਰ, ਪਿਛਲੀ ਵਾਰ ਜਦੋਂ ਤੁਸੀਂ ਜਾਣ ਲੱਗੇ ਸੀ ਤਾਂ ਟਿਪ ਦੇ ਤੌਰ 'ਤੇ ਮੈਨੂੰ 50 ਰੁਪਏ ਦਾ ਨੋਟ ਦਿੱਤਾ ਸੀ, ਰੱਬ ਤੁਹਾਡੀ ਉਮਰ ਲੰਮੀ ਕਰੇ।"

ਬਜ਼ੁਰਗ ਬੋਲਿਆ, "ਹਾਂ ਇਸੇ ਗੱਲ 'ਤੇ 50 ਰੁਪਏ ਦਾ ਨੋਟ ਦਿੱਤਾ ਸੀ।"

"ਹਜ਼ੂਰ ਐਤਕੀਂ ਸਿਰਫ 10 ਦਾ ਨੋਟ?"

"ਹੁਣ ਮੈਨੂੰ ਲੰਮੀ ਉਮਰ ਨਹੀਂ ਚਾਹੀਦੀ, ਬੇਟਾ ਤੇ ਨੂੰਹ ਮੈਨੂੰ ਆਪਣੇ ਘਰ ਲੈ ਗਏ ਹਨ।"

***

ਸ਼ਾਤਿਰ ਬਦਮਾਸ਼ ਪੁਲੀਸ ਰਿਮਾਂਡ 'ਚ ਮੂੰਹ ਨਹੀਂ ਖੋਲ੍ਹ ਰਿਹਾ ਸੀ। ਪੁਲੀਸ ਨੇ ਥਰਡ ਡਿਗਰੀ ਟਾਰਚਰ ਦੇ ਸਾਰੇ ਤਰੀਕੇ ਅਪਨਾਏ ਪਰ ਸਭ ਬੇਕਾਰ। ਇਕ ਹੌਲਦਾਰ ਜੋ ਕਿ ਕਵੀ ਵੀ ਸੀ, ਆਪਣੀਆਂ ਕਵਿਤਾਵਾਂ ਲੈ ਕੇ ਉਸ ਦੇ ਸਾਹਮਣੇ ਬੈਠ ਗਿਆ। ਅਜੇ ਉਸ ਨੇ 4 ਕਵਿਤਾਵਾਂ ਹੀ ਸੁਣਾਈਆਂ ਸਨ ਕਿ ਬਦਮਾਸ਼ ਚੀਕ ਕੇ ਬੋਲਿਆ, "ਹਾਂ-ਹਾਂ, ਮੈਂ ਦੋਹਰਾ ਕਤਲ ਕੀਤਾ ਹੈ, ਜਿਥੇ ਮਰਜ਼ੀ ਲਿਖਵਾ ਲਵੋ ਪਰ ਇਸ ਕਵੀ ਨੂੰ ਚੁੱਪ ਹੋਣ ਲਈ ਕਹੋ।"

***

ਇੱਕ ਅਭਿਨੇਤਰੀ ਨੇ ਇੱਕ ਫਿਲਮ ਵਿੱਚ 'ਪਾਗਲ ਭਿਖਾਰਣ' ਦਾ ਰੋਲ ਕਰਨਾ ਸੀ। ਉਸ ਨੇ ਨਿਰਦੇਸ਼ਕ ਨੂੰ ਪੁੱਛਿਆ ਕਿ ਮੈਨੂੰ ਪਾਗਲ ਭਿਖਾਰਣ ਲੱਗਣ ਲਈ ਕੀ ਕਰਨਾ ਚਾਹੀਦੈ?"

ਨਿਰਦੇਸ਼ਕ ਤੁਰੰਤ ਬੋਲਿਆ, "ਕੁੱਝ ਕਰਨ ਦੀ ਲੋੜ ਨਹੀਂ। ਜਿਹੋ ਜਿਹੀ ਲੱਗਦੀ ਏਂ, ਠੀਕ ਏਂ।"

***

ਸਰਦੀਆਂ ਦੇ ਦਿਨ ਸਨ। ਮੁਰਾਰੀ ਨੇ ਸਵੇਰੇ-ਸਵੇਰੇ ਆਪਣੇ ਦੋਸਤ ਸੋਹਣ ਦੇ ਘਰ ਦੀ ਡੋਰ-ਬੈੱਲ ਵਜਾਈ। ਸੋਹਣ ਦੀ ਮਾਂ ਬਾਹਰ ਆਈ ਅਤੇ ਬੜੇ ਗੁੱਸੇ ਨਾਲ ਮੁਰਾਰੀ ਨੂੰ ਬੋਲੀ, "ਕੀ ਗੱਲ ਹੈ?"

ਮੁਰਾਰੀ ਡਰਦਾ-ਡਰਦਾ ਬੋਲਿਆ, "ਆਂਟੀ, ਕੀ ਸੋਹਣ ਮੇਰੇ ਨਾਲ ਖੇਡਣ ਲਈ ਬਾਹਰ ਆ ਸਕਦਾ ਹੈ?"

"ਨਹੀਂ, ਉਸ ਨੂੰ ਰਾਤ ਨੂੰ ਠੰਡ ਲੱਗ ਗਈ ਹੈ ਅਤੇ ਉਂਝ ਵੀ ਬਾਹਰ ਬਹੁਤ ਜ਼ਿਆਦਾ ਸਰਦੀ ਹੈ।" ਮਾਂ ਨੇ ਜਵਾਬ ਦਿੱਤਾ।

ਮੁਰਾਰੀ ਫਿਰ ਬੋਲ ਪਿਆ, "ਤਾਂ ਕੀ ਆਂਟੀ ਸੋਹਣ ਦਾ ਫੁੱਟਬਾਲ ਮੈਨੂੰ ਤੁਸੀਂ ਦੇ ਸਕਦੇ ਹੋ, ਉਸ ਨੂੰ ਤਾਂ ਸਰਦੀ ਤੋਂ ਕੋਈ ਖਤਰਾ ਨਹੀਂ ਹੈ ਨਾ।"

***

# ਸਤਿਗੁਰੂ ਰਾਮਦਾਸ ਜੀ ਦੀ ਸਿਖ ਧਰਮ ਨੂੰ ਦੇਣ

**ਰਜਿੰਦਰ ਕੌਰ ਜੀਤ**
9914711191



ਜਦੋਂ ਅਸੀਂ ਗੁਰੂ ਰਾਮਦਾਸ ਜੀ ਦੇ ਜੀਵਨ ਤੇ ਝਾਤ ਮਾਰਦੇ ਹਾਂ, ਤਾਂ ਉਪਰੋਕਤ ਸਤਰਾਂ ਦੇ ਡੂੰਘਾਈ ਅਤੇ ਸੱਚਾਈ ਦਾ ਪਤਾ ਲੱਗਦਾ ਹੈ। ਗੁਰੂ ਰਾਮਦਾਸ ਜੀ ਪਹਿਲਾਂ ਇੱਕ ਯਤੀਮ ਬੱਚੇ ਸਨ, ਜਿਨਾਂ ਦੇ ਮਾਤਾ ਪਿਤਾ ਜੀ ਦਾ ਦੇਹਾਂਤ ਬਚਪਨ ਵਿੱਚ ਹੀ ਹੋ ਗਿਆ ਸੀ। ਉਨਾਂ ਨੂੰ ਉਹਨਾਂ ਦੀ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ ਅਤੇ ਉਹਨਾਂ ਦਾ ਪਾਲਣ ਪੋਸ਼ਣ ਕੀਤਾ। ਆਪ ਜੀ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ। ਆਪ ਜੀ ਦੇ ਮਾਤਾ ਜੀ ਦਾ ਨਾਂ ਦਇਆ ਦੇਵੀ ਅਤੇ ਪਿਤਾ ਜੀ ਦਾ ਨਾਂ ਭਾਈ ਹਰਿਦਾਸ ਜੀ। ਆਪ ਜੀ ਦਾ ਜਨਮ 25 ਅਸੂ, ਸੰਮਤ 1591 ਬਿ. ਨੂੰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਆਪ ਜੀ ਦੀ ਪਤਨੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਸਨ। ਆਪ ਜੀ ਨੂੰ ਗੁਰਿਆਈ ਦੋ ਅੱਸੂ, ਸੰਮਤ,1631 ਬਿ. ਮਿਲੀ।

ਮਾਤਾ ਪਿਤਾ ਦੇ ਦੇਹਾਂਤ ਤੋਂ ਬਾਅਦ ਆਪ ਜੀ ਆਪਣੀ ਨਾਨੀ ਨਾਲ ਬਾਸਰਕੇ ਆ ਗਏ। ਜਿੱਥੇ ਆਪ ਜੀ ਨੇ ਬਾਸਰਕੇ ਅਤੇ ਗੋਇੰਦਵਾਲ ਦੇ ਪਿੰਡਾਂ ਦੀਆਂ ਗਲੀਆਂ ਵਿੱਚ ਸਿਰ ਤੇ ਉਬਲੇ ਹੋਏ ਛੋਲਿਆਂ ਦੀ ਛਾਬੜੀ ਚੁੱਕ ਕੇ ਆਪਣੀ ਰੋਜੀ ਰੋਟੀ ਕਮਾਈ। ਸਕੂਲ ਵਿਦਿਆ ਤੋਂ ਵਾਂਝੇ ਹੁੰਦੇ ਹੋਏ ਵੀ ਉਹਨਾਂ ਨੇ ਬਾਦਸ਼ਾਹ ਅਕਬਰ ਦੇ ਦਰਬਾਰ ਵਿੱਚ ਆਪਣੀ ਲਿਆਕਤ ਅਤੇ ਅਧਿਆਤਮਕ ਗਿਆਨ ਦਾ ਪ੍ਰਗਟਾਵਾ ਕੀਤਾ ਅਤੇ ਪੰਡਤਾਂ ਫਕੀਰਾਂ ਨਾਲ ਆਪਣੀ ਵਿਚਾਰ ਚਰਚਾ ਵਿੱਚ ਰੂਹਾਨੀਅਤ ਦਾ ਸਿੱਕਾ ਜਮਾ ਦਿੱਤਾ। ਗੁਰੂ ਰਾਮਦਾਸ ਜੀ ਜੋ ਕਦੇ ਵੀ ਸਕੂਲ ਨਹੀਂ ਗਏ ਸਨ ਉਹ ਪਵਿੱਤਰ ਸਿੱਖ ਸੰਗੀਤ ਦੇ ਮਹਾਨ ਵਿਦਵਾਨ ਸਨ, ਜਿਨ੍ਹਾਂ ਨੇ 30 ਰਾਗਾਂ ਵਿੱਚ 679 ਸ਼ਬਦ ਰਚੇ, ਜਿਨ੍ਹਾਂ ਵਿੱਚ ਸ਼ਬਦ, ਸਲੋਕ, ਲਾਵਾਂ ਅਤੇ ਛੰਤ ਸ਼ਾਮਲ ਹਨ।

ਗੁਰੂ ਅਮਰਦਾਸ ਜੀ, ਭਾਈ ਜੇਠਾ ਜੀ ਦੀ ਸੇਵਾ, ਸਿਮਰਨ, ਨਿਮਰਤਾ ਅਤੇ ਚੰਗੇ ਸੁਭਾਅ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਲੜਕੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਗੁਰੂ ਜੀ ਦੇ ਜਵਾਈ ਬਣ ਜਾਣ ਤੋਂ ਬਾਅਦ ਵੀ ਉਹ ਬਿਨਾਂ ਲੋਕ-ਲਾਜ ਦੀ ਪ੍ਰਵਾਹ ਕੀਤੇ ਪਹਿਲਾਂ ਵਾਂਗ ਹੀ ਸੇਵਾ ਦੇ ਕਾਰਜਾਂ ਵਿੱਚ ਜੁੱਟੇ ਰਹਿੰਦੇ।

ਗੁਰੂ ਅਮਰਦਾਸ ਜੀ ਵੱਲੋਂ ਲਈ ਗਈ ਸਖਤ ਪ੍ਰੀਖਿਆ ਵਿੱਚ ਵੀ ਉਹ ਪੂਰੇ ਉਤਰੇ। ਗੋਇੰਦਵਾਲ ਸਾਹਿਬ ਵਿਖੇ ਬਾਲੀ ਸਾਹਿਬ ਦੀ ਉਸਾਰੀ ਸਮੇਂ ਗੁਰੂ ਰਾਮਦਾਸ ਜੀ ਨੇ ਆਪਣੇ ਸਿਰ ਤੇ ਰੇਤੇ ਅਤੇ ਗਾਰੇ ਦੇ ਤਗਾਰੀ ਚੁੱਕ ਕੇ ਸੇਵਾ ਕੀਤੀ। ਆਪ ਜੀ ਗੁਰੂ ਅਮਰਦਾਸ ਜੀ ਦੇ ਜਵਾਈ ਹੋਣ ਕਰਕੇ ਆਪ ਜੀ ਨੂੰ ਸੇਵਾ ਕਰਦੇ ਦੇਖ ਲੋਕ ਆਪ ਜੀ ਦਾ ਬਹੁਤ ਮਜ਼ਾਕ ਉਡਾਉਂਦੇ ਸਨ। ਗੁਰੂ ਰਾਮਦਾਸ ਜੀ ਸੇਵਾ, ਸ਼ਹਿਣਸ਼ੀਲਤਾ ਅਤੇ ਨਿਮਰਤਾ ਦੇ ਪੁੰਜ ਸਨ। ਉਨਾਂ ਨੇ ਗੁਰੂ ਅਮਰਦਾਸ ਜੀ ਦੇ ਹੁਕਮਾਂ ਨੂੰ ਮੰਨਦੇ ਹੋਏ ਥੜੇ ਨੂੰ ਸੱਤ ਵਾਰੀ ਬਣਾਇਆਂ ਅਤੇ ਢਾਹਿਆ ਜਿੰਨਾ ਚਿਰ ਗੁਰੂ ਅਮਰਦਾਸ ਜੀ ਨੇ ਪ੍ਰਵਾਨ ਨਾ ਕੀਤਾ। ਇਹ ਸਾਰੀਆਂ ਅਸਧਾਰਨ ਘਟਨਾਵਾਂ ਇਹ ਬਿਆਨ ਕਰਦੀਆਂ ਹਨ ਪੂਰੀ ਕਰਾਮਾਤ ਹੋਈ, ਆਪ ਜੀ ਨੂੰ ਰੂਹਾਨੀ ਤਖਤ ਦੀ ਪ੍ਰਾਪਤੀ ਹੋਈ। ਸ੍ਰੀ ਗੁਰੂ ਅਮਰਦਾਸ ਜੀ ਦੇ ਕਹਿਣ ਤੇ ਆਪ ਜੀ ਨੇ ਸੁਲਤਾਨਵਿੰਡ, ਤੁੰਗ, ਗਿਲਵਾਲੀ ਅਤੇ ਗੁਮਟਾਲਾ ਪਿੰਡਾਂ ਦੀ ਜ਼ਮੀਨ ਖਰੀਦ ਕੇ ਸਿੱਖੀ ਦਾ ਨਵਾਂ ਕੇਂਦਰ, ਗੁਰੂ ਕਾ ਚੱਕ ਵਸਾਉਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਇੱਥੇ ਸੰਤੋਖਸਰ ਸਰੋਵਰ ਬਣਾਇਆ ਗਿਆ। ਇਸ ਨਗਰ ਵਿੱਚ 52 ਵੱਖ-ਵੱਖ ਕਿੱਤਿਆਂ ਦੇ ਕਾਰੀਗਰਾਂ ਨੂੰ ਵਸਾਇਆ ਗਿਆ ਜਿਸ ਕਾਰਨ ਇਹ ਨਗਰ ਆਰਥਿਕ ਪੱਖੋਂ ਮਜ਼ਬੂਤ ਹੋਇਆ।

ਇੱਕ ਵਾਰ ਬਾਬਾ ਸ੍ਰੀ ਚੰਦ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਆਏ। ਗੁਰੂ ਜੀ ਦੇ ਲੰਮੇ ਦਾੜ੍ਹੇ ਵੱਲ ਵੇਖ ਕੇ ਉਨ੍ਹਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਦਾੜ੍ਹਾ ਇਤਨਾ ਲੰਮਾ ਕਿਉਂ ਕੀਤਾ ਹੋਇਆ ਹੈ ? ਗੁਰੂ ਜੀ ਬੜੀ ਨਿਮਰਤਾ ਨਾਲ ਬੋਲੇ, "ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਵਾਸਤੇ।" ਇਹ ਕਹਿ ਕੇ ਉਹ ਬਾਬਾ ਜੀ ਦੇ ਚਰਨ ਝਾੜਨ ਲੱਗ ਪਏ। ਬਾਬਾ ਜੀ ਨੇ ਚਰਨ ਪਿੱਛੇ ਕਰ ਲਏ। ਉਹ ਗੁਰੂ ਜੀ ਵਿੱਚ ਇੰਨੀ ਨਿਮਰਤਾ ਦੇਖ ਕੇ ਬਹੁਤ ਪ੍ਰਭਾਵਿਤ ਹੋਏ।

ਗੁਰੂ ਅਮਰਦਾਸ ਜੀ 2 ਅੱਸੂ, ਸੰਮਤ,1631 ਬਿ.ਨੂੰ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੀ ਜਿੰਮੇਵਾਰੀ ਸੌਂਪ ਕੇ ਜੋਤੀ ਜੋਤ ਸਮਾ ਗਏ। ਉਸ ਸਮੇਂ ਉਹਨਾਂ ਨੇ ਸਿੱਖ ਸੰਗਤ ਨੂੰ ਉਪਦੇਸ਼ ਦਿੱਤਾ ਜੋ ਕਿ ਰਾਮਕਲੀ ਰਾਗ ਵਿੱਚ ਸਦੁ ਬਾਣੀ ਸਿਰਲੇਖ ਹੇਠ ਦਰਜ ਹੈ। ਜੋ ਕਿ ਉਨਾਂ ਦੇ ਪੜਪੋਤੇ ਸੁੰਦਰ ਜੀ ਦੀ ਰਚਨਾ ਹੈ। ਇਸ ਬਾਣੀ ਵਿੱਚ ਗੁਰੂ ਅਮਰਦਾਸ ਜੀ ਨੇ ਪਰਲੋਕ ਗਮਨ ਦੀ ਤਿਆਰੀ ਅਤੇ ਮ੍ਰਿਤਕ ਕਿਰਿਆਂ ਸਬੰਧੀ ਮਰਿਆਦਾ ਦਾ ਜ਼ਿਕਰ ਕੀਤਾ ਹੈ।

*ਹਰਿ ਭਇਆ ਸਤਿਗੁਰੁ ਬੋਲਿਆ,*
*ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥*
*ਰਾਮਦਾਸ ਸੋਢੀ ਤਿਲਕੁ ਦੀਆ,*
*ਗੁਰ ਸ਼ਬਦ ਸਚੁ ਨੀਸਾਣੁ ਜੀਉ ॥੫॥*
*ਸਤਿਗੁਰੁ ਪੁਰਖੁ ਜਿ ਬੋਲਿਆ,*
*ਗੁਰਸਿਖਾ ਮਨਿ ਲਈ ਰਜਾਇ ਜੀਉ ॥*
*ਮੋਹਰੀ ਪੁਤੁ ਸਨਮੁਖੁ ਹੋਇਆ,*
*ਰਾਮਦਾਸੈ ਪੈਰੀ ਪਾਇ ਜੀਉ ॥*
*ਸਭ ਪਵੈ ਪੈਰੀ ਸਤਿਗੁਰੂ ਕੇਰੀ,*
*ਜਿਥੇ ਗੁਰੂ ਆਪੁ ਰੱਖਿਆ ॥*
*ਕੋਈ ਕਰ ਬਖੀਲੀ ਨਿਵੈ ਨਾਹੀ, ਫਿਰ*
*ਸਤਿਗੁਰ ਆਣਿ ਨਿਵਾਇਆ ॥*
*ਹਰਿ ਗੁਰਹਿ ਭਾਣਾ ਦੀਈ ਵਡਿਆਈ,*
*ਧੁਰਿ ਲਿਖਿਆ ਲੇਖੁ ਰਜਾਇ ਜੀਉ ॥*
*ਕਹੈ ਸੁੰਦਰੁ ਸੁਣਹੁ ਸੰਤਹੁ,*
*ਸਭ ਜਗਤੁ ਪੈਰੀ ਪਾਇ ਜੀਉ ॥੬॥*

(ਰਾਮਕਲੀ ਸਦੁ, ਅੰਗ 923)

ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਨੇ ਤਾਂ ਗੁਰੂ ਰਾਮਦਾਸ ਜੀ ਨੂੰ ਸੱਚੇ ਦਿਲੋਂ ਸਵੀਕਾਰ ਕਰ ਲਿਆ, ਪਰ ਬਾਬਾ ਮੋਹਨ ਜੀ ਹਉਮੈ ਵਸ ਪਿਤਾ ਗੁਰੂ ਦੇ ਹੁਕਮਾਂ ਤੇ ਨਾ ਚੱਲੇ, ਸਗੋਂ ਕਮਲਿਆਂ ਵਾਂਗ ਗੁਰੂ ਨਿੰਦਿਆ



ਕਰਨ ਲੱਗ ਪਏ। ਦੁਬਿਧਾ ਨੂੰ ਦੇਖ ਕੇ ਗੁਰੂ ਰਾਮਦਾਸ ਜੀ ਇਕਾਂਤ ਵਿੱਚ ਚਲੇ ਗਏ। ਉਹ ਘਰ ਵਿੱਚ ਹੀ ਰਹਿੰਦੇ,ਦੀਵਾਨ ਵਿੱਚ ਨਾ ਆਉਂਦੇ। ਬਾਬਾ ਮੋਹਨ ਜੀ ਅਤੇ ਕੁਝ ਹੋਰ ਨਿੰਦਕਾਂ ਦੀਆਂ ਹਰਕਤਾਂ ਦਾ ਸੰਗਤਾਂ ਤੇ ਉਲਟਾ ਅਸਰ ਹੋਇਆ। ਸੰਗਤਾਂ ਗੁਰੂ ਦੇ ਦਰਸ਼ਨਾਂ ਲਈ ਬਹਿਬਲ ਹੋ ਉੱਠੀਆਂ। ਕੁਝ ਮੁਖੀ ਸਿੱਖ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਇਕੱਤਰ ਹੋਏ। ਸਿੱਖ ਇਤਿਹਾਸ ਵਿੱਚ ਉਹਨਾਂ ਦੇ ਨਾਂ ਭਾਈ ਸਚਨਿ ਸੱਚ, ਮਾਣਕ ਚੰਦ, ਡੱਲੇ ਦੇ ਸਿੱਖ, ਭਾਈ ਸਾਵਣ ਮੱਲ, ਭਾਈ ਮਾਈ ਦਾਸ, ਭਾਈ ਗੰਗੋ ਜੀ, ਬੀਬੀ ਮੱਥੋ ਤੇ ਮੁਰਾਰੀ, ਭਾਈ ਖੇਡਾ ਸਇਨੀ, ਭਾਈ ਬੇਣੀ ਪੰਡਿਤ, ਹਿੰਦਾਲ ਆਦਿ ਹਨ। ਬਾਬਾ ਬੁੱਢਾ ਜੀ ਤੇ ਹੋਰ ਸਿੱਖ ਗੁਰੂ ਰਾਮਦਾਸ ਜੀ ਕੋਲ ਜਾ ਕੇ ਬੈਠ ਗਏ ਅਤੇ ਅਰਜ ਕੀਤੀ, ਕਿ ਸੰਗਤਾਂ ਵਿਆਕੁਲ ਫਿਰ ਰਹੀਆਂ ਹਨ, ਗੁਰੂ ਅਮਰਦਾਸ ਜੀ ਆਪ ਜੀ ਨੂੰ ਆਪਣੇ ਥਾਂ ਬਿਠਾ ਗਏ ਹਨ, ਹੁਣ ਸੰਗਤਾਂ ਨੂੰ ਹੋਰ ਨਾ ਤਰਸਾਓ।

*ਸਭਿਹਿਨ ਮਹਿ ਬੈਠਹੁ ਹਰਖਾਵਹੁ।*
*ਉਪਦੇਸਹੁ ਸਤਿਨਾਮੁ ਜਪਾਵਹੁ ॥*

ਆਪ ਜੀ ਨੇ ਸੰਗਤਾਂ ਦਾ ਪ੍ਰੇਮ ਦੇਖ ਕੇ ਇਕਾਂਤ ਵਾਸ ਤਿਆਗ ਦਿੱਤਾ ਅਤੇ ਰੋਜ਼ ਦੀਵਾਨ ਵਿੱਚ ਆ ਕੇ ਗੁਰਗੱਦੀ ਦੀ ਜਿੰਮੇਵਾਰੀ ਨਿਭਾਉਣ ਲੱਗੇ। ਗੁਰੂ ਰਾਮਦਾਸ ਜੀ ਨੇ ਸਿੱਖ ਦੀ ਪਰਿਭਾਸ਼ਾ ਅਤੇ ਨਿੱਤ ਦੀ ਕਰਨੀ ਸਪਸ਼ਟ ਕਰ ਕੇ ਲਿਖੀ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੩੦੫)

ਹਰ ਕੰਮ ਕਰਨ ਤੋਂ ਪਹਿਲਾਂ ਅਰਦਾਸ ਕਰਨ ਦਾ ਉਪਦੇਸ਼ ਦਿੱਤਾ:

*ਕੀਤਾ ਲੋੜੀਐ ਕੰਮੁ ਸੁ*
*ਹਰਿ ਪਹਿ ਆਖੀਐ ॥*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੯੧)

ਆਪ ਜੀ ਨੇ ਅਨੰਦ ਕਾਰਜ ਸਮੇਂ ਪੜ੍ਹੀਆਂ ਜਾਣ ਵਾਲੀਆਂ ਲਾਵਾਂ ਉਚਾਰਨ ਕੀਤੀਆਂ, ਦਾਜ ਪ੍ਰਥਾ ਦਾ ਵਿਰੋਧ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਵੀ ਆਪਣੀ ਜ਼ਿੰਦਗੀ ਵਿੱਚ ਸੇਵਾ, ਸਿਮਰਨ, ਨਿਮਰਤਾ, ਹਲੀਮੀ ਅਤੇ ਭਾਣਾ ਮੰਨਣ ਆਦਿ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ ਤਾਂ ਜੋ ਅਸੀਂ ਵੀ ਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਏ।

## ਭੁਲਿਆ ਵਿਸਰਿਆ ਲੋਕ-ਗਾਇਕ ਆਸਾ ਸਿੰਘ ਮਸਤਾਨਾ



ਸੁਰੀਲੀ, ਮਿੱਠੀ ਤੇ ਰੂੰ ਵਾਂਗ ਪੋਲੀ ਜਿਹੀ ਆਵਾਜ਼ ਦਾ ਮਾਲਕ ਆਸਾ ਸਿੰਘ ਮਸਤਾਨਾ ਜਦੋਂ ਕੰਨ 'ਤੇ ਹੱਥ ਧਰ ਕੇ ਲੰਮੀ ਹੇਕ ਨਾਲ ਕੋਈ ਗੀਤ ਛੇੜਦਾ ਸੀ, ਤਾਂ ਪੰਛੀ ਠਹਿਰ ਜਾਂਦੇ ਸਨ ਤੇ ਸਮੇਂ ਦੇ ਪੈਰਾਂ 'ਚ ਪਹਾੜ ਬੱਝ ਜਾਂਦਾ ਸੀ । ਵਜਦ ਵਿਚ ਆਏ ਸਰੋਤੇ ਉਸ ਦੇ ਸੁਰੀਲੇ ਸੁਰਾਂ ਦੀ ਉਂਗਲ ਫੜ ਕੇ ਸਰੂਰ ਦੇ ਸਾਗਰ 'ਚ ਉਤਰ ਜਾਂਦੇ ਸਨ ਤੇ ਇਕ ਤੋਂ ਬਾਅਦ ਇਕ ਗੀਤ ਦੀ ਫ਼ਰਮਾਇਸ਼ ਕਰਿਆ ਕਰਦੇ ਸਨ। ਜਿੱਥੇ ਉਸ ਦੀ ਮਖ਼ਮਲੀ ਆਵਾਜ਼ ਵਿਚ ਗਾਇਆ ਹੋਇਆ ਮਜ਼ਾਹੀਆ ਗੀਤ 'ਇਹ ਮੁੰਡਾ ਨਿਰਾ ਸ਼ਨਿੱਚਰ ਏ' ਸੁਣਨ ਵਾਲੇ ਨੂੰ ਗੁਦਗੁਦਾ ਜਾਂਦਾ ਸੀ, ਉੱਥੇ ਹੀ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ' ਜਿਹਾ ਸੰਜੀਦਾ ਗੀਤ ਲੱਖਾਂ ਦਿਲਾਂ ਨੂੰ ਸੋਗਮਈ ਕਰ ਜਾਣ ਦੇ ਵੀ ਸਮਰੱਥ ਸੀ। ਉਹ ਇਕ ਮੁਕੰਮਲ ਗਾਇਕ ਸੀ।


ਸ਼ੇਖ਼ੂਪੁਰਾ, ਪਾਕਿਸਤਾਨ ਵਿਖੇ 22 ਅਗਸਤ, 1927 ਨੂੰ ਪਿਤਾ ਸਰਦਾਰ ਪ੍ਰੀਤਮ ਸਿੰਘ ਅਤੇ ਮਾਤਾ ਅੰਮ੍ਰਿਤ ਕੌਰ ਦੇ ਗ੍ਰਹਿ ਵਿਖੇ ਆਪਣੇ ਜੀਵਨ ਦੀ ਪਹਿਲੀ ਕਿਲਕਾਰੀ ਮਾਰਨ ਵਾਲੇ ਆਸਾ ਸਿੰਘ ਦਾ ਝੁਕਾਅ ਮੁੱਢ ਤੋਂ ਹੀ ਸੰਗੀਤ ਵੱਲ ਸੀ ਤੇ ਗਾਇਕੀ ਉਸ ਨੂੰ ਬੜੀ ਚੰਗੀ ਲੱਗਦੀ ਸੀ। ਉਸ ਨੇ ਪੰਡਿਤ ਦੁਰਗਾ ਪ੍ਰਸਾਦ ਜਿਹੇ ਕਾਬਲ ਉਸਤਾਦ ਕੋਲੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ ਤੇ ਸੰਨ 1949 ਵਿਚ ਪਹਿਲੀ ਵਾਰ ਰੇਡੀਓ 'ਤੇ ਜਾ ਕੇ 'ਠੰਡੀਏ ਹਵਾਏ ਨੀ ਕਿਹੜੇ ਪਾਸਿਓਂ ਤੋਂ ਆਈਂ ਏ' ਨਾਮਕ ਗੀਤ ਗਾ ਦਿੱਤਾ।

ਪੰਜਾਬੀ ਬੋਲੀ ਤੇ ਸੱਭਿਆਚਾਰ ਨੂੰ ਪਿਆਰਨ ਵਾਲੇ ਮਸਤਾਨੇ ਨੇ ਵਾਰਿਸ ਦੀ 'ਹੀਰ' ਸਣੇ ਅਜਿਹੇ ਅਨੇਕਾਂ ਦਿਲ ਟੁੰਬਵੇਂ ਨ਼ਗਮੇ ਗਾਏ ਜੋ ਅੱਜ ਤੱਕ ਲੋਕ-ਚੇਤਿਆਂ ਵਿਚ ਸਾਂਭੇ ਪਏ ਹਨ ਜਿਨ੍ਹਾਂ ਵਿਚੋਂ ਕੁਝ ਕੁ ਇਸ ਤਰ੍ਹਾਂ ਹਨ : 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ', 'ਮੈਨੂੰ ਤੇਰਾ ਸ਼ਬਾਬ ਲੈ ਬੈਠਾ', 'ਨੀ ਮੁਟਿਆਰੇ ਜਾਣਾ ਦੂਰ ਪਿਆ', 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ' ਅਤੇ 'ਆਜਾ ਮੇਰੇ ਖੇਤਾਂ ਦੀ ਬਹਾਰ ਵੇਖ ਲੈ'।

# ਨਸ਼ਿਆਂ ਦੀ ਮਾਰੂ ਹਨੇਰੀ ਤੇ ਅੱਥਰੂਆਂ ਦੀ ਭਾਸ਼ਾ


ਮੋਹਨ ਸ਼ਰਮਾ

• • •



ਨਸ਼ਿਆਂ ਦੀ ਮਾਰੂ ਹਨੇਰੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਅਸੀਂ ਚਾਰ ਦੋਸਤਾਂ ਨੇ ਫੈਸਲਾ ਕੀਤਾ ਕਿ ਸਮਾਜ ਦੇ ਵਡੇਰੇ ਹਿਤ ਨੂੰ ਮੁੱਖ ਰੱਖਦਿਆਂ ਸਕੂਲ ਦੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜ੍ਹਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਨਸ਼ਿਆਂ ਦੇ ਮਾਰੂ ਨੁਕਸਾਨਾਂ ਤੋਂ ਜਾਣੂ ਕਰਵਾਕੇ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਜਾਵੇ। ਉਨ੍ਹਾਂ ਦੇ ਮਨਾਂ 'ਤੇ ਇਸ ਪ੍ਰਕੋਪ ਦਾ ਅਸਰ ਨਾ ਪਵੇ ਅਤੇ ਉਹ ਨਸ਼ਿਆਂ ਵੱਲ ਮੂੰਹ ਹੀ ਨਾ ਕਰਨ, ਇਸਦੇ ਲਈ ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਵਿੱਚ ਪ੍ਰਾਰਥਨਾ ਸਭਾ ਸਮੇਂ ਵਿਦਿਆਰਥੀਆਂ ਨੂੰ ਸਬੋਧਨ ਕਰਨ ਅਤੇ ਉਨ੍ਹਾਂ ਨਾਲ ਇਸ ਸੰਬੰਧੀ ਵਿਚਾਰ ਵਟਾਂਦਰਾ ਕਰਨ ਦੀ ਵਿਉਂਤਬੰਦੀ ਬਣਾ ਲਈ ਗਈ। ਇਸ ਸੰਬੰਧੀ ਅਸੀਂ ਵਿੱਦਿਆ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਸੰਪਰਕ ਕੀਤਾ। ਉਨ੍ਹਾਂ ਨੂੰ ਆਪਣੇ ਮੰਤਵ ਤੋਂ ਜਾਣੂ ਕਰਵਾਉਣ ਦੇ ਨਾਲ ਨਾਲ ਸਕੂਲਾਂ ਵਿੱਚ ਪ੍ਰਾਰਥਨਾ ਸਮੇਂ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਪ੍ਰਵਾਨਗੀ ਦੀ ਮੰਗ ਕੀਤੀ। ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਵਿੱਦਿਆ ਵਿਭਾਗ ਦੇ ਉੱਚ ਅਧਿਕਾਰੀ ਵੱਲੋਂ ਸਕੂਲ ਮੁਖੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਕਿ ਨਸ਼ਾ ਵਿਰੋਧੀ ਟੀਮ ਦੇ ਇਨ੍ਹਾਂ ਮੈਂਬਰਾਂ ਨੂੰ ਵਿਦਿਆਰਥੀਆਂ ਨਾਲ ਸੰਪਰਕ ਕਰਨ ਲਈ ਸਵੇਰ ਦੀ ਸਭਾ ਸਮੇਂ ਜਾਂ ਫਿਰ ਹੋਰ ਢੁਕਵਾਂ ਸਮਾਂ ਦੇ ਦਿੱਤਾ ਜਾਵੇ। ਅਸੀਂ ਇਸ ਸੰਬੰਧ ਵਿੱਚ ਦੋ ਦਿਨ ਰਾਖਵੇਂ ਰੱਖ ਲਏ। ਜਿਸ ਸਕੂਲ ਵਿੱਚ ਟੀਮ ਨੇ ਜਾਣਾ ਹੁੰਦਾ ਸੀ, ਉਸ ਨੂੰ 5-7 ਦਿਨ ਪਹਿਲਾਂ ਸੂਚਿਤ ਕਰਕੇ ਸਮਾਂ ਵੀ ਨਿਸ਼ਚਿਤ ਕਰ ਲਿਆ ਜਾਂਦਾ। ਨਿਸ਼ਚਿਤ ਸਮੇਂ 'ਤੇ ਵਿਦਿਆਰਥੀਆਂ ਨਾਲ ਸੰਵਾਦ ਰਚਾਉਂਦੇ। ਉਨ੍ਹਾਂ ਨੂੰ ਨਸ਼ੇ ਦੇ ਸਰੀਰ ਉੱਤੇ ਪੈਂਦੇ ਮਾਰੂ ਪ੍ਰਭਾਵ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦੇ ਅਤੇ ਉਨ੍ਹਾਂ ਤੋਂ ਨਸ਼ਾ ਨਾ ਕਰਨ ਲਈ ਪ੍ਰਣ ਵੀ ਕਰਵਾਇਆ ਜਾਂਦਾ। ਵੱਖ ਵੱਖ ਸਕੂਲਾਂ ਵਿੱਚ ਜਾਣ 'ਤੇ ਇਹ ਗੱਲ ਸਾਹਮਣੇ ਆਈ ਕਿ ਕੁਝ ਵਿਦਿਆਰਥੀ ਬੀੜੀ, ਜਰਦਾ ਅਤੇ ਸਿਗਰਟ ਪੀਣ ਦੀ ਆਦਤ ਦਾ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਵਿਦਿਆਰਥੀਆਂ ਦੀ ਸਾਡਾ ਇੱਕ ਸਾਥੀ ਅਲੱਗ ਕੌਂਸਲਿੰਗ ਕਰਦਾ ਸੀ। ਇੰਜ ਕਾਫੀ ਚੰਗੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਸਨ। ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਨੇ ਸਾਡੇ ਕੰਮ ਦੀ ਰੱਜ ਕੇ ਪ੍ਰਸ਼ੰਸਾ ਕੀਤੀ। ਮਨ ਨੂੰ ਸਕੂਨ ਮਿਲ ਰਿਹਾ ਸੀ ਕਿ ਅਸੀਂ ਬੱਚਿਆਂ ਨੂੰ ਨਸ਼ਾ ਰਹਿਤ ਕਰਨ ਦੀ ਪ੍ਰੇਰਨਾ ਦੇ ਕੇ ਨਸ਼ਾ ਰਹਿਤ ਸਮਾਜ ਸਿਰਜਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੇ ਹਾਂ। ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਆਪਣੇ ਸਕੂਲ ਵਿੱਚ ਨਸ਼ਿਆਂ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਆਉਣ ਵਾਸਤੇ ਸੁਨੇਹੇ ਵੀ ਮਿਲਣੇ ਸ਼ੁਰੂ ਹੋ ਗਏ ਸਨ।

ਪਹਿਲਾਂ ਦਿੱਤੇ ਗਏ ਸਮੇਂ ਅਨੁਸਾਰ ਜ਼ਿਲ੍ਹੇ ਦੇ ਇੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਡੀ ਟੀਮ ਪਹੁੰਚੀ। ਘੰਟਾ ਕੁ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਸੁਚੇਤ ਕਰਨ ਲਈ ਇੰਜ ਦੇ ਸੁਨੇਹੇ ਦਿੱਤੇ ਗਏ, "ਇਸ ਉਮਰ ਵਿੱਚ ਗਲਤ ਆਦਤਾਂ ਦਾ ਸ਼ਿਕਾਰ ਹੋਕੇ ਜੇਕਰ ਥਿੜਕ ਗਏ ਤਾਂ ਸਾਰੀ ਉਮਰ ਤਾਬ ਨਹੀਂ ਆਉਂਗੇ। ਪਰ ਜੇਕਰ ਇਸ ਉਮਰ ਵਿੱਚ ਚੰਗੀਆਂ ਆਦਤਾਂ ਗ੍ਰਹਿਣ ਕਰਕੇ ਸਖਤ ਮਿਹਨਤ ਕਰੋਂਗੇ ਤਾਂ ਸਫਲਤਾ ਤੁਹਾਡੇ ਅੰਗ ਸੰਗ ਹੋਵੇਗੀ।" ਹੋਰਾਂ ਸਕੂਲਾਂ ਵਾਂਗ ਵਿਦਿਆਰਥੀਆਂ ਨੂੰ ਚੰਗੇ ਮੁਕਾਮ 'ਤੇ ਪਹੁੰਚੀਆਂ ਸ਼ਖਸੀਅਤਾਂ ਦੀ ਕੀਤੀ ਘਾਲਣਾ ਤੋਂ ਵੀ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸੰਸਥਾ ਦਾ ਮੁਖੀ ਟੀਮ ਨੂੰ ਚਾਹ-ਪਾਣੀ ਪਿਲਾਉਣ ਲਈ ਆਪਣੇ ਦਫਤਰ ਵਿੱਚ ਲੈ ਗਿਆ। ਇੱਕ ਦੋ ਅਧਿਆਪਕ ਹੋਰ ਵੀ ਦਫਤਰ ਵਿੱਚ ਆ ਗਏ। ਸੰਸਥਾ ਦੇ ਮੁਖੀ ਨੇ ਪੰਜਾਬ ਵਿੱਚ ਨਸ਼ਿਆਂ ਵਿੱਚ ਗਰਕ ਹੋ ਰਹੀ ਜਵਾਨੀ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਨਸਲਾਂ ਨੂੰ ਬਚਾਉਣ ਲਈ ਤੁਹਾਡਾ ਯਤਨ ਅਤਿਅੰਤ ਸ਼ਲਾਘਾਯੋਗ ਹੈ। ਮੇਰੀ ਬੇਨਤੀ ਹੈ ਕਿ ਤੁਸੀਂ ਇਹ ਨੇਕ ਕਾਰਜ ਜਾਰੀ ਰੱਖਿਉ ...।" ਹਾਲਾਂ ਉਹ ਅਗਾਂਹ ਕੁਝ ਹੋਰ ਕਹਿਣਾ ਚਾਹੁੰਦਾ ਸੀ ਕਿ ਸੰਸਥਾ ਦੀ ਇੱਕ ਅਧਿਆਪਕਾ ਵਿਦਿਆਰਥਣ ਨੂੰ ਨਾਲ ਲੈ ਕੇ ਆ ਗਈ। ਆਉਂਦਿਆਂ ਹੀ ਚਿੰਤਾਤੁਰ ਲਹਿਜ਼ੇ ਵਿੱਚ ਕਿਹਾ, "ਸਾਡੀ ਇਸ ਵਿਦਿਆਰਥਣ ਦੇ ਦੁੱਖ ਤੋਂ ਤੁਹਾਨੂੰ ਜਾਣੂ ਕਰਵਾਉਂਦੀ ਹਾਂ ਜੀ। ਇਹ ਲੜਕੀ ਗਿਆਰ੍ਹਵੀਂ ਵਿੱਚ ਪੜ੍ਹਦੀ ਹੈ। ਦਸਵੀਂ ਵਿੱਚ ਜਮਾਤ ਵਿੱਚੋਂ ਹੀ ਫਸਟ ਨਹੀਂ ਆਈ ਸਗੋਂ ਮੈਰਿਟ ਲਿਸਟ ਵਿੱਚ ਆਕੇ ਵਜੀਫ਼ਾ ਵੀ ਪ੍ਰਾਪਤ ਕੀਤਾ ਹੈ। ਪਿਛਲੇ ਮਹੀਨੇ ਜਦੋਂ ਇਹਦਾ ਵਜੀਫਾ ਆਇਆ ਤਾਂ ਇਹ ਵਜੀਫੇ ਵਾਲੀ ਰਾਸ਼ੀ ਲੈਕੇ ਮੇਰੇ ਕੋਲ ਆ ਗਈ। ਮੈਨੂੰ ਵਜੀਫੇ ਵਾਲੀ ਰਕਮ ਦਿੰਦਿਆਂ ਗੱਚ ਭਰਕੇ ਕਹਿਣ ਲੱਗੀ, "ਮੈਡਮ ਜੀ, ਇਹ ਪੈਸੇ ਤੁਸੀਂ ਆਪਣੇ ਕੋਲ ਰੱਖ ਲਵੋ, ਲੋੜ ਪੈਣ 'ਤੇ ਮੈਂ ਥੋੜੇ ਕੋਲੋਂ ਲੈ ਲਵਾਂਗੀ। ਜੇ ਘਰ ਲੈ ਗਈ ਤਾਂ ਇਨ੍ਹਾਂ ਪੈਸਿਆਂ ਦੀ ਮੇਰਾ ਬਾਪੂ ਸ਼ਰਾਬ ਪੀ ਜਾਵੇਗਾ।"



ਕੁੜੀ ਨੇ ਵੀ ਡੁਸਕਦਿਆਂ ਹੋਇਆਂ ਦੱਸ ਦਿੱਤਾ, "ਮੇਰਾ ਬਾਪ ਸ਼ਰਾਬ ਪੀਕੇ ਬਹੁਤ ਖੌਰੂ ਪਾਉਂਦਾ ਹੈ। ਮੇਰੀ ਮਾਂ ਨੂੰ ਸ਼ਰਾਬ ਪੀਕੇ ਕੁੱਟਦਾ ਵੀ ਹੈ। ਘਰ ਰੋਜ਼ ਕਜੀਆ-ਕਲੇਸ਼ ਰਹਿੰਦੈ...।"

ਵਿਦਿਆਰਥਣ ਦਾ ਦੁੱਖ ਸੁਣਕੇ ਟੀਮ ਨੇ ਕੁੜੀ ਦੇ ਬਾਪ ਨੂੰ ਮਿਲਣ ਦਾ ਨਿਰਣਾ ਕਰ ਲਿਆ। ਪਰ ਕੁੜੀ ਨੇ ਤਰਲੇ ਨਾਲ ਕਿਹਾ, "ਅੱਜ ਨਾ ਜਾਇਉ ਜੀ। ਇਸ ਵੇਲੇ ਉਹ ਦਾਰੂ ਨਾਲ ਰੱਜਿਆ ਹੋਣੈ। ਥੋੜੀ ਕੋਈ ਗੱਲ ਨਹੀਂ ਸੁਣਨੀ। ਨਾਲੇ ਜੇ ਉਹਨੂੰ ਪਤਾ ਲੱਗ ਗਿਆ ਬਈ ਮੈਂ ਥੋਨੂੰ ਦੱਸਿਐ, ਫਿਰ ਮੈਨੂੰ ਮਾਰੇਗਾ। ਕਿਸੇ ਦਿਨ ਸਵੇਰੇ ਦਸ ਕੁ ਵਜੇ ਤੋਂ ਪਹਿਲਾਂ ਉਹ ਸੋਫੀ ਹੁੰਦਾ ਹੈ। ਉਸ ਵੇਲੇ ਹੀ ਉਹਦੇ ਨਾਲ ਗੱਲ ਕਰਨ ਦਾ ਫਾਇਦੈ...।"

ਕੁੜੀ ਦੀ ਗੱਲ ਮੰਨ ਕੇ ਅਸੀਂ ਵਾਪਸ ਆ ਗਏ। ਰਾਹ ਵਿੱਚ ਆਉਂਦਿਆਂ ਨਸ਼ਾ ਛੁਡਾਊ ਕੇਂਦਰ ਦਾ ਮੁਖੀ ਹੋਣ ਦੇ ਨਾਤੇ ਲੜਕੀ ਦੇ ਪਿਤਾ ਨੂੰ ਠੀਕ ਰਾਹ 'ਤੇ ਲਿਆਉਣ ਦੀ ਜ਼ਿੰਮੇਵਾਰੀ ਮੈਂ ਲੈ ਲਈ।

ਦੋ ਦਿਨ ਬਾਅਦ ਲੜਕੀ ਦੇ ਦੱਸੇ ਅਡਰੈੱਸ ਅਨੁਸਾਰ ਮੈਂ ਅਤੇ ਮੇਰਾ ਨਸ਼ਾ ਛੁਡਾਊ ਕੇਂਦਰ ਦਾ ਸਾਥੀ ਉਹਦੇ ਘਰ ਪੁੱਜ ਗਏ। ਉਹ ਆਪ ਅਤੇ ਉਸਦੀ ਪਤਨੀ ਘਰ ਹੀ ਸਨ। ਨਸ਼ੇ ਦੀ ਮਾਰੂ ਹਨੇਰੀ ਦੇ ਸੇਕ ਨੇ ਘਰ ਦੀ ਹਾਲਤ ਤਰਸਯੋਗ ਕਰ ਰੱਖੀ ਸੀ। ਠੰਢੇ ਚੁੱਲ੍ਹੇ ਵੱਲ ਨਜ਼ਰ ਮਾਰਦਿਆਂ ਅਤੇ ਪਤਨੀ ਦੇ ਝੁਰੜੀਆਂ ਭਰੇ ਚਿਹਰੇ ਨੂੰ ਵੇਖਕੇ ਮਨ ਭਰ ਆਇਆ। ਉਹਦੇ ਨਾਲ ਦੋਸਤਾਂ ਵਾਲਾ ਵਰਤਾਉ ਕਰਦਿਆਂ ਉਸ ਨੂੰ ਅਹਿਸਾਸ ਕਰਵਾਇਆ ਕਿ ਤੂੰ ਸ਼ਰਾਬ ਕਾਰਨ ਤਿਲ ਤਿਲ ਕਰਕੇ ਮਰ ਰਿਹਾ ਹੈਂ ਅਤੇ ਨਾਲ ਹੀ ਘਰ ਦੀ ਹਾਲਤ ਵੀ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਕਰ ਦਿੱਤੀ ਹੈ। ਔਰਤ ਦੇ ਹੰਝੂ ਰੁਕ ਨਹੀਂ ਸਨ ਰਹੇ। ਆਂਢ ਗੁਆਂਢ ਦੇ ਮਰਦ-ਔਰਤਾਂ ਵੀ ਆ ਗਈਆਂ। ਅਸੀਂ ਸਾਰਿਆਂ ਨੂੰ ਆਪਣੇ ਆਉਣ ਦਾ ਮਕਸਦ ਦੱਸਦਿਆਂ ਕਿਹਾ ਕਿ ਇਸਦੀ ਸ਼ਰਾਬ ਛੁਡਵਾ ਕੇ ਵਧੀਆ ਇਨਸਾਨ ਬਣਾਉਣ ਲਈ ਇਸ ਨੂੰ ਲੈਣ ਆਏ ਹਾਂ। ਪਤਨੀ ਅਤੇ ਦੂਜੇ ਲੋਕਾਂ ਦੇ ਜ਼ੋਰ ਪਾਉਣ 'ਤੇ ਉਹ ਸਾਡੇ ਨਾਲ ਦਵਾਈ ਲਿਆਉਣ ਲਈ ਤਿਆਰ ਹੋ ਗਿਆ। ਨਾਲ ਹੀ ਸ਼ਰਤ ਵੀ ਰੱਖ ਦਿੱਤੀ ਕਿ ਸ਼ਾਮ ਨੂੰ ਘਰ ਛੱਡਣ ਦੀ ਜ਼ਿੰਮੇਵਾਰੀ ਵੀ ਥੋਡੀ ਹੈ। ਅਸੀਂ ਸਹਿਮਤੀ ਵਿੱਚ ਸਿਰ ਹਿਲਾ ਦਿੱਤਾ। ਸਾਨੂੰ ਪਤਾ ਸੀ ਕਿ ਨਸ਼ਈ ਦੀ ਉਂਗਲ ਫੜਨ ਉਪਰੰਤ ਉਸਦਾ ਪੌਂਚਾ ਕਿੰਜ ਫੜਨਾ ਹੈ।

ਜਾਣ ਸਾਰ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰ ਲਿਆ। ਇੱਕ ਦੋ ਦਿਨ ਉਸਨੇ ਛੜਾਂ ਜਿਹੀਆਂ ਮਾਰੀਆਂ, ਫਿਰ ਦੂਜੇ ਦਾਖ਼ਲ ਨਸ਼ਈ ਮਰੀਜ਼ਾਂ ਨਾਲ ਰਚ-ਮਿੱਚ ਗਿਆ। ਦੁਆ ਅਤੇ ਦਵਾਈ ਦੇ ਸੁਮੇਲ ਨਾਲ ਉਹ ਦਿਨ ਬ ਦਿਨ ਠੀਕ ਹੁੰਦਾ ਗਿਆ। ਬਿਨਾਂ ਕਿਸੇ ਮਾਰ-ਕੁੱਟ ਤੋਂ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਦਾ ਪਾਠ ਪੜ੍ਹਾਉਣਾ ਸਾਡਾ ਰੋਜ਼ ਦਾ ਕੰਮ ਸੀ। ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜਾਉਂਦਿਆਂ ਚੰਗਾ ਪੁੱਤ, ਚੰਗਾ ਪਤੀ, ਚੰਗਾ ਬਾਪ ਅਤੇ ਚੰਗਾ ਨਾਗਰਿਕ ਕਿੰਜ ਬਣਨਾ ਹੈ, ਇਹ ਸਿੱਖਿਆ 'ਤੇ ਵੀ ਜ਼ੋਰ ਦਿੱਤਾ ਜਾਂਦਾ ਸੀ। ਇਕ ਦਿਨ ਸ਼ਾਮ ਨੂੰ ਯੋਗਾ ਕਰਵਾਉਣ ਵੇਲੇ ਉਹ ਮੈਨੂੰ ਕਹਿ ਰਿਹਾ ਸੀ, "ਹੁਣ ਤਕ ਤਾਂ ਨੇਰ੍ਹਾ ਈ ਢੋਇਐ ਜੀ, ਜੇ ਤੁਸੀਂ ਨਾ ਲਿਆਉਂਦੇ ਤਾਂ ਹੁਣ ਤਕ ਤਾਂ ਭਾਣਾ ਵਾਪਰ ਗਿਆ ਹੁੰਦਾ। ਬਹੁਤ ਸ਼ਰਮ ਆਉਂਦੀ ਐ ਮੈਨੂੰ ਆਪਣੇ ਕੀਤੇ ਕੰਮਾਂ 'ਤੇ।"

ਡੇਢ ਕੁ ਮਹੀਨੇ ਬਾਅਦ ਉਸਦੀ ਪਤਨੀ ਨੂੰ ਸੁਨੇਹਾ ਦਿੱਤਾ ਗਿਆ ਕਿ ਤੁਹਾਡਾ ਪਤੀ ਹੁਣ ਬਿਲਕੁਲ ਠੀਕ ਹੈ, ਇਹਨੂੰ ਆਕੇ ਲੈ ਜਾਵੋ।"

ਅਗਲੇ ਦਿਨ ਉਹਦੀ ਪਤਨੀ ਆ ਗਈ। ਬਹੁਤ ਹੀ ਸਲੀਕੇ ਨਾਲ ਉਹ ਆਪਣੀ ਪਤਨੀ ਨੂੰ ਮਿਲਿਆ। ਦੋਨਾਂ ਲਈ ਲਾਅਨ ਵਿੱਚ ਕੁਰਸੀਆਂ ਰੱਖਕੇ ਉਨ੍ਹਾਂ ਨੂੰ ਆਪਸ ਵਿੱਚ ਗੱਲਬਾਤ ਕਰਨ ਲਈ ਕਿਹਾ ਗਿਆ। ਉਨ੍ਹਾਂ ਨੂੰ ਆਪਸ ਵਿੱਚ ਗੱਲਬਾਤ ਕਰਦਿਆਂ ਵੇਖਕੇ ਸਕੂਨ ਜਿਹਾ ਆ ਰਿਹਾ ਸੀ। ਗੱਲਾਂ ਕਰਦੇ ਉਹ ਕਦੇ ਮੁਸਕਰਾ ਪੈਂਦੇ ਅਤੇ ਕਦੇ ਗੰਭੀਰ ਹੋ ਜਾਂਦੇ।

ਥੋੜ੍ਹੀ ਦੇਰ ਬਾਅਦ ਪਤੀ ਪਤਨੀ ਦਫਤਰ ਵਿੱਚ ਆ ਗਏ। ਪਤਨੀ ਦੇ ਚਿਹਰੇ 'ਤੇ ਮੁਸਕਰਾਹਟ ਤੈਰ ਰਹੀ ਸੀ। "ਇਹ ਤਾਂ ਜੀ ਸੱਚੀਉਂ ਬਦਲ ਗਏ। ਪਹਿਲਾ ਤਾਂ ਇਨ੍ਹਾਂ ਨੂੰ ਲਹੀ-ਤਹੀ ਦਾ ਕੋਈ ਪਤਾ ਨਹੀਂ ਸੀ। ਹੁਣ ਵੀ ਮੈਨੂੰ ਪੁੱਛ ਰਹੇ ਸੀ ਕਿ ਆਪਣੀ ਮੀਤੋ ਕਿਹੜੀ ਜਮਾਤ ਵਿੱਚ ਪੜ੍ਹਦੀ ਐ। ਸਿਹਤ ਵੀ ਵਧੀਆ ਬਣ ਗਈ ਇਨ੍ਹਾਂ ਦੀ। ਸੱਚੀਂ ਜੀ, ਥੋੜ੍ਹੇ ਜਿਹੇ ਸਮੇਂ ਵਿੱਚ ਅਸੀਂ ਜਿੰਨੀਆਂ ਗੱਲਾਂ ਕੀਤੀਆਂ ਨੇ, ਉਂਨੀਆਂ ਸਾਰੀ ਉਮਰ ਵਿੱਚ ਨਹੀਂ ਕੀਤੀਆਂ...।"

ਸ਼ੁਭ ਕਾਮਨਾਵਾਂ ਦੇਕੇ ਉਨ੍ਹਾਂ ਨੂੰ ਵਿਦਾਅ ਕਰ ਦਿੱਤਾ ਗਿਆ। ਇੱਕ ਦਿਨ ਦਫਤਰ ਵਿੱਚ ਫੋਨ ਆਇਆ। ਫੋਨ ਲੜਕੀ ਦਾ ਸੀ। ਬੜੇ ਚਾਅ ਨਾਲ ਉਹ ਦੱਸ ਰਹੀ ਸੀ, "ਸਰ, ਥੋਡਾ ਬਹੁਤ ਬਹੁਤ ਸ਼ੁਕਰੀਆ। ਮੇਰਾ ਬਾਪੂ ਮੇਰੇ ਕੋਲ ਬੈਠਾ ਹੈ। ਅਸੀਂ ਇਕੱਠੇ ਰੋਟੀ ਖਾਕੇ ਹਟੇ ਹਾਂ। ਹੁਣ ਬਹੁਤ ਪਿਆਰ ਕਰਦਾ ਹੈ ਸਾਨੂੰ। ਅਸੀਂ ਰੋਜ਼ ਤੁਹਾਨੂੰ ਅਸੀਸਾਂ ਦਿੰਦੇ ਹਾਂ। ਸ਼ਰਾਬ ਵੱਲ ਤਾਂ ਹੁਣ ਝਾਕਦਾ ਵੀ ਨਹੀਂ।"

ਕੁੜੀ ਦੇ ਉਤਸ਼ਾਹ ਅਤੇ ਚਾਅ ਨਾਲ ਲਬਰੇਜ਼ ਬੋਲ ਸੁਣਕੇ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਨਾਲ ਖੜ੍ਹਾ ਸਟਾਫ ਮੈਂਬਰ ਮੇਰੀਆਂ ਅੱਖਾਂ ਵਿੱਚ ਅੱਥਰੂ ਵੇਖਕੇ ਚਿੰਤਾਤੁਰ ਲਹਿਜ਼ੇ ਵਿੱਚ ਕਹਿਣ ਲੱਗਿਆ, "ਸਰ, ਸੁੱਖ ਐ। ਮੋਬਾਇਲ ਸੁਣਕੇ ਤੁਸੀਂ...।"

ਮੈਂ ਮੁਸਕਰਾਕੇ ਜਵਾਬ ਦਿੱਤਾ, "ਸਿਰਫ਼ ਸੋਗੀ ਸੁਨੇਹੇ ਹੀ ਅੱਥਰੂ ਨਹੀਂ ਲਿਆਉਂਦੇ, ਖੁਸ਼ੀਆਂ ਭਰੇ ਸੁਨੇਹਿਆਂ ਨਾਲ ਵੀ ਨੈਣ ਛਲਕ ਪੈਂਦੇ ਨੇ।" ਫਿਰ ਮੈਂ ਮੁਸਕਰਾਕੇ ਅੱਥਰੂ ਪੂੰਝਣ ਲੱਗ ਪਿਆ।

# ਈ ਦੀਵਾਨ ਸੋਸਾਇਟੀ ਕੈਲਗਰੀ ਵਲੋਂ ਅੰਤਰਰਾਸ਼ਟਰੀ ਕਵੀ ਦਰਬਾਰ



ਰਿਪੋਰਟ ਕਰਤਾ
**ਸ ਜਸਵਿੰਦਰ ਸਿੰਘ ਰੁਪਾਲ**

ਕੈਲਗਰੀ-ਈ ਦੀਵਾਨ ਸੋਸਾਇਟੀ, ਕੈਲਗਰੀ ਵੱਲੋਂ ਆਪਣੇ ਹਫਤਾਵਾਰੀ ਪ੍ਰੋਗਰਾਮ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤਅੰਤਰਰਾਸ਼ਟਰੀ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਹ ਸੋਸਾਇਟੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਕਵੀ - ਦਰਬਾਰ ਸਜਾਉਣ ਦੀ ਪਿਰਤ ਨੂੰ ਜਿੰਦਾ ਰੱਖ ਰਹੀ ਹੈ।

ਸਭ ਤੋਂ ਪਹਿਲਾਂ ਡਾਕਟਰ ਬਲਰਾਜ ਸਿੰਘ ਜੀ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਟੋਰਾਂਟੋ ਤੋਂ ਆਈਆਂ ਬੱਚੀਆਂ-ਅਨੁਰੀਤ ਕੌਰ, ਅਮਿਤੋਜ਼ ਕੌਰ ਅਤੇ ਮਨਰੀਤ ਕੌਰ ਨੇ ਗੁਰਬਾਣੀ ਸ਼ਬਦ ਗਾਇਨਨਾਲ ਹਰੀ-ਜਸ ਕਰਦੇ ਹੋਏ ਕਵੀ ਦਰਬਾਰ ਦੀ ਆਰੰਭਤਾ ਕੀਤੀ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਜੀਂ ਨੇ ਸ਼ਬਦ "ਮੈ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ" ਸੁਣਾਇਆ। ਬਰੈਂਪਟਨ ਤੋਂ ਬੱਚੀਆਂ ਸਿਮਰਲੀਨ ਕੌਰ, ਪਰਮੀਤ ਕੌਰ ਅਤੇ ਸ ਪਰਮਜੀਤ ਸਿੰਘ ਨੇ ਸ. ਕਰਮਜੀਤ ਸਿੰਘ ਨੂਰ ਜੀਂ ਦਾ ਲਿਖਿਆ ਧਾਰਮਿਕ ਗੀਤ "ਗੁਰਸਿੱਖ ਦੇ ਪ੍ਰਾਣ ਗੁਰਬਾਣੀ ਗੁਰਬਾਣੀ" ਗਾ ਕੇ ਕਵੀ ਦਰਬਾਰ ਦੇ ਵਿਸ਼ੇ ਵੱਲ ਧਿਆਨ ਖਿੱਚਿਆ। ਸਰਬਜੀਤ ਕੌਰ ਸਰਬ, ਉੱਤਰਾਖੰਡ ਨੇ ਆਪਣੀ ਕਵਿਤਾ "ਸਰਬ ਸਾਂਝਾ ਗਿਆਨ ਦਾ ਨੂਰ ਬਾਣੀ" ਸਟੇਜੀ ਕਵਿਤਾ ਦੇ ਅੰਦਾਜ਼ ਵਿੱਚ ਸੁਣਾਈ। ਪਟਿਆਲੇ ਤੋਂ ਕਵੀ ਸ. ਕੁਲਵੰਤ ਸਿੰਘ ਸੇਦੋਕੇ ਨੇ ਦਵਈਆ ਛੰਦ ਵਿਚ ਲਿਖੀ ਕਵਿਤਾ "ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਬਾਣੀ ਧੁਰ ਤੋਂ ਆਈ" ਗਾ ਕੇ ਕਵੀਸ਼ਰੀ ਰੰਗ ਸੁਰਜੀਤ ਕਰ ਦਿੱਤਾ। ਸ. ਜਸਵਿੰਦਰ ਸਿੰਘ "ਰੁਪਾਲ" ਨੇ ਕਵਿਤਾ "ਵਾਹ ਵਾਹ ਬਾਣੀ ਨਿਰੰਕਾਰ ਦੀ ਏ" ਰਾਹੀਂ ਬਾਣੀ ਦੀ ਸਿਧਾਂਤਕ ਮਹੱਤਤਾ ਦਰਸਾਈ। ਜਲੰਧਰ ਤੋਂ ਉਸਤਾਦ ਕਵੀ ਇੰਜੀਨੀਅਰ ਸ. ਕਰਮਜੀਤ ਸਿੰਘ ਨੂਰ ਜੀਂ ਨੇ ਆਪਣੀ ਕਵਿਤਾ ਵਿੱਚ ਜਿੱਥੇ ਸ਼ਬਦ-ਗੁਰੂ ਦੀ ਵਡਿਆਈ ਕੀਤੀ,ਉੱਥੇ ਆਧੁਨਿਕ ਸਮੇਂ ਵਿੱਚ ਗੁਰਬਾਣੀ ਤੋਂ ਟੁੱਟਿਆਂ ਨੂੰ ਵੀ ਜਗਾਇਆ। ਮਸਕਟ ਤੋਂ ਸ਼ਾਮਲ ਹੋਏ ਸ ਬਲਕਾਰ ਸਿੰਘ ਬੱਲ ਜੀਂ ਨੇ ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਬਾਣੀ ਹੈ ਇਹ ਧੁਰ ਕੀ ਬਾਣੀ, ਬਾਣੀ ਜਨਮ ਸਵਾਰੇ"ਆਪਣੀ ਦਿਲਕਸ਼ ਅਵਾਜ ਵਿਚ ਗਾ ਕੇ ਸੁਣਾਇਆ। ਟੋਰਾਂਟੋ ਤੋਂ ਸ੍ਰੀ ਮਤੀ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਕੋਰੜਾ ਛੰਦ ਵਿਚ ਲਿਖੀ ਆਪਣੀ ਕਵਿਤਾ "ਗੁਰੂ ਗ੍ਰੰਥ ਜੀਂ ਤੋਂ ਜਾਵਾਂ ਬਲਿਹਾਰ ਜੀਂ ਗਾ ਕੇ ਸੁਣਾਈ। ਗੁਰੂ ਪ੍ਰੇਮ ਵਿਚ ਰੱਤੀ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣਾ ਲਿਖਿਆ ਗੀਤ ""ਮੇਰੇ ਤਨ ਮਨ ਅੰਮ੍ਰਿਤ ਘੋਲਿਆ, ਗੁਰੂ ਦੀਬਾਣੀ ਨੇ" ਗਾ ਕੇ ਸੁਣਾਇਆ।

ਸਿਆਟਲ ਤੋਂ ਸ ਅਵਤਾਰ ਸਿੰਘ ਅਦਮਪੁਰੀ ਜੀਂ ਨੇ ਆਪਣੀ ਕਵਿਤਾ "ਪੜ੍ਹਿਆ ਕਰ ਸਤਿਗੁਰ ਦੀ ਬਾਣੀ" ਰਾਹੀਂ ਸਰੋਤਿਆਂ ਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਕੈਲਗਰੀ ਤੋਂ ਸ. ਗੁਰਚਰਨ ਸਿੰਘ ਹੇਅਰਾਂ ਨੇ ਗੁਰੂ ਅਰਜਨ ਜੀਂ ਵਲੋਂ ਗੁਰੂ ਗ੍ਰੰਥ ਦੀ ਸੰਪਾਦਨਾ ਕਰਦੇ ਸਮੇਂ ਕਾਹਨਾ ਭਗਤ ਦੀ ਬਾਣੀ ਯੋਗ ਨਾ ਸਮਝ ਕੇ ਗ੍ਰੰਥ ਵਿਚ ਸ਼ਾਮਲ ਨਾ ਕਰਨ ਦੇ ਪ੍ਰਸੰਗ ਨੂੰ ਆਪਣੀ ਕਵਿਤਾ "ਕਾਹਨਾ ਤੇਰੀ ਬਾਣੀ ਨਾ ਢੁਕੇ ਕਸਵੱਟੀ ਤੇ" ਰਾਹੀਂ ਪੇਸ਼ ਕਰਕੇ ਵਾਹ ਵਾਹ ਖੱਟੀ। ਕੈਲਗਰੀ ਤੋਂ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਜੀਂ ਨੇ ਕਬਿੱਤ ਛੰਦ ਵਿਚ ਲਿਖੀ ਕਵਿਤਾ ਸੁਣਾ ਕੇ ਇੱਕ ਵੱਖਰਾ ਰੰਗ ਪੇਸ਼ ਕੀਤਾ। ਕੈਲਗਰੀ ਤੋਂ ਹੀ ਬੀਬੀ ਸੰਦੀਪ ਕੌਰ ਨੇ ਕਵਿਤਾ "ਨਿਰੰਕਾਰ ਹੀ ਗੋਬਿੰਦ ਹੈ, ਗੋਬਿੰਦ ਹੀ ਅਕਾਲ ਹੈ"। ਕੈਲਗਰੀ ਦੇ ਹੀ ਨੌਜਵਾਨ ਲੇਖਕ ਅਮਨਪ੍ਰੀਤ ਸਿੰਘ ਦੂਲਟ ਨੇ ਗੁਰੂ ਗ੍ਰੰਥ ਸਾਹਿਬ ਬਾਰੇ ਕਵਿਤਾ ਛੋਟੀ ਬਹਿਰ ਵਿਚ ਪੇਸ਼ ਕਰ ਕੇ ਸਰੋਤਿਆਂ ਨੂੰ ਹਲੂਣਿਆ।

ਅਖੀਰ ਤੇ ਟੋਰਾਂਟੋ ਤੋਂ ਸ ਸੁਜਾਨ ਸਿੰਘ ਸੁਜਾਨ ਜੀਂ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਮਿਲਣ ਸਮੇਂ ਦਾ ਬਿਰਤਾਂਤ "ਅੰਬਰ ਝੁਕ ਕੇ ਓਸ ਨੂੰ, ਦੇਖਣ ਲਈ ਆਇਆ" ਗੀਤ ਰਾਹੀਂ ਅੱਖਾਂ ਅੱਗੇ ਦ੍ਰਿਸ਼ਟੀਗੋਚਰ ਕਰ ਦਿੱਤਾ। ਸਟੇਜ ਸਕੱਤਰ ਦੀ ਸੇਵਾ ਸ ਸੁਜਾਨ ਸਿੰਘ ਸੁਜਾਨ ਜੀਂ ਨੇ ਅਤੇ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਜੀਂ ਨੇ ਸਾਂਝੇ ਤੌਰ ਤੇ ਨਿਭਾਈ।

* * * * * * *

## ਗੁਰਦੁਆਰਾ ਸਿੰਘ ਸਭਾ ਪਾਰਮਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਮਹਾਨ ਗੁਰਮਤਿ ਸਮਾਗਮ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਗੁਰਦੁਆਰਾ ਸਿੰਘ ਸਭਾ ਪਾਰਮਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਵਿਸ਼ਾਲ ਗੁਰਮਤਿ ਸਮਾਗਮ ਕਰਵਾਏ ਗਏ। ਜਿਸ ਵਿੱਚ ਸ਼ੁੱਕਰਵਾਰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਸ਼ਨੀਵਾਰ ਸ਼ਾਮ ਰਹਿਰਾਸ ਸਾਹਿਬ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਐਤਵਾਰ ਨੂੰ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਇਨ੍ਹਾਂ ਦੀਵਾਨਾਂ ਵਿੱਚ ਵਿਸ਼ੇਸ਼ ਤੌਰ ਤੇ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੇ ਕੀਰਤਨੀ ਜੱਥੇ ਵੱਲੋ ਰਸ-ਭਿੰਨੀ ਅਵਾਜ਼ ਵਿੱਚ ਗੁਰਬਾਣੀ ਕੀਰਤਨ ਰਾਹੀ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਇਨ੍ਹਾਂ ਸਮਾਗਮਾਂ ਵਿੱਚ ਵੱਡੀ ਤਦਾਦ ਵਿੱਚ ਸੰਗਤਾਂ ਨਮਸਤਕ ਹੋਈਆ। ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਨਾਲ ਸਾਰੇ ਸਮਾਗਮ ਦੀ ਜਾਣਕਾਰੀ ਦੀ ਸਾਂਝ ਪ੍ਰਬੰਧਕਾਂ ਵਲੋ ਪਾਈ ਗਈ। ਇਸ ਸਮਾਗਮ 'ਚ ਸਮੂਹ ਸੰਗਤਾਂ ਦੇ ਨਾਲ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਕੰਗ ਕਮੇਟੀ ਮੈਂਬਰ ਲਖਵਿੰਦਰ ਸਿੰਘ ਮੁਲਤਾਨੀ, ਇੰਦਰਸ਼ਿਵਦਿਆਲ ਸਿੰਘ, ਸੁਖਜਿੰਦਰ ਸਿੰਘ, ਬਲਵੀਰ ਸਿੰਘ, ਬਲਵੰਤ ਸਿੰਘ, ਦਲਜੀਤ ਸਿੰਘ, ਆਤਮਾ ਸਿੰਘ, ਪ੍ਰੇਮ ਸਿੰਘ ਆਦਿ ਮੌਜੂਦ ਸਨ। ਗੁਰੂ ਦਾ ਲੰਗਰ ਅਤੁੱਟ ਵਰਤਿਆ।

## ਧੰਨ ਧੰਨ ਨਾਭ ਕੰਵਲ ਰਾਜਾ ਸਾਹਿਬ ਜੀ ਦੀ 84ਵੀਂ ਬਰਸੀ ਸ਼੍ਰੀ ਗੁਰੂ ਨਾਨਕ ਦਰਬਾਰ ਰੋਮ ਵਿਖੇ 22 ਸਤੰਬਰ ਦਿਨ ਐਤਵਾਰ ਨੂੰ ਸ਼ਰਧਾ ਨਾਲ ਮਨਾਈ ਜਾਵੇਗੀ

ਰੋਮ ਇਟਲੀ(ਗੁਰਸ਼ਰਨ ਸਿੰਘ ਸੋਨੀ) ਮਹਾਨ ਤਪੱਸਵੀਂ ਰੱਬੀ ਜੋਤ ਧੰਨ ਧੰਨ ਨਾਭ ਕੰਵਲ ਰਾਜਾ ਸਾਹਿਬ ਜੀ ਜਿਹਨਾਂ ਨੇ ਸਾਰੀ ਜਿੰਦਗੀ ਪ੍ਰਭੂ ਬੰਦਗੀ ਵਿੱਚ ਸਾਦਗੀ ਨਾਲ ਗੁਜ਼ਾਰਦਿਆਂ ਮਨੁੱਖਤਾਂ ਦੇ ਭਲੇ ਦੇ ਅਨੇਕਾਂ ਕਾਰਜ਼ ਕੀਤੇ ਤੇ ਲੱਖਾਂ ਜੀਵਾਂ ਨੂੰ ਪ੍ਰਭੂ ਭਗਤੀ ਨਾਲ ਜੋੜਿਆ।ਰਾਜਾ ਸਾਹਿਬ ਜੀ ਦੇ ਸ਼ਰਧਾਲੂ ਪੂਰੀਆਂ ਵਿੱਚ ਰਹਿਣ ਬਸੇਰਾ ਕਰਦੇ ਹਨ ਤੇ ਹਰ ਸਾਲ ਰਾਜਾ ਸਾਹਿਬ ਜੀ ਨੂੰ ਯਾਦ ਕਰਦਿਆਂ ਉਹਨਾਂ ਦੀ ਯਾਦ ਵਿੱਚ ਵਿਸ਼ਾਲ ਸਮਾਗਮ ਕਰਵਾਉਂਦੇ ਹਨ।ਇਟਲੀ ਵਿੱਚ ਵੀ ਰਾਜਾ ਸਾਹਿਬ ਜੀਓ ਨਾਲ ਜੁੜੀ ਸੰਗਤਾਂ ਅਨੇਕਾਂ ਸਮਾਗਮ ਉਹਨਾਂ ਦੀ ਯਾਦ ਵਿੱਚ ਕਰਵਾਉਂਦੀ ਹੈ।ਇਟਲੀ ਦੀ ਰਾਜਧਾਨੀ ਰੋਮ ਵਿਖੇ ਵੀ ਸਥਿਤ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਨਾਨਕ ਦਰਬਾਰ ਰੋਮ ਵਿਖੇ ਸਮੂਹ ਸੰਗਤ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਧੰਨ ਨਾਭ ਕੰਵਲ ਰਾਜਾ ਸਾਹਿਬਸਰਵ ਦੀ 84ਵੀਂ ਬਰਸੀ 22 ਸਤੰਬਰ 2024 ਬਹੁਤ ਹੀ ਸ਼ਰਧਾ ਤੇ ਸੇਵਾ ਭਾਵਨਾ ਨਾਲ ਮਨਾ ਰਹੀ ਹੈ।ਪ੍ਰੈੱਸ ਨੂੰ ਇਹ ਜਾਣਕਾਰੀ ਸੇਵਾਦਾਰ ਅਮਰਜੀਤ ਸਿੰਘ ਰੋਮ ਨੇ ਦੱਸਿਆ ਕਿ ਇਸ ਮਹਾਨ ਦਿਵਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਜੀਓ ਦੇ ਪਾਠ ਦੇ ਭੋਗ ਉਪੰਰਤ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਜਾਵੇਗਾ ਜਿਸ ਵਿੱਚ ਵੱਖ-ਵੱਖ ਜੱਥੇ ਮਹਾਨ ਤਪੱਸਵੀਂ ਰੱਬੀ ਜੋਤ ਧੰਨ ਨਾਭ ਕੰਵਲ ਰਾਜਾ ਸਾਹਿਬ ਜੀਓਦੇ ਜੀਵਨ ਸੰਬਧੀ ਵਿਸਥਾਰਪੂਰਵਕ ਚਾਨਣਾ ਪਾਉਣਗੇ।ਸਮੂਹ ਸੰਗਤਾਂ ਨੂੰ ਇਹ ਬਰਸੀ ਸਮਾਗਮ ਵਿੱਚ ਪਹੁੰਚਕੇ ਗੁਰੂ ਦੀਆਂ ਪ੍ਰਾਪਤ ਕਰੋ ਜੀ।

# ਅੱਧੀ ਸਦੀ ਵੱਲ ਵਧਦੀ ਦੋਗਾਣਾ ਗਾਇਕੀ, ਅੱਜ ਵੀ ਓਹ ਢਾਲ-ਚਾਲ : ਹਰਪਾਲ ਠੱਠੇਵਾਲਾ ਤੇ ਕੰਵਲਜੀਤ ਕੰਵਲ

ਪੈਂਤੀ ਸਾਲ ਅੱਧੀ ਸਦੀ ਦੇ ਨਜ਼ਦੀਕ ਹੀ ਜਾ ਪੈਂਦੇ ਨੇ ਤੇ ਐਨੇ ਚਿਰ ਤੋਂ ਨਿਰੰਤਰ ਦੋਗਾਣਾ ਗਾਇਕੀ ਹੁਣ ਤੱਕ ਤੇ ਮੇਲਿਆਂ ਵਿੱਚ ਲਗਾਤਾਰ ਤਿੰਨ ਘੰਟੇ ਸਟੇਜ ਕਰਨੀ ਆਪਣੇ ਆਪ ਵਿੱਚ ਵੱਡੀ ਪ੍ਰਾਪਤੀ ਹੈ। ਗਾਇਕ ਜੋੜੀ ਹਰਪਾਲ ਠੱਠੇ ਵਾਲਾ ਤੇ ਕੰਵਲਜੀਤ ਕੰਵਲ ਦੀ ਗੱਲ ਕਰ ਰਹੇ ਹਾਂ ਜਿਹਨਾਂ ਪਿੱਛੇ ਦਿੱਲੀ ਦੀਆਂ ਸੰਗੀਤ ਕੰਪਨੀਆਂ ਨੋਟ ਲਈ ਫਿਰਦੀਆਂ ਰਹੀਆਂ ਕਿ ਇੱਕ ਰਿਕਾਰਡ, ਕੈਸਟ ਸਾਨੂੰ ਰਿਕਾਰਡ ਕਰਵਾ ਦਿਓ ।ਹਰਪਾਲ ਬਿਜਲੀ ਬੋਰਡ ਵਿੱਚ ਅਫ਼ਸਰੀ ਕਰਦੇ ਕੰਮ ਵੀ ਲਗਨ ਨਾਲ ਕਰਦੇ ਰਹੇ ਹਨ ਤੇ ਇਲਾਕੇ ਫ਼ਤਹਿਗੜ੍ਹ ਚੂੜੀਆਂ ਵਿਖੇ ਓਹਨਾਂ ਦੀ ਰਿਹਾਇਸ਼ ਹੈ। ਕੰਵਲਜੀਤ ਕੰਵਲ ਜਿਲ੍ਹਾ ਅੰਮ੍ਰਿਤਸਰ ਦੇ ਪਿੰਡ ਧੂਲਕਾ ਤੋ ਹੈ।

ਐਨੇ ਸਾਲ ਇੱਕਠੇ ਗਾਉਣਾ ਪਰ ਰੱਬ ਦੀ ਸੁੱਖ ਨਾਲ ਜੋੜੀ ਕਦੇ ਨਹੀਂ ਟੁੱਟੀ ਤੇ ਬਰਕਰਾਰ ਚਲਦੀ ਆ ਰਹੀ ਹੈ। "ਗਾਨੀ" "ਬਰੀਕ ਚੂੜੀਆਂ" ਤੇ "ਤੜਕ ਚੂੜਾ ਟੁੱਟਿਆ, ਦੋਵਾਂ ਦੇ ਓਹ ਦੋਗਾਣੇ ਨੇ ਜਿਹਨਾਂ ਨਾਲ ਇਹ ਜੋੜੀ ਹਰ ਥਾਂ ਮਕਬੂਲ ਹੋਏ ਦਾ ਪ੍ਰਮਾਣ ਪੱਤਰ ਲੈਂਦੀ ਰਹੀ ਹੈ।" "ਦਿਨ ਗਿਣਵੇਂ ਮਿਨ੍ਹਵੇ" ਤੇ "ਤੜਕ ਚੂੜਾ ਟੁੱਟਿਆ" ਦੋਗਾਣੇ ਖੂਬ ਚਲੇ ਹਨ। "ਤੈਨੂੰ ਸਾਡਾ ਫ਼ਿਕਰ ਨਹੀਂ" ਤੇ "ਬੋਤਲ ਵਰਗਾ" ਹਰਪਾਲ ਠੱਠੇ ਵਾਲਾ ਤੇ ਕੰਵਲਜੀਤ ਕੰਵਲ ਦੇ



ਗਾਏ ਓਹ ਦੋਗਾਣੇ ਨੇ ਜਿਹੜਾ ਬੱਸਾਂ ਤੇ ਟਰੱਕਾਂ ਵਿੱਚ ਆਮ ਵਜਦੇ ਰਹੇ ਹਨ। ਲਾਲ ਚੰਦ ਯਮਲਾ ਜੱਟ ਦੇ ਪੁੱਤ ਜਸਦੇਵ ਯਮਲਾ ਦੇ ਸ਼ਗਿਰਦ ਹਰਪਾਲ ਦੱਸਦੇ ਹਨ ਕਿ ਸਾਡੇ ਰਿਕਾਰਡ ਸੰਗੀਤ ਕੰਪਨੀਆਂ ਨੂੰ ਬਹੁਤ ਲਾਭ ਦਿੰਦੇ ਰਹੇ ਹਨ। "ਪੰਜ ਪਾਣੀ ਸੁੱਟਾਂ ਤੋੜ ਕਲੀਰੇ" ਦੋਗਾਣੇ ਤਾਂ ਲੋਕਾਂ ਵਾਰ ਵਾਰ ਡੀ ਜੇ



ਤੇ ਸੁਣੇ ਤੇ ਓਹਨਾਂ ਤੇ ਰੂਹ ਖੁਸ਼ ਕੀਤੀ ਹੈ। ਗਾਇਕਾ ਕੰਵਲਜੀਤ ਕੰਵਲ ਆਖਦੀ ਏ ਕਿ ਸਟੇਜ ਤੇ ਸਾਡਾ ਅੰਦਾਜ਼ ਲੋਕਾਂ ਨੂੰ ਇਸ ਕਦਰ ਪਸੰਦ ਆਇਆ ਕਿ ਅੱਜ ਵੀ ਓਹ ਠੀਕ ਓਸ ਤਰਾਂ ਹੀ ਲੋਕਾਂ ਦੀ ਕਸੌਟੀ ਤੇ ਖਰੇ ਉੱਤਰ ਰਹੇ ਹਨ। ਵਕਤ ਨਾਲ ਹਰਪਾਲ ਠੱਠੇ ਵਾਲਾ ਨੇ ਕੁੱਝ ਫ਼ਿਲਮਾਂ ਵਿੱਚ ਕੰਮ ਵੀ ਕੀਤਾ ਪਰ ਅਸਲ ਮਜ਼ਾ ਹੁਣ ਆਏਗਾ ਜਦ ਦੋਵਾਂ ਦਾ ਅਖਾੜਾ ਫਿਲਮ "ਮੈ ਤੇਰੀ ਤੂੰ ਮੇਰਾ" ਵਿੱਚ ਦਿਖਾਈ ਦੇਵੇਗਾ ਤੇ ਇਹ ਦੋਵਾਂ ਤੇ ਫ਼ਿਲਮਾਇਆ ਵੀ ਗਿਆ ਹੈ। ਹਰਪਾਲ ਦੱਸਦੇ ਨੇ ਕਿ ਓਹਨਾਂ ਦਾ ਗਾਇਆ ਬਿਰਹਾ ਰੰਗ ਦਾ ਗੀਤ "ਦਗ਼ਾਬਾਜ਼ੀ" ਬਹੁਤ ਮਕਬੂਲ ਹੋਇਆ ਸੀ। ਅੱਜ ਇੰਟਰਨੈੱਟ ਦੇ ਯੁੱਗ ਵਿੱਚ ਵੀ ਦੋਨੋਂ ਹਿੱਟ ਹਨ। ਵਿਆਹ ਸ਼ਾਦੀਆਂ ਤੇ ਅੱਜ ਵੀ ਇਸ ਜੋੜੀ ਦੀ ਮੰਗ ਹੈ। ਹਰਪਾਲ ਠੱਠੇ ਵਾਲਾ ਨੇ ਆਪਣੀ ਫਿੱਟਨੈੱਸ ਕਾਯਮ ਰੱਖੀ ਹੈ ਜਦ ਕਿ ਕੰਵਲਜੀਤ ਕੰਵਲ ਦੀ ਆਵਾਜ਼ ਵਿੱਚ ਉਹੀ ਕਸਿਸ਼ ਹੈ।


ਹਰਪਾਲ ਠੱਠੇ ਵਾਲਾ ਮਾਝਾ ਲੋਕ ਗਾਇਕੀ ਯੂਨੀਅਨ ਦੇ ਸਰਬ ਸੰਮਤੀ ਨਾਲ ਪੰਦਰਾਂ ਸਾਲ ਤੋਂ ਪ੍ਰਧਾਨ ਚਲੇ ਆ ਰਹੇ ਹਨ। ਧੀਰੇ ਗਿੱਲ ਦੀ ਫਿਲਮ "ਹਾਏ ਬੀਬੀਏ ਕਿੱਥੇ ਫਸ ਗਏ" ਦੇ ਪ੍ਰਚਾਰ ਇੰਚਾਰਜ ਰਹੇ ਹਰਪਾਲ ਠੱਠੇ ਵਾਲਾ ਨੇ ਕਿਹਾ ਕਿ ਦੇਸ਼ ਵਿਦੇਸ਼ ਓਹਨਾਂ ਦੇ ਸ਼ੋ ਸਦਾ ਸਫਲ ਰਹੇ ਹਨ। ਜਿੱਥੇ ਟਸਰੀਜ਼ ਤੇ ਟਿਪਸ ਸੰਗੀਤ ਕੰਪਨੀਆਂ ਦੀ ਅੱਜ ਵੀ ਇਹ ਜੋੜੀ ਪਸੰਦ ਹੈ ਉਥੇ ਹਰਪਾਲ ਠੱਠੇ ਵਾਲਾ ਤੇ ਕੰਵਲ ਦੋਗਾਣਾ ਗਾਇਕੀ ਵਿੱਚ ਆਖ਼ਰੀ ਸਾਹਾਂ ਤੱਕ ਗਾਉਣ ਦੀ ਗੱਲ ਕਰ ਕਿ ਦੋਗਾਣਾ ਗਾਇਕੀ ਵਿੱਚ ਆਪਣਾ ਰੁਤਬਾ ਕਾਯਮ ਰੱਖਣ ਵਾਲੀ ਗੱਲ ਸਹੀ ਸਾਬਿਤ ਕਰਦੇ ਰਹਿਣਗੇ ।

ਪੇਸ਼ਕਸ਼ : ਅੰਮ੍ਰਿਤ ਪਵਾਰ

## • ਪੰਜਾਬੀ ਫ਼ਿਲਮ ਦਰਪਣ •

### ਪੂਜਾ ਕਿਵੇਂ ਆ, ਮਾਡਲਿੰਗ ਕਰਦੀ ਸੀ

ਲਓ ਜੀ ਇੱਕ ਹੋਰ ਜਪਾਨੀ ਗੁੱਡੀਆ




ਦਿਲ ਲੈ ਜਾਣ ਨੂੰ ਤਿਆਰ ਹੈ ਤੇ ਨਾਮ ਓਸ ਦਾ ਪੂਜਾ ਕੌਸ਼ਲ ਹੈ। ਕਪੂਰਥਲਾ ਦੀ ਇਹ ਮਾਡਲ ਫਟਾ ਫਟ ਪੰਜਾਬੀ ਐਲਬਮ ਗੀਤ ਕਰ ਰਹੀ ਹੈ। ਨਾਲ ਹੀ ਹਿੰਦੀ ਸ਼ੋਰਟ ਫ਼ਿਲਮ "ਮੈਡ" ਨਾਲ ਓਹ ਚਰਚਿਤ ਹੋਈ ਹੈ। ਇੱਕ ਪਾਸੇ ਓਸ ਦਾ ਗੀਤ ਮਾਡਲ ਬਣ "ਨਕਾਬ" ਚਲ ਰਿਹਾ ਤੇ ਦੂਜੇ ਪਾਸੇ ਓਸ ਦੀ ਬੀ ਕੇ ਫ਼ਿਲਮਜ਼ ਵੱਲੋਂ ਬਣਾਈ "ਰਾਣੋ 2" ਫ਼ਿਲਮ ਆਈ ਹੋਈ ਹੈ। ਪੂਜਾ ਕੋਲ ਬਬਲੀ ਬਰਾੜ, ਸ਼ੇਰਾ ਦੇ ਗਾਣੇ ਹਨ, ਫ਼ਿਲਮਾਂ ਆ ਰਹੀਆਂ ਹਨ। ਗੱਲ ਕੀ ਪੂਜਾ ਚੜ੍ਹਦੀ ਕਲਾ ਵਿੱਚ ਹੈ, ਰੇਸ਼ਮੀ ਦੁਪੱਟੇ ਨਾਲ ਪੂਜਾ ਆਖਦੇ ਬਹੁਤ ਜਚਦੀ ਹੈ। ਬਿੱਟੂ ਮਾਨ ਵੀ ਪੂਜਾ ਦੀ ਤਰੀਫ ਬਲਵਿੰਦਰ ਕੁਮਾਰ ਨਾਲ ਮਿਲ ਕਰਦਾ ਹੈ।

### ਨੀਟੂ ਪੰਧੇਰ ਨੇ ਕੀਤੀ ਮਨਪ੍ਰੀਤ ਕੌਰ ਦੀ ਤਰੀਫ਼



ਨੀਟੂ ਪੰਧੇਰ ਪੰਜਾਬ ਦੇ ਸਟਾਰ ਕਲਾਕਾਰ ਹਨ ਤੇ "ਸਰਦਾਰ ਮੋਹੰਮਦ" ਸਮੇਤ ਓਹ ਅਨੇਕਾਂ ਪੰਜਾਬੀ ਫ਼ਿਲਮਾਂ ਕਰਨ ਵਾਲੇ ਇਹੀ ਨੀਟੂ ਪੰਧੇਰ ਜਿੱਥੇ ਬਹੁਤ ਸਾਰੀਆਂ ਫ਼ਿਲਮਾਂ ਕਰ ਰਹੇ ਹਨ ਓਥੇ ਓਹ ਅਦਾਕਾਰਾ ਮਨਪ੍ਰੀਤ ਕੌਰ ਦੇ ਅਭਿਨੈ ਦੇ ਕਾਇਲ ਹਨ। ਉਹਨਾਂ ਦੀ ਨਜ਼ਰ ਵਿੱਚ ਗਲੈਮਰ ਕਿਰਦਾਰ ਹੋਏ ਤਾਂ ਮਨਪ੍ਰੀਤ ਜਚਦੀ ਹੈ। ਲੁਧਿਆਣਾ ਦੀ ਮਨਪ੍ਰੀਤ ਨੇ ਬਹੁਤ ਸਾਰੇ ਵੀਡਿਓ ਕੀਤੇ ਹਨ ਤੇ ਅਵਤਾਰ ਵਰਮਾ ਵੀ ਅਕਸਰ ਆਪਣੇ ਵੀਡਿਓ ਤੇ ਫ਼ਿਲਮਜ਼ ਵਿੱਚ ਓਸ ਨੂੰ ਲੈਂਦੇ ਹਨ। ਮਨਪ੍ਰੀਤ ਕੌਰ ਨਰਮ ਦਿਲ ਤੇ ਸਹਯੋਗੀ ਐਕਟ੍ਰੈਸ ਹੈ ਤੇ ਤਮੰਨਾ ਹੈ ਕਿ ਨੀਟੂ ਪੰਧੇਰ ਨਾਲ ਆਨ ਸਕ੍ਰੀਨ ਓਸ ਦੀ ਜੋੜੀ ਬਣੇ।

### ਬਲਦੇਵ ਰਾਹੀ ਦੇ ਬੋਲ ਵਲੈਤੀਆਂ ਨੂੰ ਮੋਹ ਲੈਂਦੇ



ਪੰਜਾਬੀ ਸ਼ੋਰਟ ਫ਼ਿਲਮਾਂ ਦੀ ਭੂਮਿਕਾ ਬਲਦੇਵ ਰਾਹੀ ਬਾਖੂਬ ਘੜਦਾ ਹੈ ਤੇ ਸਟੇਜ ਸੰਚਾਲਨ ਓਹ ਗ਼ਜ਼ਬ ਹੈ। ਓਸ ਤਿੱਖਾ ਸੰਘਰਸ਼ ਕੀਤਾ ਹੈ ਤੇ ਅੱਜ ਕਲ ਓਹ ਕਨੇਡਾ ਸ਼ੋ ਲਾ ਰਿਹਾ ਹੈ। ਬਲਦੇਵ ਰਾਹੀ ਸਤਵਿੰਦਰ ਬਿੱਟੀ ਤੋ ਸੁਰਿੰਦਰ ਲਾਡੀ ਤੱਕ ਦਾ ਚਹੇਤਾ ਸਟੇਜ ਐਂਕਰ ਹੈ। ਬਲਦੇਵ ਰਾਹੀ ਇਸ ਤੋਂ ਇਲਾਵਾ ਮਾਡਲ ਲੜਕੀਆਂ ਨੂੰ ਅੱਗੇ ਲਿਆਉਣ ਵਿੱਚ ਸਰਗਰਮ ਰਹੇ ਹਨ। ਬਹੁਤ ਸਾਰੀਆਂ ਪ੍ਰਤਿਭਾ ਵਾਲੀਆ ਕੁੜੀਆਂ ਨੂੰ ਦੂਰਦਰਸ਼ਨ ਤੇ ਡੀ ਡੀ ਪੰਜਾਬੀ ਤੇ ਮੌਕਾ ਦੇਣ ਵਾਲੇ ਬਲਦੇਵ ਰਾਹੀ ਦਾ ਮੰਤਵ ਕਪਿਲ ਸ਼ਰਮਾ ਸ਼ੋ ਵਿੱਚ ਆ ਹੁਨਰ ਦਿਖਾਉਣਾ ਹੈ।

### ਬਿੱਟੂ ਮਾਨ ਤੇ ਮਾਣ ਹੈ ਪੰਜਾਬੀ ਓ ਟੀ ਟੀ ਨੂੰ

ਬਿੱਟੂ ਮਾਨ ਨੇ ਹਰ ਚੋਟੀ ਦੀ ਸੰਗੀਤ ਕੰਪਨੀ ਨਾਲ ਕੰਮ ਕੀਤਾ ਹੈ। "ਡਰ"



"ਰਾਣੋ" "ਜਨੂੰਨ" ਲਘੂ ਫਿਲਮਾਂ ਨਾਲ ਪੰਜਾਬੀ ਓ ਟੀ ਟੀ ਪਲੇਟਫਾਰਮ ਤੇ ਆਪਣਾ ਨਾਮ ਬਤੌਰ ਨਿਰਦੇਸ਼ਕ ਬਣਾ ਲਿਆ ਹੈ। ਸਹਿਜ ਅਵਸਥਾ ਨਾਲ ਚਲ ਕਿ ਅੱਜ ਕਾਮਯਾਬੀ ਤੇ ਬਿੱਟੂ ਮਾਨ ਨੇ ਹੁਣ "ਰਾਣੋ 2" ਰਲੀਜ਼ ਕੀਤੀ ਹੈ। ਬਿੱਟੂ ਮਾਨ ਕੁੱਝ ਹੋਰ ਲਘੂ ਫਿਲਮਾਂ ਦੇ ਬਾਅਦ ਵੱਡੀ ਫ਼ਿਲਮ ਕਰਨਗੇ। ਓਸ ਨੂੰ ਡੋਨ ਸਿਨੇਮਾ ਤੇ ਕੁਵੇਤੀਏ ਬਲਵਿੰਦਰ ਕੁਮਾਰ ਦਾ ਸਹਿਯੋਗ ਹੈ। ਸਿਫਤਾਂ ਬਿੱਟੂ ਦੀਆਂ ਜਦ ਪੂਜਾ ਕੌਸ਼ਲ ਤੇ ਮਹਿਕ ਸ਼ਰਮਾ ਕਰਨ ਤਦ ਫਰਕ ਤਾਂ ਪੈਂਦਾ ਹੈ।

### ਰੁਪਿੰਦਰ ਸਰਾ ਨਿਰੀ ਪੁਰੀ ਐਕਟ੍ਰੈਸ ਲੱਗਦੀ ਹੈ

ਅਫ਼ਸਰ ਬਣ ਨਿਆਂ ਦੇਣਾ ਇਹ ਵੀ ਇੱਕ ਚੰਗੇ ਇਨਸਾਨ ਦਾ ਗੁਣ ਹੈ ਹੈ ਓਹ ਐਸ ਪੀ ਪੰਜਾਬ ਪੁਲਿਸ ਪਰ ਨਿੱਜੀ ਜੀਵਨ ਵਿੱਚ ਕੁਦਰਤ ਨਾਲ ਪਿਆਰ, ਸੈਰ ਸਪਾਟਾ ਤੇ ਰੀਲਾਂ ਨਾਲ ਮੋਹ ਰੱਖਣ ਵਾਲੀ ਰੁਪਿੰਦਰ ਸਰਾ ਸੂਰਤ ਤੇ ਆਕਰਸ਼ਕ ਸਰੀਰਕ ਤੇ ਚਿਹਰੇ ਦੀ ਖਿੱਚ ਤੋ ਐਕਟ੍ਰੈਸ ਲੱਗਦੇ ਹਨ। ਰੂਪੀ ਸਰਾਂ ਇਨਸਾਫ਼ ਦੀ ਦੇਵੀ ਹਨ ਤੇ ਪੰਜਾਬ ਸਰਕਾਰ ਨੂੰ ਇਸ ਹੋਣਹਾਰ ਅਫ਼ਸਰ ਤੇ ਮਾਣ ਹੈ ਤੇ ਰੂਪੀ ਸਰਾ



ਹਰਿਆਵਲ ਪ੍ਰੇਮਣ ਹੈ। ਸੋਹਣਾ ਪਹਿਰਾਵਾ, ਸੰਗੀਤ ਨਾਲ ਪਿਆਰ ਤੇ ਸ਼ਲੀਣ ਗੁਣਾਂ ਨਾਲ ਰੁਪਿੰਦਰ ਸਰਾ ਸੱਚਮੁੱਚ ਸਟਾਰ ਐਕਟ੍ਰੈਸ ਤੋ ਵੀ ਵੱਧ ਪ੍ਰਭਾਵਿਤ ਕਰਦੇ ਹਨ।

### ਅਰਦਾਸ ਸਰਬੱਤ ਦੇ ਭਲੇ ਦੀ



ਚੰਗਾ ਕੰਮ ਕਰੋਗੇ ਤਰੀਫ ਹੋਏਗੀ, ਪਾਪ ਢੱਕੇ ਜਾਣਗੇ, ਗਿੱਪੀ ਗਰੇਵਾਲ ਦੀ "ਅਰਦਾਸ ਸਰਬੱਤ ਦੇ ਭਲੇ ਦੀ" ਫ਼ਿਲਮ ਚਲ ਗਈ ਹੈ। ਕਈ ਕੁਮੈਂਟ ਕਰਦੇ ਕਿ ਅਸ਼ਲੀਲ ਚੁਟਕਲੇ ਟਾਈਪ ਬਣਾ ਫਿਰ ਹੱਜ ਨੂੰ ਜਾਣਾ ਤੇ ਹੁਣ ਗਿੱਪੀ ਗਰੇਵਾਲ ਸਿਆਣੇ ਹੋਏ ਨੇ ਤੇ ਓਹਨਾਂ ਕਿਹਾ ਕਿ ਓਹ ਹੁਣ ਚੰਗੀਆਂ ਫ਼ਿਲਮਾਂ ਹੀ ਕਰਨਗੇ। ਇਹਨਾਂ "ਅਕਾਲ" ਸ਼ੁਰੂ ਕਰਨੀ ਹੈ। ਗੁਰਪ੍ਰੀਤ ਘੁੱਗੀ ਫ਼ਿਲਮ ਵਿੱਚ ਛਾਏ ਹੋਏ ਹਨ। ਗੱਲ ਕਿ ਯਾਤਰਾ ਤੇ ਉਪਦੇਸ਼ ਵਾਲੀ ਇਹ ਫ਼ਿਲਮ ਚਲੀ ਹੈ, ਸਿਹਰਾ "ਬੀਬੀ ਰਜਨੀ" ਨੂੰ ਹੀ ਜਾਂਦਾ ਹੈ।

-ਅੰਮ੍ਰਿਤ ਪਵਾਰ

ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



# ਮਾਨਵ-ਹੱਤਿਆ ਕੋਈ ਭੀ ਧਰਮ ਨਹੀਂ ਪ੍ਰਚਾਰਦਾ ਅਸੀਂ ਹਾਂ ਸੋਧੇ ਲਾਉਣ ਨੂੰ ਧਰਮ ਧੁਰਾ ਪ੍ਰਚਾਰਦੇ ਹਾਂ

ਬੰਦੇ ਦੇ ਕੰਮ ਦੇਖੋ ਭਾਈ, ਰੱਬ ਕਿਵੇਂ ਬਹੁੜੇ, ਅਸੀਂ ਰੱਬ ਦੇ ਸ਼ਰੀਕ ਬਣੇ ਬੈਠੇ ਹਾਂ ਦੋਸ਼ ਕੀਹਨੂੰ? ਅਸੀਂ ਬੱਸ ਗੁਰਬਾਣੀ ਲਿਖਣ ਲਈ ਮਾਹਰ ਜੀ ਗੁਰਬਾਣੀ ਤਾਂ ਇਤਿਹਾਸ ਸਿਰਜਦੀ ਹੈ ਪਰ ਸਾਡੀ ਮੱਤ ਨੀ ਸਿਰਜਦੀ, ਲੇਖਕ ਗੁਰਬਾਣੀ ਦਾ ਆਸਰਾ ਲੈ ਕੇ ਆਪਣੇ ਅੰਦਰ ਸੜਹਾਂਦ ਨੂੰ ਬਾਹਰ ਕੱਢਣ ਲਈ ਜੀ ਅਸੀਂ ਤਾਂ ਸਿੱਖ ਭੀ ਉਪਰਲੇ ਪੱਲੇ ਦੇ ਹਾਂ ਪਰ ਪਲ ਭੀ ਠਹਿਰਦੇ ਨਹੀਂ ਝੱਟ ਹੀ ਦੁਨੀਆਦਾਰੀ ਨੂੰ ਭੀ ਵਗਾਹ ਮਾਰਦੇ ਹਾਂ ਬੱਸ ਪ੍ਰਸਤਾਵ ਤੋਰਦੇ ਹੀ ਕੇਵਲ ਤੇ ਕੇਵਲ ਸਿਆਸੀ ਭੜਾਸ ਕੱਢਣ ਲਈ ਕੋਈ ਹੋਰ ਮੁੱਦਾ ਨਹੀਂ ਬੱਸ ਬਾਦਲਾਂ ਦਾ ਹਊਆ ਸਤਾਉਂਦਾ ਹੈ, ਕਦੀ ਪ੍ਰਮਾਤਮਾਂ ਬੰਦਾ ਗੁਰਬਾਣੀ ਪ੍ਰਚਾਰ-ਦਾ ਹੋਵੇ ਪਸਾਰਾ ਕਰਦਾ ਹੋਵੇ ਪਰ ਆਪਣੇ 'ਤੇ ਅਸਰ ਨਾ ਹੋਵੇ ਵਿੱਦਿਆਰਥੀ ਕਿੰਨੀ ਕੁ ਹਾਸਲ ਕਰਨਗੇ, ਇਹ ਲੋਕ ਆਪਣੀ ਪ੍ਰਭਤਾ ਲਈ ਦੂਜੇ ਨੂੰ ਨਿੰਦ ਕੇ ਚੈਨਲਾਂ ਤੇ ਕਿਤਾਬਾਂ ਵਿੱਚ ਲਾਭ ਨੂੰ ਸਿੱਖੀ ਹੀ ਦੱਸਦੇ ਨੇ, ਧਰਮ ਦਾ ਤਾਂ ਹੁਣ ਨਮੂਨਾ ਰਹਿ ਗਿਆ ਹੈ (ਗੁਰੂ ਨਾਨਕ ਦੇਵ ਜੀ) ਦੇ ਸਹਿਕਰਮੀ, ਸਹਿਯੋਗੀ ਭਾਈ ਬਾਲਾ, ਮਰਦਾਨਾ ਕੀ ਟੋਪੀਆਂ ਨਹੀਂ ਸਨ ਪਉਂਦੇ ਕੀ ਗੁਰੂ ਜੀ ਨੇ ਵਿਸਾਰੇ ਸਨ ਤੇ ਆਪ ਭੀ ਟੋਪੀ ਤੋਂ ਰਹਿਤ ਜੀਵਨ ਰੱਖਿਆ, ਹੁਣ ਗੁਰੂ ਘਰਾਂ ਵਿੱਚ ਧਾਗੇ ਦੀ ਬੁਣੀ ਭੀ ਵਿਵਰਜਤ, ਜਰਾਬਾਂ ਭੀ ਲਾਹੋ ਪੈਰਾਂ ਦੀ ਦੁਰਗੰਧ ਨਾਲ ਨੱਕ ਸਾੜੋ ਗੁਰਦੁਆਰੇ ਬਦਬੋਅ ਮਾਰਨ।

ਸੱਚ ਹੈ ਕਿ ਗੁਰੂ ਘਰ ਹੁਣ ਨੌਜਵਾਨਾਂ ਦੇ ਆਪਣੇ ਕੰਮਾਂ ਦੇ ਪ੍ਰੋਜੈਕਟ ਲਾਗੂ ਕਰਨ ਦੇ ਕੇਂਦਰ ਨੇ, ਬਾਕੀਆਂ ਦਾ ਕਹਿ ਨਹੀਂ ਸਕਦੀ ਪਰ ਸਾਡਾ ਗੁਰੂ ਘਰ ਤਾਂ ਹੁਣ ਇਹੀ ਹੈ। ਸਭ ਭੱਜੇ ਫਿਰਦੇ ਨੇ ਉਥੋਂ ਖੱਟੀ ਲਈ ਧਾਰਮਿਕ ਖੱਟੀ ਤਾਂ ਲੱਭਧੀ ਨਹੀਂ, ਗ੍ਰੰਥੀਆਂ ਨੂੰ ਕੋਈ ਗੱਲ ਪੁੱਛੋ ਡਰਦੇ ਮੂਹੋਂ ਬੋਲਦੇ ਨਹੀਂ, ਮੈਂ ਤਾਂ ਹੁਣ ਘਰ ਬੈਠੇ ਰਾਮ ਧਿਆਏ ਮਨ ਨੂੰ ਸਕੂਨ, ਤਣਾਅ ਤੋਂ ਦੂਰ ਤੇ ਇਕਾਗਰ ਕਰ ਸਤਿਨਾਮ, ਰਾਮ, ਦਾਤਾ ਨੂੰ ਆਖ ਕੇ ਆਪਣੇ ਪੁਰਾਣੇ ਧਰਮ ਵੱਲ ਧਿਆਨ ਧਰੋ ਬੱਚੇ ਪੁੱਛਦੇ ਨੇ ਕਿ ਜਦੋਂ ਅਸੀਂ ਛੋਟੇ ਸੀ ਤਾਂ ਤੁਸੀਂ ਆਹ ਧਾਰਮਿਕ ਸਿੱਖਿਆ ਦਿੱਤੀ ਬਦਲ ਗਈ ਤਾਂ ਨਿਮੋਝੂਣੇ ਹੋ ਆਖਦੀ ਹਾਂ ਕਿ ਸਮੇਂ ਬਦਲ ਗਏ, ਸਵਾਲ ਫੇਰ ਕੀ ਬਦਲ ਗਿਆ ਧਰਮ ਲੱਗਦਾ ਹੈ, ਹਾਂ ਸੰਤ ਬਣ ਸਾਧਾਂ ਨੇ ਘੇਰਾ ਪਾ ਲਿਆ ਹੈ, ਪਖੰਡ ਕਰਕੇ ਜੀ ਗੁਰੂ ਗ੍ਰੰਥ ਹੀ ਗੁਰੂ ਹਨ ਕਿਉਂਕਿ ਦਸਵੰਧ ਉਹਦੇ ਮੂਹਰੇ ਹੈ ਪਰ ਕੀ ਕਸਵੱਟੀ ਧਰਮ ਦੀ ਹੈ? ਪ੍ਰਬੰਧਕ ਬੁਰਾ ਨਾ ਮਨਾਇਓ ਸੇਵਾਦਾਰ ਨਹੀਂ ਹਕੂਮਤਾਂ ਤੇ ਹੁਕਮਰਾਨ ਹਨ, ਹਾਂ ਆਖ ਕੇ ਦੇਖੋ ਚੰਡੀ ਦਾ ਭੌਣ ਦਿਖਾਉਂਦੇ ਹਨ ਹੰਸੂ ਹੰਸੂ ਕਰਦੇ ਫਿਰਦੇ ਨੇ ਦਿਨੋ ਦਿਨ ਨਵੀਆਂ ਟੈਕਨਾਲੋਜੀ ਨਾਲ ਭਰਪੂਰ ਲਾਗੂ ਕਰਦੇ ਨੇ ਇਹ ਵਪਾਰਕ ਅਦਾਰੇ ਸਲਾਹਾਂ ਦਿੰਦੇ ਨੇ ਦੱਸੋ ਕਿ ਪੁਰਾਣੇ ਬਜ਼ੁਰਗ ਕਿਵੇਂ ਔਨ ਲਾਈਨ ਸੇਵਾਵਾਂ ਦੇਖਣ ਜਾਂ ਫੇਰ ਆਪਣੇ ਬੱਚਿਆਂ ਤੋਂ ਝਿੜਕਾਂ ਖਾਣ ਆਹ ਸਾਨੂੰ ਦੱਸਿਉ ਪੁੱਤ ਕੀ ਹੈ। ਇਹਦਾ ਧਰਮ ਨਾਲ ਕੀ ਸਬੰਧ ਹੈ, ਵਪਾਰ ਨਾਲ ਪੈਸਾ ਲਾਹਾ ਹੈ।

ਗੁਰਬਾਣੀ ਵਿੱਚ ਦਵੈਸ਼ ਭਾਵ ਨੂੰ ਥਾਂ ਨੀ ਪਰ ਅਸੀਂ ਤਾਂ ਭਰੇ ਪਏ ਹਾਂ ਕੀਹਦੇ 'ਤੇ ਅਸਰ ਹੈ ਮੇਰੇ ਤਾਂ ਹੈ ਨਹੀਂ ਪਰ ਮੈਂ ਕੋਸ਼ਿਸ਼ ਕਰਦੀ ਹਾਂ ਸਾਡਾ ਕਿਸੇ ਨੇ ਨੁਕਸਾਨ ਕੀਤਾ ਹੈ ਕੋਈ ਤਕਲੀਫ ਉਨ੍ਹਾਂ 'ਤੇ ਆਵੇ ਤਾਂ ਮੈਂ ਆਖੂੰ ਪ੍ਰਮਾਤਮਾਂ ਕੀ ਕੀਤਾ, ਮੇਰੀ ਬੇਟੀ ਆਖੂ ਸਾਡਾ ਕੀ ਕੀਤਾ ਤੇ ਤੂੰ ਹਮਦਰਦੀ ਵਿੱਚ ਡੁੱਬੀ ਪਈ ਹੈ, ਮੈਂ ਆਖਦੀ ਹਾਂ ਮੇਰੀ ਤਾਂ ਹੁਣ ਬੁੱਧ ਇਸ ਪਾਸੇ ਹੀ ਰਹਿਣੀ, ਪਾਠ ਕਰਨ ਦਾ ਫੇਰ ਕੀ ਲਾਭ? ਜੇਕਰ ਮਨ ਸ਼ੁੱਧ ਨਹੀਂ, ਹਾਂ ਸਾਰਾ ਤਾਂ ਨਹੀਂ ਹੁੰਦਾ ਪਰ ਕੋਸ਼ਿਸ਼ ਕਰੀਏ, ਪਰ ਮੈਨੂੰ ਸਗੋਂ ਹੋਰ ਪ੍ਰੇਸ਼ਾਨੀ ਹੋ ਜਾਂਦੀ ਹੈ ਜਦੋਂ ਸਿੱਖ ਪ੍ਰਚਾਰਕ ਸਾਰਾ ਦਿਨ ਸਿੱਖਿਆ ਦੇਈ ਜਾਣਗੇ ਪਰ ਆਪਣੇ 'ਤੇ ਕੋਈ ਤਿਣਕਾ ਅਸਰ ਨਹੀਂ, ਇਕ ਗੱਲ ਜੋ ਅੱਜ ਸਾਡੇ ਭਾਈਚਾਰੇ ਅੰਦਰ ਜਾਗਰੂਕ ਹੋ ਚੁੱਕੀ ਹੈ ਕਿ ਬਹੁਗਿਣਤੀ ਬੱਸ ਸੁਣ ਲੈਂਦੀ ਹੈ ਪਰ ਮੰਨਦੀ ਨਹੀਂ ਤੇ ਇਨ੍ਹਾਂ ਲੋਕਾਂ ਦੀ ਕੋਈ ਇੱਜ਼ਤ-ਮਾਣ ਨਹੀਂ ਕਰਦੀ ਹਾਂ ਗੁਰੂ ਘਰ ਬੇਗਾਨੀ ਮਾਇਆ ਵੰਡ ਕੇ ਇਨ੍ਹਾਂ ਦੀ ਦੁੱਭ ਜਰੂਰ ਚੁੱਕਦੇ ਨੇ ਤੇ ਲੋਕੀ ਉਨ੍ਹਾਂ ਨੂੰ ਭੀ ਸਤਿਕਾਰਦੇ ਨਹੀਂ, ਕੱਲ੍ਹ ਹੀ ਅਸੀਂ ਇਕ ਵਿਆਹ ਸਮਾਗਮ 'ਤੇ ਜੁੜੇ ਤਾਂ ਸਹਿਯੋਗੀ ਕਹਿੰਦੇ ਹੁਣ ਕੋਈ ਧਰਮ ਦੀ ਤਾਂ ਪ੍ਰਥਾ ਹੀ ਨਹੀਂ ਸਗੋਂ ਜਦੋਂ ਗੁਰਦੁਆਰੇ ਭੀ ਨਹੀਂ ਸਨ ਪ੍ਰਚਾਰਕ ਭੀ ਨਹੀਂ ਤਾਂ ਲੋਕੀ ਧਰਮੀ ਸਨ ਰੱਬ ਦੇ ਭੈਅ ਵਿੱਚ ਸਨ ਹੁਣ ਸਭ ਲਹਿ ਗਿਆ, ਇਕ ਵਾਰਤਾ ਉਥੇ ਦੀ ਮੈਂ ਜਰੂਰ ਅੰਕਤ ਕਰਨੀ ਕਲਮੀ ਤੇ ਪਰੰਪਰਾਵਾਂ ਦੇ ਪ੍ਰਯੋਗ ਪ੍ਰਤੀ ਸਭ ਨਾਲ ਸਾਂਝੀ ਕਰਨੀ ਜਰੂਰੀ ਮੰਨਦੀ ਹਾਂ, ਸੁਣੋ ਕੀ ਤੇ ਕੀ ਮਹਾਨਤਾ? ਕਈ ਵਰ੍ਹੇ ਹੋਏ ਬੇਟੀ ਨੂੰ ਹਿੰਮਤ ਸਿੰਘ ਸੋਹੀ ਪ੍ਰਧਾਨ ਕਹਿੰਦੇ ਤੂੰ ਰਜਿਸਟਰਾਰ ਬਣ, ਬਣਕੇ ਟ੍ਰੇਨਿੰਗ ਪੈਕ ਲਿਆ ਪੜ੍ਹਕੇ ਦੇਖਿਆ ਤੇ ਦੱਸਿਆ ਭੀ ਸੀ ਕਿ ਰਜਿਸਟਰਾਰ ਆਪਣਾ ਦਸਤਖਤ ਵਾਲਾ ਕੰਮ ਲਾਵਾਂ ਪਿੱਛੋਂ ਕਰਨ ਪਰ ਬੇਟੀ ਗਈ ਤਾਂ ਪਹਿਲਾਂ ਦੇ ਲੱਗੇ ਚੌਧਰੀ ਕਹਿੰਦੇ ਜੀ ਅਸੀਂ ਤਾਂ ਲਾਵਾਂ ਤੋਂ ਪਹਿਲਾਂ ਕਰਕੇ ਕੰਮ ਕਰ ਘਰਾਂ ਨੂੰ ਜਾਣਾ, ਕਰਨੇ ਹਨ ਲਾਵਾਂ ਤਾਂ ਦੋ ਵਜਾ ਦਿੰਦੇ ਨੇ ਬੇਟੀ ਕਹਿੰਦੀ ਜੀ ਮੈਂ ਨਹੀਂ ਕਰੂੰਗੀ, ਭਾਈਬੰਦ ਆਖਦਾ ਕਿ ਰਹਿਣ ਦੇਹ ਤੂੰ, ਸਾਡਾ ਢਾਂਚਾ ਹੀ ਖਰਾਬ ਕਰੂਗੀ, ਉਹ ਕਹਿੰਦੀ ਆਹ ਚੱਕੋ ਆਪਣਾ ਰਜਿਸਟਰ, ਮੈਂ ਨਹੀਂ ਕਰੂੰਗੀ, ਕੱਲ੍ਹ ਇਹੀ ਵਿਧੀ ਦੇਖ ਕੇ ਅਸੀਂ ਰਜਿਸਟਰਾਰ ਬੀਬੀ ਨੂੰ ਮਿਲਕੇ ਸਮਝਾਇਆ ਪਰ ਉਹ ਭੀ ਕਹਿੰਦੀ ਜੀ ਸਾਡਾ ਸਿਸਟਮ ਚੱਲਦਾ ਏ, ਚਲੋ ਬੇਟੀ ਕਹਿੰਦੀ ਬੀਬੀ ਜੀ ਹਦਾਇਤਾਂ ਪੜ੍ਹੋ ਤੇ ਨਾਲੇ ਫੇਰ ਤੁਸੀਂ ਗੁਰੂ ਦਾ ਅਦੇਸ਼ ਮੰਨਦੇ ਹੋ ਜਾਂ ਕਾਨੂੰਨ ਪਹਿਲਾਂ, ਪਰ ਕਾਨੂੰਨ ਭੀ ਆਗਿਆ ਨਹੀਂ ਦਿੰਦਾ, ਹੁਣ ਚੈਨਲ 'ਤੇ ਸਿੱਖ ਭਰਾ ਨੇ ਆਖਿਆ ਹੈ ਕਿ ਗਲਤ ਕਰਦੇ ਨੇ ਗੁਰੂ ਘਰ, ਭਾਵੇਂ ਸ਼ਿਕਾਇਤਾਂ ਹੋਈਆਂ ਸਨ ਪਰ ਪ੍ਰਬੰਧਕ ਨਹੀਂ ਸੁਧਰੇ, ਦੱਸੋ ਪਤੀ-ਪਤਨੀ ਦਸਤਖਤ ਕਰਕੇ ਫੇਰ ਗੁਰੂ-ਲਾਵਾਂ ਕਿ ਸਾਨੂੰ ਪ੍ਰਵਾਨ ਕਰੋ ਹਾਲੇ ਅਸੀਂ ਗੁਰੂ ਨੂੰ ਮੰਨਣ ਵਾਲੇ ਹਾਂ ਬੱਚਿਆਂ ਨੂੰ ਤਾਂ ਕੋਈ ਸੋਝੀ ਨਹੀਂ ਪਰ ਕੀ ਪ੍ਰਚਾਰਕ, ਗ੍ਰੰਥੀ ਤੇ ਵਿਦਵਾਨ ਡੌਰੇ ਨੇ, ਪਰ ਕਾਹਲੀ ਤਾਂ ਧਨ ਦੀ ਹੁੰਦੀ ਹੈ।

ਧਰਮ ਦੀ ਅਧੋਗਤੀ ਕਿਉਂ ਤੇ ਕਿਵੇਂ ਹੋਈ, ਪੜ੍ਹਨਾ ਗੁਣਨਾ ਛੱਡ ਮੀਡੀਏ ਤੇ ਚੈਨਲ ਚਲਾ ਕੇ ਤੇ 84 ਦੀ ਲਹਿਰ ਦਾ ਪ੍ਰਤਾਪ ਧਰਮ ਦੀ ਕੋਈ ਭੀ ਸੋਝੀ ਨਹੀਂ ਬੱਸ ਜੀ ਸੰਤ ਆਹ ਕਹਿ ਗਏ ਸਨ, ਨਾਲੇ ਸਾਧਾਂ ਨੇ ਧਰਮ 'ਤੇ ਗਲ੍ਹਬਾ ਪਾ ਲਿਆ ਨਾਲੇ ਲੋਕ ਕੁਰਾਹੇ ਪਾਤੇ ਲੋਕੀ ਪਰਚੇ ਪੜ੍ਹਨੋ ਹੱਟ ਗਏ ਕੁਝ ਸਮਾਂ ਫਰੀ ਪਰਚੇ ਹਰ ਕੋਈ ਸਾਰੇ ਹੀ ਪੜ੍ਹੀ ਜਾਂਦੇ ਸਨ ਹੁਣ ਤਾਂ ਮੁੱਲ ਨੂੰ ਕੋਈ ਭੀ ਘੱਟ ਹੀ ਲੈਂਦਾ ਹੈ ਤੇ ਗੁਰਦੁਆਰੇ ਪਰਚਿਆਂ 'ਤੇ ਖਰਚ ਨੂੰ ਫਜ਼ੂਲ ਸਮਝਦੇ ਨੇ ਪਰ ਪੰਜਾਬੀ ਜਮਾਤਾਂ ਗਰਾਂਟਾਂ ਲਈ ਭਲਾ ਜੇਕਰ ਪੜ੍ਹਾਈ ਵੱਲ ਤਾਂ ਧਿਆਨ ਨੀ ਬੱਸ ਬੱਚੇ ਖੇਡਦੇ ਨੇ ਬਜ਼ੁਰਗਾਂ ਲਈ ਭੀ ਪਰਚਾ ਨਹੀਂ ਹੁੰਦਾ ਕਿਧਰੇ ਹੁਣ, ਚੈਨਲਾਂ ਨੂੰ ਸੱਦ ਸੱਦ ਕੇ ਆਹ ਸਟਾਲ 'ਤੇ ਜਾ ਕੇ ਸਪੋਰਟ ਕਰੋ ਜੀ ਡੈਬਿਟ ਭਰੋ ਜੀ ਆਹ ਧਰਮ ਹੈ ਹੁਣ ਸਿੱਖ ਵਿਚਾਰਧਾਰਾ ਹੀ ਉਡ ਗਈ, ਪਖੰਡ ਧਰਮ ਜੀ ਦੀਸੇ ਬਾਹਰਾ, ਚਿੰਤਕ ਕਬੂਤਰ ਵਾਂਗੂੰ ਅੱਖਾਂ ਮੀਟਦੇ ਨੇ ਸਿਆਸਤ, ਧਰਮ ਬਣ ਗਿਆ ਹੈ (ਗੁਰੂ ਗ੍ਰੰਥ) ਤਾਂ ਪੈਸੇ ਲਈ ਬਿੰਧੂ ਹੈ, ਹੁਣ ਭਾਜਪਾ ਨੇ ਰਾਹੁਲ ਗਾਂਧੀ ਨੂੰ ਸਿੱਖਾਂ ਪ੍ਰਤੀ ਦਿੱਤੇ ਬਿਆਨ 'ਤੇ ਘੇਰਨਾ, ਆਪ ਭਾਵੇਂ ਤਖ਼ਤਾਂ 'ਤੇ ਭਾਰੂ, ਜੀ ਰਾਹੁਲ ਦੀ ਦਾਦੀ ਦਾ ਸਿੱਖ ਨਸਲਕੁਸ਼ੀ ਯਾਦ, ਸੁਣੋ ਜੀ ਔਲਾਦ ਚੰਗੀ ਭੀ ਹੋ ਜਾਂਦੀ ਹੈ, ਨਾਲ ਰਾਹੁਲ ਦਾ ਉਸ ਨਾਲ ਕੀ ਵਾਸਤਾ, ਉਹ ਹੁਣ ਦੀ ਸਥਿਤੀ ਦੀ ਗੱਲ ਕਰਦਾ ਹੈ, ਨਾਲੇ ਉਹ ਇਕ ਸੁਲਝਿਆ ਨੇਤਾ ਹੈ ਭਾਵੇਂ ਉਮਰ ਕਰਕੇ ਖੜਗੇ ਵੱਡਾ ਹੋਵੇ ਪਰ ਕਾਬਲੀਅਤ ਅੱਡ।

**ਪਰਚਾ ਪੜਚੋਲ**: ਨੁਕਤਾਚੀਨੀ ਨਹੀਂ, ਸੁਝਾਅ ਹਨ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਜੀ ਤੁਸੀਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਵਾਲਿਆਂ ਨੂੰ ਮਹਾਨ ਲਿਖਦੇ ਹੋ, ਜੀ ਧਾਰਮਿਕ ਪੁਰਸ਼ ਤੇ ਪ੍ਰਚਾਰਕ ਧਰਮ-ਕੁਰਬਾਨੀ ਨੂੰ ਮੰਨਣ ਨਾਲੇ ਬੰਬ ਧਮਾਕੇ, ਬੰਦੇ ਮਾਰਨੇ, ਜਹਾਜ, ਗਦਰ ਆਦਿ ਤਾਂ ਸਿੱਖੀ ਦੀ ਵਿਚਾਰਧਾਰਾ ਹੋਣੀ ਹੀ ਨਹੀਂ ਬਣਦੀ, ਆਪ ਜੀ ਸਨਮਾਨ ਤਾਂ ਸਿੱਖਾਂ ਦੀ ਸੰਸਥਾਵਾਂ ਤੋਂ ਲਵੋ ਪਰ ਮਾਣਮੱਤੇ ਦੇਸ਼ ਲਈ ਅਣਮਨੁੱਖੀ ਕਰਤਵ ਨੂੰ ਸਲਾਹੋ, ਵਾਜਵ ਨਹੀਂ।

ਦੂਜਾ ਵਿਸ਼ਾ (ਗੁਰੂ ਗ੍ਰੰਥ) ਵਿੱਚ ਜੋ ਇਤਿਹਾਸਕ ਬਾਣੀ ਹੈ ਉਹ ਧਰਮ ਦੀ ਸੇਧ ਨਹੀਂ, ਜੀਵਨ ਵਿੱਚ ਉਪਦੇਸ਼ ਤੇ ਅਦੇਸ਼ ਉਸ ਸਮੇਂ ਦੀ ਹਕੂਮਤ ਨਾਲ ਭੇੜ ਠੀਕ ਹੈ ਅੰਕਤ ਹਨ ਉਸ ਸਮੇਂ ਹੋਰ ਢੰਗ ਨਹੀਂ ਸਨ ਪਰ ਵਿਦਵਾਨ ਗੁਰਬਾਣੀ ਦਾ ਪ੍ਰਸਾਰਨ ਕਰਨ, ਹੁਣ ਦੀ ਪਨੀਰੀ ਇਹ ਝਗੜੇ ਲੜਾਈਆਂ ਯੁੱਧ ਤਾਂ ਬੜੇ ਦੇਖੀ ਜਾਂਦੀ ਹੈ, ਆਪਣੀ ਪ੍ਰਸਿੱਧੀ ਤੇ ਪੁਸਤਕਾਂ ਲਈ ਯੂ:ਟੀਊਬਾਂ ਲਈ ਧਰਮ ਦਾ ਅਧਿਆਤਮਾ ਪਰੋਖੇ ਨਾ ਕਰੋ, ਰਾਹੁਲ ਗਾਂਧੀ ਦੇ ਬਿਆਨ 'ਤੇ ਸਿੱਖ ਦੇਖੋ ਕਿਵੇਂ ਖੁੰਭਾਂ ਵਾਂਗੂੰ ਟੋਬੇ ਦੇ ਡੱਡੂਆਂ ਦੀ ਤਰ੍ਹਾਂ ਗੜੈਂਅ ਕਰਨ ਲੱਗੇ, ਪੁਰੀ, ਸਿਰਸਾ ਤੇ ਆਰ.ਪੀ. ਸਿੰਘ, ਧਰਮ ਦੇ ਪਹਿਰੇਦਾਰ ਬਣ ਭਾਜਪਾ ਦੇ ਗੁਣਵਾਨ ਇਹ ਝੋਲੀ ਚੁੱਕ ਹਨ ਸਿੱਖ ਧਾਰਾ ਨਹੀਂ ਕੋਈ ਭੀ ਕੇਂਦਰ ਦੀ ਸਿਆਸੀ ਪਾਰਟੀ ਪੰਜਾਬ ਨੂੰ ਉੱਨਤ, ਪ੍ਰਫੁੱਲਤ ਤੇ ਵਧੀਆ ਤਰੱਕੀ ਵਾਲਾ ਦੇਖਣਾ ਬਨਾਉਣਾ ਨਹੀਂ ਚਾਹੁੰਦੀ, ਖੇਤਰੀ ਪਾਰਟੀ ਇਨ੍ਹਾਂ ਰੱਲਕੇ ਨਿਕਾਰੀ, ਪਛਤਾਵੋਗੇ।

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਗਰਾੜੀ ਨੂੰ ਜੋਕਾਂ ਦੀ**: ਪਹਿਲਾ ਸਵਾਲ ਤੁਸੀਂ ਪ੍ਰੋਫੈਸਰ ਕਿਹੜੀ ਡਿਗਰੀ ਮਜਬੂਨ ਦੇ, ਦੂਜਾ ਅਕਾਲ ਤਖ਼ਤ ਨੂੰ ਕਿਵੇਂ ਹਦਾਇਤਾਂ, ਤੀਜਾ ਸਿੱਖੀ ਵਿੱਚ ਜਾਤ-ਪਾਤ ਨਹੀਂ (ਮੈਂ ਤਾਂ ਮੰਨਦੀ ਹੀ ਨਹੀਂ) ਕੀ ਤੁਸੀਂ ਭੱਤਿਆਂ ਵਿਰੁੱਧ ਜਾਤੀ ਪ੍ਰਕਿਰਿਆ ਦਾ ਵਿਰੋਧ ਕੀਤਾ? ਤੁਹਾਡੀ ਕੀ ਪੰਥਕ ਸੇਵਾ ਹੈ? ਚੌਥਾ ਕੀ ਜਥੇਬੰਦੀ ਬਣਾ ਕੇ ਲਾਹੇ ਲਵੋ ਤੇ ਨਿੰਦਕ ਬਣੋ ਉਸ ਵਰਗ ਦੇ ਜੋ ਭੱਤਾ ਸ਼੍ਰੇਣੀ ਨਹੀਂ ਹਨ, ਫੇਰ ਅਕਾਲੀ ਦਲ ਦੇ ਤੁਸੀਂ ਕਿਵੇਂ ਵਿਰੋਧੀ ਹੋ ਜਦੋਂ ਕਦੀ ਭੀ ਸਮਰਥੱਕ ਨਹੀਂ ਆਉ

**ਕਵਰ ਸਟੋਰੀ**:- ਪ੍ਰੋਫੈਸਰ ਜੀ, ਦਰਬਾਰਾ ਸਿੰਘ ਗੁਰੂ ਤੋਂ ਸਵਾਲ ਕੀ ਕਦੀ ਗੁਰਤੇਜ ਸਿੰਘ ਨੂੰ ਸਵਾਲ ਕੀਤੇ ਨੇ ਕਿ ਅਫਸਰੀ ਵਿੱਚ ਹੁੰਦਿਆਂ ਕਿਵੇਂ ਸਿੱਖਾਂ ਨੂੰ ਨਜਾਇਜ਼ ਧੱਕੇ ਮਾਰੇ, ਫੇਰ ਤੁਸੀਂ ਤਾਂ ਆਪਣੀ ਧਿਰ ਦੇ ਹੀ ਪੰਜ ਬੰਦੇ ਚੁਣ ਕੇ ਪੰਥ ਦੀ ਵਾਗਡੋਰ ਮੰਗ ਰਹੇ ਹੋ, ਇਹ ਇਨਸਾਫ ਕੀ ਫੇਰ ਸੂਬਾ ਤੁਹਾਡੇ ਹੀ ਹਵਾਲੇ ਕਰਨਾ ਬਣਦਾ ਹੈ, ਅਕਾਲ ਤਖ਼ਤ ਜੇਕਰ ਤੁਹਾਨੂੰ ਪੁੱਛੇ ਕਿ ਕਿਹੜੀ ਤਕੜੀ ਨਾਲ ਤੋਲ ਕੇ ਆਹ ਬੰਦੇ ਲੱਭੇ, ਆਪਣੇ ਹਿੱਤ ਲਈ ਕੀ ਹੱਕ ਹੈ ਤੁਹਾਨੂੰ ਕਿ ਆਹ ਬੰਦੇ ਹੀ ਪੰਥਕ ਹਨ ਆਖਣ ਦਾ ਸਾਰਾ ਪੰਜਾਬ ਫਾਡੀ ਕੀ ਤੁਸੀਂ ਜੋ ਨਿਰਪੱਖਤਾ ਦੀ ਸੁਰ ਜਾਣਦੇ ਹੀ ਨਹੀਂ ਵਿੱਦਿਆਰਥੀਆਂ ਨੂੰ ਪੜ੍ਹਾ ਕੇ ਕੀ ਉਸਾਰੂ ਨੀਤੀ ਸਿਖਾ ਰਹੇ ਹੋ ਤਾਂ ਹੀ ਤਾਂ ਹੁਣ ਵਿੱਦਿਆ ਦਾ ਮਿਆਰ ਨਿੱਘਰ ਗਿਆ ਹੈ, ਸਾਡੇ ਵੇਲੇ ਪ੍ਰੋਫੈਸਰ ਗੱਲ ਨੀ ਕਰ ਸਕਦੇ ਸਿਆਸਤ ਦੀ ਕੇਵਲ ਸਿੱਖਿਆ ਵੱਲ ਧਿਆਨ ਆਹ ਦੋ ਤਿੰਨ ਪ੍ਰੋਫੈਸਰਾਂ ਨੇ ਤਾਂ ਬੇੜਾ ਗਰਕ ਕਰਤਾ ਤਾਂ ਹੀ ਹੁਣ ਵਿੱਦਿਆਰਥੀ ਸਾਰਾ ਸਮਾਂ ਹੀ ਸਿਆਸਤਾਂ ਵਿੱਚ ਤੇ ਪੜ੍ਹਾਈ ਗੁੱਲ, ਮਾਨਸਿਕਤਾ ਰੋਗੀ।

ਬਾਕੀ ਹਿਸਾ ਸਫ਼ਾ 42 ਤੇ ਪੜ੍ਹੋ →

**23 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਿਰਮੌਰ ਢਾਡੀ, ਪ੍ਰਚਾਰਕ ਤੇ ਸਫ਼ਲ ਲੇਖਕ ਗਿਆਨੀ ਸੋਹਣ ਸਿੰਘ ਸੀਤਲ ਨੂੰ ਯਾਦ ਕਰਦਿਆਂ

ਗੁਰੂ ਸਾਹਿਬਾਨ ਦੇ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਗੁਰੂ-ਘਰਾਂ ਵਿੱਚ ਅਨੇਕਾਂ ਸਮਰਪਿਤ ਢਾਡੀਆਂ ਨੇ ਲਾਸਾਨੀ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਵਾਰਾਂ ਦੇ ਰੂਪ ਵਿੱਚ ਲਿਖਿਆ ਤੇ ਗਾਇਆ, ਇਨ੍ਹਾਂ ਇਤਿਹਾਸਕ ਕਿਰਤਾਂ ਨੂੰ ਵਾਚਿਆ, ਸਰਵਣ ਕੀਤਾ ਅਤੇ ਮਾਣ-ਵਡਿਆਈ ਵੀ ਰੱਜ ਕੇ ਕੀਤੀ ਹੈ। ਪਰ ਅਜੋਕੇ ਸਮੇਂ ਵੀਹਵੀਂ ਸਦੀ ਵਿੱਚ ਪ੍ਰਵਾਨ ਚੜ੍ਹੇ ਪ੍ਰਤਿਭਾਵਾਨ ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਅਕਾਲ ਪੁਰਖ ਵਾਹਿਗੁਰੂ ਵੱਲੋਂ ਬਖ਼ਸ਼ੀ ਗੁਰੂ ਕ੍ਰਿਪਾ ਦੀ ਨਦਰ ਨਾਲ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦਾ ਡੂੰਘਾ ਅਧਿਐਨ ਕਰਕੇ ਵਿਸਮਾਦੀ ਕਾਵਿ-ਇਤਿਹਾਸ ਦੀ ਪੁਨਰ ਸਿਰਜਣਾ ਕਰਕੇ ਜਿਹੜਾ ਮਾਣ ਪ੍ਰਾਪਤ ਕੀਤਾ, ਉਹ ਵਿਰਲੇ ਗੁਰਸਿੱਖ ਲੇਖਕਾਂ ਦੇ ਹਿੱਸੇ ਆਇਆ ਹੈ। ਸਿਰਮੌਰ ਢਾਡੀ, ਪ੍ਰਚਾਰਕ ਤੇ ਸਫ਼ਲ ਲੇਖਕ ਹੋਣਾ ਵੀ ਕੇਵਲ ਗਿਆਨੀ ਸੋਹਣ ਸਿੰਘ ਸੀਤਲ ਦੇ ਹਿੱਸੇ ਹੀ ਆਇਆ ਹੈ। ਢਾਡੀ ਗਿਆਨੀ ਸੋਹਣ ਸਿੰਘ ਸੀਤਲ ਨੇ ਇਕ ਨਿਸ਼ਠਾਵਾਨ ਸਿਦਕੀ ਸਿੱਖ ਦੀ ਤਰ੍ਹਾਂ ਪੂਰਨ ਸਮਰਪਨ ਸਹਿਤ ਇਸ ਮਹਾਨ ਕਾਰਜ ਨੂੰ ਲੰਮੇ ਅਰਸੇ ਤੱਕ ਨਿਭਾ ਕੇ ਸਿੱਖ ਪੰਥ ਵਿੱਚ ਆਪਣੀ ਸਦੀਵੀ ਤੇ ਚਿਰ-ਸਥਾਈ ਥਾਂ ਬਣਾਈ।

ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ, 1909 ਈ: ਨੂੰ ਪਿਤਾ ਸ: ਖ਼ੁਸ਼ਹਾਲ ਸਿੰਘ ਅਤੇ ਮਾਤਾ ਦਿਆਲ ਕੌਰ ਦੀ ਕੁੱਖ ਤੋਂ ਕਾਦੀਵਿੰਡ (ਲਾਹੌਰ) ਵਿਖੇ ਹੋਇਆ। ਸੀਤਲ ਜੀ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਮੈਟ੍ਰਿਕ ਤੇ ਗਿਆਨੀ ਦਾ ਇਮਤਿਹਾਨ ਪਾਸ ਕੀਤਾ। ਇਹ ਉਹ ਸਮਾਂ ਸੀ ਜਦੋਂ ਸਿੰਘ ਸਭਾ ਲਾਹੌਰ ਅਤੇ ਅਕਾਲੀ ਲਹਿਰ ਗੁਰਮਤਿ ਪ੍ਰਚਾਰ ਨਾਲ ਸਿੱਖ ਸੰਗਤ ਨੂੰ ਪ੍ਰਭਾਵਿਤ ਕਰ ਰਹੀਆਂ ਸਨ। ਗਿ: ਸੋਹਣ ਸਿੰਘ ਸੀਤਲ ਬਚਪਨ ਤੋਂ ਚੇਤੰਨ ਤੇ ਬਿਬੇਕ-ਬੁੱਧੀ ਵਾਲਾ ਇਨਸਾਨ ਸੀ, ਉਸ ਸਮੇਂ ਪਿੰਡ-ਪਿੰਡ ਸਜਣ ਵਾਲੇ ਦੀਵਾਨਾਂ ਵਿੱਚ ਸਿੱਖ ਇਤਿਹਾਸ ਸਬੰਧੀ ਢਾਡੀਆਂ ਵੱਲੋਂ ਗਾਈਆਂ ਜੋਸ਼ੀਲੀਆਂ ਵਾਰਾਂ ਸ਼ਹੀਦਾਂ ਅਤੇ ਸਿੱਖ ਸੂਰਵੀਰਾਂ ਦੀਆਂ ਜੀਵਨ-ਘਟਨਾਵਾਂ ਨੇ ਇਸ ਨੌਜਵਾਨ ਨੂੰ ਇਸ ਤਰ੍ਹਾਂ ਕੀਲਿਆ ਕਿ ਉਸ ਨੇ ਤਾਅ ਜੀਵਨ ਗੁਰਬਾਣੀ ਅਤੇ ਸਿੱਖ ਇਤਿਹਾਸ ਵਿੱਚ ਜੀਊਣ ਅਤੇ ਹੰਢਾਉਣ ਦਾ ਮਨ ਬਣਾ ਲਿਆ। ਵਾਰਾਂ ਸੁਣਦਿਆਂ ਹੀ ਵਾਰਾਂ ਲਿਖਣ ਦਾ ਕਾਰਜ ਆਰੰਭ ਕਰ ਦਿੱਤਾ। ਪਿੰਡ ਲਲਿਆਣੀ ਦੇ ਭਰਾਈ ਚਿਰਾਗ ਦੀਨ ਨੂੰ ਉਸਤਾਦ ਧਾਰ ਲਿਆ। ਸੀਤਲ ਜੀ ਆਪਣੇ ਉੱਚ ਆਤਮਿਕ ਜੀਵਨ ਦੌਰਾਨ ਸਿਦਕ, ਭਰੋਸਾ, ਸਿਰੜ, ਲਗਨ ਨੂੰ ਹਮੇਸ਼ਾ ਪੱਲੇ ਬੰਨ੍ਹ ਕੇ ਚੱਲੇ। ਆਪ ਨੇ ਸੰਸਾਰ ਦੇ ਦੂਜੇ ਸਾਰੇ ਧਰਮਾਂ ਦਾ ਵੀ ਡੂੰਘਾ ਅਧਿਐਨ ਕੀਤਾ। ਸੀਤਲ ਜੀ ਕਹਿਣੀ, ਕਰਨੀ ਤੇ ਕਥਨੀ ਦੇ ਸੂਰੇ ਸਨ। ਗਿਆਨੀ ਜੀ ਪੰਜਾਬੀ, ਉਰਦੂ-ਫ਼ਾਰਸੀ, ਅੰਗ੍ਰੇਜ਼ੀ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ।



ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਜੇ ਤੁਸੀਂ ਆਪਣੇ ਧਰਮ ਦੀ ਗੱਲ ਪੁਰਜ਼ੋਰ ਸ਼ਬਦਾਂ ਵਿੱਚ ਪੇਸ਼ ਕਰਨੀ ਚਾਹੁੰਦੇ ਹੋ ਤਾਂ ਤੁਹਾਨੂੰ ਦੂਜੇ ਧਰਮਾਂ ਦਾ ਵੀ ਸੰਪੂਰਨ ਗਿਆਨ ਹੋਣਾ ਚਾਹੀਦਾ ਹੈ। ਦੁਨਿਆਵੀ ਲੋਕਾਂ ਤੋਂ ਉਲਟ ਗਿਆਨੀ ਸੋਹਣ ਸਿੰਘ ਸੀਤਲ ਵਹਿਮਾਂ-ਭਰਮਾਂ ਅਤੇ ਪਾਖੰਡਾਂ ਤੋਂ ਹਮੇਸ਼ਾਂ ਦੂਰ ਰਹਿੰਦੇ ਸਨ। ਰੋਮ-ਰੋਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਪ੍ਰਤੀ ਸਮਰਪਿਤ ਹੋ ਕੇ ਜੀਵਨ ਸਫ਼ਰ ਤੈਅ ਕੀਤਾ। ਸਫ਼ਲ ਲੇਖਕ ਤੇ ਸਾਹਿਤਕਾਰ ਵਜੋਂ ਗਿਆਨੀ ਸੀਤਲ ਵੱਲੋਂ ਲਿਖੀਆਂ ਅਤੇ ਗਾਈਆਂ ਵਾਰਾਂ ਦੀਆਂ 18 ਪੁਸਤਕਾਂ ਮਿਲਦੀਆਂ ਹਨ। ਇਕ ਇਤਿਹਾਸਕਾਰ ਵਜੋਂ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਖ ਰਾਜ ਕਿਵੇਂ ਗਿਆ, ਦੁਖੀਏ ਮਾਂ ਪੁੱਤ, ਬੰਦਾ ਸਿੰਘ ਸ਼ਹੀਦ, ਸਿੱਖ ਰਾਜ ਕਿਵੇਂ ਬਣਿਆ ਸਮੇਤ ਨੌਂ ਪੁਸਤਕਾਂ ਹਨ। ਬੱਚਿਆਂ ਨੂੰ ਇਤਿਹਾਸ ਦੀ ਜਾਣਕਾਰੀ ਦੇਣ ਲਈ ਵੀ ਤਿੰਨ ਪੁਸਤਕਾਂ ਲਿਖੀਆਂ। ਸਿੱਖ ਇਤਿਹਾਸ ਦਾ ਸਭ ਤੋਂ ਵੱਧ ਖੋਜ-ਭਰਪੂਰ ਕੰਮ ਸਿੱਖ ਇਤਿਹਾਸ ਦੇ ਸੋਮੇਂ ਪੰਜ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤਾ। ਕਵੀ ਤੇ ਗੀਤਕਾਰ ਵਜੋਂ ਵਹਿੰਦੇ ਹੰਝੂ, ਸੰਜਰੇ ਹੰਝੂ ਤੇ ਦਿਲ ਦਰਿਆ ਕਵਿਤਾ ਦੀਆਂ ਪੁਸਤਕਾਂ ਅਤੇ ਦੋ ਪੁਸਤਕਾਂ ਕੇਸਰੀ ਦੁਪੱਟਾ ਅਤੇ ਜਦੋਂ ਮੈਂ ਲਿਖਦਾ ਹਾਂ, ਗੀਤਾਂ ਦੀਆਂ ਪੁਸਤਕਾਂ ਮਿਲਦੀਆਂ ਹਨ। ਤਿੰਨ ਕਹਾਣੀ ਦੀਆਂ ਪੁਸਤਕਾਂ ਤੋਂ ਇਲਾਵਾ ਡੇਢ ਦਰਜਨ ਨਾਵਲ ਵੀ ਪੰਜਾਬੀ ਸਾਹਿਤ ਨੂੰ ਦਿੱਤੇ। ਦੋ ਇਤਿਹਾਸਕ ਨਾਵਲ ਮਹਾਰਾਣੀ ਜਿੰਦਾ ਅਤੇ ਮਹਾਰਾਜਾ ਦਲੀਪ ਸਿੰਘ ਵੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਏ। ਗਿਆਨੀ ਸੋਹਣ ਸਿੰਘ ਸੀਤਲ ਦੇ ਨਾਵਲ ਜੁੱਗ ਬਦਲ ਗਿਆ ਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੀਤਲ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਢਾਡੀ ਦਾ ਸਨਮਾਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਸ਼੍ਰੋਮਣੀ ਢਾਡੀ ਤੇ ਸ਼੍ਰੋਮਣੀ ਸਾਹਿਤਕਾਰ ਵਜੋਂ ਵੀ ਸਨਮਾਨਿਆ ਗਿਆ। 23 ਸਤੰਬਰ, 1998 ਨੂੰ ਇਹ ਮਹਾਨ ਇਨਸਾਨ ਤੇ ਗੁਰਸਿੱਖ ਸਾਹਿਤਕਾਰ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਕੇ ਸਦੀਵੀ ਨੀਂਦ ਸੌਂ ਗਿਆ। ਗਿਆਨੀ ਸੋਹਣ ਸਿੰਘ ਸੀਤਲ ਦੀ ਆਪਣੀ ਰਚਨਾ ਦੀਆਂ ਸਤਰਾਂ ਨੇ

ਸੀਤਲ ਉਹ ਸਦਾ ਜਹਾਨ 'ਤੇ ਜੀਂਵਦਾ ਏ,
ਜੀਹਦਾ ਮਰਗਿਆਂ ਦੇ ਪਿੱਛੋਂ ਜੱਸ ਹੋਵੇ।

* * * * * * *

**41 ਸਫ਼ੇ ਦੀ ਬਾਕੀ**

**ਧਰਮ ਤੇ ਸਿਆਸਤ ਰਲਗੱਡ, ਨਾ ਖ਼ੁਦਾ ਹੀ ਮਿਲਾ ਨਾ ਵਸਾਲੇ ਸਨਮ,** ਵਿਦੇਸ਼ਾਂ ਵਿੱਚ ਤਾਂ ਹਫੜਾ ਦਫੜੀ ਸਲਾਨੀਆਂ ਪ੍ਰਚਾਰਕਾਂ ਤੇ ਗੁਰੂ ਘਰਾਂ ਦੀ ਗਿਣਤੀ ਨੇ ਮਚਾ ਰੱਖੀ ਹੈ, ਚੌਥੇ ਕੁ ਦਿਨ ਪੁਰਬ ਪੰਡਾਲ ਉਹੀ ਜਥੇ, ਕੀਰਤਨੀਏ, ਉਹੀ ਸ਼ਬਦ ਆਪਣੀ ਮਸ਼ਹੂਰੀ, ਏਜੰਸੀ ਹੈ ਜੋ ਇਹ ਰਵਾਜ ਪਾ ਕੇ ਬੱਸ ਸਿੱਖਾਂ ਨੂੰ ਪਾਟੋ ਧਾੜ ਵਿੱਚ ਵਾੜ ਰਹੀ ਹੈ ਫੇਰ ਆਪਸ ਵਿੱਚ ਟਕਰਾਅ, ਆਹ ਮਹਾਂ ਪੁਰਸ਼ ਦੀ ਬਰਸੀ, ਫਰਾਂਸ ਚਲੋ ਚੈਨਲ ਜੀ ਭਲਾ ਇਥੇ ਬੇਹੀ ਹੋ ਗਈ, ਫੇਰ ਚੈਨਲਾਂ ਜੀ ਆਹ ਬਾਬਾ ਜੀ ਸੰਤ ਜੀ, ਜਥੇ ਜੀ ਬਾਬੇ ਕੇ ਪੋਤੇ ਕੇ ਤੋਬਾ ਸਾਈਂ ਦੀ ਲੋਕਾਂ ਨੂੰ ਕੰਮਕਾਰ ਭੀ ਕਰਨ ਦਿਉ, ਆਹ ਇਕ ਫਿਰਕੇ ਦੀਆਂ ਸੰਗਤਾਂ ਬੀਬੀਆਂ ਤਾਂ ਬਣ ਠਣ ਕੇ ਹੱਥਾਂ ਵਿੱਚ ਮੋਬਾਈਲ ਫੜੀ ਜਾ ਬਹਿੰਦੀਆਂ ਨੇ ਰਾਤ ਦੇ ਬਾਰਾਂ ਵਜੇ ਤੱਕ, ਭਲਾ ਘਰ ਦੇ ਕੰਮ ਕਦੋਂ, ਸਮਾਜ ਦਾ ਨਕਸ਼ਾ ਹੀ ਬਦਲ ਧਰਿਆ, ਇਸ ਸੰਧਰਭ ਕਰਕੇ ਰੋਗ, ਤਣਾਅ ਤੇ ਰਿਸ਼ਤੇ ਬੇਸੁਰੇ ਹੋ ਰਹੇ ਹਨ, ਕੋਈ ਕਿਸੇ ਬਜ਼ੁਰਗ ਦੀ ਦੇਖ ਭਾਲ ਨੀ ਕਰਦਾ ਤੇ ਕੋਈ ਖਾਧ ਖੁਰਾਕ ਵੱਲ ਧਿਆਨ ਨੀ ਅਸੀਂ ਚੰਗੀ ਸਿਹਤਮੰਦ ਖੁਰਾਕ ਨਹੀਂ ਖਾਂਦੇ ਦੁਆਈਆਂ ਦੀਆਂ ਮੁੱਠੀਆਂ ਖਾਈ ਜਾਂਦੇ ਮੁਫ਼ਤ ਕਰਕੇ ਪਰ ਸਗੋਂ ਸਰੀਰ ਨਿਕਾਰੇ ਕਰ ਲਏ ਲੰਗਰ ਭੀ ਪੁਰਾਣੇ ਢੰਗ ਦੇ ਨਹੀਂ ਲਾਂਗਰੀ ਹੁਨਰ ਦਿਖਾ ਕੇ ਤਨਖਾਹਾਂ ਮਸਾਲੇ ਟਿਨ ਟਾਟਰੀ ਦੀ ਡੱਬੇ ਵਾਲੀਆਂ ਪਿਊਰੀਆਂ ਜੀ ਸਵਾਦਲਾ ਹੈ, ਭਾਵੇਂ ਡਾਕਟਰਾਂ ਦੇ ਦਰ ਬੈਠੀਏ ਜਾ ਜਾ, ਬੇਨਤੀਆਂ ਕਰਕੇ ਥੱਕ ਗਈ ਪਿਛਲੇ ਹਫ਼ਤੇ ਭੀ ਅੱਗੋਂ ਪ੍ਰਬੰਧਕ ਆਖੇ ਕੋਸ਼ਿਸ਼ ਕਰਾਂਗੇ ਆਹ ਉਤਰ।

ਪਨੀਰੀ ਸਾਂਭੋ, ਬੱਚਿਆਂ ਨਾਲ ਰਾਬਤਾ ਰੱਖੋ, ਸਮਾਜ ਤੇ ਭਾਈਚਾਰੇ ਨੂੰ ਮੁੜ ਜੋੜੋ, ਝੂਠ ਤੋਂ ਹਟੋ ਜੀ ਅਸੀਂ ਮੂਰਤੀ ਪੂਜਾ, ਬੁੱਧ ਪ੍ਰਸਤੀ ਅਤੇ ਵਿਅਕਤੀਗਤ ਪੂਜਦੇ ਨਹੀਂ ਸਾਹਮਣੇ ਮੂਰਤਾਂ, ਬੁੱਤ ਸਾਰਾ ਸਮਾਂ ਸੰਤਾਂ ਦੀ ਮਹਾਨਤਾ ਦੇ ਗੀਤ, ਬੰਸਰੀਆਂ ਬੱਜ ਰਹੀਆਂ ਨੇ ਪਰ ਮੁਨਕਰ ਸਾਨੂੰ ਇਹ ਕੂੜ ਮਾਰ ਰਿਹਾ ਹੈ, ਉਂਗਲੀ 'ਤੇ ਡੱਕੇ ਨਾਲ ਨੀ ਖਾਣਾ ਅਸੀਂ ਤਾਂ ਛੰਨਾ ਹੀ ਮੂੰਹ ਨੂੰ ਲਾ ਕੇ ਸੁੜਕਣਾ ਹੈ, ਭਾਵੇਂ ਆਫਰ ਕੇ ਮਰੀਏ :- ਮੇਰੇ ਵਿਚਾਰ ਤੱਤੇ ਹਨ ਪਰ ਢੁੱਕਦੇ ਨੇ ਜੀ **ਅੰਗ੍ਰੇਜ਼ਾਂ ਤੋਂ ਗੁਲਾਮੀ ਲਈ ਸਭ ਤੋਂ ਵੱਧ ਕੁਰਬਾਨੀਆਂ ਅਸੀਂ ਦਿੱਤੀਆਂ, ਪੁੱਛੋ ਕੋਈ ਕਿ ਹੁਣ ਸਭ ਤੋਂ ਵੱਧ ਅੰਗ੍ਰੇਜ਼ਾਂ ਤੋਂ ਤਗਮੇ ਲੈਣ ਲਈ ਅਸੀਂ ਮੂਹਰੇ ਨਾਲੇ ਵੱਢ-ਵਢਾਕੇ ਕਰਨੇ ਕੁਰਬਾਨੀਆਂ ਨੇ,** ਇਹ ਤਾਂ ਸਾਡਾ ਟੀਚਾ ਹੈ ਅਸੀਂ ਤਾਂ ਹਰ ਥਾਂ ਇਸ ਚਰਿੱਤਰ ਦੇ ਆਦੀ ਹਾਂ, **ਮਾਨਵ-ਹੱਤਿਆ ਕੋਈ ਭੀ ਧਰਮ ਨਹੀਂ ਪ੍ਰਚਾਰਦਾ ਅਸੀਂ ਹਾਂ ਸੋਧੇ ਲਾਉਣ ਨੂੰ ਧਰਮ ਧੁਰਾ ਪ੍ਰਚਾਰਦੇ ਹਾਂ,** ਫੇਰ ਆਖੀ ਜਾਂਦੇ ਹਾਂ ਜੀ ਬੱਚਿਆਂ ਨੂੰ ਲਿਆਉ, ਗੁਰੂ ਘਰ ਆਉਣ, ਸ੍ਰੀ ਮਾਨ ਜੀ ਬੱਚੇ ਅੱਜ ਕੱਲ੍ਹ ਸਾਡੇ ਤੋਂ ਕਿਤੇ ਵੱਧ ਸਿਆਣੇ ਹਨ ਸਭ ਜਾਣਦੇ ਨੇ ਬੇਨਤੀ ਹੈ ਕਿ ਪ੍ਰਬੰਧਕ ਪ੍ਰਚਾਰਕਾਂ ਨੂੰ ਕੂੜ ਪ੍ਰਸਾਰਨ ਤੋਂ ਵਰਜਨ, ਸਰਲ ਪੰਜਾਬੀ ਵਿੱਚ (ਗੁਰੂ ਗ੍ਰੰਥ) ਵਿੱਚੋਂ ਤੁਕਾਂ ਦਾ ਜੋ ਜੀਵਨ ਵਿੱਚ ਢੱਲ ਸਕਣ ਜਿਮੇ ਕਿਰਤ, ਨਾਮ ਜਪ, ਵੰਡ ਛੱਕ ਸਹਿਜੇ ਮਨ ਵਿੱਚ ਵੱਸਦਾ ਹੈ ਇਤਿਹਾਸ ਜੋ ਕਿ (ਗੁਰੂ ਨਾਨਕ ਦੇਵ) ਨਾਲ ਜੋੜੀ ਜਾਂਦੇ ਹਨ ਲੇਖਕ ਵਿਦਵਾਨ ਬਨਣ ਲਈ, ਸੱਚਾਈ ਹੈ ਕਿ (ਗੁਰੂ ਨਾਨਕ ਦੇਵ ਜੀ) ਦੇ ਵੇਲੇ ਦੀਆਂ ਲਿਖਤਾਂ ਨਹੀਂ ਕਿੰਨਾ ਸਮਾਂ ਮਗਰੋਂ ਭਾਈ ਗੁਰਦਾਸ ਫੇਰ ਪੋਥੀਆਂ, ਬੀੜ, ਆਦਿ ਗ੍ਰੰਥ, ਗ੍ਰੰਥ ਫੇਰ ਗੁਰੂ ਗ੍ਰੰਥ ਸ੍ਰੀ ਗੁਰੂ ਸਾਹਿਬ ਆਦਿ ਲੇਖਕਾਂ ਪ੍ਰਚਾਰਕਾਂ ਦੇ ਕਿੱਤੇ ਕਮਾਈ ਦੇ ਸਾਧਨ ਹਨ ਹੁਣ ਹੋਰ ਜੋੜੀ ਜਾਂਦੇ ਨੇ।

ਖਫ਼ਾ ਕਰਨ ਵਾਲੇ ਬਿਆਨ ਨਾਲੇ ਜੜਾਅ ਆਪਣੇ ਮੂੰਹੋਂ ਬੋਲ ਪੈਂਦੇ ਨੇ ਕਿ ਕਿਵੇਂ ਆਪਣੇ ਮੂੰਹੋਂ ਮਿੱਠੂ ਬਣਦੇ ਨੇ ਪਹਿਲਾ ਸਵਾਲ ਆਹ ਪ੍ਰੋਫ਼ੈਸਰ ਬਲਵਿੰਦਰ ਪਾਲ ਸਿੰਘ ਹੋਰਾਂ ਨੂੰ ਜੀ ਜਿਮੇ ਦਰਬਾਰਾ ਸਿੰਘ ਗੁਰੂ ਨੂੰ ਨੰਬਰ ਲਾ ਕੇ ਸਵਾਲ ਪੁੱਛੇ ਹੁਣ ਆਪਣੇ ਪੰਜੋਖੜੇ ਦੇ ਭੀ ਸਾਡੇ ਸਾਹਮਣੇ ਰੱਖਿਉ ਗੁਰਤੇਜ ਸਿੰਘ ਨੂੰ ਜਰੂਰ ਪੁੱਛੋ ਕਿ ਕਾਰਜ ਕਾਲ ਵਿੱਚ ਕਿੰਨੇ ਕੁ ਪੰਥਕ ਤੇ ਸਿੱਖਾਂ ਨੂੰ ਸਤਿਕਾਰਿਆ, ਦੂਜਾ ਹੁਣ ਵਕੀਲ ਫੁਲਕਾ ਫੇਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਕੇਸ ਵਿੱਚ ਇਹਨੇ ਪਹਿਲਾਂ ਦਿੱਲੀ ਕਮੇਟੀ ਤੋਂ ਕਿੰਨੇ ਪੈਸੇ ਲਏ, ਸ਼੍ਰੋਮਣੀ ਕਮੇਟੀ ਤੋਂ ਕਿੰਨੇ ਵੇਰਵਾ ਲਿਖੋ ਜੀ, ਹੋਰ ਭੀ ਦੱਸੋ ਪਹਿਲਾਂ ਆਮ ਵਿੱਚ ਗਿਆ ਜਿੱਤ ਕੇ ਲੋਕਾਂ ਨੂੰ ਧੋਖਾ ਦੇ ਕੇ ਭੱਜ ਗਿਆ ਟਿੱਕ ਹੁੰਦਾ ਨੀ, ਹੁਣ ਪ੍ਰੋਫ਼ੈਸਰ ਸਾਹਬ ਪੰਥ ਦੀ ਵਾਗਡੋਰ ਕੇਵਲ ਆਪਣੇ ਪੰਜ ਬੰਦਿਆਂ ਦੇ ਹੱਥ ਦੇਣ ਦਾ ਹੁਕਮ ਦਿੰਦੇ ਨੇ, ਕੀ ਤੁਸੀਂ ਕਦੀ ਪੰਥ ਪਾਲਕ ਬਣੇ ਭੀ ਹੋ? ਸ਼੍ਰੋਮਣੀ ਅਕਾਲੀ ਦਲ ਸਿਆਸੀ ਜਮਾਤ ਪਾਰਟੀ ਹੈ ਪ੍ਰਸਿੱਧ ਸਾਰੇ ਦੇਸ਼ ਵਿੱਚ ਕੀ ਹੋਇਆ ਕਿ ਕਾਂਗਰਸ ਨੇ ਨਾਲੇ ਤਿੰਨ ਹਿੱਸੇ ਕਰਕੇ ਪੰਜਾਬ ਨੂੰ ਅਧਮੋਇਆ ਕੀਤਾ ਫੇਰ ਹਮਲੇ ਹੁਣ ਤੁਹਾਡੇ ਵਰਗੇ ਵਾਗਡੋਰ ਦੇਣ ਲਈ ਕਾਹਲੇ, ਰਵਿਦਾਸ ਭਾਈਚਾਰਾ, ਕਾਂਗਰਸੀ (ਭੰਤਿਆਂ ਕਰਕੇ), ਬਾਲਮੀਕ ਕੁਝ ਈਸਾਈ ਪਰ ਵੋਟਾਂ ਇਥੇ, ਦੂਜੀਆਂ ਜਾਤਾਂ ਪਹਿਲਾਂ ਕਾਂਗਰਸ ਹੁਣ ਆਪ ਅਕਾਲੀ ਤਾਂ ਪੇਂਡੂ ਤੇ ਸ਼ਹਿਰੀ ਹਿੰਦੂ ਵੋਟ ਦੇ ਸਿਰ 'ਤੇ ਜਿੱਤਦੇ ਸੀ, ਹੁਣ ਪਿੰਡਾਂ ਵਿੱਚੋਂ ਲੋਕੀ ਵਿਦੇਸ਼ੀ ਸ਼ਹਿਰਾਂ ਵਿੱਚੋਂ ਭਾਜਪਾ ਵੱਲ ਕਿਉਂਕਿ ਅਕਾਲੀ ਤੋੜ ਵਿਛੋੜਾ ਕਰ ਬੈਠੇ ਪਰ ਕਸੂਰ ਭਾਜਪਾ ਦੇ ਸੁਥਰਿਆਂ ਦਾ ਜਿਨ੍ਹਾਂ ਨੇ ਕੀਤੀ ਨਾ ਜਾਣੀ ਬੇਗੁਰੇ ਨਿਕਲੇ, ਹੁਣ ਦੇਖਿਉ ਮੋਦੀ ਸਾਹਬ ਦਾ ਭੀ ਸ਼ਰਾਧ ਕਰਨ ਜੋਗਾ ਕਰਕੇ ਹਟਣਗੇ ਦਗਾਬਾਜ਼, ਅੰਤ ਡਰਦੇ ਹੁੰਦੇ ਨੇ, ਦੇਖ ਭਾਈ ਬਾਲਿਆ ਰੰਗ ਕਰਤਾਰ ਦੇ, ਸਿੱਖ ਮੱਤ ਦੇਣ ਜੋਗੇ ਨਹੀਂ ਆਪ ਹੀ ਗਿੱਚੀ ਮੱਤ ਹੈ। ਕੌਮ ਨੂੰ ਕੀ ਦੇਣਾ ਹੈ ਢਿੱਡ ਵਜਾਉਂਦੇ ਬਣ ਬੈਠੇ ਭੁੱਖਮਰੀ ਹੈ, ਆਪਾਂ ਭੁੱਲਾਂ ਬਖ਼ਸ਼ਾਈਏ, ਦੂਜਿਆਂ ਨੂੰ ਡੰਨ ਨਾ ਲਵਾਉ, ਹੱਥ ਸਾਂਈ।

**–ਬਲਵਿੰਦਰ ਕੌਰ ਚਾਹਲ ਸਾਊਥਾਲ**

# ਕੀ ਕੇਜਰੀਵਾਲ ਨਾਲ ਨਿਆਂ ਨਹੀਂ ਹੋ ਰਿਹਾ ?

## ✪ ਅਦਾਲਤੀ ਸ਼ਰਤਾਂ ਸਖਤ ਕਿਉਂ ਲਗਾਈਆਂ ਗਈਆਂ ?



ਇਹ ਕਿਹੋ ਜਿਹੀ ਅਜੀਬ ਸ਼ਰਤ ਹੈ ਕਿ ਕੇਜਰੀਵਾਲ ਜੇਲ ਵਿਚ ਰਹਿ ਰਹੇ ਪ੍ਰਧਾਨ ਵੀ ਰਹਿ ਸਕਦੇ ਹਨ ਪਰ ਜੇਲ ਤੋਂ ਬਾਹਰ ਆਕੇ ਮੁਖ ਮੰਤਰੀ ਦੇ ਰੂਪ ਵਿਚ ਕੰਮ ਨਹੀਂ ਕਰ ਸਕਦੇ ! 12 ਜੁਲਾਈ ਨੂੰ ਸੁਪਰੀਮ ਕੋਰਟ ਨੇ ਕਥਿਤ ਸ਼ਰਾਬ ਨੀਤੀ ਘੁਟਾਲੇ ਨਾਲ ਸਬੰਧਤ ਈਡੀ ਮਾਮਲੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਦਿੱਤੀ ਸੀ। ਦੋ ਮਹੀਨੇ ਬਾਅਦ 13 ਸਤੰਬਰ ਨੂੰ ਉਸ ਨੂੰ ਸੀਬੀਆਈ ਕੇਸ ਵਿੱਚ ਵੀ ਜ਼ਮਾਨਤ ਦੇ ਦਿੱਤੀ। ਦੋਵਾਂ ਮਾਮਲਿਆਂ ਵਿੱਚ ਇੱਕੋ ਜਿਹੀਆਂ ਅਤੇ ਬੇਹੱਦ ਸਖ਼ਤ ਜ਼ਮਾਨਤ ਸ਼ਰਤਾਂ ਲਗਾਈਆਂ ਗਈਆਂ ਸਨ। ਮੁੱਖ ਮੰਤਰੀ ਨੂੰ ਜ਼ਮਾਨਤ ਦੇਣ ਸਮੇਂ ਲਗਾਈਆਂ ਗਈਆਂ ਸ਼ਰਤਾਂ ਹੈਰਾਨੀਜਨਕ ਹਨ। ਕਿਉਂਕਿ ਸੁਪਰੀਮ ਕੋਰਟ ਨੇ ਖੁਦ ਕਈ ਮਾਮਲਿਆਂ ਵਿੱਚ ਕਿਹਾ ਹੈ ਕਿ ਜ਼ਮਾਨਤ ਦੇਣ ਵੇਲੇ ਸ਼ਰਤਾਂ ਸੋਚ ਸਮਝ ਕੇ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕੇਜਰੀਵਾਲ ਦਾ ਮਾਮਲਾ ਹੋਰ ਵੀ ਹੈਰਾਨੀਜਨਕ ਹੈ ਕਿਉਂਕਿ ਜਦੋਂ ਉਹ ਜੇਲ੍ਹ ਵਿੱਚ ਸਨ ਤਾਂ ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਇਸ ਸਵਾਲ ਉੱਤੇ ਵਿਚਾਰ ਕੀਤਾ ਸੀ ਕਿ ਕੀ ਉਹ ਜੇਲ੍ਹ ਵਿੱਚ ਰਹਿੰਦਿਆਂ ਸਰਕਾਰ ਦੇ ਫ਼ੈਸਲਿਆਂ ਨਾਲ ਸਬੰਧਤ ਫਾਈਲਾਂ ਉੱਤੇ ਦਸਤਖ਼ਤ ਕਰ ਸਕਦੇ ਹਨ ਜਾਂ ਨਹੀਂ। ਪਰ ਇਕ ਹੋਰ ਬੈਂਚ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਸ ਨੂੰ ਫਾਈਲਾਂ 'ਤੇ ਦਸਤਖਤ ਕਰਨ ਤੋਂ ਰੋਕ ਦਿੱਤਾ।

ਪਹਿਲੀ ਇਹ ਕਿ ਉਹ ਮੁੱਖ ਮੰਤਰੀ ਦੇ ਤੌਰ 'ਤੇ ਆਪਣੇ ਦਫ਼ਤਰ ਨਹੀਂ ਜਾਣਗੇ। ਦੂਸਰੀ ਉਹ ਕਿਸੇ ਸਰਕਾਰੀ ਫਾਈਲ 'ਤੇ ਦਸਤਖ਼ਤ ਨਹੀਂ ਕਰਨਗੇ। ਤੀਸਰੀ ਉਹ ਇਸ ਮਾਮਲੇ ਨਾਲ ਸੰਬੰਧਿਤ ਕੋਈ ਬਿਆਨ ਨਹੀਂ ਦੇਣਗੇ। ਚੌਥੀ ਉਹ ਅਦਾਲਤੀ ਜਾਂਚ ਵਿਚ ਕੋਈ ਰੁਕਾਵਟ ਨਹੀਂ ਬਣਨਗੇ ਅਤੇ ਨਾ ਹੀ ਗਵਾਹਾਂ ਨੂੰ ਕਿਸੇ ਤਰ੍ਹਾਂ ਪ੍ਰਭਾਵਿਤ ਕਰਨ ਦਾ ਯਤਨ ਹੀ ਕਰਨਗੇ। ਪੰਜਵੀਂ ਉਹ ਲੋੜ ਪੈਣ 'ਤੇ ਅਦਾਲਤੀ ਹੁਕਮ 'ਤੇ ਅਦਾਲਤ ਵਿਚ ਪੇਸ਼ ਹੋਣਗੇ ਅਤੇ ਜਾਂਚ ਵਿਚ ਪੂਰਾ-ਪੂਰਾ ਸਹਿਯੋਗ ਕਰਨਗੇ। ਇਸ ਜ਼ਮਾਨਤ ਦੇ ਬਦਲੇ ਉਨ੍ਹਾਂ ਨੂੰ 10 ਲੱਖ ਰੁਪਏ ਦਾ ਬਾਂਡ ਵੀ ਭਰਨਾ ਪਿਆ ਹੈ। ਜਿਥੋਂ ਤੱਕ ਇਸ ਕੇਸ ਦਾ ਸੰਬੰਧ ਹੈ, ਹੁਣ ਤੱਕ ਪਰਤ ਦਰ ਪਰਤ ਇਸ ਦੀਆਂ ਤਹਿਆਂ ਖੁੱਲ੍ਹਦੀਆਂ ਆ ਰਹੀਆਂ ਹਨ। ਇਸ ਵਿਚ 17 ਦੋਸ਼ੀ ਬਣਾਏ ਗਏ ਸਨ ਅਤੇ ਇਸ ਸੰਬੰਧੀ 224 ਗਵਾਹ ਪੇਸ਼ ਵੀ ਹੋਏ ਸਨ। ਕੇਜਰੀਵਾਲ ਇਸ ਕੇਸ ਦੇ ਬਾਰ੍ਹਵੇਂ ਦੋਸ਼ੀ ਹਨ, ਜਿਨ੍ਹਾਂ ਨੂੰ ਹੁਣ ਜ਼ਮਾਨਤ ਦਿੱਤੀ ਗਈ ਹੈ।

ਪਹਿਲੇ ਦੋਸ਼ੀਆਂ ਵਿਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ, ਸੰਜੇ ਸਿੰਘ ਅਤੇ ਦੱਖਣ ਦੇ ਤੇਲੰਗਾਨਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਦੀ ਬੇਟੀ ਕੇ. ਕਵਿਤਾ ਵੀ ਸ਼ਾਮਿਲ ਹੈ। ਦਿੱਲੀ ਸਰਕਾਰ ਦੀ ਸ਼ਰਾਬ ਨੀਤੀ ਨਾਲ ਸੰਬੰਧਿਤ ਇਹ ਕੇਸ ਪਿਛਲੇ ਲੰਮੇ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ।

ਦਿੱਲੀ ਦੀ 'ਆਪ' ਸਰਕਾਰ ਵਲੋਂ ਸਾਲ 2021-22 ਲਈ ਨਵੀਂ ਆਬਕਾਰੀ ਨੀਤੀ ਦਾ ਐਲਾਨ ਕੀਤਾ ਗਿਆ ਸੀ। ਇਸ ਸੰਬੰਧੀ ਮਿਲੀਆਂ ਅਨੇਕਾਂ ਸ਼ਿਕਾਇਤਾਂ ਅਤੇ ਇਸ ਵਿਚ ਕੀਤੇ ਗਏ ਘੁਟਾਲਿਆਂ ਦੇ ਮੱਦੇਨਜ਼ਰ ਜੁਲਾਈ, 2022 ਵਿਚ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਨੇ ਇਸ ਸੰਬੰਧੀ ਸੀ.ਬੀ.ਆਈ. ਨੂੰ ਜਾਂਚ ਕਰਨ ਦੇ ਆਦੇਸ਼ ਦਿੱਤੇ ਸਨ। ਇਸ ਦੀ ਪੂਰੀ ਘੋਖ ਪੜਤਾਲ ਕਰਨ ਤੋਂ ਬਾਅਦ ਉਦੋਂ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 14 ਹੋਰ ਸੰਬੰਧਿਤ ਲੋਕਾਂ ਦੇ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਜਦੋਂ ਇਸ ਆਬਕਾਰੀ ਨੀਤੀ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਤਾਂ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ ਸਤੰਬਰ 2022 ਵਿਚ ਇਸ ਸ਼ਰਾਬ ਨੀਤੀ ਨੂੰ ਰੱਦ ਕਰ ਦਿੱਤਾ ਸੀ। ਉਸ ਤੋਂ ਬਾਅਦ ਉਜਾਗਰ ਹੁੰਦੀਆਂ ਬੇਨਿਯਮੀਆਂ ਦੇ ਆਧਾਰ 'ਤੇ ਪਾਰਟੀ ਦੇ ਵੱਡੇ ਆਗੂ ਵਿਜੈ ਨਾਇਰ ਅਤੇ ਮਨੀਸ਼ ਸਿਸੋਦੀਆ ਸਮੇਤ ਹੋਰ ਅਨੇਕਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਦੱਖਣ ਦੇ ਕੁਝ ਸ਼ਰਾਬ ਦੇ ਕਾਰੋਬਾਰੀਆਂ ਨੂੰ ਵੀ ਫੜਿਆ ਗਿਆ ਸੀ, ਜਿਨ੍ਹਾਂ ਨੇ ਬਾਅਦ 'ਚ ਇਸ ਨੀਤੀ ਸੰਬੰਧੀ ਵੱਡੇ ਖ਼ੁਲਾਸੇ ਕੀਤੇ ਸਨ। ਮਿਲੇ ਸਬੂਤਾਂ ਦੇ ਆਧਾਰ 'ਤੇ ਅਰਵਿੰਦ ਕੇਜਰੀਵਾਲ ਨੂੰ ਜਾਂਚ ਏਜੰਸੀ ਈ.ਡੀ. ਅੱਗੇ ਪੇਸ਼ ਹੋਣ ਲਈ ਸਮੇਂ-ਸਮੇਂ 'ਤੇ 9 ਸੰਮਨ ਜਾਰੀ ਕੀਤੇ ਗਏ ਅਤੇ ਬਾਅਦ ਵਿਚ 21 ਮਾਰਚ, 2024 ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਹੁਣ ਤੱਕ ਈ.ਡੀ. ਤੇ ਸੀ.ਬੀ.ਆਈ. ਦੀਆਂ ਰਿਪੋਰਟਾਂ ਅਨੁਸਾਰ 'ਆਪ' ਦੇ ਇਨ੍ਹਾਂ ਆਗੂਆਂ 'ਤੇ ਉਕਤ ਕੇਸ ਵਿਚ ਕਰੋੜਾਂ ਦੇ ਘਪਲੇ ਕਰਨ ਦੇ ਗੰਭੀਰ ਤੱਥ ਸਾਹਮਣੇ ਆਏ ਹਨ। ਇਸ ਕੇਸ ਨਾਲ ਸੰਬੰਧਿਤ ਗ੍ਰਿਫ਼ਤਾਰ ਆਗੂਆਂ ਨੂੰ ਸਰਬਉੱਚ ਅਦਾਲਤ ਵਲੋਂ ਚਾਰਜਸ਼ੀਟਾਂ ਦਾਖ਼ਲ ਹੋਣ ਤੋਂ ਬਾਅਦ ਹੀ ਜ਼ਮਾਨਤਾਂ ਦਿੱਤੀਆਂ ਗਈਆਂ ਹਨ। ਸ਼ੁਰੂ-ਸ਼ੁਰੂ ਵਿਚ ਸਮਾਜ ਦੀ ਸੇਵਾ ਕਰਨ ਲਈ ਬਣੀ ਇਸ ਪਾਰਟੀ ਨੇ ਇਮਾਨਦਾਰ ਹੋਣ ਦੀਆਂ ਸਹੁੰਆਂ ਖਾਧੀਆਂ ਸਨ, ਪਰ ਸਮੇਂ ਦੇ ਬੀਤਣ ਨਾਲ ਇਸ ਦੇ ਪਾਜ ਲਗਾਤਾਰ ਖੁੱਲ੍ਹਦੇ ਗਏ। ਦਿੱਲੀ ਤੋਂ ਬਾਅਦ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਉਪਰੰਤ ਢਾਈ ਕੁ ਸਾਲ ਪਹਿਲਾਂ ਇਸ ਪਾਰਟੀ ਦੀ ਰਾਜ ਸਰਕਾਰ ਬਣੀ ਸੀ, ਪਰ ਇਸ ਅਰਸੇ ਦੌਰਾਨ ਸੂਬੇ ਵਿਚ ਜਿਸ ਤਰ੍ਹਾਂ ਦੀਆਂ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰ ਕਰਨ ਦੇ ਪਾਜ ਖੁੱਲ੍ਹੇ, ਉਨ੍ਹਾਂ ਨੇ ਪਿਛਲੀਆਂ ਸਰਕਾਰਾਂ ਨੂੰ ਵੀ ਮਾਤ ਪਾ ਦਿੱਤੀ। ਹੈਰਾਨੀ ਇਸ ਗੱਲ ਦੀ ਹੈ ਕਿ ਇਸ ਪਾਰਟੀ ਦੀ ਕਾਰਗੁਜ਼ਾਰੀ ਦੇ ਲੰਮੇ-ਚੌੜੇ ਕੱਚੇ ਚਿੱਠੇ ਸਾਹਮਣੇ ਆਉਣ ਦੇ ਬਾਵਜੂਦ ਹਾਲੇ ਤੱਕ ਵੀ ਇਸ ਦੇ ਆਗੂ ਆਪਣੇ ਕੱਟੜ ਇਮਾਨਦਾਰ ਹੋਣ ਦੇ ਦਾਅਵੇ ਕਰ ਰਹੇ ਹਨ।

ਇਸ ਦੇ ਬਾਵਜੂਦ ਕੇਜਰੀਵਾਲ ਨਾਲ ਕਨੂੰਨੀ ਵਿਤਕਰਾ ਵਾਜਿਬ ਨਹੀਂ। ਜ਼ਮਾਨਤ ਦੀਆਂ ਸ਼ਰਤਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿ ਉਹ ਵਾਜਬ ਹੋਣ, ਵਿਅਕਤੀ ਨੂੰ ਉਸ ਦੀਆਂ ਨਿੱਜੀ ਜਾਂ ਜਨਤਕ ਜ਼ਿੰਮੇਵਾਰੀਆਂ ਨਿਭਾਉਣ ਵਿਚ ਰੁਕਾਵਟ ਨਾ ਪਵੇ ਅਤੇ ਉਸ ਦੇ ਸਵੈ-ਮਾਣ ਨੂੰ ਠੇਸ ਨਾ ਪਹੁੰਚਾਈ ਜਾਵੇ।

## ਬਠਿੰਡਾ ਜੇਲ੍ਹ ਵਿਚ ਹੈਰੋਇਨ ਸਪਲਾਈ ਨੈਟਵਰਕ ਫੜਿਆ ਗਿਆ

### ✪ ਸਕਿਊਰਿਟੀ ਕੰਪਨੀ ਦੇ ਇਲੈਕਟ੍ਰੀਸ਼ੀਅਨ ਸਣੇ ਦੋ ਜਣੇ ਗ੍ਰਿਫ਼ਤਾਰ; ਹੈਰੋਇਨ ਬਰਾਮਦ

ਬਠਿੰਡਾ-ਸੁਰਖ਼ੀਆਂ ਵਿਚ ਰਹਿਣ ਵਾਲੀ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਹੁਣ ਨਸ਼ੀਲਾ ਪਦਾਰਥ ਸਪਲਾਈ ਕਰਨ ਦੇ ਦੋਸ਼ ਹੇਠ ਸਕਿਊਰਟੀ ਕੰਪਨੀ ਦੇ ਇਕ ਇਲੈਕਟ੍ਰੀਸ਼ਨ ਸਮੇਤ ਚਾਰ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਜੇਲ੍ਹ ਅਧਿਕਾਰੀਆਂ ਨੇ ਇਲੈਕਟ੍ਰੀਸ਼ਿਅਨ ਤੇ ਉਸਦੇ ਸਾਥੀ ਨੂੰ 10 ਗ੍ਰਾਮ ਹੈਰੋਇਨ ਸਮੇਤ ਰੰਗੇ ਹੱਥੀਂ ਕਾਬੂ ਕੀਤਾ ਜਿਸਨੂੰ ਉਹ ਹੋਰ ਕੈਦੀਆਂ ਤੇ ਹਵਾਲਾਤੀਆਂ ਨੂੰ ਸਪਲਾਈ ਕਰਨ ਜਾ ਰਹੇ ਸਨ।

ਜੇਲ੍ਹ ਅੰਦਰ ਨਸ਼ੀਲਾ ਪਦਾਰਥ ਸਪਲਾਈ ਕਰਨ ਦੇ ਮਾਮਲੇ ਵਿਚ ਕੈਦੀ ਅਤੇ ਹਵਾਲਾਤੀ ਵੀ ਸ਼ਾਮਲ ਹਨ। ਬਠਿੰਡਾ ਪੁਲਿਸ ਨੂੰ ਕੀਤੀ ਗਈ ਸ਼ਿਕਾਇਤ ਵਿਚ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਨੇ ਦੱਸਿਆ ਕਿ ਜੇਲ੍ਹ ਅੰਦਰ ਬੰਦ ਕਿਸੇ ਕੇਸ ਵਿਚ ਹਵਾਲਾਤੀ ਮੇਵਾ ਸਿੰਘ , ਕੈਦੀ ਬਲਵੀਰ ਸਿੰਘ ਮਾਨਸਾ, ਹਵਾਲਾਤੀ ਮੇਵਾ ਸਿੰਘ ਦੇ ਭਰਾ ਅਮਿਤ ਅਤੇ ਸਕਿਊਰਟੀ ਕੰਪਨੀ ਦਾ ਇਲੈਕਟ੍ਰੀਸ਼ੀਅਨ ਦੀਪਕ ਜੇਲ੍ਹ ਅੰਦਰ ਨਸ਼ੀਲਾ ਪਦਾਰਥ ਸਪਲਾਈ ਕਰਨ ਦਾ ਧੰਦਾ ਕਰਦੇ ਹਨ।


ਉਨ੍ਹਾਂ ਪੁਲਿਸ ਨੂੰ ਦੱਸਿਆ ਕਿ ਮੇਵਾ ਸਿੰਘ ਅਤੇ ਬਲਵੀਰ ਸਿੰਘ ਨੇ ਜੇਲ੍ਹ ਵਿੱਚ ਨਸ਼ੀਲਾ ਪਦਾਰਥ ਸਪਲਾਈ ਕਰਨ ਲਈ ਅਮਿਤ ਅਤੇ ਦੀਪਕ ਨੂੰ ਭੇਜਿਆ ਸੀ, ਜਿਨਾਂ ਨੂੰ ਜੇਲ੍ਹ ਅਧਿਕਾਰੀਆਂ ਨਾਲ ਫੜ ਕੇ ਉਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਕੈਂਟ ਦੀ ਸਹਾਇਕ ਥਾਣੇਦਾਰ ਜਯੋਤਸ਼ਨਾ ਸ਼ਰਮਾ ਨੇ ਦੱਸਿਆ ਕਿ ਜੇਲ੍ਹ ਅਧਿਕਾਰੀਆਂ ਦੀ ਸ਼ਿਕਾਇਤ ਤੋਂ ਬਾਅਦ ਸਾਰੇ ਇਕ ਕਥਿਤ ਦੋਸ਼ੀਆਂ ਖਿਲਾਫ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਹੈ।

ਪੁਲਿਸ ਜੇਲ੍ਹ ਵਿੱਚ ਬੰਦ ਇਨ੍ਹਾਂ ਕਥਿਤ ਦੋਸ਼ੀਆਂ ਨੂੰ ਪ੍ਰੋਡਕਸ਼ਨ ਬਣਨ 'ਤੇ ਲਿਆਉਣ ਦੀ ਤਿਆਰੀ ਕਰ ਰਹੀ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਉਕਤ ਸਾਰੇ ਵਿਅਕਤੀ ਜੇਲ੍ਹ ਅੰਦਰ ਹੈਰੋਇਨ ਦੀ ਸਪਲਾਈ ਕਰ ਰਹੇ ਸਨ। ਉਕਤ ਤਸਕਰ ਨਸ਼ੇ ਦੇ ਪੈਸੇ ਬਾਹਰ ਆਪਣੇ ਜਾਣਕਾਰਾਂ ਅਤੇ ਰਿਸ਼ਤੇਦਾਰਾਂ ਨੂੰ ਗੂਗਲ ਪੇ ਰਾਹੀਂ ਲੈਂਦੇ ਸਨ।

## 13 ਸਾਲਾ ਦੀ ਗੁਆਂਢਣ ਨਾਲ 2 ਮੁੰਡਿਆਂ ਨੇ ਕੀਤਾ ਬਲਾਤਕਾਰ, ਵੀਡੀਓ ਬਣਾ ਕੇ ਕਰ ਦਿਤੀ ਵਾਇਰਲ

ਅਮਰਗੜ੍ਹ-ਥਾਣਾ ਅਮਰਗੜ੍ਹ ਵਿਖੇ ਪੁਲਸ ਵੱਲੋਂ ਨਾਬਾਲਗ ਬੱਚੀ ਨਾਲ ਜਹਰ-ਜ਼ਿਨਾਹ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿਚ ਨਾਬਾਲਗਾ ਦੇ ਨਾਲ ਪੜ੍ਹਦੇ ਇਕ ਵਿਦਿਆਰਥੀ ਅਤੇ ਉਸਦੇ ਦੋਸਤ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨਾਂ ਵਿਚ 13 ਸਾਲਾ ਕੁੜੀ ਨੇ ਦੱਸਿਆ ਕਿ ਉਹ ਨੌਂਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਉਸਦੇ ਗਆਂਢ 'ਚ ਇਕ ਮੁੰਡਾ ਰਹਿੰਦਾ ਹੈ ਜੋ ਕਿ ਉਸੇ ਦੀ ਕਲਾਸ ਵਿਚ ਪੜ੍ਹਦਾ ਹੈ। ਗੁਆਂਢੀ ਹੋਣ ਕਰ ਕੇ ਉਸ ਮੁੰਡੇ ਦਾ ਉਨ੍ਹਾਂ ਦੇ ਘਰ ਕਾਫੀ ਆਉਣ-ਜਾਣ ਸੀ , ਉਸ ਵੱਲੋਂ ਕਰੀਬ ਇਕ ਸਾਲ ਪਹਿਲਾਂ ਸਾਡੇ ਗੁਆਂਢ ਵਿਚ ਨਵੇਂ ਰਹਿਣ ਆਏ ਇਕ ਮੁੰਡੇ ਨਾਲ ਜੋ ਕਿ ਗਿਆਰਵੀਂ ਜਮਾਤ ਦਾ ਵਿਦਿਆਰਥੀ ਹੈ, ਨਾਲ ਮੇਰੀ ਜਾਣ-ਪਛਾਣ ਕਰਵਾਈ ਗਈ। ਕਰੀਬ 15-20 ਦਿਨ ਪਹਿਲਾਂ ਜਦੋਂ ਉਸ ਨੂੰ ਆਪਣੀ ਪੜ੍ਹਾਈ ਲਈ ਇਕ ਕਾਪੀ ਦੀ ਜ਼ਰੂਰਤ ਸੀ ਤਾਂ ਉਹ ਗੁਆਂਢ ਵਿਚ ਰਹਿੰਦੇ ਮੁੰਡੇ ਪਾਸੋਂ ਲੈਣ ਗਈ ਤਾਂ ਉਸ ਵਕਤ ਉਹ ਦੋਵੇਂ ਉਸ ਘਰ ਵਿਚ ਇਕੱਲੇ ਸਨ , ਜਿਨ੍ਹਾਂ ਨੇ ਮੇਰੇ ਨਾਲ ਜਬਰ-ਜ਼ਿਨਾਹ ਕੀਤਾ ਅਤੇ ਜ਼ਬਰਦਸਤੀ ਕਰਦਿਆਂ ਇਕ ਵੀਡੀਓ ਵੀ ਬਣਾ ਲਈ। ਉਨ੍ਹਾਂ ਮੈਨੂੰ ਆਖਿਆ ਕਿ ਜੇਕਰ ਤੂੰ ਇਹ ਗੱਲ ਕਿਸੇ ਨੂੰ ਦੱਸੀ ਤਾਂ ਵੀਡੀਓ ਵਾਇਰਲ ਕਰ ਕੇ ਤੈਨੂੰ ਬਦਨਾਮ ਕਰ ਦੇਵਾਂਗੇ। ਇਸ ਕਰ ਕੇ ਮੈਂ ਪਰਿਵਾਰ ਦੀ ਬਦਨਾਮੀ ਤੋਂ ਡਰਦਿਆਂ ਇਹ ਗੱਲ ਕਿਸੇ ਨੂੰ ਨਹੀਂ ਦੱਸੀ ਪਰ ਫਿਰ ਵੀ ਉਨ੍ਹਾਂ ਵੱਲੋਂ ਮੇਰੀ ਅਸ਼ਲੀਲ ਵੀਡੀਓ ਵਾਇਰਲ ਕਰ ਦਿੱਤੀ ਗਈ। ਇਸ ਸਬੰਧੀ ਥਾਣਾ ਪੁਲਸ ਅਮਰਗੜ੍ਹ ਨੇ ਦੋਵਾਂ ਲੜਕਿਆਂ ਖਿਲਾਫ ਮੁਕੱਦਮਾ ਦਰਜ ਕਰਦਿਆਂ ਅਗਲੀ ਕਾਰਵਾਈ ਆਰੰਭ ਦਿੱਤੀ।

## ਸਿਹਤ ਤੇ ਸੁੰਦਰਤਾ




# ਭਾਰ ਘਟਾਉਣ ਤੋਂ ਲੈ ਕੇ ਬੀਪੀ ਨੂੰ ਕੰਟਰੋਲ ਕਰਦਾ ਹੈ ਕੇਲਾ

ਕੇਲੇ 'ਚ ਜ਼ਿਆਦਾ ਮਾਤਰਾ 'ਚ ਫਾਈਬਰ ਹੁੰਦਾ ਹੈ, ਜੋ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ। ਫਾਈਬਰ ਕਬਜ਼ ਤੇ ਦਸਤ ਵਰਗੀਆਂ ਪਾਚਨ ਸਮੱਸਿਆਵਾਂ ਨੂੰ ਰੋਕਣ ਵਿਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਕੇਲੇ 'ਚ ਪੋਟਾਸ਼ੀਅਮ ਦੀ ਵੀ ਜ਼ਿਆਦਾ ਮਾਤਰਾ ਹੁੰਦੀ ਹੈ, ਜੋ ਪਾਚਨ ਤੰਤਰ ਨੂੰ ਠੀਕ ਰੱਖਣ 'ਚ ਮਦਦ ਕਰਦੀ ਹੈ।

ਦਿਲ ਦੀ ਸਿਹਤ-ਕੇਲੇ 'ਚ ਪੋਟਾਸ਼ੀਅਮ ਦੀ ਜ਼ਿਆਦਾ ਮਾਤਰਾ ਦਿਲ ਦੀ ਸਿਹਤ ਲਈ ਫਾਇਦੇਮੰਦ ਹੁੰਦੀ ਹੈ। ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਕੇਲੇ 'ਚ ਫਾਈਬਰ ਅਤੇ ਵਿਟਾਮਿਨ-ਸੀ ਵੀ ਹੁੰਦਾ ਹੈ, ਜੋ ਦਿਲ ਦੀ ਸਿਹਤ ਨੂੰ ਠੀਕ ਰੱਖਦਾ ਹੈ।

ਭਾਰ ਘਟਾਉਣ 'ਚ ਫ਼ਾਇਦੇਮੰਦ-ਕੇਲੇ ਵਿਚ ਕੈਲੋਰੀ ਘੱਟ ਹੁੰਦੀ ਹੈ ਅਤੇ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਭਾਰ ਘਟਾਉਣ ਵਿਚ ਮਦਦ ਕਰ ਸਕਦਾ ਹੈ। ਫਾਈਬਰ ਤੁਹਾਡੇ ਪੇਟ ਨੂੰ ਜ਼ਿਆਦਾ ਦੇਰ ਤਕ ਭਰਿਆ ਹੋਇਆ ਮਹਿਸੂਸ ਕਰਵਾਉਂਦਾ ਹੈ, ਜਿਸ ਨਾਲ ਤੁਹਾਨੂੰ ਘੱਟ ਖਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਕੇਲੇ 'ਚ ਕਾਰਬੋਹਾਈਡ੍ਰੇਟਸ ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਊਰਜਾ ਪ੍ਰਦਾਨ ਕਰਦੇ ਹਨ ਅਤੇ ਤੁਹਾਨੂੰ ਐਕਟਿਵ ਰਹਿਣ 'ਚ ਮਦਦ ਕਰਦੇ ਹਨ।

ਦਿਮਾਗ਼ ਦੀ ਸਿਹਤ-ਕੇਲੇ ਵਿਚ ਵਿਟਾਮਿਨ ਬੀ6 ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਦਿਮਾਗ਼ ਦੀ ਸਿਹਤ ਲਈ ਜ਼ਰੂਰੀ ਹੈ। ਵਿਟਾਮਿਨ ਬੀ6 ਦਿਮਾਗ ਵਿਚ ਸੇਰੋਟੋਨਿਨ ਦੇ ਉਤਪਾਦਨ ਵਿਚ ਮਦਦ ਕਰਦਾ ਹੈ, ਜੋ ਮੂਡ ਅਤੇ ਨੀਂਦ ਨੂੰ ਕੰਟਰੋਲ ਕਰਦਾ ਹੈ। ਇਸ ਤੋਂ ਇਲਾਵਾ ਕੇਲੇ ਵਿਚ ਮੌਜੂਦ ਪੋਟਾਸ਼ੀਅਮ ਦਿਮਾਗ ਦੀ ਸਿਹਤ ਨੂੰ ਵੀ ਵਧਾਉਂਦਾ ਹੈ।



ਬਲੱਡ ਸ਼ੂਗਰ ਨੂੰ ਕਰਦਾ ਹੈ ਮੈਨੇਜ-ਕੇਲੇ ਵਿਚ ਕਾਰਬੋਹਾਈਡ੍ਰੇਟਸ ਦੀ ਚੰਗੀ ਮਾਤਰਾ ਹੁੰਦੀ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿਚ ਮਦਦ ਕਰ ਸਕਦੀ ਹੈ। ਹਾਲਾਂਕਿ ਕੇਲੇ ਵਿਚ ਕੁਝ ਮਾਤਰਾ ਵਿਚ ਚੀਨੀ ਵੀ ਹੁੰਦੀ ਹੈ, ਇਸ ਲਈ ਸ਼ੂਗਰ ਦੇ ਰੋਗੀਆਂ ਨੂੰ ਕੇਲਾ ਖਾਣ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਕੇਲਾ ਖਾਣ ਦੇ ਹੋਰ ਫ਼ਾਇਦੇ-ਕੇਲੇ 'ਚ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟ ਹੁੰਦੇ ਹਨ, ਜੋ ਅੱਖਾਂ ਦੀ ਰੋਸ਼ਨੀ ਨੂੰ ਵਧਾਉਂਦੇ ਹਨ।

ਮਾਸਪੇਸ਼ੀਆਂ ਦੀ ਸਿਹਤ : ਕੇਲੇ ਵਿੱਚ ਮੌਜੂਦ ਪੋਟਾਸ਼ੀਅਮ ਮਾਸਪੇਸ਼ੀਆਂ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

ਚਮੜੀ ਦੀ ਸਿਹਤ : ਕੇਲੇ ਵਿਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਜ਼ ਤੋਂ ਬਚਾਉਣ ਵਿਚ ਮਦਦ ਕਰਦੇ ਹਨ, ਜਿਸ ਨਾਲ ਚਮੜੀ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਅਤੇ ਚਮੜੀ ਚਮਕਦਾਰ ਰਹਿੰਦੀ ਹੈ।

# ਅਦਾਲਤ ਨੇ ਫਿਲਮ ਐਮਰਜੰਸੀ ਕਾਰਣ ਕੰਗਨਾ ਰਣੌਤ ਨੂੰ ਨੋਟਿਸ ਦਿੱਤਾ

ਚੰਡੀਗੜ੍ਹ ਦੀ ਅਦਾਲਤ ਨੇ ਫਿਲਮੀ ਅਦਾਕਾਰਾ ਤੇ ਐਮ ਪੀ ਕੰਗਣਾ ਰਣੌਤ ਨੂੰ ਉਹਨਾਂ ਦੀ ਫਿਲਮ ਐਮਰਜੰਸੀ ਨੂੰ ਲੈ ਕੇ ਨੋਟਿਸ ਜਾਰੀ ਕੀਤਾ ਹੈ। ਹੁਣ ਮਾਮਲੇ ਦੀ ਸੁਣਵਾਈ 5 ਦਸੰਬਰ ਨੂੰ ਹੋਵੇਗੀ। ਐਨ ਡੀ ਟੀ ਵੀ ਦੀ ਇਕ ਰਿਪੋਰਟ ਮੁਤਾਬਕ ਐਡਵੋਕੇਟ ਰਵਿੰਦਰ ਸਿੰਘ ਬੱਸੀ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਹੈ ਕਿ ਕੰਗਣਾ ਰਣੌਤ ਖਿਲਾਫ ਕਾਰਵਾਈ ਕੀਤੀ ਜਾਵੇ। ਉਹਨਾਂ ਦੋਸ਼ ਲਾਇਆ ਹੈ ਕਿ ਰਣੌਤ ਨੇ ਫਿਲਮ ਐਮਰਜੰਸੀ ਵਿਚ ਜਾਣ ਬੁੱਝ ਕੇ ਸਿੱਖਾਂ ਦੇ ਅਕਸ ਨੂੰ ਠੇਸ ਪਹੁੰਚਾਈ ਹੈ ਤੇ ਫਿਲਮ ਵਿਚ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਫ਼ਿਲਮ ਵਿੱਚ ਸਿੱਖਾਂ ਦੇ ਅਕਸ ਨੂੰ ਗਲਤ ਦਿਖਾਉਣ ਦੇ ਨਾਲ-ਨਾਲ ਸਿੱਖਾਂ 'ਤੇ ਕਈ ਤਰ੍ਹਾਂ ਦੇ ਝੂਠੇ ਦੋਸ਼ ਲਗਾਏ ਗਏ ਹਨ। ਇਸ ਲਈ ਕੰਗਨਾ ਰਣੌਤ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਸੀ।




ਸੀਬੀਐਫਸੀ ਨੇ ਫਿਲਮ ਨੇ ਯੂ/ਏ ਸਰਟੀਫਿਕੇਟ ਦੇ ਦਿੱਤਾ ਹੈ। ਹਾਲਾਂਕਿ ਇਸ ਨੂੰ ਕੁਝ ਕੱਟ ਅਤੇ ਬਦਲਾਅ ਕਰਨ ਤੋਂ ਬਾਅਦ ਰਿਲੀਜ਼ ਕਰਨ ਲਈ ਕਿਹਾ ਹੈ। ਕੰਗਨਾ ਨੇ ਕਿਹਾ ਕਿ ਉਨ੍ਹਾਂ ਦੀ ਫਿਲਮ ਵਿੱਚ ਕੁਝ ਵੀ ਗਲਤ ਨਹੀਂ ਦਿਖਾਇਆ ਗਿਆ ਹੈ ਅਤੇ ਇਸ ਦੀ ਚਾਰ ਇਤਿਹਾਸਕਾਰਾਂ ਨਿਗਰਾਨੀ ਕੀਤੀ ਹੈ। ਇਸ ਵਿਚਾਲੇ ਫਿਲਮ ਖਿਲਾਫ਼ ਵਿਰੋਧ ਅਤੇ ਧਮਕੀਆਂ ਦੀਆਂ ਰਿਪੋਰਟਾਂ ਵੀ ਸਾਹਮਣੇ ਆ ਰਹੀਆਂ ਹਨ।


# * ਚੂੰਢੀਆਂ-ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**



**ਭਾਜਪਾ ਲਈ ਗੀਤ ਗਾਉਣ ਵਾਲਾ ਗਾਇਕ 48 ਘੰਟਿਆਂ ਬਾਅਦ ਹੀ ਮੁੜਿਆ ਭਾਜਪਾ ਵਿਚ- ਇਕ ਖ਼ਬਰ**

-ਸਈਓ ਕਹੀਓ ਅਹਿਮਦ ਪਿਆਰੇ ਨੂੰ,
ਦਿਲ ਤਰਸੇ ਇਕ ਨਜ਼ਾਰੇ ਨੂੰ।



***ਭਾਰਤ 'ਚ 2024 ਦੀਆਂ ਆਮ ਚੋਣਾਂ ਨਿਰਪੱਖ ਨਹੀਂ ਸਨ- ਸੈਮ ਪਿਤਰੋਦਾ**

-ਢਾਬ ਤੇਰੀ ਦਾ ਗੰਧਲ਼ਾ ਪਾਣੀ, ਉੱਤੋਂ ਬੂਰ ਹਟਾਵਾਂ।



***ਸਾਬਕਾ ਉੱਪ ਪ੍ਰਧਾਨ ਮੰਤਰੀ ਦੇਵੀ ਲਾਲ ਦੇ ਪੋਤਰੇ ਨੇ ਵੀ ਭਾਜਪਾ ਛੱਡੀ-ਇਕ ਖ਼ਬਰ**


-ਕਿਤੋਂ ਬੋਲ ਵੇ ਪੁਰਾਣਿਆਂ ਯਾਰਾ, ਲੱਡੂਆਂ ਨੂੰ ਜੀਅ ਕਰਦਾ।

***ਅਮਰੀਕਾ ਦੀ ਮਿੱਤਰ ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ ਅੱਵਲ ਨੰਬਰ- ਅਮਰੀਕੀ ਉੱਚ ਅਧਿਕਾਰੀ**

-ਇਥੇ ਹਰ ਕੋਈ ਆਪਣੇ ਮਤਲਬ ਦਾ, ਕੋਈ ਬਣਦਾ ਕਿਸੇ ਦਾ ਯਾਰ ਨਹੀਂ।

***ਜੰਮੂ-ਕਸ਼ਮੀਰ ਅਤੇ ਹਰਿਆਣੇ 'ਚ ਚੋਣਾਂ ਕਾਰਨ ਪੰਜਾਬ 'ਚ 16 ਨਾਕੇ ਲਾਏ- ਚੋਣ ਅਧਿਕਾਰੀ**

-ਨੱਚਾਂ ਮੈਂ ਅੰਬਾਲੇ, ਮੇਰੀ ਧਮਕ ਜਲੰਧਰ ਪੈਂਦੀ।



***ਕਮਲਾ ਹੈਰਿਸ ਅਤੇ ਟਰੰਪ ਵਿਚਕਾਰ ਤਿੱਖੀ ਬਹਿਸ, ਦੋਵਾਂ ਨੇ ਆਪਣਾ ਆਪਣਾ ਪੱਖ ਰੱਖਿਆ- ਇਕ ਖ਼ਬਰ**

-ਕੁੱਕੜਾਂ ਵਾਂਗੂੰ ਲੜਦੇ, ਕਿੱਸਾ ਕੁਰਸੀ ਦਾ।



***ਪੰਚਾਇਤੀ ਵੋਟਾਂ ਸਾਡੀ ਆਪਸੀ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ- ਕਿਸਾਨ ਆਗੂ**

-ਭੱਠ ਪਿਆ ਸੋਨਾ, ਜਿਹੜਾ ਕੰਨਾਂ ਨੂੰ ਖਾਵੇ।



***ਰਾਹੁਲ ਨੂੰ ਕੋਈ ਹੱਥ ਨਹੀਂ ਲਾ ਸਕਦਾ, ਅਸੀਂ ਵੀ ਚੂੜੀਆਂ ਨਹੀਂ ਪਾਈਆਂ ਹੋਈਆਂ- ਰਾਜਾ ਵੜਿੰਗ**

-ਜੱਟ ਪੰਦਰਾਂ ਮੁਰੱਬਿਆਂ ਵਾਲ਼ਾ, ਮੋਢੇ 'ਤੇ ਗੰਡਾਸੀ ਰੱਖਦਾ।



***ਸੁਖਬੀਰ ਬਾਦਲ ਦੀ ਪ੍ਰਧਾਨਗੀ ਬਚਣ ਨਾਲ਼ ਹੀ ਅਕਾਲੀ ਦਲ ਕਾਇਮ ਰਹਿ ਸਕੇਗਾ- ਪਰਮਜੀਤ ਸਿੰਘ ਸਰਨਾ**

-ਗੱਪ ਦੀ ਉਦੋਂ ਇੰਤਹਾ ਹੁੰਦੀ, ਟਟੀਹਰੀ ਆਖਦੀ ਆਸਮਾਨ ਮੈਂ ਥੰਮ੍ਹਿਆਂ ਏਂ।

***ਡਰੱਗ ਇੰਸਪੈਕਟਰ ਨਸ਼ਾ ਤਸਕਰਾਂ ਦੀ ਸਹਾਇਤਾ ਕਰਦਾ ਫੜਿਆ ਗਿਆ- ਇਕ ਖ਼ਬਰ**

-ਫ਼ਕਰਦੀਨਾਂ ਇਸ ਦੇਸ਼ ਦਾ ਕੀ ਬਣਸੀ, ਜਿੱਥੇ ਵਾੜ ਹੀ ਖੇਤ ਨੂੰ ਖਾਂਵਦੀ ਹੈ।



***ਕੇਜਰੀਵਾਲ ਦੀ ਜ਼ਮਾਨਤ 'ਤੇ ਭਗਵੰਤ ਮਾਨ ਨੇ ਕਿਹਾ,' ਸੱਚ ਦੀ ਜਿੱਤ ਹੋਈ ਹੈ'।**

-ਇਹ ਸੱਚ ਦੀ ਜਿੱਤ ਨਹੀਂ, ਭਾਜਪਾ ਦੀ ਚਾਲ ਹੈ ਹਰਿਆਣੇ 'ਚ ਕਾਂਗਰਸ ਨੂੰ ਠਿੱਬੀ ਮਾਰਨ ਦੀ।

***ਗ਼ੈਰ-ਸਰਕਾਰੀ ਸੰਸਥਾਵਾਂ ਲਈ ਇੰਟਰਨੈਸ਼ਨਲ ਫੰਡ ਲੈਣਾ ਭਾਰਤ ਸਰਕਾਰ ਨੇ ਮੁਸ਼ਕਲ ਕੀਤਾ- ਅਮਰੀਕੀ ਸੈਨੇਟਰ**

-ਸੈਨੇਟਰ ਸਾਹਿਬ ਇਲੈਕਟੋਰਲ ਬਾਂਡਾਂ ਰਾਹੀਂ ਜਿੰਨਾ ਮਰਜ਼ੀ ਭੇਜੋ, ਕੋਈ ਰੋਕ ਨਹੀਂ।



***ਮੈਂ ਨਵੀਂ ਪੀੜ੍ਹੀ ਦੀ ਨੁਮਾਇੰਦਗੀ ਕਰਦੀ ਹਾਂ- ਕਮਲਾ ਹੈਰਿਸ**

-ਮੈਂ ਮਾਝੇ ਦੀ ਜੱਟੀ, ਗੁਲਾਬੂ ਨਿਕਾ ਜਿਹਾ।



***ਸ਼ਾਹਬਾਜ਼ ਸਰਕਾਰ ਵਲੋਂ ਨਿਆਂਪਾਲਿਕਾ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ-ਇਕ ਖ਼ਬਰ**

-ਨਮਾਜ਼ ਪੜ੍ਹਨ ਦੇ ਬਹਾਨੇ ਜਾ ਵੜ ਚੀਫ਼ ਜਸਟਿਸ ਦੇ ਘਰ।

* * * * * * *

# ਭਾਰਤ ਪੰਜਵੀਂ ਵਾਰ ਬਣਿਆ ਏਸ਼ਿਆਈ ਹਾਕੀ ਚੈਂਪੀਅਨ

## ✪ ਚੀਨ ਨੂੰ 1-0 ਨਾਲ ਹਰਾਇਆ, ਮੋਦੀ ਨੇ ਭਾਰਤੀ ਟੀਮ ਨੂੰ ਜਿੱਤ ਦੀ ਦਿਤੀ ਵਧਾਈ ?

ਹੁਲੁਨਬੁਈਰ (ਚੀਨ)-ਟੂਰਨਾਮੈਂਟ 'ਚ ਇੱਕ ਵੀ ਮੈਚ ਨਾ ਹਾਰਨ ਵਾਲੀ ਭਾਰਤੀ ਹਾਕੀ ਟੀਮ ਨੇ ਇੱਥੇ ਸਖ਼ਤ ਮੁਕਾਬਲੇ 'ਚ ਮੇਜ਼ਬਾਨ ਚੀਨ ਨੂੰ 1-0 ਨਾਲ ਹਰਾ ਕੇ ਪੰਜਵੀਂ ਵਾਰ ਏਸ਼ਿਆਈ ਚੈਂਪੀਅਨਜ਼ ਟਰਾਫੀ ਦਾ ਖਿਤਾਬ ਜਿੱਤ ਲਿਆ ਹੈ। ਪਹਿਲੇ ਤਿੰਨ ਕੁਆਰਟਰਾਂ ਤੱਕ ਕੋਈ ਵੀ ਟੀਮ ਗੋਲ ਨਹੀਂ ਕਰ ਸਕੀ। ਅੰਤ ਵਿੱਚ ਡਿਫੈਂਡਰ ਜੁਗਰਾਜ ਸਿੰਘ ਨੇ ਮੈਦਾਨੀ ਗੋਲ ਕਰਕੇ ਟੀਮ ਨੂੰ ਜਿੱਤ ਦਿਵਾਈ। ਹਰਮਨਪ੍ਰੀਤ ਸਿੰਘ ਦੀ ਟੀਮ ਲਈ ਇਹ ਮੈਚ ਸੌਖਾ ਨਹੀਂ ਸੀ। ਪਹਿਲੇ ਤਿੰਨ ਕੁਆਰਟਰਾਂ ਵਿੱਚ ਚੀਨੀ ਡਿਫੈਂਡਰਾਂ ਨੇ ਭਾਰਤ ਨੂੰ ਗੋਲ ਕਰਨ ਦਾ ਕੋਈ ਮੌਕਾ ਨਹੀਂ ਦਿੱਤਾ। ਪੈਰਿਸ ਓਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਭਾਰਤੀ ਟੀਮ ਲਈ ਜੁਗਰਾਜ ਨੇ 51ਵੇਂ ਮਿੰਟ ਵਿੱਚ ਗੋਲ ਕੀਤਾ। ਚੀਨ ਦੂਜੀ ਵਾਰ ਕਿਸੇ ਕੌਮਾਂਤਰੀ ਟੂਰਨਾਮੈਂਟ ਦਾ ਫਾਈਨਲ ਖੇਡ ਰਿਹਾ ਸੀ। ਇਸ ਤੋਂ ਪਹਿਲਾਂ ਉਸ ਨੇ ਏਸ਼ਿਆਈ ਖੇਡਾਂ 2006 ਦਾ ਫਾਈਨਲ ਖੇਡਿਆ ਸੀ, ਜਿਸ ਵਿੱਚ ਉਸ ਨੂੰ ਕੋਰੀਆ ਹੱਥੋਂ 3-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਦੱਖਣੀ ਕੋਰੀਆ ਨੂੰ 5-2 ਨਾਲ ਹਰਾ ਕੇ ਛੇ ਟੀਮਾਂ ਦੇ ਟੂਰਨਾਮੈਂਟ ਵਿੱਚ ਤੀਜਾ ਸਥਾਨ ਹਾਸਲ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੀਮ ਨੂੰ



ਜਿੱਤ ਦੀ ਵਧਾਈ ? ਦਿਤੀ ਹੈ।

ਖ਼ਿਤਾਬ ਦੀ ਮਜ਼ਬੂਤ ਦਾਅਵੇਦਾਰ ਵਜੋਂ ਮੈਦਾਨ ਵਿੱਚ ਉਤਰੀ ਭਾਰਤੀ ਟੀਮ ਨੇ ਪਹਿਲੇ ਲੀਗ ਮੈਚ ਵਿੱਚ ਚੀਨ ਨੂੰ 3-0 ਨਾਲ ਹਰਾਇਆ ਸੀ ਪਰ ਫਾਈਨਲ ਮੁਕਾਬਲਾ ਕਾਫੀ ਸਖ਼ਤ ਰਿਹਾ। ਪਹਿਲੇ ਦੋ ਕੁਆਰਟਰਾਂ ਵਿੱਚ ਭਾਰਤ ਨੇ ਗੋਲ ਕਰਨ ਦੇ ਕਈ ਮੌਕੇ ਬਣਾਏ ਪਰ ਚੀਨ ਵੀ ਜਵਾਬੀ ਹਮਲੇ ਵਿੱਚ ਪਿੱਛੇ ਨਹੀਂ ਰਿਹਾ। ਰਾਜਕੁਮਾਰ ਪਾਲ ਨੇ ਪਹਿਲਾ ਹਮਲਾ ਕੀਤਾ ਜਿਸ ਨੂੰ ਚੀਨ ਦੇ ਗੋਲਕੀਪਰ ਵਾਂਗ ਵੇਹਾਓ ਨੇ ਬਚਾ ਲਿਆ। ਰਾਜਕੁਮਾਰ ਨੇ ਦਸਵੇਂ ਮਿੰਟ ਵਿੱਚ ਭਾਰਤ ਨੂੰ ਪਹਿਲਾ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਸਿੰਘ ਇਸ 'ਤੇ ਗੋਲ ਨਹੀਂ ਕਰ ਸਕਿਆ। ਦੋ ਮਿੰਟ ਬਾਅਦ ਨੀਲਕਾਂਤ ਸ਼ਰਮਾ ਦੇ ਸ਼ਾਟ ਨੂੰ ਵੀ ਵਾਂਗ ਨੇ ਬਚਾਅ ਲਿਆ ਅਤੇ ਅਗਲੇ ਹੀ ਮਿੰਟ ਵਿੱਚ ਸੁਖਜੀਤ ਸਿੰਘ ਨੂੰ ਵੀ ਉਸ ਨੇ ਗੋਲ ਨਹੀਂ ਕਰਨ ਦਿੱਤਾ। ਪਹਿਲੇ ਕੁਆਰਟਰ ਤੋਂ ਕੁਝ ਸੈਕਿੰਡ ਪਹਿਲਾਂ ਚੀਨ ਨੂੰ ਪੈਨਲਟੀ ਕਾਰਨਰ ਮਿਲਿਆ ਪਰ ਕ੍ਰਿਸ਼ਨ ਬਹਾਦਰ ਪਾਠਕ ਗੋਲ ਦੇ ਸਾਹਮਣੇ ਤਿਆਰ ਸੀ। ਦੂਜੇ ਕੁਆਰਟਰ 'ਚ ਵੀ ਕਹਾਣੀ ਇਹੀ ਰਹੀ। ਇਸ ਵਾਰ ਵੀ ਭਾਰਤ ਦੇ ਹੱਥ ਸਫਲਤਾ ਨਾ ਲੱਗੀ। ਸੁਖਜੀਤ ਨੇ 27ਵੇਂ ਮਿੰਟ 'ਚ ਭਾਰਤ ਨੂੰ ਪੈਨਲਟੀ ਕਾਰਨਰ ਦਿਵਾਇਆ ਪਰ ਹਰਮਨਪ੍ਰੀਤ ਅਸਫ਼ਲ ਰਿਹਾ। ਦੂਜੇ ਅੱਧ 'ਚ ਚੀਨੀ ਫਾਰਵਰਡ ਲਾਈਨ ਨੇ ਲਗਾਤਾਰ ਹਮਲੇ ਕੀਤੇ ਅਤੇ 38ਵੇਂ ਮਿੰਟ 'ਚ ਪੈਨਲਟੀ ਬਣਾਇਆ ਪਰ ਭਾਰਤੀ ਡਿਫੈਂਸ ਚੌਕਸ ਸੀ। ਚੀਨ ਨੂੰ 40ਵੇਂ ਮਿੰਟ 'ਚ ਵੀ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ, ਜਿਸ 'ਤੇ ਭਾਰਤੀ ਗੋਲਕੀਪਰ ਪਾਠਕ ਨੇ ਗੋਲ ਨਹੀਂ ਹੋਣ ਦਿੱਤਾ। ਭਾਰਤ ਦੇ ਗੋਲ ਦਾ ਸੂਤਰਧਾਰ ਹਰਮਨਪ੍ਰੀਤ ਰਿਹਾ। ਉਹ ਸ਼ਾਨਦਾਰ ਖੇਡ ਦਿਖਾਉਂਦਿਆਂ ਚੀਨੀ ਸਰਕਲ ਵਿੱਚ ਦਾਖਲ ਹੋਇਆ ਅਤੇ ਗੇਂਦ ਜੁਗਰਾਜ ਨੂੰ ਸੌਂਪ ਦਿੱਤੀ, ਜਿਸ ਨੇ ਗੋਲ ਕਰਨ ਵਿੱਚ ਕੋਈ ਗਲਤੀ ਨਹੀਂ ਕੀਤੀ। ਹੂਟਰ ਵੱਜਣ ਤੋਂ ਚਾਰ ਮਿੰਟ ਪਹਿਲਾਂ ਚੀਨ ਨੇ ਆਪਣਾ ਗੋਲਕੀਪਰ ਹਟਾ ਕੇ ਵਾਧੂ ਖਿਡਾਰੀ ਮੈਦਾਨ ਵਿੱਚ ਉਤਾਰਿਆ ਪਰ ਬਰਾਬਰੀ ਦਾ ਗੋਲ ਨਾ ਕਰ ਸਕਿਆ। -

### ਮੁੱਖ ਮੰਤਰੀ ਮਾਨ ਵੱਲੋਂ ਭਾਰਤੀ ਟੀਮ ਨੂੰ ਵਧਾਈ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਏਸ਼ਿਆਈ ਚੈਂਪੀਅਨਜ਼ ਟਰਾਫੀ ਜਿੱਤਣ 'ਤੇ ਭਾਰਤੀ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ। ਮਾਨ ਨੇ ਕਿਹਾ ਕਿ ਇਹ ਪੂਰੇ ਦੇਸ਼ ਲਈ ਮਾਣ ਵਾਲੇ ਪਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਟੀਮ ਵਿੱਚ ਪੰਜਾਬ ਦੇ ਸੱਤ ਖਿਡਾਰੀ ਸ਼ਾਮਲ ਹਨ। ਟੂਰਨਾਮੈਂਟ ਦਾ ਸਭ ਤੋਂ ਅਹਿਮ ਖਿਡਾਰੀ ਤੇ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ ਵੀ ਪੰਜਾਬ ਦਾ ਨੌਜਵਾਨ ਹੈ। ਹਰਮਨਪ੍ਰੀਤ ਸਿੰਘ ਟੂਰਨਾਮੈਂਟ ਦਾ ਸਰਬੋਤਮ ਖਿਡਾਰੀ ਵੀ ਐਲਾਨਿਆ ਗਿਆ ਹੈ।

# ਚੰਡੀਗੜ੍ਹ ਬੰਬ ਬਲਾਸਟ ਦਾ ਮਾਮਲਾ ਸੁਲਝਿਆ

## ✪ 72 ਘੰਟਿਆਂ ਵਿਚ ਦੂਜਾ ਮਾਸਟਰਮਾਈਂਡ ਗ੍ਰਿਫਤਾਰ

ਚੰਡੀਗੜ੍ਹ-ਚੰਡੀਗੜ੍ਹ ਦੇ ਸੈਕਟਰ-10 ਦੀ ਕੋਠੀ ਨੰਬਰ 575 ਵਿੱਚ ਹੋਏ ਗ੍ਰਨੇਡ ਹਮਲੇ ਦਾ ਮਾਮਲਾ ਪੁਲੀਸ ਨੇ ਮਹਿਜ਼ 72 ਘੰਟਿਆਂ ਵਿੱਚ ਸੁਲਝਾ ਲਿਆ ਹੈ। ਇਸ ਹਮਲੇ ਦੇ ਮਾਸਟਰਮਾਈਂਡ ਨੂੰ ਪੁਲਿਸ ਨੇ 48 ਘੰਟਿਆਂ ਦੇ ਅੰਦਰ ਗ੍ਰਿਫਤਾਰ ਕਰ ਲਿਆ ਸੀ। ਇਸ ਦੇ ਨਾਲ ਹੀ ਹੁਣ ਦੂਜੇ ਦੋਸ਼ੀ ਨੂੰ ਵੀ ਪੁਲਿਸ ਨੇ ਫੜ ਲਿਆ ਹੈ। ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਅਤੇ ਦਿੱਲੀ ਪੁਲਿਸ ਦੀ ਮਦਦ ਨਾਲ ਚੰਡੀਗੜ੍ਹ ਗ੍ਰਨੇਡ ਧਮਾਕੇ ਦੇ ਦੂਜੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।



### ਹੈਪੀ ਪਸ਼ਿਆ ਨੇ ਲਈ ਸੀ ਧਮਾਕੇ ਦੀ ਜ਼ਿੰਮੇਵਾਰੀ

ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਦੋਸ਼ੀ ਅਮਰੀਕਾ ਸਥਿਤ ਗੈਂਗਸਟਰ ਤੋਂ ਖਾੜਕੂ ਬਣੇ ਹਰਪ੍ਰੀਤ ਸਿੰਘ ਉਰਫ ਹੈਪੀ ਪਾਸ਼ੀਆ ਲਈ ਕੰਮ ਕਰਦੇ ਸਨ। ਤੁਹਾਨੂੰ ਦੱਸ ਦੇਈਏ ਕਿ ਇਸ ਧਮਾਕੇ ਦੇ ਕੁਝ ਸਮੇਂ ਬਾਅਦ ਹੀ ਹੈਪੀ ਪਸ਼ਿਆ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕਰਕੇ ਇਸ ਦੀ ਜ਼ਿੰਮੇਵਾਰੀ ਲਈ ਸੀ।

ਜਿਸ ਤੋਂ ਬਾਅਦ ਪੁਲਿਸ ਨੂੰ ਅੰਮ੍ਰਿਤਸਰ ਦੇ ਪਿੰਡ ਪਸ਼ਿਆ ਦੇ ਰੋਹਨ ਮਸੀਹ 'ਤੇ ਸ਼ੱਕ ਹੋਇਆ। ਪੁਲਿਸ ਨੇ ਰੋਹਨ ਮਸੀਹ ਨੂੰ 48 ਘੰਟਿਆਂ ਦੇ ਅੰਦਰ ਗ੍ਰਿਫਤਾਰ ਕਰ ਲਿਆ। ਰੋਹਨ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਦੂਜੇ ਅਪਰਾਧੀ ਵਿਸ਼ਾਲ ਮਸੀਹ ਨੂੰ ਵੀ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ।

### ਧਮਾਕੇ ਤੋਂ ਬਾਅਦ ਅੰਮ੍ਰਿਤਸਰ ਚਲੇ ਗਏ ਸਨ ਦੋਵੇਂ ਮੁਲਜ਼ਮ

ਦੱਸ ਦੇਈਏ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਵੇਂ ਦੋਸ਼ੀ ਪਹਿਲਾਂ ਅੰਮ੍ਰਿਤਸਰ ਪਹੁੰਚੇ, ਜਿਸ ਤੋਂ ਬਾਅਦ ਦੋਵਾਂ ਨੇ ਆਪਣਾ ਰਸਤਾ ਬਦਲ ਲਿਆ। ਵਿਸ਼ਾਲ ਮਸੀਹ ਜੰਮੂ-ਕਸ਼ਮੀਰ ਗਿਆ ਅਤੇ ਫਿਰ ਦਿੱਲੀ ਪਹੁੰਚ ਗਿਆ, ਜਿੱਥੋਂ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਗ੍ਰਿਫ਼ਤਾਰੀ ਤੋਂ ਬਾਅਦ ਵਿਸ਼ਾਲ ਮਸੀਹ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਮੁਲਜ਼ਮ ਨੂੰ 20 ਸਤੰਬਰ ਤੱਕ ਰਿਮਾਂਡ 'ਤੇ ਭੇਜ ਦਿੱਤਾ। ਪੁਲਿਸ ਅਜੇ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤਾਂ ਜੋ ਹੈਪੀ ਪਸ਼ਿਆ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ।

# ਪਤੀ ਨੂੰ ਦਰੱਖ਼ਤ ਨਾਲ ਬੰਨ੍ਹ ਕੇ ਪਤਨੀ ਨਾਲ ਸਮੂਹਕ ਬਲਾਤਕਾਰ

## ✪ ਹੁਣ ਤਕ ਕੋਈ ਵੀ ਮੁਲਜ਼ਮ ਫੜਿਆ ਨਹੀਂ ਗਿਆ

ਮਿਰਜ਼ਾਪੁਰ-ਵਿੰਧਿਆਚਲ ਦੇ ਸੀਤਾਕੁੰਡ ਵਿਚ 11 ਸਤੰਬਰ ਨੂੰ ਦਰਸ਼ਨ-ਪੂਜਾ ਤੋਂ ਵਾਪਸੀ ਸਮੇਂ ਪਤੀ ਨੂੰ ਦਰੱਖਤ ਨਾਲ ਬੰਨ੍ਹ ਕੇ ਔਰਤ ਨਾਲ ਸਮੂਹਕ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੋਸ਼ ਹੈ ਕਿ ਘਟਨਾ ਦੀ ਸ਼ਿਕਾਇਤ ਵਿੰਧਿਆਚਲ ਥਾਣੇ ਵਿਚ ਦਰਜ ਕਰਵਾਉਣ ਦੇ ਬਾਵਜੂਦ ਪੁਲਿਸ ਪੀੜਤਾ ਦਾ ਚਾਰ ਦਿਨ ਤਕ ਪਿੱਛਾ ਕਰਦੀ ਰਹੀ। ਇਸ ਦੌਰਾਨ ਘਟਨਾ ਦੀ ਵੀਡੀਓ ਇੰਟਰਨੈੱਟ ਮੀਡੀਆ 'ਤੇ ਵਾਇਰਲ ਹੋ ਗਈ। ਇਸ ਤੋਂ ਬਾਅਦ ਪੁਲਿਸ ਸਰਗਰਮ ਹੋ ਗਈ ਪਰ ਹੁਣ ਤਕ ਕੋਈ ਵੀ ਮੁਲਜ਼ਮ ਫੜਿਆ ਨਹੀਂ ਗਿਆ ਹੈ।

ਵਿੰਧਿਆਚਲ ਦੇ ਕੋਤਵਾਲ ਪੀਪੀ ਪਾਂਡੇ ਨੇ ਦੱਸਿਆ ਕਿ ਪੀੜਤਾ ਅਜੇ ਤਕ ਉਨ੍ਹਾਂ ਦੇ ਸਾਹਮਣੇ ਨਹੀਂ ਆਈ ਹੈ। ਉਸ ਦਾ ਪਤੀ ਉਸ ਨੂੰ ਅੱਗੇ ਨਹੀਂ ਲਿਆਉਣਾ ਚਾਹੁੰਦਾ। ਜਦੋਂ ਤਕ ਔਰਤ ਥਾਣੇ ਨਹੀਂ ਆ ਜਾਂਦੀ ਤੇ ਉਸਦੀ ਮੈਡੀਕਲ ਜਾਂਚ ਨਹੀਂ ਹੋ ਜਾਂਦੀ, ਉਦੋਂ ਤਕ ਘਟਨਾ ਦੀ ਪੁਸ਼ਟੀ ਕਿਵੇਂ ਹੋਵੇਗੀ ? ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਕੀਤੀ ਜਾਵੇਗੀ।

ਮਿਰਜ਼ਾਪੁਰ ਸੀਓ ਨਗਰ ਵਿਵੇਕ ਜਵਲਾ ਨੇ ਦੱਸਿਆ ਕਿ ਮਾਮਲਾ ਸ਼ੱਕੀ ਜਾਪਦਾ ਹੈ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਵਿਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹੇ ਦੇ



ਇਕ ਪਿੰਡ ਦਾ ਰਹਿਣ ਵਾਲਾ ਨੌਜਵਾਨ 11 ਸਤੰਬਰ ਨੂੰ ਆਪਣੀ ਪਤਨੀ ਨਾਲ ਵਿੰਧਿਆਚਲ ਦੇ ਕਾਲੀਖੋਹ ਮੰਦਰ 'ਚ ਦਰਸ਼ਨ ਕਰਨ ਆਇਆ ਸੀ। ਉਥੋਂ ਸੀਤਾਕੁੰਡ ਦਰਸ਼ਨ ਕਰਨ ਚਲੇ ਗਏ। ਇਲਜ਼ਾਮ ਹੈ ਕਿ ਦੁਪਹਿਰ ਨੂੰ ਵਾਪਸ ਆਉਂਦੇ ਸਮੇਂ 5 ਦੋਸ਼ੀ ਬਾਈਕ 'ਤੇ ਆਏ ਤੇ ਦੋਵਾਂ ਨੂੰ ਫੜ ਕੇ ਉਨ੍ਹਾਂ ਦਾ ਨਾਂ-ਪਤਾ ਪੁੱਛਣ ਲੱਗੇ। ਬਾਅਦ 'ਚ ਉਨ੍ਹਾਂ ਨੇ ਨੌਜਵਾਨਾਂ ਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ।

ਦੋਸ਼ ਹੈ ਕਿ ਦੋ ਦੋਸ਼ੀਆਂ ਨੇ ਨੌਜਵਾਨ ਨੂੰ ਨਿੰਮ ਦੇ ਦਰੱਖਤ ਨਾਲ ਬੰਨ੍ਹ ਦਿੱਤਾ। ਬਾਕੀ ਤਿੰਨ ਮੁਲਜ਼ਮ ਉਸ ਦੀ ਪਤਨੀ ਨੂੰ ਜੰਗਲ ਵਿਚ ਲੈ ਗਏ ਅਤੇ ਉਸ ਨਾਲ ਸਮੂਹਕ ਜਬਰ ਜਨਾਹ ਕੀਤਾ। ਦੋਸ਼ੀ ਪੁਲਿਸ ਨੂੰ ਘਟਨਾ ਦੀ ਸ਼ਿਕਾਇਤ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੰਦੇ ਹੋਏ ਵੀਡੀਓ ਬਣਾ ਕੇ ਫ਼ਰਾਰ ਹੋ ਗਏ। ਪੀੜਤ ਨੌਜਵਾਨਾਂ ਨੇ ਦੋਸ਼ ਲਾਇਆ ਕਿ ਉਹ ਘਟਨਾ ਵਾਲੇ ਦਿਨ ਹੀ ਥਾਣੇ ਗਏ ਸਨ।

# ਭਾਰਤ-ਚੀਨ ਏਕਤਾ ਵਲ ਤੁਰੇ...

## ✪ 4 ਸਾਲ ਬਾਅਦ ਸ਼ੁਰੂ ਹੋਣਗੀਆਂ ਸਿੱਧੀਆਂ ਉਡਾਣਾਂ, ਵਪਾਰਕ ਪਾਬੰਦੀਆਂ ਵਿਚ ਵੀ ਢਿੱਲ ਦੇ ਸੰਕੇਤ ✪ ਸਰਹੱਦ 'ਤੇ ਤਣਾਅ ਘਟਿਆ



ਬੀਜਿੰਗ-ਭਾਰਤ ਅਤੇ ਚੀਨ ਦੇ ਸਬੰਧਾਂ ਵਿੱਚ ਸੁਧਾਰ ਦੇ ਨਵੇਂ ਸੰਕੇਤ ਮਿਲ ਰਹੇ ਹਨ। ਭਾਰਤ ਚਾਰ ਸਾਲਾਂ ਦੀ ਰੁਕਾਵਟ ਤੋਂ ਬਾਅਦ ਚੀਨ ਲਈ ਸਿੱਧੀ ਯਾਤਰੀ ਉਡਾਣਾਂ ਨੂੰ ਮੁੜ ਸ਼ੁਰੂ ਕਰਨ ਲਈ ਤਿਆਰ ਜਾਪਦਾ ਹੈ। ਕੋਵਿਡ ਮਹਾਂਮਾਰੀ ਦੇ ਦੌਰਾਨ 2020 ਵਿੱਚ ਭਾਰਤ ਅਤੇ ਚੀਨ ਵਿਚਕਾਰ ਉਡਾਣਾਂ ਨੂੰ ਰੋਕ ਦਿੱਤਾ ਗਿਆ ਸੀ। ਬਿਮਾਰੀ ਤੋਂ ਬਾਅਦ, ਦੋਵਾਂ ਦੇਸ਼ਾਂ ਨੇ ਕੋਵਿਡ -19 ਕਾਰਨ ਯਾਤਰਾ ਪਾਬੰਦੀਆਂ ਹਟਾ ਦਿੱਤੀਆਂ ਪਰ ਫਿਰ ਵੀ ਦਿੱਲੀ ਅਤੇ ਬੀਜਿੰਗ ਵਿਚਕਾਰ ਉਡਾਣਾਂ ਸ਼ੁਰੂ ਨਹੀਂ ਹੋ ਸਕੀਆਂ। ਚਾਰ ਸਾਲਾਂ ਬਾਅਦ ਉਡਾਣਾਂ ਦਾ ਸ਼ੁਰੂ ਹੋਣਾ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਨਰਮੀ ਦਾ ਸੰਕੇਤ ਹੈ, ਕਿਉਂਕਿ ਹਾਲ ਦੇ ਸਮੇਂ ਵਿੱਚ ਸਰਹੱਦ 'ਤੇ ਤਣਾਅ ਘਟਿਆ ਹੈ ਅਤੇ ਵਪਾਰੀ ਵਰਗ ਆਰਥਿਕ ਸਹਿਯੋਗ ਵਧਾਉਣ ਦੀ ਮੰਗ ਕਰ ਰਿਹਾ ਹੈ।

ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਦੇ ਮੁਤਾਬਕ, ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੇ ਹਾਲ ਹੀ ਵਿੱਚ ਦਿੱਲੀ ਵਿੱਚ ਏਸ਼ੀਆ-ਪ੍ਰਸ਼ਾਂਤ ਮੰਤਰੀ ਪੱਧਰ ਦੀ ਕਾਨਫਰੰਸ ਵਿੱਚ ਆਪਣੇ ਚੀਨੀ ਹਮਰੁਤਬਾ ਸੋਂਗ ਜ਼ਿਯੋਂਗ ਨਾਲ ਮੁਲਾਕਾਤ ਕੀਤੀ। ਨਾਇਡੂ ਨੇ ਬੈਠਕ ਤੋਂ ਬਾਅਦ ਕਿਹਾ ਕਿ ਅਸੀਂ ਦੋਹਾਂ ਦੇਸ਼ਾਂ ਵਿਚਾਲੇ ਨਾਗਰਿਕ ਹਵਾਬਾਜ਼ੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਖਾਸ ਤੌਰ 'ਤੇ ਯਾਤਰੀ ਉਡਾਣਾਂ ਨੂੰ ਜਲਦ ਤੋਂ ਜਲਦ ਸ਼ੁਰੂ ਕਰਨ 'ਤੇ ਚਰਚਾ ਕੀਤੀ ਹੈ। ਐਵੀਏਸ਼ਨ ਕੰਸਲਟੈਂਸੀ ਮਾਰਟਿਨ ਕੰਸਲਟਿੰਗ ਦੇ ਸੀਈਓ ਮਾਰਕ ਡੀ ਮਾਰਟਿਨ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਉਡਾਣਾਂ ਨੂੰ ਮੁੜ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ। ਉਡਾਣਾਂ ਸਿਰਫ਼ ਬੀਜਿੰਗ ਲਈ ਹੀ ਨਹੀਂ ਸਗੋਂ ਚੀਨ ਦੇ ਹੋਰ ਸੂਬਿਆਂ ਲਈ ਵੀ ਹੋਣੀਆਂ ਚਾਹੀਦੀਆਂ ਹਨ। ਉਡਾਣਾਂ ਬੰਦ ਹੋਣ ਕਾਰਨ ਦੋਵਾਂ ਦੇਸ਼ਾਂ ਦੇ ਵਪਾਰ ਵਿੱਚ ਭਾਰੀ ਨੁਕਸਾਨ ਹੋਇਆ ਹੈ।

### ਉਡਾਣਾਂ ਦੀ ਘਾਟ ਕਾਰਨ ਕਾਰੋਬਾਰ ਪ੍ਰਭਾਵਿਤ ਹੋਇਆ

ਮਾਰਕ ਡੀ ਮਾਰਟਿਨ ਦਾ ਕਹਿਣਾ ਹੈ ਕਿ ਭਾਰਤ ਅਤੇ ਚੀਨ ਦੀਆਂ ਅਰਥਵਿਵਸਥਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਦੋਵੇਂ ਦੇਸ਼ ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਦਾ ਇੱਕ ਸਮੂਹ) ਦਾ ਹਿੱਸਾ ਹਨ ਅਤੇ ਤੇਜ਼ੀ ਨਾਲ ਉੱਭਰ ਰਹੇ ਬਾਜ਼ਾਰ ਵੀ ਹਨ। ਉਨ੍ਹਾਂ ਕਿਹਾ ਕਿ ਉਡਾਣਾਂ ਸ਼ੁਰੂ ਹੋਣ ਨਾਲ ਕਾਰੋਬਾਰੀਆਂ ਦੇ ਨਾਲ-ਨਾਲ ਸੈਰ-ਸਪਾਟੇ ਨੂੰ ਵੀ ਫਾਇਦਾ ਹੋਵੇਗਾ। ਭਾਰਤੀ ਉਦਯੋਗ ਦੇ ਹਿੱਸੇ, ਖਾਸ ਤੌਰ 'ਤੇ ਇਲੈਕਟ੍ਰੋਨਿਕਸ ਨਿਰਮਾਣ, ਸਰਕਾਰ ਨੂੰ ਵਪਾਰ ਅਤੇ ਸਰਹੱਦ ਪਾਰ ਯਾਤਰਾ 'ਤੇ ਪਾਬੰਦੀਆਂ ਨੂੰ ਘੱਟ ਕਰਨ ਦੀ ਅਪੀਲ ਕਰ ਰਹੇ ਹਨ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਚੀਨ ਪਿਛਲੇ ਕੁਝ ਸਮੇਂ ਤੋਂ ਭਾਰਤ 'ਤੇ ਉਡਾਣਾਂ ਸ਼ੁਰੂ ਕਰਨ ਲਈ ਦਬਾਅ ਬਣਾ ਰਿਹਾ ਸੀ। ਉਡਾਣਾਂ ਨੂੰ ਮੁੜ ਸ਼ੁਰੂ ਕਰਨ ਲਈ ਕੋਈ ਖਾਸ ਤਾਰੀਖ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਭਾਰਤੀ ਸੈਰ-ਸਪਾਟਾ ਉਦਯੋਗ ਦੇ ਅਧਿਕਾਰੀਆਂ ਨੂੰ ਉਮੀਦ ਹੈ ਕਿ ਇਸ ਵਿੱਚ ਜ਼ਿਆਦਾ ਸਮਾਂ ਨਹੀਂ ਲੱਗੇਗਾ।

ਇੰਡੀਅਨ ਚੈਂਬਰ ਆਫ ਕਾਮਰਸ ਦੀ ਐਵੀਏਸ਼ਨ ਐਂਡ ਟੂਰਿਜ਼ਮ ਕਮੇਟੀ ਦੇ ਚੇਅਰਮੈਨ ਸੁਭਾਸ਼ ਗੋਇਲ ਦਾ ਕਹਿਣਾ ਹੈ ਕਿ ਲੋਕ ਥਾਈਲੈਂਡ, ਕੰਬੋਡੀਆ, ਮਿਆਂਮਾਰ ਅਤੇ ਹਾਂਗਕਾਂਗ ਦੇਸ਼ਾਂ ਦੇ ਰਸਤੇ ਰਾਹੀਂ ਚੀਨ ਜਾ ਰਹੇ ਹਨ। ਬਿਹਤਰ ਹੈ ਕਿ ਭਾਰਤੀ ਅਤੇ ਚੀਨੀ ਏਅਰਲਾਈਨਾਂ ਤੀਜੇ ਦੇਸ਼ਾਂ ਦੀਆਂ ਏਅਰਲਾਈਨਾਂ ਨੂੰ ਕਾਰੋਬਾਰ ਦੇਣ ਦੀ ਬਜਾਏ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਨ। ਗੋਇਲ ਨੇ ਕਿਹਾ ਕਿ ਸੇਵਾਵਾਂ ਬੰਦ ਹੋਣ ਤੋਂ ਪਹਿਲਾਂ ਦੋਵਾਂ ਪਾਸਿਆਂ ਦੀਆਂ ਉਡਾਣਾਂ ਭਰੀਆਂ ਰਹਿੰਦੀਆਂ ਸਨ।

### ਭਾਰਤ ਨੇ ਸਰਵੇਖਣ ਤੋਂ ਬਾਅਦ ਢਿੱਲ ਦੇਣ ਦੇ ਦਿੱਤੇ ਸੰਕੇਤ

ਚੀਨੀ ਨਿਵੇਸ਼ ਪ੍ਰਤੀ ਭਾਰਤ ਦੀ ਨੀਤੀ ਵਿੱਚ ਢਿੱਲ ਦਾ ਪਹਿਲਾ ਸੰਕੇਤ ਪਿਛਲੇ ਮਹੀਨੇ ਦੇਸ਼ ਦੇ ਆਰਥਿਕ ਸਰਵੇਖਣ ਤੋਂ ਬਾਅਦ ਸਾਹਮਣੇ ਆਇਆ ਹੈ। ਆਰਥਿਕ ਸਰਵੇਖਣ 'ਚ ਕਿਹਾ ਗਿਆ ਹੈ ਕਿ ਚੀਨ ਤੋਂ ਸਿੱਧਾ ਵਿਦੇਸ਼ੀ ਨਿਵੇਸ਼ ਭਾਰਤ ਲਈ ਫਾਇਦੇਮੰਦ ਹੋਵੇਗਾ। ਦੋਵਾਂ ਦੇਸ਼ਾਂ ਵਿਚਾਲੇ ਉਡਾਣਾਂ ਮੁੜ ਸ਼ੁਰੂ ਹੋਣ ਨਾਲ ਦੋਵਾਂ ਧਿਰਾਂ ਨੂੰ ਮਦਦ ਮਿਲੇਗੀ। ਇੱਕ ਰਿਪੋਰਟ ਦੇ ਅਨੁਸਾਰ, ਦਸੰਬਰ 2019 ਵਿੱਚ ਭਾਰਤ-ਚੀਨ ਦੀਆਂ ਸਿੱਧੀਆਂ ਉਡਾਣਾਂ ਚੱਲ ਰਹੀਆਂ ਸਨ, ਜਿਸ ਵਿੱਚ ਇੰਡੀਗੋ, ਏਅਰ ਇੰਡੀਆ, ਚਾਈਨਾ ਦੱਖਣੀ, ਚਾਈਨਾ ਈਸਟਰਨ, ਏਅਰ ਚਾਈਨਾ ਅਤੇ ਸ਼ੈਨਡੋਂਗ ਏਅਰਲਾਈਨਜ਼ ਦੀਆਂ ਕੁੱਲ 539 ਨਿਰਧਾਰਤ ਉਡਾਣਾਂ ਸਨ। ਅਜਿਹੇ ਵਿਚ ਉਡਾਣਾਂ ਰੁਕਣ ਨਾਲ ਦੋਵਾਂ ਦੇਸ਼ਾਂ ਦੇ ਲੋਕ ਪ੍ਰਭਾਵਿਤ ਹੋ ਰਹੇ ਹਨ। ਜਦੋਂ ਉਡਾਣਾਂ ਸ਼ੁਰੂ ਹੁੰਦੀਆਂ ਹਨ ਅਤੇ ਵਪਾਰਕ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਵੱਡੀ ਗਿਣਤੀ ਵਿੱਚ ਲੋਕ ਯਕੀਨੀ ਤੌਰ 'ਤੇ ਯਾਤਰਾ ਕਰਨਗੇ।

# ਗੈਂਗਸਟਰਾਂ ਨੇ ਮੁਹਾਲੀ ਦੇ ਕਾਰੋਬਾਰੀਆਂ ਤੋਂ ਮੰਗੀ ਗਈ ਕਰੋੜਾਂ ਦੀ ਫਿਰੌਤੀ

## ✪ ਗੈਂਗਸਟਰਾਂ ਕਾਰਨ ਪੰਜਾਬ ਵਿਚ ਕਾਰੋਬਾਰੀ ਡਰੇ

ਮੁਹਾਲੀ-ਸੂਬੇ ਵਿੱਚ ਗੈਂਗਸਟਰਾਂ ਵੱਲੋਂ ਫਿਰੌਤੀਆਂ ਲੈਣ ਦੀਆਂ ਘਟਨਾਵਾਂ ਵੱਧਦੀਆਂ ਜਾ ਰਹੀਆਂ ਹਨ। ਵਿਦੇਸ਼ ਵਿਚ ਬੈਠੇ ਗੋਲਡੀ ਬਰਾੜ ਨੇ ਮੋਹਾਲੀ ਦੇ ਇਕ ਕਾਰੋਬਾਰੀ ਤੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ ਅਤੇ ਦੂਜੇ ਨੂੰ ਆਪਣੇ ਕਾਰੋਬਾਰ ਵਿਚ ਹਿੱਸੇਦਾਰ ਬਣਾਉਣ ਦੀ ਧਮਕੀ ਦਿੱਤੀ ਹੈ। ਇਸ ਲਈ ਦੋਵਾਂ ਨੂੰ ਵਟਸਐਪ ਕਾਲ ਆਈ ਸੀ। ਪੁਲਿਸ ਨੂੰ ਸ਼ਿਕਾਇਤ ਨਾ ਕਰਨ ਦੀ ਧਮਕੀ ਵੀ ਦਿੱਤੀ ਗਈ। ਕਾਰੋਬਾਰੀ ਦੀ ਸ਼ਿਕਾਇਤ 'ਤੇ ਥਾਣਾ ਸੋਹਾਣਾ ਪੁਲੀਸ ਨੇ ਕੇਸ ਦਰਜ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਬੀਐਨਐਸ ਦੀ ਧਾਰਾ 308-1 ਤਹਿਤ ਕੇਸ ਦਰਜ ਕਰ ਲਿਆ ਹੈ।

ਸੈਕਟਰ-91 ਵਾਸੀ ਮੋਹਿਤ ਗਰੋਵਰ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਹ ਮੈਡੀਕਲ ਫੈਕਟਰੀ ਦਾ ਮਾਲਕ ਹੈ। 18 ਜੂਨ ਨੂੰ ਕਰੀਬ 3 ਵਜੇ ਉਸ ਦੇ ਫੋਨ 'ਤੇ ਵਿਦੇਸ਼ੀ ਨੰਬਰ ਤੋਂ ਵਟਸਐਪ 'ਤੇ ਕਾਲ ਆਈ। ਫੋਨ ਕਰਨ ਵਾਲੇ ਨੇ ਆਪਣੀ ਪਛਾਣ ਗੋਲਡੀ ਬਰਾੜ ਵਜੋਂ ਦੱਸੀ। ਆਪਣੇ ਕਾਰੋਬਾਰੀ ਵਿੱਚ ਆਪਣਾ ਹਿੱਸਾ ਨਿਵੇਸ਼ ਕਰਨ ਲਈ ਵੀ ਕਿਹਾ। ਜੇਕਰ ਉਸ ਨੂੰ ਕਿਸੇ ਚੀਜ਼ ਜਾਂ ਬਾਊਂਸਰ ਦੀ ਲੋੜ ਹੈ ਤਾਂ ਉਹ ਮੁਹੱਈਆ ਕਰਵਾਏ ਜਾਣਗੇ। ਇਹ ਸੁਣ ਕੇ ਮੋਹਿਤ ਨੇ ਫ਼ੋਨ ਕੱਟ ਦਿੱਤਾ ਅਤੇ ਉਸੇ ਫ਼ੋਨ ਤੋਂ 10 ਤੋਂ 15 ਵਾਰ ਕਾਲਾਂ ਆਈਆਂ। ਇਸ ਤੋਂ



ਬਾਅਦ ਜਦੋਂ ਉਸ ਨੇ ਦੁਬਾਰਾ ਫੋਨ ਚੁੱਕਿਆ ਤਾਂ ਫੋਨ ਕਰਨ ਵਾਲੇ ਨੇ ਉਸ ਨੂੰ ਉਸ ਦੀਆਂ ਕਾਲਾਂ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ। ਜੇਕਰ ਤੁਸੀਂ ਪੁਲਿਸ ਨੂੰ ਸ਼ਿਕਾਇਤ ਕਰਨ ਦੀ ਕੋਸ਼ਿਸ਼ ਕਰਦੇ ਹੋ, ਤਾਂ ਤੁਹਾਡੇ ਪਰਿਵਾਰ ਦਾ ਭਾਰੀ ਨੁਕਸਾਨ ਹੋਵੇਗਾ। ਇਸ ਤੋਂ ਬਾਅਦ ਉਹ ਵੀ ਡਰ ਗਿਆ। ਉਸ ਨੇ ਇਹ ਨੰਬਰ ਵੀ ਬਲਾਕ ਕਰ ਦਿੱਤੇ ਸਨ।

ਪ੍ਰਾਪਰਟੀ ਕਾਰੋਬਾਰ ਤੋਂ ਦੋ ਕਰੋੜ ਦੀ ਮੰਗ ਕੀਤੀ-ਇਸੇ ਤਰ੍ਹਾਂ ਸੈਕਟਰ-78 ਦੇ ਪ੍ਰਾਪਰਟੀ ਡੀਲਰ ਬਸੰਤ ਨੂੰ ਵੀ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਸੀ। ਉਸ ਤੋਂ 2 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਸੀ।

ਫੋਨ ਕਰਨ ਵਾਲੇ ਨੇ ਆਪਣੀ ਪਛਾਣ ਗੋਲਡੀ ਬਰਾੜ ਵਜੋਂ ਦੱਸੀ। ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਪ੍ਰਾਪਰਟੀ ਡੀਲਰ ਨੇ ਸੋਹਾਣਾ ਥਾਣੇ ਵਿੱਚ ਸ਼ਿਕਾਇਤ ਵੀ ਦਰਜ ਕਰਵਾਈ ਸੀ।

ਯਾਦ ਰਹੇ ਕਿ ਮੁਹਾਲੀ ਵਿੱਚ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਮੋਹਾਲੀ ਦੇ ਮੇਅਰ ਦੇ ਦੋਸਤ ਨੂੰ ਫਿਰੌਤੀ ਦੇ ਫੋਨ ਆਏ ਸਨ। ਇਸ ਤੋਂ ਇਲਾਵਾ ਇਕ ਹੋਰ ਕਾਰੋਬਾਰੀ ਦਾ ਵੀ ਫੋਨ ਆਇਆ ਹੈ। ਦੱਸ ਦਈਏ ਕਿ ਇੱਕ ਦਿਨ ਪਹਿਲਾਂ ਪੰਜਾਬੀ ਗਾਇਕ ਆਰ ਨੇਤ ਤੋਂ 1 ਕਰੋੜ ਰੁਪਏ ਦੀ ਫਿਰੌਤੀ ਮੰਗਣ ਦਾ ਮਾਮਲਾ ਵੀ ਸਾਹਮਣੇ ਆਇਆ ਸੀ।

# ਇਲਜ਼ਾਮ



ਨਛੱਤਰ ਸਿੰਘ ਭੋਗਲ
"ਭਾਖੜੀਆਣਾ" (U.K)

ਚਿੱਟੇ-ਚਾਨਣ ਬਣੇ ਵਿਚਾਰੇ
ਲੁਕ-ਲੁਕ ਸਮਾਂ ਬਿਤਾਉਂਦੇ ਨੇ,
ਰਲ਼-ਮਿਲ਼ 'ਨ੍ਹੇਰੇ ਕਿਰਨਾ ਉੱਤੇ
ਨਿੱਤ ਇਲਜ਼ਾਮ ਲਗਾਉਂਦੇ ਨੇ।

ਚੜ੍ਹਦੇ ਸੂਰਜ ਦੀ ਲਾਲੀ ਵੀ
ਅੱਜ-ਕੱਲ ਖ਼ਤਰਿਉਂ ਖਾਲੀ ਨਹੀਂ,
ਕਿੰਝ ਚੜ੍ਹਦੇ ਨਾਲ ਮੱਥਾ ਲਾਉਣਾ
ਦੀਵੇ ਬਣਤ ਬਣਾਉਂਦੇ ਨੇ।

ਝੂਠ-ਫਰੇਬ ਦੀਆਂ ਕਰਤੂਤਾਂ
ਬੈਠੀਆਂ ਉੱਚੇ ਰੁਤਬਿਆਂ 'ਤੇ,
ਸੱਚ ਦੇ ਕਰਤੱਵ ਹਰ ਯੁੱਗ ਅੰਦਰ
ਮੌਤ ਸਜ਼ਾਵਾਂ ਪਾਉਂਦੇ ਨੇ।

ਜਹਾਨੋ ਤੁਰ ਗਏ ਕਈ ਸਿਕੰਦਰ
ਜੋ ਸੀ ਦੁਨੀਆ ਜਿੱਤਣ ਆਏ,
ਅੰਤ ਸਮੇਂ ਵੀ ਕੁੱਝ ਨਾ ਪੱਲੇ
ਖਾਲੀ ਹੱਥ ਲਮਕਾਉਂਦੇ ਨੇ।

ਮਾਣ-ਮਤੀ ਜੋ ਸਿਰ ਤੇ ਬੱਝੀ,
ਸਾਂਭਣ ਦੇ ਸਮਰੱਥ ਨਹੀਂ ਖੁਦ,
ਇੱਜ਼ਤ ਮੰਦਾ ਦੇ ਸਿਰ ਸਜੀਆਂ
ਲੋਕ ਕਮੀਨੇ ਢਾਹੁੰਦੇ ਨੇ।

ਭਲੇ ਲੋਕਾਂ ਦੀ ਸੇਵਾ-ਸ਼ਰਧਾ
ਬਣੇ ਮੁਨਾਫਾ ਕਈਆਂ ਲਈ,
ਦੋਹੀਂ ਹੱਥੀਂ ਲੁੱਟ-ਖੋਹ ਕਰਕੇ
ਅੱਖੀਂ ਘੱਟਾ ਪਾਉਂਦੇ ਨੇ।

ਰਾਜਨੀਤੀ ਬਣਦੀ ਹੱਥ-ਠੋਕਾ
ਜਨਤਾ ਦੇ ਹੱਕ ਲੁੱਟਣ ਲਈ,
'ਰਾਜ ਨਹੀਂ ਹੈ ਸੇਵਾ ਕਰਨੀ'
ਇਹ ਢਕਵੰਜ ਰਚਾਉਂਦੇ ਨੇ।

ਹਉਮੈ ਦੇ ਦਰਿਆਵਾਂ ਅੰਦਰ
ਟੁੱਭੀਆਂ-ਤਾਰੀਆਂ ਲਾਈ ਜਾਵਣ,
ਬਗਲੇ-ਭਗਤ ਮਖੌਟੇ ਪਾਕੇ,
ਨਕਲੀ ਭੇਸ ਵਟਾਉਂਦੇ ਨੇ।

ਹੱਕ ਪਰਾਇਆ ਛਕੀ ਜਾਣ ਨੂੰ
ਰਹਿਣ ਉਤਾਵਲੇ ਖੋਟੇ ਦਿਲ ਦੇ,
ਮਜ਼੍ਹਬੀ ਈਰਖਾ ਦਾ ਵੱਖਰੇਵਾਂ
ਲੋਕ-ਦਿਲਾਂ ਵਿੱਚ ਪਾਉਂਦੇ ਨੇ।

ਪਿੱਠ ਵਿੱਚ ਛੁਰਾ ਚੋਭਦੀ ਵੇਖੀ
ਟੋਲੀ ਧੋਖੇਬਾਜ਼ਾਂ ਦੀ,
ਜੱਗੋਂ ਬਾਹਰੀਆਂ ਨਿੱਤ ਹੀ ਕਰਕੇ
ਅੰਬਰ ਟਾਕੀ ਲਾਉਂਦੇ ਨੇ।

ਹੋਰਾਂ ਦੇ ਨਿੱਤ ਐਬ ਚਿਤਾਰਨ
ਖੁਦ ਬਣ ਬਹਿੰਦੇ ਬੀਬੇ-ਰਾਣੇ,
ਪੱਤ ਰੋਲਦੇ ਪੈਰਾਂ ਥੱਲੇ
ਉਂਜ ਹਮਦਰਦ ਕਹਾਉਂਦੇ ਨੇ।

ਦਲ ਬਦਲਦੇ, ਰੰਗ ਬਦਲਦੇ
ਬੇਵਫਾਈ ਦੇ ਬਣ ਪਾਤਰ
'ਭੋਗਲ' ਵਾਂਗੂ ਬਣ ਖੁਦਗਰਜ਼ੇ
ਅਸਲੀ ਰੰਗ ਵਿਖਾਉਂਦੇ ਨੇ।

# ਕਾਵਿ-ਕਿਆਰੀ

## ਮਾਸੂਮੀਅਤ ਦੀ ਕੀਮਤ

ਕਦੀ ਉਹ ਮਾਸੂਮ ਜਿਹੀ ਬੱਚੀ,
ਕੋਠੀ ਵਿੱਚ ਫ਼ਿਰਦੀ ਸੀ ਨੱਠੀ।
ਘਰ ਦੇ ਸਾਰੇ ਕੰਮ ਉਹ ਕਰਦੀ,
ਕੰਮ ਕਰਨ ਤੋਂ ਕਦੀ ਨਾ ਭੱਜਦੀ।
ਕਦੀ ਰਸੋਈ ਵਿੱਚ ਭਾਂਡੇ ਮਾਂਜੇ,
ਕਦੀ ਮਾਲਕਾਂ ਦੇ ਕੱਪੜੇ ਸਾਂਭੇ।
ਕਦੀ ਫ਼ੁੱਲਾਂ ਦੀ ਗੋਡੀ ਕਰਦੀ,
ਖੁਦ ਲੱਗੇ ਸੁੰਦਰ ਫ਼ੁੱਲ ਵਰਗੀ।

ਮੁਸਕਰਾਉਂਦਾ ਸੁੰਦਰ ਚਿਹਰਾ,
ਰੱਬ ਨੇ ਦਿੱਤਾ ਹੁਸਨ ਬਥੇਰਾ।
ਅੰਨ੍ਹੇਂ ਮਾਪਿਆਂ ਦਾ ਇੱਕੋ ਸਹਾਰਾ,
ਉਨ੍ਹਾਂ ਦੀਆਂ ਅੱਖਾਂ ਦਾ ਇੱਕੋ ਤਾਰਾ।
ਜਿਸ ਦੇ ਸਿਰੋਂ ਉਹ ਰੋਟੀ ਖਾਂਦੇ,
ਸਾਰੇ ਘਰ ਦਾ ਖਰਚ ਚਲਾਂਦੇ।

ਕੋਠੀ ਦੇ ਉਹ ਕੰਮ ਮੁਕਾ ਕੇ,
ਸ਼ੁਰੂ ਹੋ ਜਾਵੇ ਆਪਣੇ ਘਰ ਜਾਕੇ।
ਇੱਧਰ ਕੰਮ ਹੈ, ਉੱਧਰ ਕੰਮ ਹੈ,
ਉਸ ਨੂੰ ਤਾਂ ਕੰਮ ਨਾਲ ਹੀ ਕੰਮ ਹੈ।
ਅੱਜ ਵੀ ਬੱਸ ਉਹ ਮੂੰਹ ਹਨੇਰੇ,
ਆ ਪਹੁੰਚੀ ਮਾਲਕਾਂ ਦੇ ਡੇਰੇ।
ਬੀਬੀ ਜੀ ਉਸਨੂੰ ਕੰਮ ਸਮਝਾ ਕੇ,
ਬੈਠ ਗਏ ਗੱਡੀ ਵਿੱਚ ਜਾਕੇ।
ਜੇ ਕੋਈ ਹੋਰ ਕੰਮ ਹੈ ਪੁੱਛਣਾ,
ਕਾਕਾ ਘਰ ਹੈ ਉਸ ਨੂੰ ਦੱਸਣਾ।

ਚੌਵੀ ਸਾਲਾਂ ਦਾ ਇੱਕੋ ਕਾਕਾ,
ਪਾਉਂਦਾ ਰੋਜ਼ ਉਹ ਨਵਾਂ ਸਿਆਪਾ।
ਪੜ੍ਹਨ ਵੈਸੇ ਉਹ ਕਾਲਜ ਜਾਂਦਾ,
ਪਰ ਉਹ ਨਿੱਤ ਹੀ ਐਸ਼ ਉਡਾਂਦਾ।
ਠਹਿਰ ਗਿਆ ਅੱਜ ਵਿੱਚ ਹੀ ਕੋਠੀ,
ਮਨ ਵਿੱਚ ਰੱਖ ਕੇ ਨੀਯਤ ਖੋਟੀ।

ਹੁਣ ਕੋਠੀ ਦੀ ਛੱਤ ਉੱਤੇ,
ਪਈ ਹੈ ਲਾਸ਼ ਕੜਕਦੀ ਧੁੱਪੇ।
ਖ਼ੂਨ ਚ ਭਿੱਜੀ ਬਾਲੜੀ ਜਾਨ,
ਹੁਣ ਨਾ ਹੁੰਦੀ ਉਹ ਪਹਿਚਾਣ।
ਸੁਣ ਕੇ ਖਬਰ ਸਾਰੇ ਨੇ ਦੰਗ,
ਆਂਢ ਗੁਆਂਢ 'ਤੇ ਸਾਕ ਸਬੰਧ।
ਅੰਨ੍ਹੇ ਮਾਪੇ ਹੋਏ ਬੇਹਾਲ,
ਲਾਸ਼ ਨੂੰ ਟੋਹ ਟੋਹ ਹੱਥਾਂ ਨਾਲ।
ਜਾਣਨਾ ਚਾਹੇ ਹਰ ਕੋਈ ਬੰਦਾ,
ਕਿਸ ਦਾ ਹੈ ਇਹ ਕਾਰਾ ਗੰਦਾ।


ਕਾਕਾ ਘਰੋਂ ਅਲੋਪ ਸੀ ਕੀਤਾ,
ਪੁਲਿਸ ਨੇ ਤਾਣਾ ਬਾਣਾ ਸੀਤਾ।
ਲਾਸ਼ ਦੀ ਕੀਮਤ ਪਾਈ ਸੀ ਜਾਂਦੀ,
ਪੁਲਿਸ ਮਾਪਿਆਂ ਤਾਂਈਂ ਸਮਝਾਉਂਦੀ।
ਬੇਜ਼ਾਰ ਬੇਬਸ 'ਤੇ ਅੰਨ੍ਹੇ ਮਾਪੇ,
ਬੇਹਾਲ ਕਰਨ ਕਾਨੂੰਨ ਦੇ ਸਿਆਪੇ।
ਕਿਸ ਨੂੰ ਦਿਲ ਦਾ ਹਾਲ ਸੁਣਾਵਣ,
ਕਿਸ ਅੱਗੇ ਰੋਵਣ ਕੁਰਲਾਵਣ?
ਗ਼ਰੀਬਾਂ ਦੀ ਕੋਈ ਨੀ ਸੁਣਨੇ ਵਾਲਾ,
ਪੈਸਾ ਕਰੇ ਸਭ ਘਾਲ਼ਾ ਮਾਲ਼ਾ।

* * * * * *



ਰਵਿੰਦਰ ਸਿੰਘ
ਕੁੰਦਰਾ
ਕੋਵੈਂਟਰੀ ਯੂ ਕੇ

# ਹੋਕਾ ਵਿਰਸੇ ਦਾ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਦੌੜਾਂ ਲੱਗੀਆਂ ਸਭ ਦੀਆਂ ਸੁੱਖ ਪਿੱਛੇ
ਐਪਰ ਪੈਂਦੇ ਨੇ ਦੁੱਖ ਵਿਚ ਝੋਲੀਆਂ ਦੇ।
ਸਿੱਟੇ ਖੁਦ ਬੀਮਾਰ ਹੋ ਭੁਗਤ ਰਹੇ ਆਂ
ਜ਼ਹਿਰਾਂ ਆਪ ਹੀ ਖੇਤਾਂ 'ਚ ਘੋਲ਼ੀਆਂ ਦੇ।
ਦੇਸੀ ਨੁਸਖੇ ਵੀ ਨਾਲ਼ੇ ਹੀ ਖਤਮ ਹੋ ਗਏ
ਮਾਵਾਂ ਨਾਨੀਆਂ ਦਾਦੀਆਂ ਭੋਲ਼ੀਆਂ ਦੇ।
'ਰੈਡੀ ਮੇਡ' ਹੀ ਖਾਣਾ ਹੁਣ ਚਾਹੁੰਦੀਆਂ ਨੇ
ਜੋ ਆਉਂਦੀਆਂ ਬਹਿ ਕੇ ਵਿਚ ਡੋਲ਼ੀਆਂ ਦੇ।
ਖਾਣਾ ਪੀਣਾ ਤੇ ਪਹਿਨਣਾ ਬਦਲ ਕੇ ਜੀ
ਪੈ ਗਏ ਵੱਸ 'ਵਿਟਾਮਨਾਂ-ਗੋਲ਼ੀਆਂ' ਦੇ।
ਹੋਕਾ ਦੇਈ ਜਾਹ ਵਿਰਸੇ ਦੇ ਕਲਮਕਾਰਾ
ਕਿੱਸੇ ਪੜ੍ਹਦਿਆਂ 'ਵਹੀਆਂ' ਫਰੋਲੀਆਂ ਦੇ!

* * * * * *

# ਰਿਸ਼ਤਾ

ਕਰਨਾ ਪਏ ਕਿਨਾਰਾ ਜੇ ਕੋਈ ਕਹਿਰ ਗੁਜ਼ਾਰੇ ਰਿਸ਼ਤਾ।
ਡੋਬਣ ਵਾਲਾ ਹੁੰਦਾ, ਕੋਈ ਪਾਰ ਉਤਾਰੇ ਰਿਸ਼ਤਾ।

ਰੱਬ ਵਰਗਾ ਜੇ ਕਹਿ ਦੇਈਏ ਤਾਂ ਅੱਤਕਥਨੀ ਨਾ ਕੋਈ,
ਕੱਕਰ ਦੇ ਵਿਚ ਨਿੱਘ ਦੇਵੇ ਜੋ,ਲੂ ਵਿਚ ਠਾਰੇ ਰਿਸ਼ਤਾ।

ਐਸਾ ਵੀ ਕੋਈ ਰਿਸ਼ਤਾ ਹੁੰਦਾ, ਚੰਨ ਜਿਵੇਂ ਚੜ੍ਹ ਜਾਵੇ,
ਕਈ ਵੇਰੀ ਦਿਖਲਾ ਦਿੰਦਾ ਹੈ, ਦਿਨੇ ਈ ਤਾਰੇ ਰਿਸ਼ਤਾ।

ਰਿਸ਼ਤੇ ਤੋਂ ਰਿਸ਼ਤੇ ਦੀ ਗੱਲ ਤਾਂ, ਬੜੀ ਅਨੋਖੀ ਹੁੰਦੀ,
ਲਾਡ ਲਡਾਵੇ ਪਸ਼ੂਆਂ ਨੂੰ , ਕੋਈ ਬੰਦੇ ਚਾਰੇ ਰਿਸ਼ਤਾ।

ਕਹਿੰਦੇ ਗੱਜਣੇ ਵਾਲੇ ਭਾਵੇਂ ਵਰ੍ਹਦੇ ਤਾਂ ਨਹੀਂ ਹੁੰਦੇ,
ਉਹਦੇ ਡੰਗ ਤੋਂ ਬਚਣਾ ਚੰਗਾ, ਜੋ ਫੁੰਕਾਰੇ ਰਿਸ਼ਤਾ।

ਕਿਸੇ ਕਿਸੇ ਰਿਸ਼ਤੇ ਦੇ ਤੋੜ ਨਿਭਣ ਦਾ ਮਾਣ ਵੀ ਹੁੰਦਾ,
ਮਸੀਂ ਹੀ ਡੰਗ ਟਪਾਉਂਦਾ ਕੋਈ ਲਾ ਕੇ ਲਾਰੇ ਰਿਸ਼ਤਾ।

ਕੇਵਲ ਲਹੂ ਮਾਸ ਦਾ ਨਹੀਂ, ਇਹ ਮੰਨਣ 'ਤੇ ਵੀ ਹੁੰਦਾ,
ਓਹੀ ਪੱਕਾ ਹੋ ਜਾਂਦਾ ਜੋ ਜੀਅ ਵਿਚ ਧਾਰੇ ਰਿਸ਼ਤਾ।

ਸੱਚੇ ਸੁੱਚੇ ਰਿਸ਼ਤੇ ਵਿਚ ਤਾਂ ਜਿੱਤ ਹਾਰ ਨਹੀਂ ਹੁੰਦੀ,
ਧੱਕੇ ਦੇ ਨਾਲ ਜੇਤੂ ਹੋਇਆ, ਹਾਰੇ ਈ ਹਾਰੇ ਰਿਸ਼ਤਾ।

ਅੰਦਰੋਂ ਮਿਲੇ ਹੁੰਗਾਰਾ ਬੰਦਾ ਮੋਇਆ ਵੀ ਜੀਅ ਉੱਠੇ,
ਵਿਗੜ ਜਾਏ ਜੇ ਆਪਣੇ ਨਾਲ ਤਾਂ ਜੀਂਦੇ ਮਾਰੇ ਰਿਸ਼ਤਾ।

ਦਿਲ ਨੂੰ ਦਿਲ ਦੇ ਰਾਹਾਂ ਬਾਰੇ ਤੁਰਿਆ ਰਾਹੀ ਜਾਣੇ,
ਯੂ ਪਉਂਦਾ ਹੀ ਰਹਿੰਦਾ ਹੈ, ਜੋ ਦਿਲੋਂ ਪੁਕਾਰੇ ਰਿਸ਼ਤਾ।

ਭੌਜਲ ਚੋਂ ਤਾਰਨੇ ਲਈ 'ਢੇਸੀ' ਕਰੀਂ ਪਕੜ ਤੂੰ ਉਹਦੀ,
ਗੁਰੂ ਪੀਰ ਦਾ ਕਰ ਦੇਵੇ ਜੋ, ਵਾਰੇ ਨਿਆਰੇ ਰਿਸ਼ਤਾ।

ਕੁਲਵੰਤ ਸਿੰਘ ਢੇਸੀ, ਯੂ ਕੇ



## ਕਹਾਣੀ

### ਰਣਵੀਰ ਸਿੰਘ ਰਾਣਾ



# ਬੰਜਰ ਧਰਤੀ

ਛੋਟਾ ਨਾ ਉਹਦਾ ਜੀਤੀ ਸੀ। ਉਂਞ ਪੂਰਾ ਨਾ ਹਰਜੀਤ ਸੀ। ਦੋਵੇਂ ਭੈਣ ਭਰਾ ਸੀ। ਜੀਤੀ ਵੱਡੀ ਸੀ। ਭਰਾ ਛੋਟਾ ਸੀ। ਜੀਤੀ ਰੱਜਕੇ ਸੁਨੱਖੀ ਸੀ। ਅੱਖਾਂ ਬਿੱਲੀਆਂ, ਲੰਮ-ਸਲੰਮੀ, ਉੱਤੋਂ ਰਹਿਣ ਸਹਿਣ ਦਾ ਸਲੀਕਾ, ਬੋਲਦੀ ਤਾਂ ਮਿਸਰੀ ਕੰਨਾਂ ਵਿੱਚ ਘੋਲਦੀ। ਬਾਪ ਮਿਹਨਤੀ ਸੀ, ਬਾਪ ਕੋਲ ਸੁਹਣੀ ਜ਼ਮੀਨ ਸੀ। ਹਰ ਪੱਖ 'ਤੋਂ ਸੁਖੀ ਪ੍ਰੀਵਾਰ ਸੀ। ਜੀਤੀ ਪੜ੍ਹਨ ਨੂੰ ਬੜੀ ਹੁਸ਼ਿਆਰ ਸੀ। ਪੜ੍ਹਾਈ ਪੂਰੀ ਕੀਤੀ, ਛੇਤੀ ਜੀਤੀ ਨੂੰ ਸਰਕਾਰੀ ਨੌਕਰੀ ਟੀਚਰ ਦੀ ਮਿਲ ਗਈ। ਤਨਖਾਹ ਬਹੁਤ ਵਧੀਆ ਸੀ। ਜਵਾਨ ਹੋਈ ਰੂਪ 'ਤੇ ਹੋਰ ਵੀ ਨਿਖਾਰ ਆ ਗਿਆ। ਮਾਂ ਬਾਪ ਨੂੰ ਵਿਆਹ ਦਾ ਫਿਕਰ ਹੋਣ ਲੱਗਾ। ਰਿਸ਼ਤੇਦਾਰੀ ਵਿੱਚ ਹੱਥ ਪੈਰ ਮਾਰਨ ਲੱਗੇ। ਵਿਆਹ ਦੀ ਐਨੀ ਮੁਸ਼ਕੁੱਲ ਨਾ ਆਈ, ਕਿਉਂਕਿ ਤਨਖਾਹ ਚੰਗੀ ਸੀ। ਕਿਸੇ ਸੱਜਣ ਨੇ ਕਿਸੇ ਹੋਰ ਜਿਲੇ ਵਿੱਚ ਚੰਗੇ ਲੜਕੇ ਦੀ ਦੱਸ ਪਾਈ ਪ੍ਰੀਵਾਰ ਪਸੰਦ ਆ ਗਿਆ। ਛੋਟਾ ਪ੍ਰੀਵਾਰ ਸੀ। ਜੀਤੀ ਵਾਂਗੂੰ ਭੈਣ ਭਰਾ ਸੀ। ਲੜਕਾ ਜੀਤੀ ਵਾਂਗ ਸੋਹਣਾ ਸਨੁੱਖਾ ਸੀ। ਘਰ ਦੀ ਖੇਤੀ ਤਕੜੀ ਸੀ। ਲੜਕਾ ਖੇਤੀ ਕਰਦਾ ਸੀ। ਜੀਤੀ ਵਿਆਹੀ ਗਈ। ਜੀਤੀ ਦੀ ਨੌਕਰੀ ਕਰਕੇ,ਲੜਕੇ ਦੀ ਚੰਗੀ ਖੇਤੀ ਕਰਕੇ ਘਰ ਵਿੱਚ ਪੈਸੇ ਦੀ ਕੋਈ ਤੰਗੀ ਨਹੀ ਸੀ। ਜੀਤੀ ਦੇਖਦੀ ਘਰ ਵਿੱਚ ਸੱਸ ਦਾ ਦਬਦਬਾ ਆ,ਸਭ ਕੁਝ ਸੱਸ ਦੇ ਕਹੇ ਅਨੁਸਾਰ ਚੱਲਦਾ। 'ਪਤਾ ਨਾ ਲੱਗਾ ਕਦੋ ਵਿਆਹ ਨੂੰ ਸਾਲ ਹੋ ਗਿਆ 'ਸੱਸ ਜੀਤੀ ਦੇ ਢਿੱਡ ਵੱਲ ਵੇਖਦੀ, ਫੇਰ ਦੋ ਸਾਲ ਹੋ ਗਏ,ਸੱਸ 'ਬਾਬਿਆਂ ਦੇ ਡੇਰਿਆਂ ' ਤੇ ਚੱਕਰ ਲਾਉਣ ਲੱਗ ਪਈ। ਜੀਤੀ ਦਾ ਧਾਗੇ ਤਵੀਤਾਂ ਵਿੱਚ ਬਿਲਕੁੱਲ ਵਿਸ਼ਵਾਸ ਨਹੀ ਸੀ। ਪਰ ਕੀ ਕਰਦੀ, 'ਮੂਹਰੇ ਜ਼ਿੰਦਗੀ ਦਾ ਸਵਾਲ ਸੀ। 'ਆਖ਼ਰ ਦੋਵਾਂ ਜੀਆਂ ਨੇ ਇੱਕ ਚੰਗੇ ਡਾਕਟਰ 'ਤੋਂ ਚੈੱਕ ਕਰਾਇਆ। ਡਾਕਟਰ ਲਾਲਚੀ ਨਹੀ ਸੀ,ਮਨੁੱਖਤਾ ਦੀ ਸੇਵਾ ਕਰਨ ਵਾਲਾ ਸੀ। ਡਾਕਟਰ ਨੇ ਬੜੇ ਪਿਆਰ ਨਾਲ ਸਮਝਾਇਆ "ਇਹਦੀ ਬੱਚੇਦਾਨੀ ਵਿੱਚ ਬਹੁਤ ਵੱਡਾ ਨੁਕਸ ਆ ?" ਬੱਚਾ ਕਿਸੇ ਵੀ ਹਾਲਤ ਵਿੱਚ ਇਹਦੀ ਕੁੱਖ ਵਿੱਚ ਬੱਚਾ ਨਹੀ ਠਹਿਰ ਸਕਦਾ। ਤੁਸੀਂ ਜਿੱਥੇ ਮਰਜ਼ੀ ਚੈੱਕ ਕਰਾ ਲਿਉ। ਜੇ ਮੈਂ ਉੱਦਾਂ ਦਾ ਹੁੰਦਾ, ਤਾਂ ਜਿੰਨੇ ਮਰਜ਼ੀ ਤੁਹਾਡੇ ਕੋਲੋ ਪੈਸੇ ਬਟੋਰ ਲੈਦਾਂ। ਪਰ ਮੈਂ ਲਾਲਚੀ ਨਹੀਂ, ਆਹ ਮੈਂ ਪੇਪਰ ਤੇ ਸਾਈਨ ਕਰ ਦਿੰਨਾਂ, ਜੇ ਬੱਚਾ ਹੋ ਗਿਆ ਮੈਨੂੰ ਜਿੱਥੇ ਮਰਜ਼ੀ ਫੜ ਲਿਉ। ਐਵੇ ਪੈਸੇ ਖਰਾਬ ਨਾ ਕਰਿਉ, ਅੱਗੇ ਤੁਹਾਡੀ ਮਰਜ਼ੀ ਆ, ਮੈਂ ਤਾਂ ਤੁਹਾਡੇ ਭਲਾ ਦੀ ਗੱਲ ਕੀਤੀ ਆ। ਏਸ ਗੱਲ ਤੋਂ ਬਾਆਦ 'ਜੀਤੀ ਦੀ ਜ਼ਿੰਦਗੀ ਹਨੇਰੇ ਰਾਹਾਂ ਵੱਲ ਤੁਰ ਪਈ।' ਜੀਤੀ ਦਾ 'ਰੰਗ ਰੂਪ ਕਰੂਪ' ਬਣ ਗਿਆ। ਸੱਸ ਪੈਰ ਪੈਰ 'ਤੇ ਮੇਹਣੇ ਮਾਰਦੀ, ਬੇਸ਼ਕ ਜੀਤੀ ਰੁੱਗ ਰੁਪਈਆ ਦਾ ਸੱਸ ਦੇ ਹੱਥ 'ਤੇ ਰੱਖਦੀ, ਪਰ ਸੱਸ ਦਾ ਇੱਕੋ ਜਵਾਬ, "ਤੇਰੇ ਪੈਸੇ ਨੂੰ ਅਸੀਂ ਅੱਗ ਲਾਉਣੀ ਆ ?" ਜਦ ਏਸ 'ਬੰਜਰ ਧਰਤੀ 'ਤੇ ਉੱਗਣਾ ਕੁਝ ਨਹੀ। "ਮਾਤਾ ਜੀ ਇਹਦੇ ਵਿੱਚ ਮੇਰਾ ਕੀ ਕਸੂਰ ?" ਐਨਾ ਕਹਿਕੇ ਜੀਤੀ ਹਟਕੋਰੇ ਭਰਨ ਲੱਗ ਪੈਂਦੀ। ਉੱਧਰ ਪਤੀ ਵੀ ਸ਼ਰਾਬ ਪੀਣ ਲੱਗ ਪਿਆ। ਜੀਤੀ ਵਥੇਰਾ ਸਮਝਾਉਂਦੀ, "ਵੇਖੋ ਜੀ ਇਹੋ ਨੁਕਸ ਤੁਹਾਡੀ ਭੈਣ ਵਿੱਚ ਵੀ ਪੈ ਸਕਦਾ ?" ਤੁਸੀਂ ਕੀ ਕਰ ਕਰਦੇ ਫੇਰ ? ਮੂਹਰੇ ਪਤੀ ਦਾ ਇਹੋ ਜਵਾਬ ਹੁੰਦਾ, ਮੈਨੂੰ "ਬੰਜਰ ਧਰਤੀ" ਨੀਂ 'ਹਰੀ ਭਰੀ ਧਰਤੀ 'ਚਾਹੀਦੀ ਆ ? ਮੈਨੂੰ ਏਸ ਘਰ ਦਾ 'ਵਾਰਸ 'ਚਾਹੀਦਾ ? ਜੀਤੀ ਫੇਰ ਪਿਆਰ ਨਾਲ ਸਮਝਾਉਂਦੀ, ਜੇ ਲੜਕੀਆਂ ਹੋਣ ਤਿੰਨ ਚਾਰ ਫੇਰ ਕਿੱਥੋ ਵਾਰਸ ਲੱਭੋਗੇ ? ਹੁਣ 'ਤੇ ਲੜਕੇ ਲੜਕੀ 'ਚੋ ਕੋਈ ਫ਼ਰਕ ਨਹੀਂ ਰਹਿਆ। ਜੀਤੀ ਨੇ ਹੋਰ ਸਲਾਹ ਦਿੱਤੀ, "ਕਿਉ ਨੀਂ ਤੁਸੀਂ ਹੋਰ ਵਿਆਹ ਕਰਾ ਲੈਦੇਂ ?" ਅਸੀ ਭੈਣਾਂ ਬਣਕੇ ਰਹਿ ਲਵਾਂਗੀਆਂ। ਮੇਰੀ ਤਾਂ ਤਨਖਾਹ ਵਥੇਰੀ ਆ, ਮੈਨੂੰ ਤਾਂ ਖ਼ਰਚੇ ਦੀ ਵੀ ਨਹੀਂ ਲੋੜ। 'ਦੇਖੋ ਜੀ ! ਔਰਤ ਵਿੱਚ ਰੱਬ ਨੇ ਕਿੰਨਾ ਜਿਗਰਾ ਦਿੱਤਾ 'ਮਰਦ ਤਾਂ ਦੂਜਾ ਵਿਆਹ ਕਰਾ ਲਵੇ ਤਾਂ ਔਰਤ ਤਾ ਦੂਜੀ ਔਰਤ ਨਾਲ ਸਾਰੀ ਉਮਰ ਕੱਢ ਲੈਂਦੀ ਆ, ਪਰ ਇਹੋ ਨੁਕਸ ਤੁਹਾਡੇ ਵਿੱਚ ਹੁੰਦਾ, ਤੁਸੀਂ ਬੱਚਾ ਨਾ ਬਣਾਉਣ ਦੇ ਕਾਬਲ ਹੁੰਦਾ, ਮਰਦ ਕਦੇ ਨਹੀ ਕਹੇਂਗਾ, ਤੁਸੀਂ ਹੋਰ ਵਿਆਹ ਕਰਾ ਲੈ...ਅਸੀ ਦੋਵੇ ਭਰਾ ਭਰਾ ਬਣਕੇ ਰਹਿ ਲਵਾਂਗੇ 'ਜੀਤੀ ਦੇ ਇੰਨੀ ਗੱਲ ਕਹਿਣ ਦੀ ਦੇਰ ਸੀ, ਇੱਕ ਕਾੜ੍ਹ ਕਰਦਾ ਥੱਪੜ ਜੀਤੀ ਦੇ ਗੱਲ 'ਤੇ ਵੱਜਾ। ਨਾਲੇ ਗਾਲਾਂ ਦੀ ਵਰਖਾ, ਮੇਹਣੇ, ਕੁਤੀਏ, ਬਿੱਲੀਏ, ਹੋਰ ਪਤਾ ਨੀ ਕੀ ਕੁਝ ਕਿਹਾੜ। ਜੀਤੀ ਸਾਰੀ ਰਾਤ ਰੋਂਦੀ ਰਹੀ। ਬਹੁਤ ਭੈੜੇ ਖਿਆਲ ਆਉਂਦੇ ਰਹੇ, 'ਕਿੰਨੇ ਲੋਕ ਪੜ੍ਹ ਲਿਖ ਗਏ ਨੇ ਪਰ ਅਜੇ ਵੀ ਲੋਕ ; ਗਲੇ ਸੜੇ ਰਿਵਾਜ ਸਾਡੇ ਪੱਲੇ ਵਿੱਚ ਨੇ,ਅਸੀ ਸੜਿਆਂਦ ਨਾਲ ਭਰੇ ਵੀ ਚੌਧਰੀ ਬਣ ਬਣ ਬਹਿੰਦੇ ਆ।' ਜੀਤੀ ਨੂੰ ਮੁੜ ਮੁੜ ਖਿਆਲ ਆਉਂਦੇ ਇਹ ਜੀਵਨ ਲੀਲਾ ਖਤਮ ਕਰ ਲਵੇ,ਪਰ ਅੰਦਰੋ ਖਿਆਲ ਆਉਂਦਾ, 'ਤੂੰ ਪੜ੍ਹੀ ਲਿਖੀ ਆ 'ਪੜ੍ਹੇ ਲਿਖੇ ਸਮਾਜ ਨੂੰ ਬਦਲ ਨੇ,ਤੂੰ ਕਿੰਨੀਆਂ ਨਰਕ ਭਰੀ ਔਰਤਾਂ ਦੀ ਜ਼ਿੰਦਗੀ ਸੋਹਣੀ ਬਣਾ ਸਕਦੀ ਆ। ਜੀਤੀ ਹੁਣ ਏਸ ਘਰ ਵਿੱਚ ਅਜਨਬੀ ਵਾਂਗ ਸੀ। ਘਰ ਵਿੱਚ ਇੱਕ ਕਬਰਾਂ ਵਰਗੀ ਚੁੱਪ ਸੀ। ਪੰਜ ਮਹੀਨੇ ਏਸ ਚੁੱਪ ਵਿੱਚ ਲੰਘ ਗਏ। ਜੀਤੀ ਸੋਚਦੀ ! 'ਇਹਨੀਂ ਮੈਨੂੰ ਘਰੋਂ ਕੱਢ ਦੇਣਾ ਇੱਕ ਦਿਨ,ਪੰਚਾਇਤਾਂ ਵਿੱਚ ਬਾਪ ਦੀ ਪੱਗ ਤੇ ਦਾਗ ਲੱਗਣਗੇ, ਕੋਟ ਕਚਿਹਰੀਆ ਦੇ ਚੱਕਰ ਵਿੱਚੋ ਨਿਕਲੂ ਕੀ।' ਆਖਰ ਜੀਤੀ ਦਾ ਦਰਦ ਮਾ ਪਿਉ ਮੂਹਰੇ ਛਲਕ ਪਿਆ। ਮਾਪਿਆ ਨੂੰ ਅਸਿਹ ਧੱਕਾ ਲੱਗਾ। ਭਰਾ ਨੇ ਵੱਡ- ਵਡਾਂਗੇ ਤੱਕ ਗੱਲ ਕਹੀ, ਜੀਤੀ ਨੇ ਮਿੰਨਤ ਕੀਤੀ 'ਵਕੀਲਾਂ ਦੇ ਘਰ ਭਰ ਹੋਣਗੇ, ਕਤਲ ਤੱਕ ਗੱਲ ਜਾਵੇਗੀ ਵਿੱਚੋ ਨਿਕਲੂ ਕੀ ?' ਜੀਤੀ ਖ਼ਾਲੀ ਹੱਥ ਸਹੁਰੇ 'ਤੋ ਪੇਕੇ ਆ ਗਈ। ਇਹ ਬੋਲ ਕਿਸੇ ਦੇ ਕਹੇ ਗਲਤ ਹੋ ਗਏ, "ਜਿਸ ਘਰ ਔਰਤ ਦੀ ਡੋਲੀ ਜਾਂਦੀ ਆ, ਉਸ ਘਰੋਂ ਔਰਤ ਦੀ ਅਰਥੀ ਉਠਦੀ ਆ।"

ਜੀਤੀ ਮਾਪਿਆ ਦੇ ਘਰੋਂ ਸਕੂਲੇ ਪੜਾਉਣ ਜਾਂਦੀ ਛੇ ਕੁ ਮਹੀਨੇ ਬਾਆਦ ਜੀਤੀ ਨੇ ਆਪਣੀ ਜ਼ਿੰਦਗੀ ਮੁੜ ਤੋਰ ਲਈ। ਇੱਕ ਦਿਨ ਜੀਤੀ ਰਾਤ ਨੂੰ ਬਾਥਰੂਮ ਜਾਣ ਨੂੰ ਉੱਠੀ, ਭਰਜਾਈ ਭਰਾ ਨਾਲ ਖਿਝਿਬੜਨ ਲੱਗੀ ਹੋਈ ਸੀ। "ਨਾ ਇਹ ਹੁਣ 'ਬੰਜਰ ਧਰਤੀ 'ਏਸੇ ਘਰ ਰਹੇਗੀ ?" ਸਾਡੀ ਤਾਂ 'ਪਰਾਈਵੇਸੀ' ਕੋਈ ਨਾ ਰਹੀ ਇਹਨੂੰ ਨਾ ਨਿਆਣਾ ਜੰਮਣ ਵਾਲੀ ਕੌਣ ਲਊ। ਹੋਰ ਕੌੜੇ ਬੋਲ ਸੁਣਨ 'ਤੋਂ ਜੀਤੀ ਦੇ ਕੰਨ ਜਵਾਬ ਦੇ ਗਏ। ਜੀਤੀ ਸਾਰਾ ਕੁਝ ਅੰਦਰੇ ਪੀ ਗਈ। ਹੈਂ ! ਇਹ ਔਰਤ ਹੋਕੇ ਵੀ ਔਰਤ ਦਾ ਦੁੱਖ ਨਹੀ ਸਮਝ ਸਕਦੀ। ਜੀਤੀ ਨੇ ਇਸ ਗੱਲ ਨੂੰ ਮਾਪਿਆ ਤੱਕ ਪਹੁੰਚਣ 'ਤੋ ਪਹਿਲਾਂ ਕੋਈ ਹੱਲ ਸੋਚਣ ਲੱਗੀ ਮਾਪੇ ਤਾਂ ਮੇਰੇ ਪਹਿਲਾ ਬਹੁਤ ਦੁਖੀ ਨੇ ਮੇਰੇ ਕਰਕੇ। ਇਸ ਦਾ ਵੀ ਹੱਲ ਨਿਕਲ ਆਇਆ,ਜੀਤੀ ਨੇ ਮਾਪਿਆ ਨੂੰ ਸਮਝਾਇਆ, 'ਚਲੋ ਡੈਡੀ ਜੀ,ਗਰਮੀਆਂ ਨੂੰ ਤਾਂ ਠੀਕ ਆ ਸਕੂਲੇ ਆਉਣਾ ਜਾਣਾ,ਪਰ ਸਿਆਲਾਂ ਨੂੰ ਦਿਨ ਛੋਟੇ ਕਰਕੇ ਹਨੇਰਾ ਹੋ ਜਾਂਦਾ, ਸਮਾਂ ਵੀ ਇੰਨਾਂ ਚੰਗਾ ਨਹੀਂ,ਮੈਂ ਸਕੂਲ ਦੇ ਲਾਗੇ ਕੋਈ ਘਰ ਕਿਰਾਏ ਤੇ ਲੈ ਲੈਂਦੀਂ ਆ।' ਮਾਪਿਆ ਨੇ ਵਥੇਰਾ ਕਿਹਾ ਪਰ ਜੀਤੀ ਨਾ ਮੰਨੀ। ਭਰਜਾਈ ਨੇ ਤਾ ਸ਼ੁਕਰ ਮਨਾਇਆ।

ਸਕੂਲ ਦੇ ਲਾਗੇ ਕਨੇਡਾ ਵਾਲਿਆ ਦੀ ਕੋਠੀ ਸੀ ਉਹ ਸਾਲ ਵਿੱਚ ਮਹੀਨੇ ਲਈ ਆਉਂਦੇ ਸਾਰਾ ਸਾਲ ਕੋਠੀ ਵਿਹਲੀ ਰਹਿੰਦੀ ਜੀਤੀ ਨੇ ਉੱਥੇ ਕਮਰਾ ਕਿਰਾਏ 'ਤੇ ਲੈ ਲਿਆ। ਛੇ ਦਿਨ ਸਕੂਲੇ ਸੰਡੇ ਘਰ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਦਿੰਦੀ ਕਦੇ ਕਦੇ ਮਾਂ ਬਾਪ ਨੂੰ ਮਿਲ ਆਉਂਦੀ। ਜੀਤੀ ਦੀ ਜ਼ਿੰਦਗੀ ਇੱਕ ਵਾਰ ਫੇਰ ਲੀਹ ਤੇ ਆ ਗਈ।

ਜੀਤੀ ਭਾਵੇਂ ਤੀਹ ਬੱਤੀ ਸਾਲ ਦੀ ਹੋ ਗਈ,ਪਰ ਦੇਖਣ ਨੂੰ ਹਾਲੇ ਕੁੜੀ ਲੱਗਦੀ ਸੀ। ਕੋਈ ਵੇਖ ਕੇ ਇਹ ਨਹੀਂ ਕਹਿ ਸਕਦਾ ਸੀ ਇਹਦੀ ਉਮਰ ਦੁੱਖਾਂ ਵਿੱਚੋਂ ਲੰਘੀ ਹੋਵੇਗੀ।

ਜਿਹੜੇ ਸਕੂਲ ਜੀਤੀ ਟੀਚਰ ਸੀ, ਉਸੇ ਸਕੂਲ ਇੱਕ ਹੋਰ ਟੀਚਰ ਦੀ ਬਦਲੀ ਹੋਕੇ ਏਸ ਸਕੂਲੇ ਜੌਬ ਲੱਗੀ ਸੀ। ਇਹ ਜੀਤੀ 'ਤੇ ਦੋ ਕੁ ਸਾਲ ਛੋਟਾ ਸੀ। ਜਦੋ ਦਾ ਇਹਨੇ ਜੀਤੀ ਨੂੰ ਵੇਖਿਆ, ਦਿਲ 'ਤੇ ਕਾਬੂ ਨਾ ਰਹਿਆ ਦਿਨ ਰਾਤ ਜੀਤੀ ਦੇ ਸੁਪਨੇ ਲੈਣ ਲੱਗ ਪਿਆ। ਪਰ ਜੀਤੀ ਨੂੰ ਦਿਲ ਦਾ ਹਾਲ ਦੱਸਣ ਦਾ ਹੌਂਸਲਾ ਨਾ ਪੈਂਦਾ।

ਇੱਕ ਦਿਨ ਐਸਾ ਸਬੱਬ ਹੋਇਆ, ਜਿਹੜੀ ਕਨੇਡਾ ਵਾਲਿਆ ਦੀ ਕੋਠੀ ਵਿੱਚ ਜੀਤੀ ਰਹਿੰਦੀ ਸੀ ਉਹਨਾ ਦੇ ਸਾਰਾ ਪ੍ਰੀਵਾਰ ਦੇ ਪਾਸਪੋਰਟ ਟੈਕਸੀ ਵਿੱਚ ਰਹਿ ਗਏ। ਟੈਕਸੀ ਡਰਾਇਵਰ ਜੱਗੀ ਦੇ ਪਿੰਡ ਤੋਂ ਸੀ। ਡਰਾਇਵਰ ਨੇ ਜੱਗੀ ਦੀ ਮਿੰਨਤ ਕੀਤੀ, "ਮਾਸਟਰ ਜੀ ਆ ਤੁਹਾਡੇ ਸਕੂਲ ਦੇ ਲਾਗੇ ਕਨੇਡਾ ਵਾਲਿਆ ਦਾ ਸਮਾਨ ਆ ਇਹ ਕ੍ਰਿਪਾ ਕਰਕੇ ਉਹਨਾਂ ਦੇ ਘਰ ਪਹੁੰਚ ਦਿਉ" ਉਹਨਾਂ ਵਿਚਾਰਿਆਂ ਦੀ ਜਾਨ ਮੁੱਠੀ ਵਿੱਚ ਆਈ ਹੋਈ ਆ, ਮੈਂ ਮੁੜ ਦਿੱਲੀ ਜਾਣਾ। ਜੱਗੀ ਨੇ ਉੱਦੋ ਸਕੂਟਰ ਪਿੰਡ ਵੱਲ ਨੂੰ ਪਾ ਲਿਆ ਅੱਗੇ ਡੋਰ ਜੀਤੀ ਨੇ ਖੋਹਲੀ। ਕਨੇਡਾ ਵਾਲੇ ਨੇ ਡਰਾਇਵਰ 'ਤੇ ਜੱਗੀ ਦੀ ਇਮਾਨਦਾਰੀ ਦੀ ਸਿਫਤ ਕੀਤੀ। ਜੱਗੀ ਜੀਤੀ ਨਾਲ ਚਾਹ 'ਤੇ ਬੈਠਾ ਬਹੁਤ ਦੇਰ ਗੱਲਾਂ ਕਰਦਾ ਰਹਿਆ। ਹੁਣ ਜੱਗੀ ਐਤਵਾਰ ਵਾਲੇ ਦਿਨ ਜੀਤੀ ਕੋਲ ਚਾਹ ਦਾ ਕੱਪ ਪੀ ਜਾਂਦਾ। ਪਰ ਦਿਲ ਦੀ ਗੱਲ ਕਹਿਣ ਦਾ ਹੌਂਸਲਾ ਨਾ ਪੈਂਦਾ। ਅੱਜ ਜੱਗੀ ਨੇ ਦਿਲ ਕਰੜਾ ਕਰਕੇ ਆਪਣੇ ਦਿਲ ਦੀ ਗੱਲ ਕਹਿਕੇ,ਜੀਤੀ ਦੇ 'ਹਾਵ ਭਾਵ 'ਮੁੱਖ 'ਤੋ ਪੜ੍ਹਨ ਦੀ ਕੋਸ਼ਿਸ਼ ਕੀਤੀ। ਜੀਤੀ ਹੱਸਕੇ ਆਖਣ ਲੱਗੀ 'ਜੱਗੀ ਮੈਂ ਤਾਂ ਕਦੇ ਤੈਨੂੰ ਏਸ ਨਿਗਾ ਨਾਲ ਵੇਖਿਆ ਨੀ' ਨਾਲੇ ਜੱਗੀ ਮੇਰੇ ਵਿੱਚ ਬਹੁਤ ਵੱਡਾ ਨੁਕਸ ਆ। ਜੀਤੀ ਨੇ ਜਨਮ ਤੋਂ ਲੈਕੇ ਹੁਣ ਤੱਕ ਦੀ ਸਭ ਕਹਾਣੀ ਦੱਸ ਦਿੱਤੀ। "ਨਾ ਜੱਗੀ ਹੁਣ ਚੁੱਪ ਕਿਉ ਆ ?" ਦੇ ਜਵਾਬ। ਜੱਗੀ ਦਿਲ ਨੀ ਦਿਮਾਗ 'ਤੋ ਕੰਮ ਲੈ। ਇਹ ਉਮਰਾਂ ਦਾ ਬੰਧਨ ਹੁੰਦਾ, ਇਹ ਨਹੀ ਮੇਰੇ ਸਰੀਰ ਨਾਲ ਦੋ ਚਾਰ ਸਾਲ ਖੇਡਕੇ ਮੁੜ ਤੂੰ ਆਪਣੇ ਰਾਹਾਂ 'ਤੇ, ਮੈਂ ਆਪਣੇ ਰਾਹਾਂ ਤੇ, ਤੂੰ ਘਰਦਿਆ ਦੀ ਕੱਲੀ ਸੰਤਾਨ ਆ, ਨਾ ਤੇਰੇ ਘਰਦਿਆ, ਨਾ ਤੇਰੇ ਰਿਸ਼ਤੇਦਾਰਾਂ ਨੇ ਮੰਨਣਾ। 'ਮੈਂ ਆਪਣੀ ਜ਼ਿੰਦਗੀ ਤੋਂ ਖੁਸ਼ ਆ 'ਜ਼ਿੰਦਾਂ ਝੱਟ ਲੰਘਦਾ ਲੰਘੀ ਜਾਣ ਦੇ।' ਉਧਰ ਜੱਗੀ ਦੇ ਵੀ ਘਰ ਦੇ ਜੱਗੀ ਨੂੰ ਵਿਆਹ ਦਾ ਜੋਰ ਪਾਉਂਦੇ। ਜੱਗੀ ਗੱਲਾ ਬਾਤਾਂ ਨਾਲ ਟਾਲੀ ਜਾਂਦਾ। ਅੱਜ ਜੱਗੀ ਨੇ ਆਪਣੇ ਮਾਂ ਬਾਪ ਨੂੰ ਦਿਲ ਦੀ ਗੱਲ ਕਹਿ ਹੀ ਦਿੱਤੀ। "ਮੈ ਵਿਆਹ ਕਰਾਉਣਾ ਤਾਂ ਜੀਤੀ ਨਾਲ ਨਹੀ ਕਿਤੇ ਵੀ ਨਹੀਂ ਕਰਾਉਣਾ" ਜੀਤੀ ਨਾਲ ਸਾਰੀ ਹੋਈ ਬੀਤੀ ਦੱਸ ਦਿੱਤੀ। ਮਾਪੇ ਸੁਣਕੇ ਸੁੰਨ ਹੋ ਗਏ। ਬਾਪ 'ਦੂਰ-ਅੰਦੇਸੀ' ਸੀ ਉਹਨੂੰ ਪਤਾ ਸੀ, ਕਿ ਅੱਜਕੱਲ 'ਮਾਪੇ ਨੀ ਬੱਚੇ ਜੰਮਦੇ, ਬੱਚੇ ਮਾਪਿਆ ਨੂੰ ਜੰਮਦੇ ਨੇ' ਮਾਂ ਨੇ ਥੋੜ੍ਹਾ ਬਹੁਤਾ ਹਿਰਖ ਕੀਤਾ। ਆਖ਼ਰ ਜਵਾਨ ਔਲਾਦ ਮੂਹਰੇ ਇੰਨਾਂ ਕਹਿਆ, "ਜਿੰਦਾ ਪੁੱਤ ਤੂੰ ਖੁਸ਼।" ਜੱਗੀ ਨੇ ਜੀਤੀ ਨਾਲ ਗੱਲ ਕੀਤੀ। ਸਾਡੇ ਵੱਲੋਂ ਹਾਂ ਆ ਜੀਤੀ ਅੱਗੇ ਤੇਰੀ ਮਰਜ਼ੀ ਆ ! ਆਪਾਂ ਜੀਤੀ ਪੜ੍ਹੇ ਲਿਖੇ ਆ, ਪੜ੍ਹੇ ਲਿਖੇ ਮਨੁੱਖ ਹੀ ਚੰਗੇ ਸਮਾਜ 'ਤੇ ਨਰੋਏ ਸਮਾਜ ਦੀ ਸਿਰਜਣਾ ਕਰਦੇ ਨੇ। ਨਾਲੇ ਬੱਚਿਆਂ ਵਾਲੇ ਕਿਹੜੇ ਸੁਖੀ ਨੇ ਕਿੰਨਿਆਂ ਨੇ ਆਪਣੇ ਮਾਪੇ ਘਰੋਂ ਕੱਢੇ ਹੋਏ ਨੇ 'ਬੁੱਢੇ ਘਰਾਂ' ਵਿੱਚ ਬਜ਼ੁਰਗ ਧਾਹਾਂ ਮਾਰ ਮਾਰ ਰੋਂਦੇ ਨੇ, 'ਅਸੀਂ ਇਹ ਗੰਦਗੀਆਂ ਔਲਾਦਾਂ ਕਿਉ ਜੰਮ ਲਈਆਂ ? 'ਬੱਚੇ ਅੱਜ ਦੇ ਜ਼ਮਾਨੇ ਵਿੱਚ ਬਹੁਤੇ ਜ਼ਰੂਰੀ ਨਹੀਂ, ਚਾਰ ਪੰਜ ਪੀੜੀਆਂ ਬਾਆਦ ਕੌਣ ਪੁੱਛਦਾ, ਇਹਨੇ ਦੀ ਦਾਦੇ ਬਾਬੇ ਕੌਣ ਸੀ। ਨਾਲੇ ਜੀਤੀ ਮੈਂ ਤੈਨੂੰ ਲਿਖਕੇ ਦੇ ਦੇਦਾਂ, ਜੇ ਮੈਂ ਤੈਨੂੰ ਬੱਚੇ ਵਾਰੇ ਮੰਗ ਰੱਖੀ। ਜੀਤੀ ਨੇ ਵੀ ਸੋਚਿਆ "ਜ਼ਿੰਦਗੀ ਇੱਕ ਜੂਆ ਆ, ਇੱਕ ਵਾਰ ਫੇਰ ਖੇਲ ਕੇ ਦੇਖ ਲੈਂਦੇ ਆ।"

ਪੰਜ ਬੰਦੇ ਬਰਾਤ ਵਿੱਚ ਆਏ। ਕੋਈ 'ਧੂਮ ਧੜੱਕਾ' ਨੀ, ਸਾਧਾਰਨ ਵਿਆਹ ਹੋਇਆ। ਜੀਤੀ 'ਤੇ ਜੱਗੀ ਨੇ ਆਪਣੇ ਮਹੀਨੇ ਦੀ ਤਨਖਾਹ ਨਾਲ ਬੱਚਿਆਂ ਨੂੰ 'ਸਕੂਲ ਦੀਆਂ ਵਰਦੀਆਂ 'ਤੇ ਕਾਪੀਆਂ ਕਿਤਾਬਾਂ ਖਰੀਦ ਕੇ ਦਿੱਤੀਆਂ। ਇਹੋ ਦਾਜ ਸੀ ਦੋਵਾਂ ਪਾਸਿਆਂ ਤੋਂ।

ਬਾਕੀ ਹਿਸਾ ਸਫ਼ਾ 49 ਤੇ ਪੜ੍ਹੋ

## 48 ਸਫ਼ੇ ਦੀ ਬਾਕੀ

ਜੀਤੀ ਦੀ ਜ਼ਿੰਦਗੀ ਦਾ ਨਵਾਂ ਅਧਿਆਏ ਸ਼ੁਰੂ ਹੋ ਗਿਆ। 'ਜੀਤੀ ਸੋਚਦੀ ਇਸ ਸੰਸਾਰ ਵਿੱਚ ਚੰਗੇ ਮਾੜੇ ਦਾ ਕੋਈ ਅੰਤ ਨੀ, ਸੱਸ ਦਾ ਧੀਏ ਧੀਏ ਕਰਦੀ ਦਾ ਮੂੰਹ ਸੁੱਕਦਾ,ਸਹੁਰੇ ਦਾ ਪੁੱਤ ਪੁੱਤ ਕਰਦੇ ਦਾ, ਜੱਗੀ ਜੀਤੀ ਦੇ ਮੂੰਹੋਂ ਗੱਲ ਨਿਕਲਣ ਨਾ ਦਿੰਦਾ ਪਹਿਲਾ ਪੂਰੀ ਕਰ ਦਿੰਦਾ। 'ਜੀਤੀ ਆਖਦੀ, 'ਵਾਹ ਦਾਤਿਆ' ਤੇਰੇ ਕਿੰਨੇ ਰੰਗ ਨੇ ਇਸ ਸੰਸਾਰ ਵਿੱਚ,ਸਰੀਰ ਤਾਂ ਸਭ ਦੇ ਇੱਕੋ ਜਿਹੇ,ਪਰ ਸੋਚਾਂ ਕਿੱਦਾਂ ਵੱਖ ਵੱਖ ਨੇ।

ਜੀਤੀ ਤਰੱਕੀ ਕਰਕੇ ਪ੍ਰਿੰਸੀਪਲ ਬਣ ਗਈ ਦੋਵੇਂ ਜੀਅ ਕਾਰ ਵਿੱਚ ਸਕੂਲੇ ਜਾਂਦੇ। ਇੱਕ ਦਿਨ ਦੋਵੇਂ ਜੀਅ ਪਿਆਰ ਦੀਆਂ ਗੱਲਾਂ ਕਰਦੇ ਕਾਰ ਵਿੱਚ ਜਾ ਰਹੇ ਸੀ। ਪਤਾ ਉਦੋਂ ਲੱਗਾ ਜਦੋ ਇੱਕ ਪਤੀ ਪਤਨੀ 'ਤੇ ਛੋਟਾ ਬੱਚਾ, ਕਾਰ ਮੂਹਰੇ ਆ ਗਏ। ਜੱਗੀ ਨੇ ਵਥੇਰੀ ਕੋਸ਼ਿਸ਼ ਕੀਤੀ ਬਚਾਅ ਹੋ ਜਾਵੇ, ਪਰ ਪਤੀ ਪਤਨੀ ਦੀ ਮੌਕੇ 'ਤੇ ਮੌਤ ਹੋ ਗਈ, ਬੱਚਾ ਕਿਸ ਤਰਾਂ ਬੱਚ ਗਿਆ। ਪੁਲੀਸ ਨੇ 'ਮੌਕਾ ਵਾਰਦਾਤ' 'ਤੇ ਸਾਰੀ ਤਫ਼ਸੀਲ ਕੀਤੀ,ਦੋਵੇਂ ਜੀਅ ਥਾਣੇ ਬੁਲਾ ਲਏ ਗਏ, ਥਾਣੇਦਾਰ ਭਲਾ ਆਦਮੀ ਸੀ ਰੱਬ ਦਾ ਡਰ ਮੰਨਣ ਵਾਲਾ ਸੀ ਕੋਈ ਗਲਤ ਕੰਮ ਨਹੀ ਸੀ ਹੋਂਣ ਦੇਦਾ। ਥਾਣੇਦਾਰ ਨੇ ਦੱਸਿਆ ਕਿ ਆਦਮੀ ਨੇ ਨਸ਼ਾ ਕੀਤਾ ਹੋਇਆ ਸੀ ਇਹਦੇ ਵਿੱਚ ਤੁਹਾਡਾ ਕੋਈ ਕਸੂਰ ਨਹੀਂ, ਕੋਈ ਕੇਸ ਨਹੀ ਬਣਦਾ। ਪਰ ਮੇਰੀ ਇੱਕ ਅਰਜ਼ ਆ ਇਹ ਜਿਹੜਾ ਉਹਨਾਂ ਦਾ ਛੋਟਾ ਬੱਚਾ ਬੱਚ ਗਿਆ ਇਹ ਪ੍ਰੀਵਾਰ ਬਹੁਤ ਗਰੀਬ ਸੀ ਬੱਚੇ ਦੇ ਅੱਗੇ ਪਿੱਛੇ ਕੋਈ ਨੀ ਜੇ ਥੋੜ੍ਹੀ ਬਹੁਤੀ ਬੱਚੇ ਦੀ ਮਦੱਦ ਕਰ ਦੇਵੋ? ਜੀਤੀ ਆਖਣ ਲੱਗੀ 'ਥਾਣੇਦਾਰ ਸਾਹਿਬ ਜੇ ਇਹ ਬੱਚਾ ਅਸੀ ਲੈਕੇ ਪਾਲ ਲਈਏ…। ਥਾਣੇਦਾਰ ਜੀਤੀ ਦੀ ਗੱਲ ਸੁਣਕੇ ਠਰ ਗਿਆ 'ਭੈਣੇ ਤੇਰੀ ਐਨੀ ਉੱਚੀ ਸੋਚ 'ਪੜ੍ਹੇ ਲਿਖੇ ਬੰਦੇ ਸਮਾਜ ਦਾ ਮੂੰਹ ਮੁਹਾਂਦਰਾ ਬਦਲ ਦੇ ਨੇ' ਮੈਂ ਤੁਹਾਡੀ ਏਸ ਮਾਮਲੇ ਵਿੱਚ ਹਰ ਤਰਾਂ ਮਦੱਦ ਕਰਾਂਗਾ। ਮਾਂ ਬਾਪ ਨੇ ਥੋੜ੍ਹਾ ਜਿਹਾ ਬੱਚੇ ਦੇ ਆਉਣ ਤੇ ਇਤਰਾਜ ਜਿਤਾਇਆ ਪਰ ਬਾਪ ਦੂਰ ਦੀ ਸੋਚ ਵਾਲਾ ਸੀ। "ਇੱਥੇ ਆਪਣੇ ਪੇਟੋ ਜੰਮੇ ਵਥੇਰੇ ਚੰਦ ਚਾੜ੍ਹਦੇ ਆ।"

ਬੱਚੇ ਦੇ ਆਉਣ ਨਾਲ ਘਰ ਵਿੱਚ ਰੌਣਕ ਆ ਗਈ। ਬੱਚਾ ਬੜਾ ਪਿਆਰਾ ਸੀ ਹਰ ਇੱਕ ਦਾ ਪਿਆਰ ਲੈਂਦਾ। ਸਮਾਂ ਆਪਣੀ ਤੋਰੇ ਤੁਰਦਾ ਗਿਆ ਬੱਚਾ ਜਵਾਨ ਹੋ ਗਿਆ ਬੜਾ ਲਾਇਕ ਨਿਕਲਿਆ ਪੜ੍ਹਨ ਨੂੰ ਬੜਾ ਹੁਸ਼ਿਆਰ, ਨਸ਼ੇ ਪੱਤਿਆਂ ਤੋਂ ਦੂਰ, ਜਿੱਥੇ ਮਾਂ ਬਾਪ ਕਹਿੰਦੇ ਉੱਥੇ ਬਹਿੰਦਾ ਉਠਦਾ, ਜੀਤੀ ਸੋਚਦੀ "ਕੀ ਹੋਇਆ ਜੇ ਮੇਰੀ ਕੁੱਖ ਤੋਂ ਜਨਮ ਨਹੀਂ ਲਿਆ ਪਰ ਕੁੱਖ ਤਾਂ ਸਫ਼ਲ ਕਰ ਦਿੱਤੀ।" ਜੀਤੀ ਦਾ ਰੋਜ਼ ਬੱਚਿਆਂ ਨਾਲ ਵਾਹ ਪੈਂਦਾ, ਤੇਰਾ ਤੇਰਾ ਸਾਲ ਦੇ ਬੱਚੇ ਨਸ਼ੇ ਕਰਦੇ ਵਿੱਚੇ ਕੁੜੀਆਂ ਵੀ,ਹੋਰ ਕਿੰਨੇ ਗਲਤ ਕੰਮਾਂ ਵਿੱਚ ਪੈ ਚੁੱਕੇ ਸੀ। ਜੀਤੀ ਰੱਬ ਦਾ ਲੱਖ ਲੱਖ ਸ਼ੁਕਰ ਕਰਦੀ। ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ 'ਇੱਦਾਂ ਦੇ ਬੱਚੇ ਘਰ ਘਰ ਦੇਵੀ ਜਿਹਨੇ ਮੇਰੀ ਕੁੱਖ ਸੁਲੱਖਣੀ ਕੀਤੀ।'

ਬੱਚੇ ਨੇ ਪੜ੍ਹਾਈ ਪੂਰੀ ਕਰ ਲਈ, ਬਹੁਤੇ ਬੱਚੇ ਨਾਲ ਦੇ ਕਨੇਡਾ ਪੜ੍ਹਨ ਵਾਸਤੇ ਜਾਣ ਲੱਗ ਪਏ। ਬੱਚੇ ਨੇ ਵੀ ਆਪਣੇ ਮਾਪਿਆ ਨੂੰ ਪੁੱਛਿਆ, ਮੰਮ ਡੈਡ ਜੇ ਮੈਂ ਅੱਗੇ ਪੜ੍ਹਨ ਲਈ ਕਨੇਡਾ ਚਲੇ ਜਾਵਾਂ, ਜੇ ਕਹੋ ਤਾਂ ਇੱਥੇ ਜੌਬ ਲੱਭ ਲੈਨਾਂ? ਬਾਪ ਆਖਣ ਲੱਗਾ 'ਬੇਟਾ ਇਥੇ ਤੈਨੂੰ ਕਿਸੇ ਗੱਲ ਤਾਂ ਘਾਟਾ ਤਾਂ ਨਹੀਂ' ਚੰਗੀ ਜ਼ਮੀਨ,ਸਾਡੀ ਤਨਖਾਹ ਵਥੇਰੀ ਆ, ਘਰ ਬਾਰ ਬਣਿਆ ਹੋਇਆ। ਜੀਤੀ ਨੇ ਜੱਗੀ ਨੂੰ ਰਾਤ ਨੂੰ ਸਮਝਾਇਆ "ਆਪਣੇ ਬੇਟੇ ਨੇ ਆਪਣੇ ਤੋਂ ਕੁਝ ਨਹੀ ਮੰਗਿਆ ਅੱਜਤੱਕ" ਚਲੋ ਜੇ ਕਨੇਡਾ ਪੜ੍ਹ ਆਇਆ ਹੋਰ ਇੱਥੇ ਵਧੀਆ ਜੌਬ ਮਿਲ ਜਾਵੇਗੀ। ਲੜਕਾ ਪੜ੍ਹਨ ਨੂੰ ਹੁਸਿਆਰ ਸੀ, ਸਾਰੇ ਟੈਸਟ ਪਾਸ ਕਰਕੇ ਕਨੇਡਾ ਚਲੇ ਗਿਆ। ਪੜ੍ਹਾਈ ਦੇ ਨਾਲ ਕੰਮ ਵੀ ਕਰਨ ਲੱਗ ਪਿਆ। ਸਮਾਂ ਆਪਣੀ ਤੋਰੇ ਤੁਰਦਾ ਗਿਆ। ਬੱਚੇ ਨੇ ਪੜ੍ਹਾਈ ਪੂਰੀ ਕਰਕੇ ਦੋ ਸਾਲ ਦਾ ਵਰਕ ਪਰਮਿਟ ਲੈਕੇ ਪੀ .ਆਰ ਲੈ ਲਈ। ਜੀਤੀ ਤੇ ਜੱਗੀ ਵੀ ਕਨੇਡਾ ਗੇੜਾ ਮਾਰ ਆਏ। ਜੀਤੀ ਤੇ ਜੱਗੀ ਦੋਵੇ ਰਿਟਾਇਰ ਹੋ ਗਏ। ਫੇਰ ਕਨੇਡਾ ਆ ਗਏ ਦੋਵੇਂ ਜੀਅ, ਲੜਕੇ ਨੂੰ ਵਿਆਹ ਵਾਰੇ ਪੁੱਛਦੇ . ਲੜਕਾ ਇਹੀ ਆਖਦਾ "ਮੰਮ ਡੈਡ ਜਿੱਥੇ ਤੁਸੀ ਕਹੋ, ਉੱਥੇ ਕਰਾਂਗਾ।" ਦੋਵੇਂ ਜੀਅ ਆਖਦੇ,ਬੇਟਾ ਜੇ ਕੋਈ ਫਰੰਡ ਹੈ ਤਾਂ ਦੱਸਦੇ ? ਦੋਵੇਂ ਜੀਆਂ ਨੂੰ ਪਤਾ ਸੀ ਸਮੇਂ ਬਦਲ ਗਏ ਨੇ, ਬੱਚਿਆਂ ਨੂੰ ਟੋਹ ਲੈਣਾ ਚਾਹੀਦਾ। ਸਾਰੀ ਉਮਰ ਬੱਚਿਆਂ ਨਾਲ ਵਾਹ ਰਹਿਆ ਸੀ। ਬੇਟਾ ਆਖਣ ਲੱਗਾ, ਇੱਕ ਲੜਕੀ ਨਾਲੇ ਪੜ੍ਹੀ ਆ, ਨਾਲੇ ਕੰਮ ਕਰਦੀ, ਸਿਰਫ ਦੋਸਤ ਹੈ। ਮੈਂ ਤੁਹਾਨੂੰ ਮਿਲਾ ਦੇਵਾਗਾਂ। ਦੋਵਾਂ ਜੀਆ ਨੂੰ ਲੜਕੀ ਚੰਗੀ ਲੱਗੀ। ਜੀਤੀ ਨੂੰ ਤਾਂ ਆਪਣਾ ਰੂਪ ਲੱਗੀ। ਲੜਕੀ ਦੇ ਵੀ ਮਾਂ ਬਾਪ ਕਨੇਡਾ ਆਏ ਹੋਏ ਸੀ। ਕਿਸੇ ਦਿਨ ਮਾਂ ਬਾਪ ਨੂੰ ਮਿਲਕੇ ਅੱਗੇ ਗੱਲ ਤੋਰਨ ਵਾਰੇ ਕਹਿਆ। ਅਗਲੇ ਸੰਡੇ ਜੀਤੀ ਨੇ ਲੜਕੀ ਨੂੰ ਆਖਿਆ 'ਆਪਣਾ ਮਾਪਿਆ ਨੂ ਸਾਡੇ ਘਰ ਲੈ ਆਵੀਂ।' ਬਾਹਰ ਕਾਰ ਆ ਕੇ ਰੁੱਕੀ, ਇੱਕ ਲੰਮਾ ਸਲੰਮਾ ਸਰਦਾਰ ਕਾਰ ਵਿੱਚੋ ਨਿਕਲਿਆ। ਜੀਤੀ ਨੂੰ ਚੇਹਰਾ ਕੁਝ ਜਾਣਿਆ ਪਹਿਚਾਣਿਆ ਲੱਗਾ। ਇਹ ਦੇਖਕੇ ਜੀਤੀ ਕਿਚਨ ਵਿੱਚ ਚਲੀ ਗਈ। ਲੜਕੀ ਦੇ ਮਾਪੇ ਅੰਦਰ ਆ ਬੈਠ ਗਏ। ਜੱਗੀ ਨੇ ਰਾਜ਼ੀ ਖੁਸ਼ੀ ਪੁੱਛੀ, ਜੱਗੀ ਨੇ ਹਾਕ ਮਾਰ ਕੇ ਕਹਿਆ। 'ਜੀਤੀ ਕੀ ਕਰਦੀ ਆ ਕਿਚਨ ਵਿੱਚ?' ਆ ਮਹਿਮਾਨ ਆ ਗਏ ਨੇ, ਆਹ ਕੀ ! ਜੀਤੀ ਨੇ ਆਪਣਾ ਮੂੰਹ ਤੇ ਸਾਰੀ ਚੁੰਨੀ ਲਈ ਹੋਈ ਸੀ ਸਿਰਫ ਅੱਖਾਂ ਦਿਸਦੀਆਂ ਸੀ। ਜਦੋ ਕਿਚਨ 'ਚੋ ਬਾਹਰ ਆਈ। ਜੀਤੀ ਨੂੰ ਇੱਦਾਂ ਦੇਖਕੇ ਸਾਰੇ ਤਪਕ ਗਏ। ਜੀਤੀ ਆਖਣ ਲੱਗੀ, 'ਕੁਝ ਨੀ ਹੋਇਆ ਬੱਸ ਮੂੰਹ ਤੇ ਤੱਤੇ ਪਾਣੀ ਦੇ ਛੱਟੇ ਪੈ ਗਏ ਮੈਂ ਕਰੀਮ ਲਗਾ ਲਈ ਆ ਬੱਸ ਥੋੜ੍ਹੇ ਚਿਰ ਤੱਕ ਜਲਣ ਹੱਟ ਜਾਵੇਗੀ।' ਜਾਵੋ ਬੇਟਾ ਤੁਸੀ ਬਾਹਰ ਘੁੰਮ ਫਿਰ ਆਵੋ, ਅਸੀ ਆਪਣੀਆਂ ਗੱਲਾਂ ਬਾਤਾਂ ਕਰ ਲੈਦੇਂ ਆ। ਜੀਤੀ ਨੇ ਆਪਣੇ ਲੜਕੇ ਤੇ ਲੜਕੀ ਨੂੰ ਕਹਿਆ। ਸਰਦਾਰ ਆਪਣੇ ਜਿਲੇ ਵਾਰੇ, ਆਪਣੇ ਪਿੰਡ ਵਾਰੇ, ਆਪਣੇ ਵਾਰੇ, ਸਭ ਕੁਝ ਦੱਸਦਾ ਰਹਿਆ। ਬੜੀ ਹੀ ਨ੍ਰਿਮਤਾ ਵਿੱਚ ਆਕੇ ਆਖਣ ਲੱਗਾ 'ਮੇਰੇ ਚਾਰ ਧੀਆਂ ਨੇ ਇਹ ਸਭ 'ਤੋ ਵੱਡੀ ਆ ਬਾਕੀ ਤਿੰਨ ਪਿੰਡ ਨੇ ਮੇਰੀ ਲੜਕੀ ਕਦੇ ਕਦੇ ਤੁਹਾਡੇ ਬੇਟੇ ਵਾਰੇ ਦੱਸਦੀ ਹੁੰਦੀ ਸੀ ਫੋਨ 'ਤੇ ਤੁਹਾਡਾ ਬੇਟੇ ਨੇ ਹਰ ਵੇਲੇ ਸਾਡੀ ਬੇਟੀ ਦੀ ਮਦੱਦ ਕੀਤੀ ਆ, ਤੁਸਾਂ ਦਾ ਬੇਟਾ, ਤੁਹਾਡੇ ਵਰਗੇ ਇਨਸਾਨ ਤਾਂ ਕਰਮਾਂ ਨਾਲ ਮਿਲਦੇ ਨੇ, ਸਾਡੇ ਵੱਲੋਂ ਤੇ ਹਾਂ ਆ ਜੀ।' ਜੀਤੀ ਦੇ ਸਭ ਕੁਝ ਸਾਹਮਣੇ ਸੀ ਪਰਦਾ ਉੱਠ ਚੁੱਕਾ ਸੀ। ਜੀਤੀ ਨੇ ਮੂੰਹ 'ਤੋ ਚੁੰਨੀ ਪਾਸੇ ਕਰਕੇ ਆਖਿਆ। "ਕਿਉ ਸਰਦਾਰਾ ਪਛਾਣਿਆ ਕਿ ਨਹੀਂ ?"

ਮੈਂ ਉਹੀ ਆ ਜਿਸਨੂੰ ਤੈਂ "ਬੰਜਰ ਧਰਤੀ" ਕਹਿਕੇ ਘਰੋਂ ਕੱਢਿਆ ਸੀ। ਯਾਦ ਆਇਆ ਕਿ ਨਹੀਂ, ਅੱਜ ਸਾਡੀ ਕਿੱਦਾ ਲੋੜ੍ਹ ਪੈ ਗਈ ? ਮੈਨੂੰ ਤਾਂ ਸਾਰਾ ਯਾਦ ਆ। ਤੁਸੀ ਭੁੱਲ ਗਏ ਕਿ ਯਾਦ ਆ। ਇੱਕ ਮੇਰਾ ਆ ਸਰਦਾਰ ਜਿਹਨੂੰ ਸਭ ਕੁਝ ਪਤਾ ਹੁੰਦੇ ਹੋਏ ਵੀ ਮੈਨੂੰ ਗੱਲ ਨਾਲ ਲਾਇਆ। ਜੇ ਜੱਗ 'ਤੇ ਮਾੜੇ ਬੰਦੇ ਨੇ ਚੰਗਿਆ ਦਾ ਵੀ ਘਾਟਾ ਨਹੀ। ਨਾਲੇ ਹੁਣ ਵਾਰਸ ਨੀ ਪੈਦਾ ਹੋਇਆ ? ਇਹ ਸਭ ਕੁਝ ਕੁਦਰਤ ਦੇ ਰੰਗ ਨੇ, ਇਹ ਗੱਲਾਂ ਤਾਂ ਸਿਰਫ ਮੇਰੇ ਸਰਦਾਰ ਵਰਗੇ ਸਮਝ ਸਕਦੇ ਨੇ, ਬਹੁਤੇ ਲੋਕ ਨੀ। ਸਰਦਾਰਾ ! ਜੇ ਅੱਜ ਤੇਰੀ ਧੀ ਨਾਲ ਇਹੋ ਕੰਮ ਹੋਵੇ ,ਤੁਸੀਂ ਕੀ ਮਹਿਸੂਸ ਕਰੋਗੇ ? ਪਰ ਅਸੀ ਤੁਹਾਡੀ ਧੀ ਨੂੰ ਫੁੱਲਾਂ ਵਾਂਗੂੰ ਰੱਖਾਂਗੇ। ਜੀਤੀ ਬੋਲਦੀ ਗਈ, ਸਰਦਾਰ ਜੀਤੀ ਦੀਆਂ ਗੱਲਾਂ ਸੁਣ ਸੁਣ ਧਰਤੀ ਵਿੱਚ ਧਸਦਾ ਗਿਆ।

*******





ਬ੍ਰਮਿੰਘਮ ਪ੍ਰੀਮੀਅਰ ਲੀਗ ਸਮੇਦਿਕ ਕ੍ਰਿਕਟ ਕਲੱਬ ਦੇ ਮੈਂਬਰ ਆਪਣੀ ਜੇਤੂ ਟਰਾਫ਼ੀ ਨਾਲ। ਉਹਨਾਂ ਨੂੰ ਇੰਡੀਅਨ ਅੰਬੈਸੀ ਵੱਲੋਂ ਕੌਂਸਲਰ ਜਨਰਲ ਨਾਲ ਖਾਣੇ ਲਈ ਸੱਦਾ ਪੱਤਰ ਮਿਲਿਆ।

## ਕੌਮੀ ਇਨਸਾਫ ਮੋਰਚੇ ਦੀ ਇੱਕ ਅਹਿਮ ਇਕੱਤਰਤਾ ਗੁਰਦੁਆਰਾ ਸ਼੍ਰੀ ਸੀਸ ਗੰਜ ਸਾਹਿਬ ਮੋਰਿੰਡਾ ਵਿਖੇ ਹੋਈ



ਕੌਮੀ ਇਨਸਾਫ ਮੋਰਚੇ ਦੀ ਇੱਕ ਅਹਿਮ ਇਕੱਤਰਤਾ ਗੁਰਦੁਆਰਾ ਸ਼੍ਰੀ ਸੀਸ ਗੰਜ ਸਾਹਿਬ ਮੋਰਿੰਡਾ ਵਿਖੇ ਸ: ਪਾਲ ਸਿੰਘ ਜੀ ਫਰਾਂਸ ਕਨਵੀਨਰ ਕੌਮੀ ਇਨਸਾਫ ਮੋਰਚਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਬੰਦੀ ਸਿੰਘਾਂ ਦੀ ਰਿਹਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਉਣ, ਬਹਿਬਲ ਕਲਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਅਤੇ ਪੰਜਾਬ ਵਿੱਚੋਂ ਨਸ਼ਿਆਂ ਨੂੰ ਰੋਕਣ ਸਬੰਧੀ ਗੰਭੀਰ ਚਰਚਾ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਧਰਮਿੰਦਰ ਸਿੰਘ ਕੋਟਲੀ ਅਤੇ ਬਿਕਰਮਜੀਤ ਸਿੰਘ ਜੁਗਨੂ ਨੇ ਦੱਸਿਆ ਕਿ ਇੱਕਤਰਤਾ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਤੇ ਉਪਰੋਕਤ ਮਸਲਿਆਂ ਨੂੰ ਲੈ ਕੇ 21 ਸਤੰਬਰ 2024 ਦਿਨ ਸ਼ਨੀਵਾਰ ਨੂੰ ਸ਼ਾਮੀ 4 ਵਜੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਮੋਰਿੰਡਾ ਤੋਂ ਲੈ ਕੇ ਮੋਰਿੰਡਾ ਖੂਹ ਵਾਲਾ ਬਾਜ਼ਾਰ ਦੇ ਵਿੱਚੋਂ ਹੁੰਦੇ ਹੋਏ ਕਾਈਨੋਰ ਬੱਤੀਆਂ ਤੱਕ ਇੱਕ ਪੈਦਲ ਮਾਰਚ ਕੱਢਿਆ ਜਾਵੇਗਾ। ਇਸ ਮੌਕੇ ਜਸਵੰਤ ਸਿੰਘ ਸਿੱਧੂਪੁਰ ਅਤੇ ਅਮਰਪ੍ਰੀਤ ਸਿੰਘ ਪੰਜਕੋਹਾ ਨੇ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ 30–30 ਸਾਲਾਂ ਤੋਂ ਬੰਦ ਇਨਾਂ ਸਿੰਘਾਂ ਦੀ ਰਿਹਾਈ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਉਣ ਸਬੰਧੀ ਅਤੇ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਪਾਰਟੀਬਾਜ਼ੀ ਅਤੇ ਗੁੱਟਬੰਦੀ ਤੋਂ ਉੱਪਰ ਉੱਠ ਕੇ ਵੱਧ ਚੜ ਕੇ ਇਸ ਮਾਰਚ ਵਿੱਚ ਭਾਗ ਲਈਏ। ਉਹਨਾਂ ਕਿਹਾ ਕਿ ਇਹ ਕਿਸੇ ਦਾ ਨਿੱਜੀ ਮਸਲਾ ਨਹੀਂ ਬਲਕਿ ਸਿੱਖਾਂ ਤੇ ਪੰਜਾਬੀਆਂ ਦਾ ਸਾਂਝਾ ਤੇ ਕੌਮੀ ਮਸਲਾ ਹੈ ਇਸ ਲਈ ਸਾਨੂੰ ਵੱਧ ਚੜ ਕੇ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਸਾਡੇ ਬੰਦੀ ਸਿੰਘ ਦੀ ਰਿਹਾਈ ਹੋ ਸਕੇ। ਮਨਦੀਪ ਸਿੰਘ ਰੌਣੀ ਨੇ ਅਪੀਲ ਕਰਦਿਆਂ ਕਿਹਾ ਕਿ ਆਪਣੇ ਰੁਝੇਵਿਆਂ ਨੂੰ ਸੰਕੋਚਦੇ ਹੋਏ, ਆਪਣਾ ਕੌਮੀ ਫਰਜ ਸਮਝਦਿਆਂ ਇੱਕ ਦਿਨ ਲਈ ਕੁਝ ਸਮਾਂ ਕੱਢ ਕੇ ਇਸ ਮਾਰਚ ਵਿੱਚ ਵੱਧ ਚੜ ਕੇ ਹਿੱਸਾ ਲਈਏ। ਸ ਰਣਜੀਤ ਸਿੰਘ ਸੰਤੋਖਗੜ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਗੁਰਿੰਦਰ ਸਿੰਘ ਭਜੋਲੀ ਨੇ ਵੀ ਸੰਗਤ ਨੂੰ ਵੱਧ ਚੜ ਕੇ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਬੰਦੀ ਸਿੰਘ ਕੌਮ ਦਾ ਸਰਮਾਇਆ ਹਨ ਸੋ ਸਾਨੂੰ ਉਹਨਾਂ ਦੀ ਰਿਹਾਈ ਲਈ ਹਰ ਯਤਨ ਕਰਨਾ ਚਾਹੀਦਾ ਹੈ। ਗੁਰਪ੍ਰੀਤ ਸਿੰਘ ਸਿੱਧੂ ਯੂਥ ਪ੍ਰਧਾਨ ਫਤਿਹਗੜ੍ਹ ਸਾਹਿਬ ਉਚੇਚੇ ਤੌਰ ਤੇ ਇਸ ਇਕੱਤਰਤਾ ਵਿੱਚ ਪਹੁੰਚੇ। ਇਸ ਮੌਕੇ ਸ ਹਰਜੀਤ ਸਿੰਘ ਚਤਾਮਲਾ ਯੂਥ ਪ੍ਰਧਾਨ ਰੋਪੜ, ਨਰਿੰਦਰ ਸਿੰਘ, ਹਰਜਿੰਦਰ ਸਿੰਘ, ਵਿੱਕੀ ਢਿੱਲੋਂ, ਗੁਰਦੀਪ ਸਿੰਘ, ਜੋਬਨਪ੍ਰੀਤ ਸਿੰਘ, ਬਰਿੰਦਰ ਸਿੰਘ ਆਦਿ ਤੋਂ ਇਲਾਵਾ ਕੋਈ ਤਿੰਨ ਦਰਜਨ ਦੇ ਕਰੀਬ ਸਿੰਘਾਂ ਨੇ ਸ਼ਮੂਲੀਅਤ ਕੀਤੀ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)


## ਸੰਖੇਪ ਖਬਰਾਂ

*ਹਮਲੇ ਲਈ ਬਾਇਡਨ ਤੇ ਹੈਰਿਸ ਜ਼ਿੰਮੇਵਾਰ: ਟਰੰਪ

*ਕਾਂਗਰਸ ਨੇ ਰਵਨੀਤ ਬਿੱਟੂ ਸਮੇਤ ਚਾਰ ਆਗੂਆਂ ਵਿਰੁੱਧ ਪੁਲੀਸ ਸ਼ਿਕਾਇਤ ਦਰਜ ਕਰਵਾਈ

*ਆਪ ਵਿਧਾਇਕ ਗੱਜਣਮਾਜਰਾ ਦੀ ਜ਼ਮਾਨਤ ਅਰਜ਼ੀ ਰੱਦ

*ਹੁਣ ਆਸਟਰੇਲੀਆ ਚ ਘੁੰਮਣ ਜਾਣ ਵਾਲੇ ਭਾਰਤੀਆਂ ਨੂੰ ਮਿਲੇਗਾ ਉਥੇ ਕੰਮ ਕਰਨ ਦਾ ਮੌਕਾ

*ਮਸ਼ਹੂਰ ਪੰਜਾਬੀ ਗਾਇਕ ਆਰ ਨੇਤ ਨੂੰ ਮਿਲੀ ਧਮਕੀ, ਮੰਗੀ 1 ਕਰੋੜ ਰੁਪਏ ਦੀ ਫਿਰੌਤੀ

*ਅਦਾਲਤ ਵੱਲੋਂ ਲਾਲੂ ਯਾਦਵ ਤੇ ਤੇਜਸਵੀ ਯਾਦਵ ਦੇ ਸੰਮਨ ਜਾਰੀ

*ਡੇਰਾ ਜਗਮਾਲਵਾਲੀ ਨੂੰ ਮਿਲੇ ਨਵੇਂ ਮੁਖੀ, ਡੇਰਾ ਬਿਆਸ ਮੁਖੀ ਨੇ ਬਾਬਾ ਵਰਿੰਦਰ ਢਿੱਲੋਂ ਦੀ ਕੀਤੀ ਦਸਤਾਰਬੰਦੀਡੇਰਾ ਜਗਮਾਲਵਾਲੀ ਨੂੰ ਨਵੇਂ ਡੇਰਾ ਮੁਖੀ ਮਿਲ ਗਏ ਹਨ। ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਅੱਜ ਬਾਬਾ ਵਰਿੰਦਰ ਢਿੱਲੋਂ ਦੀ ਦਸਤਾਰਬੰਦੀ ਕੀਤੀ। ਇਸ ਦਸਤਾਰ ਸਜਾਉਣ ਦੀ ਰਸਮ ਮੌਕੇ ਬਾਬਾ ਜਸਦੀਪ ਸਿੰਘ ਗਿੱਲ ਵੀ ਹਾਜ਼ਰ ਸਨ। ਇਸ ਮੌਕੇ ਸੰਤ ਬਲਜੀਤ ਸਿੰਘ ਦਾਦੂਵਾਲ ਵੀ ਇਕੱਠੇ ਨਜ਼ਰ ਆਏ।

*ਵਿਵਾਦਾਂ 'ਚ ਘਿਰਿਆ ਦਿਲਜੀਤ ਦੁਸਾਂਝ ਦਾ ਦਿੱਲੀ ਸ਼ੋਅ, ਦਿਲਜੀਤ ਭੇਜਿਆ ਨੋਟਿਸ


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


3 ਸਫ਼ੇ ਦੀ ਬਾਕੀ

ਜਿਨ੍ਹਾਂ 'ਤੇ ਕਮਲਾ ਹੈਰਿਸ 'ਤੇ ਹਮਲਾ ਕੀਤਾ ਜਾ ਸਕਦਾ ਸੀ, ਜਦਕਿ ਕਮਲਾ ਹੈਰਿਸ ਨੇ ਟਰੰਪ ਦੀਆਂ ਕਮਜ਼ੋਰੀਆਂ 'ਤੇ ਹਮਲਾ ਕੀਤਾ, ਜਿਸ ਕਾਰਨ ਟਰੰਪ ਪਰੇਸ਼ਾਨੀ ਵਿਚ ਦਿਖਾਈ ਦਿਤੇ।

ਡੋਨਾਲਡ ਟਰੰਪ ਕਈ ਸਾਲਾਂ ਤੋਂ ਆਪਣੇ ਵਿਰੋਧੀਆਂ ਬਾਰੇ ਨਿੱਜੀ ਟਿੱਪਣੀਆਂ ਕਰਨ ਲਈ ਜਾਣੇ ਜਾਂਦੇ ਹਨ, ਪਰ ਉਨ੍ਹਾਂ ਦੇ ਬਹੁਤ ਸਾਰੇ ਸਮਰਥਕਾਂ ਦਾ ਮੰਨਣਾ ਹੈ ਕਿ ਉਹ ਕਮਲਾ ਹੈਰਿਸ 'ਤੇ ਕੀਤੇ ਗਏ ਹਮਲਿਆਂ ਵਿੱਚ ਬਹੁਤ ਅਗੇ ਨਿਕਲ ਗਏ ਹਨ, ਨੈਤਿਕਤਾ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਨਾਲ ਰਾਜਨੀਤਕ ਨੈਤਿਕ ਨਿਯਮ ਮਾਪਦੰਡ ਟੁਟ ਗਏ।

ਉਦਾਹਰਣ ਵਜੋਂ, ਉਸਨੇ ਝੂਠਾ ਦਾਅਵਾ ਕੀਤਾ ਕਿ ਕਮਲਾ ਹੈਰਿਸ, ਜੋ ਕਿ ਕਾਲੇ ਅਤੇ ਦੱਖਣੀ ਏਸ਼ੀਆਈ ਹਨ। ਪਿਛਲੇ ਮਹੀਨੇ ਸ਼ਿਕਾਗੋ ਵਿੱਚ ਕਾਲੇ ਪੱਤਰਕਾਰਾਂ ਦੀ ਇੱਕ ਕਾਨਫਰੰਸ ਵਿੱਚ ਬੋਲਦਿਆਂ, ਟਰੰਪ ਨੇ ਕਿਹਾ, "ਮੈਂ ਕਈ ਸਾਲ ਪਹਿਲਾਂ ਤੱਕ ਨਹੀਂ ਜਾਣਦਾ ਸੀ ਕਿ ਉਹ ਕਾਲੀ ਹੈ ਅਤੇ ਹੁਣ ਉਹ ਕਾਲੇ ਵਜੋਂ ਜਾਣੀ ਜਾਂਦੀ ਹੈ। ਪਤਾ ਨਹੀਂ - ਕੀ ਉਹ ਭਾਰਤੀ ਹੈ ਜਾਂ ਕਾਲੀ ਹੈ?"

## ਟਰੰਪ ਵਲੋਂ ਚੋਣਾਂ ਜਿੱਤਣ ਲਈ ਨਸਲੀ ਟਿੱਪਣੀਆਂ ਦਾ ਸਹਾਰਾ

ਟਰੰਪ ਦਾ ਨਸਲਵਾਦ ਦਾ ਇੱਕ ਲੰਮਾ ਅਤੇ ਘਿਨਾਉਣਾ ਇਤਿਹਾਸ ਹੈ, ਜਿਸ ਨੇ ਦੇਸ਼ ਦੇ ਪਹਿਲੇ ਕਾਲੇ ਰਾਸ਼ਟਰਪਤੀ ਬਰਾਕ ਓਬਾਮਾ 'ਤੇ ਸੰਯੁਕਤ ਰਾਜ ਅਮਰੀਕਾ ਵਿੱਚ ਪੈਦਾ ਨਾ ਹੋਣ ਦਾ ਝੂਠਾ ਦੋਸ਼ ਲਗਾਇਆ ਸੀ। ਅਤੇ ਹੁਣ ਉਹ ਕਮਲਾ ਹੈਰਿਸ 'ਤੇ ਵੀ ਅਜਿਹੀਆਂ ਹੀ ਟਿੱਪਣੀਆਂ ਕਰ ਰਹੇ ਹਨ। 28 ਅਗਸਤ ਨੂੰ, ਉਸਦੀ ਨਿੱਜੀ ਵੈੱਬਸਾਈਟ ਟਰੂਥ ਸੋਸ਼ਲ 'ਤੇ ਇੱਕ ਉਪਭੋਗਤਾ ਨੇ ਕਮਲਾ ਹੈਰਿਸ ਅਤੇ ਹਿਲੇਰੀ ਕਲਿੰਟਨ ਦੀਆਂ ਫੋਟੋਆਂ ਨੂੰ ਸੰਦੇਸ਼ ਦੇ ਨਾਲ ਅਸ਼ਲੀਲਤਾ ਨਾਲ ਪੋਸਟ ਕੀਤਾ।

ਆਪਣੇ ਪਿਛਲੇ ਘੋਰ ਲਿੰਗੀ ਵਿਵਹਾਰ ਦੇ ਆਪਣੇ ਪਿਛਲੇ ਰਿਕਾਰਡ ਨੂੰ ਦੁਹਰਾਉਂਦੇ ਹੋਏ, ਟਰੰਪ ਨੇ ਤੁਰੰਤ ਇਸ ਨੂੰ ਦੁਬਾਰਾ ਪੋਸਟ ਕਰਕੇ ਇਸ ਘਟੀਆ ਬਿਆਨ ਨੂੰ ਵਧਾ ਦਿੱਤਾ। 10 ਦਿਨਾਂ ਵਿਚ ਇਹ ਦੂਜੀ ਵਾਰ ਸੀ ਕਿ ਸਾਬਕਾ ਰਾਸ਼ਟਰਪਤੀ ਨੇ ਆਪਣੇ ਵਿਰੋਧੀ 'ਤੇ ਜਿਨਸੀ ਹਮਲੇ ਕੀਤੇ, ਜੋ ਕਿ ਅਸ਼ਲੀਲ ਅਤੇ ਨਿੰਦਣਯੋਗ ਹੈ।

ਡੋਨਾਲਡ ਟਰੰਪ ਕਮਲਾ ਹੈਰਿਸ 'ਤੇ ਨਸਲੀ ਅਤੇ ਜਿਨਸੀ ਹਮਲਾ ਕਰਨ ਵਿਚ ਇਕੱਲੇ ਨਹੀਂ ਹਨ। ਡੈਮੋਕ੍ਰੇਟਿਕ ਪਾਰਟੀ ਦੀ ਨਾਮਜ਼ਦਗੀ ਜਿੱਤਣ ਤੋਂ ਥੋੜ੍ਹੀ ਦੇਰ ਬਾਅਦ, ਇੰਟਰਨੈੱਟ 'ਤੇ ਉਸ ਬਾਰੇ ਟਰੰਪ ਦੇ ਸਮਰਥਕਾਂ ਵਲੋਂ ਦੁਰਵਿਹਾਰਵਾਦੀ ਅਤੇ ਲਿੰਗਕ ਨੈਰੇਟਿਵ ਦਾ ਇੱਕ ਔਨਲਾਈਨ ਵਿਸਫੋਟ ਸਾਹਮਣੇ ਆਇਆ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਗਲਾਂ ਪਹਿਲਾਂ ਹੀ ਝੂਠੀਆਂ ਸਾਬਤ ਹੋ ਚੁੱਕੀਆਂ ਹਨ।

ਕੁਝ ਸੋਸ਼ਲ ਮੀਡੀਆ ਪੋਸਟਾਂ ਵਿੱਚ ਸੈਨ ਫਰਾਂਸਿਸਕੋ ਦੇ ਸਾਬਕਾ ਮੇਅਰ ਵਿਲੀ ਬ੍ਰਾਊਨ ਨਾਲ ਸੰਖੇਪ ਸਬੰਧਾਂ ਦਾ ਹਵਾਲਾ ਦਿੱਤਾ ਗਿਆ ਸੀ। ਇਹ ਇਲਜ਼ਾਮ ਟਰੰਪ ਦੇ ਕਈ ਨਸਲਵਾਦੀ ਸਮਰਥਕਾਂ ਨੇ ਲਗਾਏ। ਇੰਸਟਾਗ੍ਰਾਮ 'ਤੇ ਕਮਲਾ ਹੈਰਿਸ ਦੀ ਇੱਕ ਫੋਟ ਪੋਸਟ ਕੀਤੀ ਗਈ ਸੀ, ਜਿਸ ਵਿੱਚ ਉਸਨੂੰ ਬਦਨਾਮ ਫਾਈਨਾਂਸਰ ਅਤੇ ਦੋਸ਼ੀ ਜਿਨਸੀ ਅਪਰਾਧੀ ਜੈਫਰੀ ਐਪਸਟੀਨ ਨਾਲ ਦਿਖਾਇਆ ਗਿਆ ਸੀ। ਇਹੋ ਜਿਹੇ ਅਨੇਕਾਂ ਝੂਠੇ ਦੋਸ਼ ਘੜੇ ਗਏ।

ਹੋਰ ਨਸਲਵਾਦੀ ਪੋਸਟਾਂ ਕਰਨ ਵਾਲਿਆਂ ਨੇ ਕਿਹਾ ਕਿ ਕਮਲਾ ਹੈਰਿਸ ਚੋਣਾਵ ਲੜਨ ਲਈ ਅਯੋਗ ਸੀ ਕਿਉਂਕਿ ਨਾ ਤਾਂ ਉਸਦੀ ਮਾਂ ਅਤੇ ਨਾ ਹੀ ਪਿਤਾ ਅਮਰੀਕੀ ਸਨ, ਜਦੋਂ ਕਿ ਕੁਝ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸਿਆਸੀ ਲਾਭ ਲਈ ਆਪਣੀ ਨਸਲੀ ਪਛਾਣ ਨੂੰ "ਵਧਾ ਚੜ੍ਹਾ" ਕੇ ਪੇਸ਼ ਕਰ ਰਹੀ ਸੀ।

ਘਟੀਆ ਪ੍ਰਚਾਰ ਉਪਰ ਨਿਗਰਾਨੀ ਰਖਣ ਵਾਲੀ ਸੰਸਥਾ ਅਮਰੀਕਨ ਸਨਲਾਈਟ ਪ੍ਰੋਜੈਕਟ ਦੇ ਸਹਿ-ਸੰਸਥਾਪਕ ਨੀਨਾ ਜੈਨਕੋਵਿਚ, ਦੁਆਰਾ 2020 ਵਿੱਚ ਕਰਵਾਏ ਗਏ ਇੱਕ ਇੱਕ ਹੋਰ ਅਧਿਐਨ ਵਿਚ ਦਸਿਆ ਗਿਆ ਕਿ ਚੋਣਾਂ ਦੌਰਾਨ 13 ਮਹਿਲਾ ਸਿਆਸਤਦਾਨਾਂ 'ਤੇ ਹਮਲਾ ਕਰਨ ਲਈ "ਲਿੰਗਕ ਦੁਰਵਿਵਹਾਰ ਅਤੇ ਵਿਗਾੜ" ਦੇ 336,000 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਇਹਨਾਂ ਵਿੱਚੋਂ ਲਗਭਗ 78 ਪ੍ਰਤੀਸ਼ਤ ਵਿੱਚ.ਕਮਲਾ ਹੈਰਿਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

## ਕੀ ਇਸ ਵਾਰ ਵੀ ਅਮਰੀਕੀ ਸੰਸਦ 'ਤੇ ਹਮਲਾ ਹੋਵੇਗਾ?

ਪਿਛਲੀਆਂ ਚੋਣਾਂ ਵਿਚ ਟਰੰਪ ਨੇ ਚੋਣ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਦੇ ਉਕਸਾਉਣ 'ਤੇ ਹੀ ਉਨ੍ਹਾਂ ਦੇ ਸਮਰਥਕਾਂ ਨੇ ਅਮਰੀਕੀ ਸੰਸਦ 'ਤੇ ਹਮਲਾ ਕੀਤਾ ਸੀ ਅਤੇ ਇਸ ਵਾਰ ਵੀ ਬਹਿਸ ਦੌਰਾਨ ਟਰੰਪ ਨੇ ਕੈਪੀਟਲ ਹਿੱਲ 'ਤੇ ਹੋਏ ਹਮਲੇ ਦੇ ਹਕ ਵਿਚ ਭੀੜ ਦਾ ਬਚਾਅ ਕੀਤਾ।

## ਹੁਣ ਕੀ ਹੋਵੇਗਾ?

ਕਮਲਾ ਹੈਰਿਸ ਦਾ ਅਕਸ ਇੱਕ ਮਜ਼ਬੂਤ ਨੇਤਾ ਵਜੋਂ ਉਭਰਿਆ ਹੈ, ਜਦੋਂ ਕਿ ਟਰੰਪ ਪੂਰੀ ਤਰ੍ਹਾਂ ਨਕਾਰਾਤਮਕ ਅਤੇ ਉਦਾਸ ਨਜ਼ਰ ਆਏ, ਜਿਸ ਕਾਰਣ ਪੂਰੇ ਰਿਪਬਲਿਕਨ ਹਲਕੇ ਵਿੱਚ ਉਦਾਸੀ ਦੀ ਲਹਿਰ ਦੌੜ ਗਈ ਹੈ। ਬਹਿਸ ਤੋਂ ਬਾਅਦ ਕਰਵਾਏ ਗਏ ਓਪੀਨੀਅਨ ਪੋਲਾਂ ਵਿੱਚ ਟਰੰਪ ਕਾਫ਼ੀ ਪਛੜ ਗਏ ਹਨ, ਜਿਸ ਕਾਰਨ ਰਿਪਬਲਿਕਨ ਅਤੇ ਡੈਮੋਕਰੇਟਿਕ ਸਮਰਥਕਾਂ ਵਿੱਚ ਭਾਰੀ ਪਾੜਾ ਪੈਦਾ ਹੋ ਗਿਆ ਹੈ। ਚੋਣ ਨਤੀਜੇ ਮੁੱਖ ਸਵਿੰਗ ਰਾਜਾਂ ਵਿੱਚ ਮਾਮੂਲੀ ਫਰਕ 'ਤੇ ਨਿਰਭਰ ਹੋਣ ਦੀ ਉਮੀਦ ਹੈ। ਇਹ ਚਿੰਤਾ ਵਧ ਰਹੀ ਹੈ ਕਿ ਡੋਨਾਲਡ ਟਰੰਪ ਦੀ ਟੀਮ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਸੰਭਾਵੀ ਜਿੱਤ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਿੱਚ ਨਤੀਜਿਆਂ ਨੂੰ ਚੁਣੌਤੀ ਦੇ ਸਕਦੀ ਹੈ। ਜਿਵੇਂ-ਜਿਵੇਂ ਰਾਸ਼ਟਰਪਤੀ ਦੀ ਚੋਣ ਆਪਣੇ ਆਖ਼ਰੀ ਹਫ਼ਤਿਆਂ ਨੇੜੇ ਆ ਰਹੀ ਹੈ, ਕਮਲਾ ਹੈਰਿਸ ਦੀ ਟੀਮ ਟਰੰਪ ਦੇ ਹਮਲਿਆਂ ਤੋਂ ਸੁਚੇਤ ਹੈ। ਟਵਿਟਰ ਜੰਗ ਦੀ ਖੂਬ ਵਰਤੋਂ ਹੋ ਰਹੀ ਹੈ। ਐਲੋਨ ਮਸਕ ਡੋਨਾਲਡ ਟਰੰਪ ਦੀ ਪੂਜਾ ਕਰ ਰਹੇ ਹਨ।

ਪਰ, ਸਭ ਤੋਂ ਵੱਡਾ ਸ਼ੱਕ ਇਹ ਹੈ ਕਿ ਕੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਸਮਰਥਕ ਕਮਲਾ ਹੈਰਿਸ ਤੋਂ ਹਾਰ ਨੂੰ ਅਸਾਨੀ ਨਾਲ ਬਰਦਾਸ਼ਤ ਕਰ ਸਕਣਗੇ ? ਨਹੀਂ ਤਾਂ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਬੇਲਗਾਮ ਬੰਦੂਕਾਂ ਵਾਲੇ ਦੇਸ਼ ਅਮਰੀਕਾ ਵਿੱਚ ਜੋ ਧਰੁਵੀਕਰਨ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ, ਉਹ ਘਰੇਲੂ ਯੁੱਧ ਦਾ ਕਾਰਨ ਬਣ ਸਕਦਾ ਹੈ।

# ਡਾ. ਅਮਰਜੀਤ ਸਿੰਘ ਦਾ ਸਿੰਘ ਸਭਾ ਡਰਬੀ ਵਿਖੇ ਵਿਸ਼ੇਸ਼ ਸਨਮਾਨ ਅਤੇ ਪੰਥਕ ਮੁੱਦਿਆਂ ਬਾਰੇ ਅਹਿਮ ਵਿਚਾਰ ਚਰਚਾ ਹੋਈ











ਉਪਰ ਤਸਵੀਰਾਂ ਵਿੱਚ ਡਾ: ਅਮਰਜੀਤ ਸਿੰਘ ਅਮਰੀਕਾ ਵਾਲਿਆਂ ਦੇ ਯੂ ਕੇ ਦੌਰੇ ਸਮੇਂ ਸਿੱਖ ਅਜਾਇਬਘਰ ਡਰਬੀ ਵਿਖੇ ਉਹਨਾਂ ਦੇ ਨਾਲ ਯੂ ਕੇ ਦੇ ਸਿੱਖ ਆਗੂ ਪੰਥਕ ਵਿਚਾਰ ਕਰਦੇ ਹੋਏ


ਸ਼ਹੀਦ ਭਾਈ ਅਨੋਖ ਸਿੰਘ ਬੱਬਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੀ ਯਾਦ 'ਚ

## ਮਹਾਨ ਸ਼ਹੀਦੀ ਸਮਾਗਮ

### ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਐਤਵਾਰ 22 ਸਤੰਬਰ 2024 ਨੂੰ ਹੋ ਰਿਹਾ ਹੈ

=== ਪ੍ਰੋਗਰਾਮ ਦਾ ਵੇਰਵਾ: ===
ਪਾਠ ਸ੍ਰੀ ਸੁਖਮਨੀ ਸਾਹਿਬ ਸਵੇਰੇ 8:30 ਤੋਂ 10:00 ਵਜੇ ਤੱਕ
ਉਪਰੰਤ ਦੀਵਾਨ ਸਜੇਗਾ, ਜਿਸ ਦੌਰਾਨ
ਕੀਰਤਨ - ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ 10 ਵਜੇ
ਢਾਡੀ ਜਥਾ - ਭਾਈ ਸੁਖਦੇਵ ਸਿੰਘ ਬੂ (ਸਰਪੰਚ) 11:00 ਵਜੇ
ਪੰਥਕ ਬੁਲਾਰੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ
* ਭਾਈ ਜੋਗਾ ਸਿੰਘ ਅਤੇ * ਭਾਈ ਮਨਪ੍ਰੀਤ ਸਿੰਘ

SUNDAY 22ND SEPTEMBER 2024
SRI SUKHMANI SAHIB PAAT 8:30AM - 10AM
KIRTAN 10AM TO 11AM - Bhai Nirbhai Singh Hazoori Ragi, Sri Darbar Sahib
DHADI JATHA 11AM TO 12.15PM - Dhadi Jatha Bhai Sukhdev Singh Booh (Sarpanch)
VICHAAR - 12.15PM ONWARDS - By Panthic Gursikhs

SRI GURU SINGH SABHA GURDWARA DERBY
PRINCES STREET, DERBYSHIRE, DE23 8NT



ਵਿਸ਼ਵ ਭਰ ਦੀ ਸਮੂਹ ਸੰਗਤ ਨੂੰ ਮੈਂ ਸੱਦਾ ਦਿੰਦਾ ਹਾਂ ਕਿ ਉਹ ਨਿਡਰ ਯੋਧੇ, ਸ਼ਹੀਦ ਭਾਈ ਭਾਈ ਅਨੋਖ ਸਿੰਘ ਬੱਬਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ ਦੇ ਸ਼ਹੀਦੀ ਦਿਹਾੜੇ ਨੂੰ ਪੂਰੀ ਚੜ੍ਹਦੀ ਕਲਾ ਨਾਲ ਮਨਾਵੇ -
*ਭਾਈ ਜਗਤਾਰ ਸਿੰਘ ਹਵਾਰਾ*
*ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ*



SRI GURU SINGH SABHA GURDWARA DERBY, PRINCES STREET, DERBY, DE23 8NT

# ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ

# ਸੰਸਦ ਮੈਂਬਰਾਂ ਦੇ ਸਹਿਯੋਗ ਨਾਲ ਬਰਤਾਨੀਆ ਦੀ ਸੰਸਦ ਵਿੱਚ 77 ਸਾਲਾਂ ਬਾਅਦ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਪੁਰਾਤਨ ਵਿਧੀ ਅਨੁਸਾਰ ਯਾਦ ਕੀਤਾ ਗਿਆ

## ਸਾਰਾਗੜ੍ਹੀ ਦੇ ਸ਼ਹੀਦ ਈਸ਼ਰ ਸਿੰਘ ਦੇ ਪੜਪੋਤੇ ਸੰਤੋਖ ਸਿੰਘ ਦਾ ਭਾਈ ਮਹਿੰਦਰ ਸਿੰਘ ਅਤੇ ਹਰਮੀਤ ਸਿੰਘ ਭੱਕਨਾ ਵੱਲੋਂ ਸਨਮਾਨ

### ਹਰਮੀਤ ਸਿੰਘ ਭਕਨਾ ਵੱਲੋਂ ਬਰਤਾਨਵੀ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਪੜ੍ਹਾਉਣ ਦੀ ਮੁਹਿੰਮ 'ਚ ਸਹਿਯੋਗ ਦੇਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ



ਸੰਸਦ ਮੈਂਬਰ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਸੀਮਾ ਮਲਹੋਤਰਾ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਸ਼ਰੀਨਾ, ਲਾਰਡ ਰੰਮੀ ਰੇਂਜ਼ਰ, ਲਾਰਡ ਕੁਲਦੀਪ ਸਿੰਘ ਸਹੋਤਾ, ਸਾਬਕਾ ਐਮ ਪੀ ਵਰਿੰਦਰ ਸ਼ਰਮਾ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜੱਥਾ, ਕੈਪਟਨ ਜੈ ਸਿੰਘ ਸੋਹਲ, ਭਾਰਤੀ ਹਾਈਕਮਿਸ਼ਨ ਵੱਲੋਂ ਦੀਪਕ ਚੌਧਰੀ, ਸਾਰਾਗੜ੍ਹੀ ਫਾਊਂਡੇਸ਼ਨ ਦੇ ਸੰਚਾਲਕ ਗੁਰਿੰਦਰਪਾਲ ਸਿੰਘ ਜੋਸਨ, ਸਾਰਾਗੜ੍ਹੀ ਦੇ ਸ਼ਹੀਦ ਈਸ਼ਰ ਸਿੰਘ ਦੇ ਪੜਪੋਤੇ ਸੰਤੋਖ ਸਿੰਘ, ਰੇਸ਼ਮ ਸਿੰਘ ਸੰਧੂ ਐਮ ਬੀ ਈ, ਸਾਬਕਾ ਮੇਅਰ ਰਘਵਿੰਦਰ ਸਿੰਘ, ਲੈਫਟੀਨੈਂਟ ਜਨਰਲ ਕੋਲਨ, ਏਅਰ ਮਾਰਸ਼ਲ ਮੋਨਰੋ, ਬਰਗੇਡੀਅਰ ਜੌਹਨ ਕੈਂਡਲ, ਬ੍ਰਗੇਡੀਅਰ ਕਾਰਲ ਹੈਰਿਸ, ਵਾਰੰਟ ਅਫਸਰ ਅਸ਼ੋਕ ਚੌਹਾਨ, ਤਜਿੰਦਰ ਸਿੰਧਰਾ, ਕੌਂਸਲਰ ਗੁਰਚਰਨ ਸਿੰਘ, ਕੁਲਦੀਪ ਸੇਖਾਵਤ, ਪ੍ਰਭਜੋਤ ਕੌਰ, ਕੀਰਤ ਆਸੀ, ਮੇਜਰ ਦਲਜਿੰਦਰ ਸਿੰਘ ਵਿਰਦੀ ਆਦਿ ਸਮੇਤ ਵੱਖ-ਵੱਖ ਸੰਸਥਾਵਾਂ 'ਤੇ ਨੁਮਾਇੰਦੇ ਅਤੇ ਬ੍ਰਿਟਿਸ਼ ਫੌਜ ਦੇ ਉਚ ਅਧਿਕਾਰੀ ਉਚੇਚੇ ਤੌਰ ਤੇ ਹਾਜ਼ਰ ਹੋਏ।



**ਪੰਜਾਬੀ ਭਾਸ਼ਾ ਚੇਤਨਾ ਬੋਰਡ, Panjabi Language Awareness Board**

www.panjabi2021.co.uk Mob: 07810504295 Email: info@panjabi2021.co.uk

25 Birmingham Road, Albion Office no. 6, West Bromwich, West Midlands, B70 6RR

**ਜਾਰੀ ਕਰਤਾ : ਹਰਮੀਤ ਸਿੰਘ ਭਕਨਾ, ਡਾਇਰੈਕਟਰ ਪੰਜਾਬੀ ਭਾਸ਼ਾ ਚੇਤਨਾ ਬੋਰਡ**

# ਡਾ.ਬਲਦੇਵ ਸਿੰਘ ਬੱਦਨ ਦਾ ਕਾਵਿ ਸੰਗ੍ਰਹਿ ਸ਼੍ਰਿਸ਼ਟੀ ਦ੍ਰਿਸ਼ਟੀ ਅਤੇ .ਗਜ਼ਲ ਸੰਗ੍ਰਹਿ ਜ਼ਖ਼ਮੀ ਡਾਰ ਪਰਿੰਦਿਆਂ ਦੀ ਲੋਕ ਅਰਪਣ



ਜਲੰਧਰ (ਤੇਜਿੰਦਰ ਮਨਚੰਦਾ)-ਸ.ਸੋਹਣ ਸਿੰਘ ਬੱਧਣ ਮਾਤਾ ਭਾਗ ਕੌਰ ਮੈਮੋਰੀਅਲ ਲਿਟਰੇਰੀ ਟਰੱਸਟ ਦਿੱਲੀ-ਪੰਜਾਬ ਵਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਸਹਿਯੋਗ ਨਾਲ਼ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਇਕ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੁੱਖ ਬੁਲਾਰੇ ਦੇ ਤੌਰ ਤੇ ਪ੍ਰਸਿੱਧ ਸ਼ਾਇਰ ਸਿਰੀ ਰਾਮ ਅਰਸ਼, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਪ੍ਰੋ.ਸੰਧੂ ਵਰਿਆਣਵੀ ਜਨ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ, ਡਾ. ਇੰਦਰਜੀਤ ਸਿੰਘ ਵਾਸੂ, ਅਮਰੀਕ ਡੋਗਰਾ ਅਤੇ ਡਾ.ਰਾਕੇਸ਼ ਸ਼ਾਰਦਾ ਸ਼ਾਮਿਲ ਹੋਏ।

ਪ੍ਰਸਿੱਧ ਸ਼ਾਇਰਾ ਕਲਵਿੰਦਰ ਕੰਵਲ ਜਿਲ੍ਹਾ ਪ੍ਰਧਾਨ ਕਪੂਰਥਲਾ ਕੇਂ. ਪੰ. ਲੇ. ਸ. ਸੇਖੋਂ ਨੇ ਸੁਆਗਤੀ ਭਾਸ਼ਣ ਕਰਦਿਆਂ ਸਭ ਨੂੰ ਜੀ ਆਇਆਂ ਨੂੰ ਕਿਹਾ।

ਬੁਲਾਰਿਆਂ ਨੇ ਡਾ.ਬਲਦੇਵ ਸਿੰਘ ਬੱਦਨ ਦੀ ਕਵਿਤਾ ਅਤੇ .ਗਜ਼ਲ ਦੇ ਅਹਿਮ ਪਹਿਲੂਆਂ ਤੇ ਵਿਚਾਰ ਚਰਚਾ ਕਰਦਿਆਂ ਕਿਹਾ ਕਿ ਬੱਦਨ ਦੀ ਸ਼ਾਇਰੀ ਸਮੁੱਚੇ ਜਗਤ ਦੇ ਦੁੱਖ ਸੁਖ ਦੀ ਬਾਤ ਪਾਉਂਦੀ ਹੈ ਤੇ ਇਨਸਾਨ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਬਾਰੇ ਗੱਲ ਕਰਦੀ ਹੈ। ਮੰਚ ਸੰਚਾਲਨ ਦੀ ਜ਼ੁੰਮੇਵਾਰੀ ਪ੍ਰਸਿੱਧ ਸ਼ਾਇਰ ਜਗਦੀਸ਼ ਰਾਣਾ ਨੇ ਬਖੂਬੀ ਨਿਭਾਈ।

ਇਸ ਮੌਕੇ ਜਿੱਥੇ ਸਾਹਿਤ ਕਲਾ ਤੇ ਸੱਭਿਆਚਾਰਕ ਮੰਚ ਵਲੋਂ ਡਾ. ਬਲਦੇਵ ਸਿੰਘ ਬੱਦਨ ਦਾ ਉਹਨਾਂ ਦੀਆਂ ਸਾਹਤਿਕ ਪ੍ਰਾਪਤੀਆਂ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ ਓਥੇ ਹੀ ਸ.ਸੋਹਣ ਸਿੰਘ ਬੱਧਣ ਮਾਤਾ ਭਾਗ ਕੌਰ ਮੈਮੋਰੀਅਲ ਲਿਟਰੇਰੀ ਟਰੱਸਟ ਵਲੋਂ ਡਾ.ਬਲਦੇਵ ਸਿੰਘ ਬੱਦਨ ਨੇ ਪਵਨ ਹਰਚੰਦਪੁਰੀ, ਪ੍ਰੋ.ਸੰਧੂ ਵਰਿਆਣਵੀ, ਅਮਰੀਕ ਡੋਗਰਾ, ਜਗਦੀਸ਼ ਰਾਣਾ, ਡਾ. ਇੰਦਰਜੀਤ ਸਿੰਘ ਵਾਸੂ, ਸਿਰੀ ਰਾਮ ਅਰਸ਼, ਕੁਲਵਿੰਦਰ ਕੰਵਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਪ੍ਰਧਾਨਗੀ ਮੰਡਲ ਵਲੋਂ ਡਾ.ਬਲਦੇਵ ਸਿੰਘ ਬੱਦਨ (ਸਾਬਕਾ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ) ਦੀਆਂ ਦੋ ਪੁਸਤਕਾਂ ਸ਼੍ਰਿਸ਼ਟੀ ਦ੍ਰਿਸ਼ਟੀ ਅਤੇ ਜ਼ਖ਼ਮੀ ਡਾਰ ਪਰਿੰਦਿਆਂ ਦੀ ਲੋਕ ਅਰਪਣ ਕੀਤੀਆਂ ਗਈਆਂ। ਡਾ.ਬਲਦੇਵ ਸਿੰਘ ਬੱਦਨ ਨੇ ਆਪਣੇ ਮਾਤਾ ਪਿਤਾ ਜੀ ਯਾਦ ਵਿੱਚ ਬਣਾਏ ਗਏ ਟਰੱਸਟ ਵਲੋਂ ਕੀਤੇ ਸਾਹਤਿਕ ਅਤੇ ਸਮਾਜਿਕ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਆਪਣੀਆਂ ਤਿੰਨ .ਗਜ਼ਲਾਂ ਵੀ ਸੁਣਾਈਆਂ ਅਤੇ ਐਲਾਨ ਕੀਤਾ ਕਿ ਉਹ ਇਸ ਟਰੱਸਟ ਵਲੋਂ ਹਰ ਸਾਲ 7 ਲੇਖਕਾਂ ਨੂੰ 21-21 ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕਰਿਆ ਕਰਨਗੇ।

ਇਸਮੌਕੇ ਹਰਭਜਨ ਨਾਹਲ ਨੇ ਡਾ.ਬਲਦੇਵ ਸਿੰਘ ਬੱਦਨ ਦੀ ਇਕ .ਗਜ਼ਲ ਤਰੰਨੁਮ ਵਿੱਚ ਗਾ ਕੇ ਸੁਣਾਈ ਅਤੇ ਖ਼ੂਬ ਰੰਗ ਬੰਨ੍ਹਿਆ। ਜਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਪ੍ਰਸਿੱਧ ਸ਼ਾਇਰ ਜਸਵਿੰਦਰ ਸਿੰਘ ਜੱਸੀ ਨੇ ਸਨਮਾਨ ਪੱਤਰ ਪੜ੍ਹਿਆ ਤਾਂ ਇਸ ਦੌਰਾਨ ਹੋਏ ਕਵੀ ਦਰਬਾਰ ਵਿਚ ਕੇ. ਸਾਧੂ ਸਿੰਘ, ਆਸ਼ੀ ਈਸਪੁਰੀ, ਨਵਤੇਜ ਗੜ੍ਹਦੀਵਾਲਾ, ਪ੍ਰੋ. ਬਲਦੇਵ ਸਿੰਘ ਬੱਲੀ, ਬਲਦੇਵ ਰਾਜ ਕੋਮਲ, ਡਾ.ਰਾਮ ਮੂਰਤੀ, ਸਰਵਜੀਤ ਸਿੰਘ ਸੰਧੂ, ਵਿਜੇਤਾ ਭਾਰਦਵਾਜ, ਮਾਧਵੀ ਮਾਲਾ ਅੱਗਰਵਾਲ, ਗੁਲਜ਼ਾਰ ਸਿੰਘ ਸ਼ੌਂਕੀ,ਨਾਹਰ ਮੁਬਾਰਕਪੁਰੀ, ਆਦੇਸ਼ ਅੰਕੁਸ਼, ਕਲਵਿੰਦਰ ਕੰਵਲ, ਵਿਜੈ ਵਾਹਿਦ, ਪ੍ਰਕਾਸ਼ ਕੌਰ ਸੰਧੂ, ਜਰਨੈਲ ਸਾਕ਼ੀ ਆਦਿ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਖ਼ੂਬ ਰਾਮ ਜਮਾਇਆ।

## ਜੈਕਸਨ ਐਟਲਾਂਟਾ ਹਵਾਈ ਅੱਡੇ 'ਤੇ ਦੋ ਜਹਾਜ਼ ਆਪਸ ਵਿਚ ਖਹਿ ਗਏ, ਜਾਨੀ ਨੁਕਸਾਨ ਤੋਂ ਬਚਾਅ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਜੈਕਸਨ ਐਟਲਾਂਟਾ ਇੰਟਰਨੈਸ਼ਨਲ ਹਵਾਈ ਅੱਡੇ 'ਤੇ ਡੈਲਟਾ ਏਅਰ ਲਾਈਨਜ਼ ਦੇ ਦੋ ਜਹਾਜ਼ ਆਪਸ ਵਿਚ ਖਹਿ ਗਏ। ਇਸ ਹਾਦਸੇ ਵਿਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਏਅਰ ਲਾਈਨਜ਼ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਘਟਨਾ ਸਥਾਨਕ ਸਮੇ ਅਨੁਸਾਰ ਸਵੇਰੇ 10.07 ਵਜੇ ਦੇ ਆਸ ਪਾਸ ਵਾਪਰੀ ਜਿਸ ਵਿਚ ਡੈਲਟਾ ਏਅਰ ਲਾਈਨਜ਼ ਦਾ ਇਕ ਜਹਾਜ਼ ਜੋ ਟੋਕੀਓ, ਜਪਾਨ ਜਾ ਰਿਹਾ ਸੀ, ਦਾ ਇਕ ਖੰਭ ਇਕ ਹੋਰ ਜਹਾਜ਼ ਜੋ ਲਫੇਟ, ਲੁਇਸਿਆਨਾ ਜਾ ਰਿਹਾ ਸੀ, ਦੇ ਪਿਛਲੇ ਹਿੱਸੇ ਨਾਲ ਖਹਿ ਗਿਆ। ਇਸ ਹਾਦਸੇ ਵਿਚ ਇਕ ਜਹਾਜ਼ ਦੇ ਪਿਛਲੇ ਹਿੱਸੇ ਤੇ ਦੂਸਰੇ ਜਹਾਜ਼ ਦੇ ਖੰਭ ਨੂੰ ਨੁਕਸਾਨ ਪੁੱਜਾ ਹੈ। ਏਅਰ ਲਾਈਨਜ਼ ਨੇ ਕਿਹਾ ਹੈ ਕਿ ਇਸ ਹਾਦਸੇ ਵਿਚ ਕੋਈ ਯਾਤਰੀ ਜ਼ਖਮੀ ਨਹੀਂ ਹੋਇਆ ਤੇ ਯਾਤਰੀਆਂ ਨੂੰ ਵਾਪਿਸ ਟਰਮੀਨਲ 'ਤੇ ਭੇਜਿਆ ਗਿਆ ਹੈ। ਉਨਾਂ ਨੂੰ ਬਦਲਵੀਆਂ ਉਡਾਣਾਂ ਰਾਹੀਂ ਉਨਾਂ ਦੇ ਟਿਕਾਣਿਆਂ 'ਤੇ ਪਹੁੰਚਾਇਆ ਜਾਵੇਗਾ।

## ਪ੍ਰੋ: ਪਿਆਰਾ ਸਿੰਘ ਭੋਗਲ ਐਵਾਰਡ ਡਾ: ਸਵਰਾਜਬੀਰ ਨੂੰ


ਪਿਆਰਾ ਸਿੰਘ ਭੋਗਲ


ਸਵਰਾਜਬੀਰ

ਫਗਵਾੜਾ-ਪ੍ਰਸਿੱਧ ਪੰਜਾਬੀ ਲੇਖਕ, ਆਲੋਚਕ ਅਤੇ ਕਾਲਮਨਵੀਸ ਪ੍ਰੋ: ਪਿਆਰਾ ਸਿੰਘ ਭੋਗਲ ਯਾਦਗਾਰੀ ਐਵਾਰਡ ਕਮੇਟੀ ਦੀ ਮੀਟਿੰਗ ਸੀਨੀਅਰ ਪੱਤਰਕਾਰ ਅਤੇ ਪ੍ਰੈੱਸ ਕਲੱਬ ਪੰਜਾਬ (ਜਲੰਧਰ) ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਦੀ ਪ੍ਰਧਾਨਗੀ ਹੇਠ ਹੋਈ। ਐਵਾਰਡ ਕਮੇਟੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਪ੍ਰੋ: ਪਿਆਰਾ ਸਿੰਘ ਭੋਗਲ ਦੀ ਯਾਦ ਵਿੱਚ ਸਥਾਪਿਤ ਕੀਤਾ ਗਿਆ ਪੁਰਸਕਾਰ ਨਾਮਵਾਰ ਲੇਖਕ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਡਾ: ਸਵਰਾਜਬੀਰ ਨੂੰ ਦਿੱਤਾ ਜਾਵੇਗਾ। ਉਹਨਾ ਅੱਗੋਂ ਦੱਸਿਆ ਕਿ ਇਸ ਪਲੇਠੀ ਪੁਰਸਕਾਰ ਵਿੱਚ 51000 ਰੁਪਏ ਦੀ ਰਾਸ਼ੀ, ਮੰਮੈਂਟੋ, ਦੁਸ਼ਾਲਾ ਅਤੇ ਮਾਣ ਪੱਤਰ ਦਿੱਤਾ ਜਾਵੇਗਾ। ਉਹਨਾ ਕਿਹਾ ਕਿ ਇਹ ਐਵਾਰਡ ਫਗਵਾੜਾ ਵਿਖੇ ਕੀਤੇ ਜਾਣ ਵਾਲੇ ਇੱਕ ਸਮਾਗਮ ਦੌਰਾਨ ਅਕਤੂਬਰ ਮਹੀਨੇ ਦੇ ਅਖ਼ੀਰਲੇ ਪੰਦਰਵਾੜੇ ਵਿੱਚ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਡਾ: ਲਖਵਿੰਦਰ ਸਿੰਘ ਜੌਹਲ, ਪ੍ਰੋ: ਜਸਵੰਤ ਸਿੰਘ ਗੰਡਮ, ਪ੍ਰਿੰ: ਗੁਰਮੀਤ ਸਿੰਘ ਪਲਾਹੀ, ਰਵਿੰਦਰ ਚੋਟ ਅਤੇ ਪ੍ਰੋ: ਪਿਆਰਾ ਸਿੰਘ ਭੋਗਲ ਦੇ ਪਰਿਵਾਰ ਵਿਚੋਂ ਡਾ: ਗੁਲਜਾਰ ਸਿੰਘ ਵਿਰਦੀ ਸ਼ਾਮਲ ਹੋਏ। ਪ੍ਰੋ: ਭੋਗਲ ਦੇ ਸਪੁੱਤਰ ਪ੍ਰੋ: ਹਿਰਦੇਜੀਤ ਸਿੰਘ ਅਤੇ ਪ੍ਰੇਮਪਾਲ ਸਿੰਘ (ਨਾਰਵੇ) ਵੀ ਇਸ ਕਮੇਟੀ ਦੇ ਮੈਂਬਰ ਹਨ। ਪ੍ਰੋ: ਪਿਆਰਾ ਸਿੰਘ ਭੋਗਲ, ਜਿਹਨਾ ਨੇ 50 ਤੋਂ ਵੱਧ ਪੁਸਤਕਾਂ ਲਿਖੀਆਂ ਸਨ ਅਤੇ ਅਨੇਕਾਂ ਵਿਦਿਅਕ, ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਨਾਲ ਜੁੜੇ ਹੋਏ ਸਨ, 24 ਮਈ 2023 ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

## ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਫੜੇ ਗਏ 130 ਭਾਰਤੀਆਂ ਨੂੰ ਪਨਾਮਾ ਨੇ ਭੇਜਿਆ ਵਾਪਿਸ


ਪਨਾਮਾ ਰਸਤੇ ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਨਜ਼ਰ ਆ ਰਹੇ ਕੁਝ ਪ੍ਰਵਾਸੀ (ਫਾਈਲ ਤਸਵੀਰ)

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਮਹੱਤਵ ਪੂਰਨ ਘਟਨਾਕ੍ਰਮ ਵਜੋਂ ਜੋਖਮ ਭਰੇ ਖਤਰਨਾਮ ਡੇਰੀਨ ਜੰਗਲ ਵਿਚ ਦੀ ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਕੇਂਦਰੀ ਅਮਰੀਕਾ ਦੇ ਦੇਸ਼ ਪਨਾਮਾ ਵਿਚ ਗੈਰ ਕਾਨੂੰਨੀ ਤਰੀਕੇ ਨਾਲ ਦਾਖਲ ਹੋਏ 130 ਪ੍ਰਵਾਸੀ ਭਾਰਤੀਆਂ ਨੂੰ ਵਾਪਿਸ ਭਾਰਤ ਭੇਜ ਦੇਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀਆਂ ਨੂੰ ਵਾਪਿਸ ਭੇਜੇ ਜਾਣ ਦੀ ਕਾਰਵਾਈ ਪਨਾਮਾ ਤੇ ਅਮਰੀਕਾ ਵਿਚਾਲੇ ਇਸ ਸਾਲ ਜੁਲਾਈ ਵਿਚ ਹੋਏ ਸਮਝੌਤੇ ਤਹਿਤ ਕੀਤੀ ਹੈ ਜਿਸ ਸਮਝੌਤੇ ਦਾ ਉਦੇਸ਼ ਗੈਰ ਕਾਨੂੰਨੀ ਪ੍ਰਵਾਸ ਨੂੰ ਰੋਕਣਾ ਹੈ।

ਪਨਾਮਾ ਦੇ ਇਮੀਗ੍ਰੇਸ਼ਨ ਡਾਇਰੈਕਟਰ ਰੋਜਰ ਮੋਜੀਕਾ ਨੇ ਭਾਰਤੀਆਂ ਨੂੰ ਵਾਪਿਸ ਭੇਜੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਭਾਰਤੀ ਨਾਗਰਿਕਾਂ ਨੂੰ ਚਾਰਟਡ ਜਹਾਜ਼ ਰਾਹੀਂ ਵਾਪਿਸ ਦਿੱਲੀ ਭੇਜ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਇਹ ਵਾਪਿਸੀ "ਅਨਿਯਮਤ ਪ੍ਰਵਾਸ" ਕਾਰਨ ਹੋਈ ਹੈ। ਕੇਂਦਰੀ ਅਮਰੀਕਾ ਲਈ ਅਮਰੀਕੀ ਸੁਰੱਖਿਆ ਅਧਿਕਾਰੀ ਮਾਰਲਨ ਪਿਨੀਰੋ ਨੇ ਪਨਾਮਾ ਵੱਲੋਂ ਕੀਤੀ ਕਾਰਵਾਈ ਲਈ ਧੰਨਵਾਦ ਕਰਦਿਆਂ ਕਿਹਾ ਹੈ ਕਿ ਅਨਿਯਮਤ ਪ੍ਰਵਾਸ ਨੂੰ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ। ਇਥੇ ਜਿਕਰਯੋਗ ਹੈ ਕਿ ਡੇਰੀਨ ਰਸਤਾ ਕੋਲੰਬੀਆ ਤੇ ਪਨਾਮਾ ਵਿਚਾਲੇ ਇਕ ਬਹੁਤ ਹੀ ਖਤਰਨਾਕ ਜੰਗਲ ਵਿਚ ਦੀ ਜਾਂਦਾ ਹੈ ਜਿਸ ਰਸਤੇ ਲੋਕ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਇਨਾਂ ਲੋਕਾਂ ਵਿਚ ਭਾਰਤੀਆਂ ਦੀ ਗਿਣਤੀ ਸਭ ਤੋਂ ਵਧ ਹੁੰਦੀ ਹੈ।

# ਸੱਭਿਆਚਾਰਕ ਮੁਕਾਬਲੇਬਾਜ਼ੀ ਦਾ ਪ੍ਰਤੀਕ-ਸਿੱਠਣੀਆਂ


**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
9878111445


ਮਹਾਨ ਕੋਸ਼ ਦੇ ਰਚਨਹਾਰੇ ਸਰਦਾਰ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਸੌ ਹੱਥ ਰੱਸਾ ਸਿਰੇ ਤੇ ਗੰਢ ਮਾਰ ਕੇ ਸਿੱਠਣੀਆਂ ਨੂੰ ਆਪਣੇ ਲਫ਼ਜ਼ਾਂ ਵਿੱਚ ਇਉਂ ਪ੍ਰੀਭਾਸ਼ਿਤ ਕੀਤਾ ਸੀ "ਸਿੱਠਣੀ ਵਿਅੰਗਮਈ ਅੰਦਾਜ਼ ਵਿੱਚ ਕਹੀ ਗੱਲ ਹੁੰਦੀ ਹੈ" ਇਹ ਔਰਤ ਦੀ ਰੂਹ ਦੀ ਖ਼ੁਰਾਕ ਅਤੇ ਹਾਸੇ ਮਜ਼ਾਕ ਨੂੰ ਵਿਆਹਾਂ ਵਿੱਚ ਜੋਬਨ ਉੱਤੇ ਲੈ ਜਾਂਦੀਆਂ ਹਨ। ਵਿਆਹ ਮਨੁੱਖੀ ਜਾਮੇ ਦੀ ਬੁਨਿਆਦ ਹੈ। ਇਸ ਲਈ ਵਿਆਹ ਦੇ ਤਰੀਕੇ ਬੋਲੀ, ਭਾਸ਼ਾ ਅਤੇ ਖਿੱਤਿਆਂ ਤੇ ਅਧਾਰਿਤ ਹੈ। ਵਿਆਹ ਬਾਰੇ ਤਰ੍ਹਾਂ ਤਰ੍ਹਾਂ ਦੇ ਰਸਮ, ਰਿਵਾਜ ਅਤੇ ਰੀਤੀਆਂ ਹੁੰਦੀਆਂ ਹਨ। ਪੰਜਾਬੀਆਂ ਦੀ ਸ਼ਾਨ ਵੱਖਰੀ ਦੇ ਵਿਸ਼ੇ ਅਨੁਸਾਰ ਸਿੱਠਣੀਆਂ ਪੰਜਾਬੀ ਵਿਆਹ ਦਾ ਅਨਿੱਖੜਵਾਂ ਅੰਗ ਹੁੰਦੀਆਂ ਹਨ। ਵਿਆਹ ਦੇ ਪੁਰਾਤਨ ਤੋਂ ਹੁਣ ਤੱਕ ਦੇ ਸਫ਼ਰ ਨੇ ਕਾਫ਼ੀ ਕੁੱਝ ਖੋਰ ਦਿੱਤਾ ਹੈ। ਪੁਰਾਤਨ ਵਿਆਹ ਸ਼ਾਂਤੀ, ਸਹਿਣਸ਼ੀਲਤਾ ਅਤੇ ਭਾਈਚਾਰਕ ਏਕਤਾ ਦੇ ਮੁਜੱਸਮੇ ਹੁੰਦੇ ਸਨ। ਅੱਜ ਕੁਤੱਤਣ ਹੈ। ਸਿੱਠਣੀਆਂ ਤੋਂ ਬਿਨਾਂ ਵਿਆਹ ਅਧੂਰਾ ਜਿਹਾ ਲੱਗਦਾ ਹੈ। ਸਿੱਠਣੀਆਂ ਜ਼ਰੀਏ ਔਰਤਾਂ ਨਿੱਜੀ ਅਤੇ ਕਬੀਲੇ ਤੇ ਸਾਹਿਤ ਦੀ ਭਾਸ਼ਾ ਵਿੱਚ ਕਰਾਰੀ ਚੋਟ ਲਾਉਂਦੀਆਂ ਹਨ। ਵਿਆਹ ਵਿੱਚ ਦਿੱਤੀਆਂ ਜਾਂਦੀਆਂ ਸਿੱਠਣੀਆਂ ਦਾ ਖ਼ੂਬਸੂਰਤ ਅੰਦਾਜ਼ ਇਹ ਹੈ ਕਿ ਇਹਨਾਂ ਵਿੱਚ ਸਹਿਣਸ਼ੀਲਤਾ ਹੁੰਦੀ ਹੈ। ਵਿਆਹਾਂ ਵਿੱਚ ਔਰਤਾਂ ਸਿੱਠਣੀਆਂ ਦਾ ਸਬਕ ਲੈ ਕੇ ਜਾਂਦੀਆਂ ਸਨ ਤਾਂ ਕਿ ਦੂਜੀ ਧਿਰ ਦਾ ਮੁਕਾਬਲਾ ਕਰ ਸਕਣ। ਕੁੱਝ ਸੱਭਿਆਚਾਰ ਤੋਂ ਕੋਰੇ ਸਿੱਠਣੀਆਂ ਨੂੰ ਨਿੱਜਤਾ ਵਲ ਲੈਣ ਜਾਂਦੇ ਸਨ ਜਿਸ ਨਾਲ ਮਹੌਲ ਖਰਾਬ ਹੁੰਦਾ ਸੀ।

ਸਿੱਠਣੀਆਂ ਰਾਹੀਂ ਜਾਞੀਆਂ ਮਾਞੀਆਂ ਨੂੰ ਸੱਭਿਅਤਾ ਗਾਲੀ ਗਲੋਚ ਰਾਹੀਂ ਵੀ ਨੀਵਾਂ ਦਿਖਾਇਆ ਜਾਂਦਾ ਸੀ। ਰਿਸ਼ਤੇ ਦਾ ਸਤਿਕਾਰ ਵੀ ਸਿੱਠਣੀਆਂ ਜ਼ਰੀਏ ਔਰਤਾਂ ਵਲੋਂ ਪੇਸ਼ ਕੀਤਾ ਜਾਂਦਾ ਸੀ। ਇਹਨਾਂ ਵਿੱਚ ਨੋਕਝੋਂਕ, ਮਾਣ ਮਰਿਆਦਾ ਅਤੇ ਮਨ ਦੀ ਭੜਾਸ ਕੱਢਣ ਲਈ ਸਮਾਜਿਕ ਮਾਨਤਾ ਪ੍ਰਾਪਤ ਹੁੰਦੀ ਸੀ। ਔਰਤਾਂ ਦਾ ਨੈਤਿਕ ਹਥਿਆਰ ਵੀ ਸਿੱਠਣੀਆਂ ਹੀ ਹੁੰਦੀਆਂ ਸਨ। ਲੋਕ ਸਾਦਗੀ ਨਾਲ ਸਿੱਠਣੀਆਂ ਦਾ ਆਨੰਦ ਮਾਣਿਆ ਕਰਦੇ ਸਨ। ਕੁੱਝ ਸਮੇਂ ਪਹਿਲਾਂ ਹੀ ਸਿੱਠਣੀਆਂ ਜ਼ੋਬਨ ਰੁੱਤ ਤੇ ਹੁੰਦੀਆਂ ਸਨ। ਸਿੱਠਣੀਆਂ ਸਮੇਂ ਔਰਤਾਂ ਦਾ ਅੰਦਾਜ਼ ਅਤੇ ਜਲੌਅ ਵੱਖਰੀ ਝਲਕ ਦਿੰਦਾ ਸੀ।

ਸਿੱਠਣੀਆਂ ਰਾਹੀਂ ਰੰਗ ਬਿਖੇਰਦਾ ਔਰਤ ਮੁਖੀ ਜ਼ਜ਼ਬਾ ਵਿਆਹ ਨੂੰ ਸ਼ਿੰਗਾਰਨ ਅਤੇ ਔਰਤ ਦੀ ਸ਼ਖ਼ਸੀਅਤ ਨੂੰ ਨਿਖ਼ਾਰਨ ਵਿੱਚ ਸਿਰਾ ਕਰ ਦਿੰਦਾ। ਇੱਕ ਦੌਰ ਆਇਆ ਜਦੋਂ ਧੀਆਂ-ਧਿਆਣੀਆਂ ਅਤੇ ਭੈਣਾਂ ਨੂੰ ਇਸ ਵੰਨਗੀ ਤੋਂ ਦੂਰ ਰੱਖਣ ਲੱਗ ਪਏ। ਇਸ ਦਾ ਕਾਰਨ ਸਿੱਠਣੀਆਂ ਨੂੰ ਗਲਤ ਰੰਗਤ ਵੀ ਸੀ। ਕੁਝ ਬਦਲੇ ਜ਼ਮਾਨੇ ਨੇ ਖੁਰਾਸਾਨੀ ਦੁਲੱਤੇ ਵੀ ਮਾਰੇ। ਕਦੇ ਕਦੇ ਜ਼ਾਬਤੇ ਵਿੱਚ ਰਹਿਣ ਕੇ ਵੀ ਸਿੱਠਣੀਆਂ ਨੂੰ ਬਾਖੂਬੀ ਨਿਭਾਉਣ ਲਈ ਔਰਤਾਂ ਨੂੰ ਕਿਹਾ ਜਾਂਦਾ ਸੀ।



ਪੰਜਾਬੀ ਸੱਭਿਆਚਾਰ ਨੂੰ ਘਸਮੈਲਾ ਕਰਨ ਲਈ ਪੰਜਾਬੀਆਂ ਨੇ ਔਕਾਤ ਤੋਂ ਵੱਧ ਕੇ ਉੱਚਾ ਦਿਖਣਾ ਅਤੇ ਪੱਛਮੀ ਪ੍ਰਭਾਵ ਧਾਰਨ ਕਰਕੇ ਆਪਣਾ ਕੁਫਰਜ਼ ਨਿਭਾਇਆ। ਇਸ ਨਾਲ ਪੰਜਾਬ ਦੀ ਰੂਹ, ਅਤੇ ਜੂਹ ਨੂੰ ਨੁਕਸਾਨ ਹੋਇਆ। ਸਮੇਂ ਦੇ ਹਾਣੀ ਬਣਨ ਦੀ ਹੋੜ ਅਤੇ ਦੌੜ ਵਿੱਚ ਸ਼ਾਮਲ ਹੋ ਕੇ ਲੋਰੀਆਂ ਸਮੇਂ ਤੋਂ ਮਿਲਿਆ ਸੱਭਿਆਚਾਰ ਦਾ ਖਜ਼ਾਨਾ ਖਤਮ ਕਰਨ ਵੱਲ ਤੇਜ਼ੀ ਨਾਲ ਵਧਿਆ ਗਿਆ ਹੈ। ਵਿਆਹ ਦਾ ਹਾਲ ਇੰਨਾ ਮਾੜਾ ਹੈ ਕਿ ਕੁੜੀ ਤੋਰਨ ਸਮੇਂ ਘਰਦੇ ਰਹਿ ਜਾਂਦੇ ਹਨ।ਚਾਅ-ਮਲਾਰ,ਰੌਣਕ, ਖੁਸ਼ੀ, ਖੇੜੇ ਅਤੇ ਖੁਸ਼ਬੋ ਖਤਮ ਹੋ ਗਈ ਹੈ। ਵਿਆਹ ਸਮੇਂ ਰੀਤੀ ਰਿਵਾਜ਼ ਬੋਝਲ ਲੱਗਣ ਲੱਗ ਪਏ ਹਨ। ਵਿਆਹ ਦੇ ਆਗਾਜ਼ ਸਮੇਂ ਨਾਨਕਾ ਮੇਲ ਪਹਿਲੇ ਦਿਨ ਸੱਜ ਧੱਜ ਕੇ ਆਉਂਦਾ ਸੀ।ਆਉਣ ਸਾਰ ਸਿੱਠਣੀਆਂ ਦਾ ਖ਼ੂਬਸੂਰਤ ਅੰਦਾਜ਼ ਪੇਸ਼ ਹੋ ਜਾਂਦਾ ਸੀ। ਨਾਨਕਿਆਂ ਵਲੋਂ:-

"ਕਿੱਥੇ ਗਈਆਂ ਲਾੜਿਆ ਵੇ ਤੇਰੀਆਂ ਦਾਦਕੀਆਂ, ਤੇਰੀਆਂ ਉੱਧਲ ਗਈਆਂ ਵੇ ਦਾਦਕੀਆਂ,

ਦਾਦਕਿਆਂ ਵੱਲੋਂ ਪੇਸ਼ਕਾਰੀ:-

"ਕਿੱਥੋਂ ਆਈਆਂ ਵੇ ਲਾੜਿਆ ਤੇਰੀਆਂ ਨਾਨਕੀਆਂ, ਪੀਤੀ ਸੀ ਪਿੱਛ ਜੰਮੇ ਸੀ ਰਿੱਛ, ਖੇਡਾਂ ਪਾਵਣ ਆਈਆਂ ਤੇਰੀਆਂ ਨਾਨਕੀਆਂ, ਖਾਣਗੀਆਂ ਲੱਡੂ ਜੰਮਣਗੀਆਂ ਡੱਡੂ, ਟੋਭੇ ਨਾਵਣ ਆਈਆਂ ਤੇਰੀਆਂ ਨਾਨਕੀਆਂ,"

ਮਾਮੀ ਨੂੰ ਸੁਚੇਤ ਕਰਨ ਲਈ ਸਿੱਠਣੀ:-

"ਸੁਣ ਨੀ ਮਾਮੀ ਵਿਆਹ ਤੇ ਆਈ ਟਿੱਕਾ ਸਜ਼ਾ ਕੇ ਆਈ,ਨੀ ਕੁੜੀ ਸਾਡੀ ਨੂੰ ਨਾ ਟੁੰਬ, ਨਾ ਛੱਲਾ ਨਾ ਕੋਈ ਸੂਟ ਲਿਆਈ"

ਜੰਞ ਸਮੇਂ ਸਿੱਠਣੀਆਂ ਦੀ ਝਲਕੀਆਂ:-

"ਜਾਞੀਂ ਉਸ ਪਿੰਡ ਤੋਂ ਆਏ ਜਿੱਥੇ ਰੁੱਖ ਵੀ ਨਾ, ਇਹਨਾਂ ਦੇ ਤੌੜਿਆਂ ਵਰਗੇ ਮੂੰਹ ਉੱਤੇ ਮੁੱਛ ਵੀ ਨਾ,

ਮਾਂਞੀਆਂ ਦੀ ਆਵਾਜ਼:-

"ਢਿੱਡ ਨਾ ਤੁਹਾਡਾ ਟੋਕਣਾ ਜਨੇਤੀਓ, ਅਸੀਂ ਨੌਂ ਮਣ ਰਿੰਨੇ ਚੌਲ, ਕੜਛਾ ਕੜਛਾ ਵੰਡ ਕੇ, ਤੁਹਾਡੀ ਅਜੇ ਨਾ ਰੱਜੀ ਰੂਹ, ਵੇ ਸ਼ਰਮਾ ਦੇ ਭੁੱਖੜੋ, ਵੇ ਜਨੇਤੀਓ"

ਲਾੜੇ ਨੂੰ ਸਿੱਠਣੀਆਂ:-

"ਵਾਹ ਵਾਹ ਨੀ ਚਰਖ਼ਾ ਧਮਕਦਾ, ਵਾਹ ਵਾਹ ਨੀ ਚਰਖ਼ਾ ਧਮਕਦਾ, ਹੋਰ ਤਾਂ ਜੀਜਾ ਚੰਗਾ ਭਲਾ ਪਰ ਇਹਦਾ ਢਿੱਡ ਲਮਕਦਾ"

ਇੱਕ ਹੋਰ:-"ਮੇਰੀ ਤਾਂ ਜੀਜਾ ਮੁੰਦਰੀ ਗੁਆਚੀ, ਤੇਰੀ ਗੁਆਚੀ ਮਾਂ ਵੇ, ਚੱਲ ਭਾਲਣ ਚੱਲੀਏ ਕਰ ਛੱਤਰੀ ਦੀ ਛਾਂ ਵੇ"

ਕੁੜਮ ਦੀ ਸਿੱਠਣੀਆਂ ਰਾਹੀਂ ਮਾਣ ਸਤਿਕਾਰ ਅਤੇ ਚੋਟਾਂ ਰਾਹੀਂ ਇੱਜ਼ਤ ਕੀਤੀ ਜਾਂਦੀ ਹੈ:-

"ਸਭ ਗੈਸ ਬੁਝਾ ਦਿਓ ਜੀ ਸਾਡਾ ਕੁੜਮ ਬੈਟਰੀ ਵਰਗਾ, ਸਭ ਮਿਰਚਾਂ ਘੋਟੋ ਜੀ ਸਾਡਾ ਕੁੜਮ ਘੋਟਣੇ ਵਰਗਾ, ਮਣ ਮੱਕੀ ਪਿਹਾ ਲਓ ਜੀ ਸਾਡਾ ਕੁੜਮ ਵਹਿੜਕੇ ਵਰਗਾ"

ਵਿਆਹ ਦੇ ਜੋੜ ਮਿਲਾ ਕੇ ਵਿਚੋਲਾ ਵੀ ਬਖਸ਼ਿਆ ਨਹੀਂ ਜਾਂਦਾ:-


"ਮੱਕੀ ਦਾ ਦਾਣਾ ਰਾਹ ਵਿੱਚ ਵੇਖ ਵਿਚੋਲਾ ਕੀ ਰੱਖਣਾ ਵਿਆਹ ਵਿੱਚ ਵੇ,

"ਮੱਕੀ ਦਾ ਦਾਣਾ ਟਿੰਡ ਵਿੱਚ ਵੇ ਵਿਚੋਲਾ ਨੀ ਰੱਖਣਾ ਪਿੰਡ ਵਿੱਚ ਵੇ"

ਵਿਆਹ ਦੇ ਵਿਹੜੇ ਵਿੱਚ ਸਿੱਠਣੀਆਂ ਸੱਭਿਆਚਾਰ ਦੀਆਂ ਵੰਨਗੀਆਂ ਅਤੇ ਖੁਸ਼ਬੂਆਂ ਬਿਖੇਰਦੀਆਂ ਵੱਖਰੀ ਚਿੱਤਰਕਾਰੀ ਹੁੰਦੀ ਸੀ।ਅੱਜ ਟਾਵੀਂਆਂ -ਟਾਵੀਂਆਂ ਸੁਣਦੀਆਂ ਹਨ, ਹਕੀਕਤ ਵਿੱਚ ਇਹਨਾਂ ਦੀ ਰੂਹ ਪੁਰਾਣੇ ਸਮਿਆਂ ਵਾਲੀ ਨਹੀਂ ਰਹੀ।ਇਸ ਵਿਰਸੇ ਨੂੰ ਸਾਂਭਣ, ਸੰਭਾਲਣ ਨਾਲ ਵਿਆਹ ਦੀਆਂ ਰੌਣਕਾਂ ਦੂਣੀਆਂ ਹੋ ਸਕਦੀਆਂ ਹਨ।

## ਸਾਲ 2024 ਦੇ 51,000 ਕੈਨੇਡੀਅਨ ਡਾਲਰ ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ

### ਸ਼ਹਿਜ਼ਾਦ ਅਸਲਮ (ਲਾਹੌਰ, ਪੰਜਾਬ, ਪਾਕਿਸਤਾਨ), ਜਿੰਦਰ (ਜਲੰਧਰ, ਪੰਜਾਬ, ਭਾਰਤ) ਅਤੇ ਸੁਰਿੰਦਰ ਨੀਰ (ਜੰਮੂ, ਜੰਮੂ ਅਤੇ ਕਸ਼ਮੀਰ) ਫਾਈਨਲ ਸੂਚੀ ਵਿਚ ਪੁੱਜੇ




ਸਾਲ 2024 ਦੇ ਢਾਹਾਂ ਸਾਹਿਤ ਇਨਾਮ ਲਈ ਚੁਣੇ ਗਏ ਤਿੰਨ ਕਹਾਣੀਕਾਰਾਂ ਸ਼ਹਿਜ਼ਾਦ ਅਸਲਮ (ਲਾਹੌਰ), ਜਿੰਦਰ (ਜਲੰਧਰ), ਸੁਰਿੰਦਰ ਨੀਰ (ਜੰਮੂ) ਅਤੇ ਉਹਨਾਂ ਪੁਸਤਕਾਂ ਦੀ ਤਸਵੀਰ

ਰਿਚਮੰਡ, ਬੀ.ਸੀ. / ਬੰਗਾ : ਸਾਲ 2013 ਤੋਂ ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ 2024 ਦੇ ਆਖਰੀ ਪੜਾਅ ਵਿਚ ਪੁੱਜੇ ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ । ਸ. ਬਰਜਿੰਦਰ ਸਿੰਘ ਢਾਹਾਂ ਬਾਨੀ ਢਾਹਾਂ ਸਾਹਿਤ ਇਨਾਮ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਢਾਹਾਂ ਸਾਹਿਤ ਇਨਾਮ 2024 ਦੇ ਫਾਈਨਲਿਸਟਾਂ ਵਿਚ ਸ਼ਹਿਜ਼ਾਦ ਅਸਲਮ (ਲਾਹੌਰ, ਪੰਜਾਬ, ਪਾਕਿਸਤਾਨ) ਦਾ ਕਹਾਣੀ ਸੰਗ੍ਰਿਹ "ਜੰਗਲ ਰਾਖੇ ਜੱਗ ਦੇ", ਜਿੰਦਰ (ਜਲੰਧਰ, ਪੰਜਾਬ, ਭਾਰਤ) ਦਾ ਕਹਾਣੀ ਸੰਗ੍ਰਿਹ "ਸੇਫਟੀ ਕਿੱਟ" ਅਤੇ ਸੁਰਿੰਦਰ ਨੀਰ (ਜੰਮੂ, ਜੰਮੂ ਅਤੇ ਕਸ਼ਮੀਰ, ਭਾਰਤ) ਦਾ ਕਹਾਣੀ ਸੰਗ੍ਰਿਹ "ਟੈਬੂ" ਸ਼ਾਮਿਲ ਹੈ । ਇਹਨਾਂ ਤਿੰਨ ਕਹਾਣੀ ਸੰਗ੍ਰਹਿਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋਵਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਵੇਗਾ। ਸਨਮਾਨ ਦੀ ਇਹ ਰਸਮ 14 ਨਵੰਬਰ, 2024 ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਦੇ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਚ ਹੋ ਰਹੇ ਵਿਸ਼ੇਸ਼ ਸਮਾਗਮ ਵਿਚ ਅਦਾ ਹੋਵੇਗੀ । ਇਸ ਮੌਕੇ ਜੇਤੂ ਕਿਤਾਬਾਂ ਦਾ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਸਨਮਾਨ ਭੇਟ ਕੀਤਾ ਜਾਵੇਗਾ ।


ਵਰਨਣਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ ਕੈਨੇਡਾ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਅਤੇ ਜੋ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਿਪਾਰਟਮੈਂਟ ਆਫ ਏਸ਼ੀਅਨ ਸਟੱਡੀਜ਼ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਇਨਾਮ ਵਿੱਚ ਸ. ਬਰਜਿੰਦਰ ਸਿੰਘ ਢਾਹਾਂ ਅਤੇ ਉਹਨਾਂ ਸੁਪਤਨੀ ਬੀਬੀ ਰੀਟਾ ਢਾਹਾਂ ਵੱਲੋਂ ਪ੍ਰਮੁੱਖ ਯੋਗਦਾਨ ਪਾਇਆ ਜਾਂਦਾ ਹੈ। ਸਾਲ 2013 ਵਿਚ ਸਥਾਪਤ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਦੀਆਂ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ।

*24 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼*

# ਪੰਥ ਪ੍ਰਕਾਸ਼ ਦੇ ਕਰਤਾ–ਗਿਆਨੀ ਗਿਆਨ ਸਿੰਘ ਨੂੰ ਯਾਦ ਕਰਦਿਆਂ

19ਵੀਂ ਸਦੀ ਦੇ ਆਖਰੀ ਦਿਨਾਂ ਤੱਕ ਸਿੱਖ ਇਤਿਹਾਸ ਨੂੰ ਪਾਠਕਾਂ ਤੱਕ ਪਹੁੰਚਾਉਣ ਵਾਲੇ ਉਂਗਲਾਂ 'ਤੇ ਗਿਣਨ ਯੋਗ ਵਿਦਵਾਨ ਬਹੁਤ ਵਿਰਲੇ ਸਨ। ਇਤਿਹਾਸ ਨੂੰ ਖੋਜਣਾ ਤੇ ਵਿਚਾਰਨਾ ਕੋਈ ਸੁਖੈਲ ਕਾਰਜ ਨਹੀਂ। ਇਸ ਕਾਰਜ ਨੂੰ ਕਰਨ ਵਾਲੇ ਖੋਜੀ ਵਿਦਵਾਨਾਂ ਵਿੱਚੋਂ ਗਿਆਨੀ ਗਿਆਨ ਸਿੰਘ ਨੂੰ ਅੱਜ ਤੱਕ ਬੜੀ ਸ਼ਿਦਤ ਨਾਲ ਯਾਦ ਕੀਤਾ ਜਾਂਦਾ ਹੈ। ਜਿਨ੍ਹਾਂ ਆਪਣੀ ਹਿਯਾਤੀ ਦੌਰਾਨ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸਿੱਖ ਸੰਗਤ ਤੋਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕੀਤੀ। ਗਿਆਨੀ ਗਿਆਨ ਸਿੰਘ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਆਰੰਭ ਕੀਤੀ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਤੇ ਇਤਿਹਾਸਕਾਰ ਸਨ। ਗਿਆਨੀ ਗਿਆਨ ਸਿੰਘ ਦਾ ਜਨਮ ਸ. ਭਾਗ ਸਿੰਘ ਦੁੱਲਟ ਅਤੇ ਮਾਤਾ ਮਾਈ ਦੇਸਾਂ ਦੇ ਗ੍ਰਹਿ ਵਿਖੇ 15 ਅਪ੍ਰੈਲ 1822 ਈ: ਨੂੰ ਜ਼ਿਲ੍ਹਾ ਸੰਗਰੂਰ ਦੇ ਕਸਬੇ ਪੰਜਾਬ ਦੇ ਉਘੇ ਪਿੰਡ ਲੌਂਗੋਵਾਲ ਵਿੱਚ ਹੋਇਆ। ਇਸ ਪਰਿਵਾਰ ਦਾ ਪਿਛੋਕੜ ਸ਼ਹੀਦ ਭਾਈ ਮਨੀ ਸਿੰਘ ਦੇ ਭਰਾ ਭਾਈ ਨਗਾਹੀਆ ਸਿੰਘ ਦੀ ਵੰਸ਼ ਨਾਲ ਜੁੜਦਾ ਹੈ। ਗਿਆਨੀ ਗਿਆਨ ਸਿੰਘ ਬਚਪਨ ਤੋਂ ਹੀ ਬੜੀ ਤੇਜ ਤਰਾਰ ਬੁੱਧੀ ਦਾ ਮਾਲਕ ਸੀ।

ਭਰ ਜਵਾਨੀ ਦੀ ਉਮਰ 18–19 ਸਾਲ ਵਿੱਚ ਮਹਾਰਾਜਾ ਪਟਿਆਲਾ ਦੀ ਫੌਜ ਵਿੱਚ ਭਰਤੀ ਹੋ ਗਿਆ। ਇਤਿਹਾਸਕ ਜ਼ਿਕਰ ਮਿਲਦਾ ਹੈ ਕਿ 1849 ਈ: ਵਿੱਚ ਜੀਂਦ ਪਤੀ ਮਹਾਰਾਜਾ ਸਰੂਪ ਸਿੰਘ ਵਿਰੁੱਧ ਬਾਂਗਰੂਆਂ ਵੱਲੋਂ ਕੀਤੀ ਬਗਾਵਤ ਨੂੰ ਕੁਚਲਣ ਲਈ ਮਹਾਰਾਜਾ ਕਰਮ ਸਿੰਘ ਨੇ ਜੋ ਫੌਜੀ ਟੁਕੜੀ ਭੇਜੀ ਸੀ, ਉਸ ਵਿੱਚ ਗਿਆਨੀ ਗਿਆਨ ਸਿੰਘ ਵੀ ਸ਼ਾਮਿਲ ਸਨ। ਇਸ ਗਹਿਗੱਚ ਲੜਾਈ ਵਿੱਚ ਜ਼ਖ਼ਮੀ ਹੋ ਕੇ ਇਨ੍ਹਾਂ ਦੀ ਇਕ ਲੱਤ ਨਕਾਰਾ ਹੋ ਗਈ। ਹੁਣ ਫੌਜੀ ਨੌਕਰੀ ਵੀ ਖ਼ਤਮ ਹੋ ਗਈ। ਆਰਥਿਕ ਤੰਗੀ ਨਾਲ ਪਰਿਵਾਰ ਦਾ ਗੁਜ਼ਾਰਾ ਹੋਣਾ ਵੀ ਔਖਾ ਹੋ ਗਿਆ, ਉਨ੍ਹਾਂ ਦੀ ਮਾਜੂਮੀ ਨੂੰ ਦੇਖ ਕੇ ਇਨ੍ਹਾਂ ਦੇ ਤਾਇਆ ਸ: ਪ੍ਰੇਮ ਸਿੰਘ, ਗਿਆਨੀ ਜੀ ਨੂੰ ਆਪਣੇ ਨਾਲ ਪਟਿਆਲਾ ਲੈ ਗਏ। ਇਥੇ ਆ ਕੇ ਗ੍ਰੰਥੀ ਸਿੰਘ ਦੀ ਡਿਊਟੀ ਨਿਭਾਉਣ ਲੱਗ ਪਏ। ਪਰ ਛੇਤੀ ਹੀ ਗ੍ਰੰਥੀ ਦੀ ਡਿਊਟੀ ਤੋਂ ਵੀ ਮਨ ਉਚਾਟ ਹੋ ਗਿਆ, ਡਿਊਟੀ ਤੋਂ ਫਾਰਗ ਹੋ ਕੇ ਬਿਹੰਗਮ ਸਾਧੂ ਬਣ ਕੇ ਦੇਸ਼ ਦਾ ਭਰਮਣ ਸ਼ੁਰੂ ਕਰ ਦਿੱਤਾ। ਸਾਧੂ ਬਣ ਕੇ ਜਿਥੇ ਪ੍ਰਭੂ ਬੰਦਗੀ ਨੂੰ ਆਪਣੇ ਜੀਵਨ ਦਾ ਅਹਿਮ ਅੰਗ ਬਣਾ ਲਿਆ, ਉਥੇ ਵੱਖ–ਵੱਖ ਥਾਵਾਂ 'ਤੇ ਵਿਚਰਦਿਆਂ ਸਿੱਖ ਇਤਿਹਾਸ ਨਾਲ ਸੰਬੰਧਿਤ ਖੋਜ ਸਮੱਗਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ। 1857 ਈ: ਦੀ ਗਦਰ ਲਹਿਰ ਸਮੇਂ ਆਪ ਵਾਪਸ ਪੰਜਾਬ ਪਰਤ ਆਏ। ਪੰਜਾਬ ਪਰਤ ਕੇ ਬਰਨਾਲੇ ਉਘੇ ਨਿਰਮਲੇ ਸੰਤਾਂ ਦੇ ਡੇਰਾ ਬਾਬਾ ਗਾਂਧਾ ਸਿੰਘ ਵਿਖੇ ਪਹੁੰਚ ਕੇ ਬਾਬਾ ਬੀਰ ਸਿੰਘ ਤੋਂ ਨਿਰਮਲ ਭੇਖ ਧਾਰਨ ਕੀਤਾ। ਇਸ ਤੋਂ ਛੇਤੀ ਹੀ ਪਿੱਛੋਂ ਛੇਤੀ ਨਿਰਮਲ ਸੰਪ੍ਰਦਾਇ ਦੀ ਉਘੀ ਵਿਦਵਾਨ ਸ਼ਖ਼ਸੀਅਤ ਪੰਡਿਤ ਤਾਰਾ ਸਿੰਘ ਨਰੋਤਮ ਨਾਲ ਸੰਪਰਕ ਹੋ ਗਿਆ। ਹੁਣ ਪੰਡਿਤ ਤਾਰਾ ਸਿੰਘ ਨਰੋਤਮ ਦੀ ਪ੍ਰੇਰਨਾ ਨਾਲ ਸਿੱਖ ਇਤਿਹਾਸ ਦੀ ਖੋਜ ਗੰਭੀਰਤਾ ਨਾਲ ਆਰੰਭ ਕੀਤੀ। ਸਭ ਤੋਂ ਪਹਿਲਾਂ 1880 ਈ: ਵਿੱਚ ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਮਹਾਨ ਰਚਨਾ ਪ੍ਰਕਾਸ਼ਿਤ ਕੀਤੀ ਗਈ। ਇਸ ਤੋਂ ਬਾਅਦ 1891–92 ਵਿੱਚ ਤਵਾਰੀਖ ਗੁਰੂ ਖ਼ਾਲਸਾ ਦੇ ਪਹਿਲੇ ਤਿੰਨ ਭਾਗ, ਪਹਿਲਾਂ ਗੁਰਮੁੱਖੀ ਅੱਖਰਾਂ ਵਿੱਚ ਤੇ ਪਿੱਛੋਂ ਉਰਦੂ ਵਿੱਚ ਪ੍ਰਕਾਸ਼ਿਤ ਕੀਤੇ।



ਇਹ ਦੋਨੋਂ ਮਹਾਨ ਰਚਨਾਵਾਂ ਆਪਣੇ ਸਮੇਂ ਦਾ ਮਹਾਨ ਇਤਿਹਾਸਕ ਕਾਰਜ ਸੀ। ਇਸ ਕਾਰਜ ਤੋਂ ਬਾਅਦ ਸਰੀਰਕ ਬਿਮਾਰੀ ਨੇ ਘੇਰ ਲਿਆ, ਜਦੋਂ ਥੋੜ੍ਹਾ ਤੰਦਰੁਸਤ ਹੋਏ ਤਾਂ ਮੁੜ ਗਿਆਨੀ ਜੀ ਮਹਾਰਾਜਾ ਪਟਿਆਲਾ ਪਾਸ ਆ ਗਏ। ਆਪ ਨੇ 9 ਮਾਰਚ, 1908 ਈ: ਨੂੰ ਇਨ੍ਹਾਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਅਨੰਦ ਕਾਰਜ ਦੇ ਫਰਜਾਂ ਨੂੰ ਨਿਭਾਇਆ। ਪਟਿਆਲਾ ਰਿਆਸਤ ਦੇ ਅਹਿਲਕਾਰਾਂ ਨੇ ਜਦੋਂ ਗਿਆਨੀ ਜੀ ਵੱਲੋਂ ਕੀਤੇ ਇਤਿਹਾਸਕ ਗ੍ਰੰਥਾਂ ਨੂੰ ਵੇਖਿਆ, ਤਾਂ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੇ ਪ੍ਰਕਾਸ਼ਨ ਲਈ ਇਕ ਸੁਸਾਇਟੀ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ।

ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖ਼ਾਲਸਾ ਤੋਂ ਇਲਾਵਾ ਹੋਰ ਵੱਡੀਆਂ ਪ੍ਰਕਾਸ਼ਿਤ ਪੁਸਤਕਾਂ/ਗ੍ਰੰਥਾਂ ਵਿੱਚ ਨਿਰਮਲ ਪੰਥ ਪ੍ਰਦੀਪਕਾ, ਗੁਰਧਾਮ ਸੰਗ੍ਰਹਿ, ਖ਼ਾਲਸਾ ਧਰਮ ਪਤਿਤ ਪਾਵਨ, ਤਵਾਰੀਖ ਅੰਮ੍ਰਿਤਸਰ, ਤਵਾਰੀਖ ਲਾਹੌਰ, ਰਿਪੁਦਮਨ ਪ੍ਰਕਾਸ਼, ਭੁਪਿੰਦਰਾਨੰਦ, ਇਤਿਹਾਸ ਰਿਆਸਤ ਬਾਗੜੀਆ, ਸੂਰਜ ਪ੍ਰਕਾਸ਼ ਵਾਰਤਿਕ ਆਦਿ ਲਈ ਵਡਮੁੱਲਾ ਕਾਰਜ ਕੀਤਾ। ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚੋਂ ਬਹੁਤ ਸਾਰੀਆਂ ਬੇਸ਼ਕੀਮਤੀ ਰਚਨਾਵਾਂ ਅਣਛਪੀਆਂ ਹੀ ਰਹਿ ਗਈਆਂ।

ਇਸ ਮਹਾਨ ਇਤਿਹਾਸਕਾਰ ਤੇ ਸਿੱਖ ਵਿਦਵਾਨ ਨੇ ਜਿਥੇ ਸਿੱਖਾਂ ਦੀ ਮਹਾਨ ਜਥੇਬੰਦੀ ਨਿਰਮਲ ਸੰਪ੍ਰਦਾਇ ਲਈ ਬੇਮਿਸਾਲ ਕਾਰਜ ਕੀਤਾ, ਉਥੇ ਸਿੱਖ ਪੰਥ ਦੇ ਇਤਿਹਾਸਕ ਖੋਜ ਕਾਰਜਾਂ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਆਪਣੀ ਪੂਰੀ ਉਮਰ ਜਿਹੜੀ ਸਖਤ ਘਾਲਣਾ ਘਾਲੀ ਉਸ ਦੀ ਕੋਈ ਕੀਮਤ ਚੁਕਾਈ ਹੀ ਨਹੀਂ ਜਾ ਸਕਦੀ। ਉਸ ਸਮੇਂ ਤੱਕ ਕੌਮ ਕੋਲ ਕੋਈ ਜਥੇਬੰਦਕ ਸੰਸਥਾਵਾਂ ਵੀ ਨਹੀਂ ਸਨ। ਜਿਹੜੀਆਂ ਸੰਸਥਾਵਾਂ ਉਦੋਂ ਕਾਰਜਸ਼ੀਲ ਵੀ ਸਨ, ਉਹ ਆਪਣੇ ਪੈਰਾਂ ਉਪਰ ਅਜੇ ਚੰਗੀ ਤਰ੍ਹਾਂ ਨਾਲ ਮਜ਼ਬੂਤੀ ਨਹੀਂ ਸਨ ਫੜ ਸਕੀਆਂ। ਗਿਆਨੀ ਜੀ ਵਡਮੁੱਲੇ ਕਾਰਜਾਂ ਨੂੰ ਸੰਪੂਰਨਾ ਦੇ ਕੇ ਆਪਣੀ ਆਯੂ ਦੇ 100ਵੇਂ ਵਰ੍ਹੇ ਵਿੱਚ 24 ਸਤੰਬਰ, 1921 ਈ: ਨੂੰ ਨਾਭਾ ਵਿਖੇ ਸੱਚਖੰਡ ਜਾ ਬਿਰਾਜੇ। ਇਨ੍ਹਾਂ ਦੀ ਯਾਦ ਸਦੀਵੀ ਬਣੀ ਰਹੇਗੀ।

**–ਭਗਵਾਨ ਸਿੰਘ ਜੌਹਲ**

# ਜਾਰਜੀਆ ਦੇ ਹਾਈ ਸਕੂਲ ਵਿਚ ਗੋਲੀਬਾਰੀ ਕਰਨ ਵਾਲੇ 14 ਸਾਲਾ ਵਿਦਿਆਰਥੀ ਦੇ ਪਿਤਾ ਨੂੰ ਕੀਤਾ ਗ੍ਰਿਫਤਾਰ, ਹੱਤਿਆ ਸਮੇਤ ਹੋਰ ਦੋਸ਼ ਆਇਦ



ਅਪਾਲਾਚੀ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਲੋਕ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬੀਤੇ ਦਿਨ ਅਮਰੀਕਾ ਦੇ ਜਾਰਜੀਆ ਰਾਜ ਦੇ ਇਕ ਹਾਈ ਸਕੂਲ ਵਿਚ ਗੋਲੀਬਾਰੀ ਕਰਨ ਵਾਲੇ ਸ਼ੱਕੀ ਸ਼ੂਟਰ 14 ਸਾਲਾ ਵਿਦਿਆਰਥੀ ਕੋਲਟ ਗਰੇਅ ਦੇ ਪਿਤਾ ਕੋਲਿਨ ਗਰੇਅ (54) ਨੂੰ ਗ੍ਰਿਫਤਾਰ ਕਰ ਲੈਣ ਤੇ ਉਸ ਵਿਰੁੱਧ ਹੱਤਿਆ ਸਮੇਤ ਹੋਰ ਦੋਸ਼ ਆਇਦ ਕਰਨ ਦੀ ਖਬਰ ਹੈ। ਅਪਾਲਾਚੀ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿੱਚ 2 ਅਧਿਆਪਕ ਤੇ 2 ਵਿਦਿਆਰਥੀ ਮਾਰੇ ਗਏ ਸਨ ਤੇ 9 ਹੋਰ ਜ਼ਖਮੀ ਹੋ ਗਏ ਸਨ। ਜ਼ਖਮੀਆਂ ਵਿਚ 8 ਵਿਦਿਆਰਥੀ ਤੇ ਇਕ ਅਧਿਆਪਕ ਸ਼ਾਮਿਲ ਹੈ। ਸ਼ੱਕੀ ਸ਼ੂਟਰ ਕੋਲਟ ਗਰੇਅ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਵਿਰੁੱਧ 4 ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਬਿਊਰੋ ਅਨੁਸਾਰ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਕਰਨ ਦੇ ਸੰਭਾਵਨਾ ਹੈ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਹ ਜਾਣਕਾਰੀ ਦਿੰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੋਲਟ ਗਰੇਅ ਸਕੂਲ ਵਿਚ ਏ ਆਰ- ਪਲੇਟਫਾਰਮ ਸਟਾਈਲ ਹਥਿਆਰ ਲੈ ਕੇ ਆਇਆ ਸੀ। ਪਿਤਾ ਵਿਰੁੱਧ 4 ਗੈਰ ਇਰਾਦਾ ਹੱਤਿਆਵਾਂ, ਦੂਸਰਾ ਦਰਜਾ ਹੱਤਿਆਵਾਂ ਤੇ ਬੱਚਿਆਂ ਪ੍ਰਤੀ ਬੇਰਹਿਮੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਗੋਲੀਬਾਰੀ ਵਿਚ ਮਾਰੇ ਗਏ 2 ਵਿਦਿਆਰਥੀਆਂ ਦੀ ਪਛਾਣ ਮੈਸਨ ਸ਼ਰਮੇਰਹੌਰਨ ਤੇ ਕ੍ਰਿਸਟੀਅਨ ਐਂਗਲੋ ਵਜੋਂ ਹੋਈ ਹੈ। ਇਨਾਂ ਦੋਨਾਂ ਦੀ ਉਮਰ 14 ਸਾਲ ਸੀ ਜਦ ਕਿ ਗੋਲੀਬਾਰੀ ਵਿਚ ਮਾਰੇ ਗਏ 2 ਅਧਿਆਪਕਾਂ ਦੀ ਪਛਾਣ ਰਿਚਰਡ ਐਸਪਿਨਵਾਲ (39) ਤੇ ਕ੍ਰਿਸਟੀਅਨ ਲਰੀਮੀ (53) ਵਜੋਂ ਹੋਈ ਹੈ ਜੋ ਗਣਿਤ ਦੇ ਅਧਿਆਪਕ ਸਨ।**


# ਹੁਣ ਆਸਟਰੇਲੀਆ ਚ ਘੁੰਮਣ ਜਾਣ ਵਾਲੇ ਭਾਰਤੀਆਂ ਨੂੰ ਮਿਲੇਗਾ ਉਥੇ ਕੰਮ ਕਰਨ ਦਾ ਮੌਕਾ

ਨਵੀਂ ਦਿੱਲੀ: ਭਾਰਤ ਵਾਸੀਆਂ ਲਈ ਆਸਟਰੇਲੀਆ ਫ਼ਰਸਤੋਂਚ ਕੰਮ ਕਰਨ ਦੇ ਨਵੇਂ ਰਸਤੇ ਖੁੱਲ੍ਹ ਗਏ ਹਨ। ਹੁਣ ਆਸਟਰੇਲੀਆ ਜਾ ਕੇ ਘੁੰਮਣ ਦੇ ਨਾਲ ਕੰਮ ਵੀ ਕੀਤਾ ਜਾ ਸਕਦਾ ਹੈ। ਇਸ ਨੂੰ ਵਰਕ ਐਂਡ ਹੋਲੀਡੇ ਵੀਜ਼ਾ ਜਾਂ ਬੈਕਪੈਕਰ ਵੀਜ਼ਾ ਵੀ ਕਿਹਾ ਜਾ ਰਿਹਾ ਹੈ। ਇਹ ਵੀਜ਼ਾ 12 ਮਹੀਨਿਆਂ ਲਈ ਆਸਟਰੇਲੀਆ ਫ਼ਰਸਤੋਂਚ ਰਹਿਣ ਦੀ ਇਜਾਜ਼ਤ ਦਿੰਦਾ ਹੈ।

ਇਹ ਵੀਜ਼ਾ ਵਿੱਤੀ ਵਰ੍ਹੇ 2024-25 ਦੌਰਾਨ ਸ਼ੁਰੂ ਕੀਤਾ ਜਾਵੇਗਾ। ਵੀਜ਼ਾ ਨੂੰ ਪ੍ਰਾਪਤ ਕਰਨ ਵਾਲਾ ਵਿਅਕਤੀ ਇਸ ਦੌਰਾਨ ਵੱਖ-ਵੱਖ ਨੌਕਰੀਆਂ ਕਰ ਸਕਦਾ ਹੈ, ਪਰ ਹਰ ਨੌਕਰੀ ਵਿਚ ਵੱਧ ਤੋਂ ਵੱਧ 6 ਮਹੀਨੇ ਕੰਮ ਕੀਤਾ ਜਾ ਸਕਦਾ ਹੈ। ਤੁਸੀਂ ਇਸ ਵੀਜ਼ੇ ਦੇ ਤਹਿਤ 4 ਮਹੀਨਿਆਂ ਤੱਕ ਕੋਈ ਕੋਰਸ ਜਾਂ ਪੜ੍ਹਾਈ ਵੀ ਕਰ ਸਕਦੇ ਹੋ, ਜਿਸ ਨਾਲ ਤੁਸੀਂ ਕੋਈ ਨਵੀਂ ਕਲਾਂ ਜਾਂ ਹੁਨਰ ਸਿੱਖ ਸਕਦੇ ਹੋ। ਆਸਟਰੇਲੀਆ-ਭਾਰਤ ਆਰਥਕ ਸਹਿਯੋਗ ਅਤੇ ਵਪਾਰ ਸਮਝੌਤੇ (ਏ.ਆਈ.-ਈ.ਸੀ.ਟੀ.ਏ.) ਦੇ ਤਹਿਤ ਹਰ ਸਾਲ 1,000 ਭਾਰਤੀ ਨਾਗਰਿਕਾਂ ਨੂੰ ਇਸ ਵੀਜ਼ਾ ਲਈ ਅਰਜ਼ੀ ਦੇਣ ਦਾ ਮੌਕਾ ਮਿਲੇਗਾ। 18 ਤੋਂ 30 ਸਾਲ ਦੀ ਉਮਰ ਦੇ ਯੋਗ ਭਾਰਤੀ ਨਾਗਰਿਕ ਇਕ ਸਾਲ ਲਈ ਆਸਟਰੇਲੀਆ ਜਾ ਸਕਦੇ ਹਨ, ਥੋੜ੍ਹੇ ਸਮੇਂ ਲਈ ਕੰਮ ਕਰ ਸਕਦੇ ਹਨ ਅਤੇ ਅਪਣੇ ਠਹਿਰਨ ਦੌਰਾਨ ਪੜ੍ਹਾਈ ਕਰ ਸਕਦੇ ਹਨ।

# 100 ਦਿਨ 3.0 ਸਰਕਾਰ ਦੇ

ਗੁਰਮੀਤ ਸਿੰਘ ਪਲਾਹੀ
9815802070



ਇਸ ਵੇਰ ਮਸਾਂ ਬਣੀ ਤੀਜੀ ਵੇਰ ਦੀ ਮੋਦੀ ਸਰਕਾਰ ਦੇ 100 ਦਿਨ 17 ਸਤੰਬਰ 2024 ਨੂੰ ਪੂਰੇ ਹੋ ਜਾਣਗੇ। ਕੁਝ ਦਿਨ ਹੀ ਤਾਂ ਬਾਕੀ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਇਹਨਾਂ 100 ਦਿਨ ਲਈ ਕੁਝ ਟੀਚੇ ਮਿੱਥੇ ਸਨ : ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਆਜ਼ਾਦੀ ਦਿਹਾੜੇ 'ਤੇ ਲਾਲ ਕਿਲੇ ਦੀ ਫਸੀਲ ਤੋਂ ਭਾਸ਼ਨ ਦਿੰਦਿਆਂ ਅਤੇ ਵਿੱਤ ਮੰਤਰੀ ਨੇ ਦੇਸ਼ ਦੀ ਨਵੀਂ ਪਾਰਲੀਮੈਂਟ 'ਚ ਬਜਟ ਪੇਸ਼ ਕਰਦਿਆਂ। ਜਾਪਦਾ ਹੈ ਇਹ ਵਾਅਦੇ, ਇਹ ਦਾਈਏ, ਤਾਂ ਜਿਵੇਂ ਠੁੱਸ ਹੋ ਕੇ ਹੀ ਰਹਿ ਗਏ ਹਨ, ਉਪਰੋਂ ਸਰਕਾਰ ਐਨੀ ਬੇਵੱਸ ਕਦੇ ਨਹੀਂ ਦਿਸੀ, ਜਿੰਨੀ ਇਹਨਾਂ 100 ਦਿਨਾਂ 'ਚ।

ਮੋਦੀ ਸਰਕਾਰ ਨੂੰ ਇਹਨਾਂ 100 ਦਿਨ 'ਚ ਜੁਆਇੰਟ ਸਕੱਤਰਾਂ ਅਤੇ ਡਾਇਰੈਕਟਰਾਂ ਦੀ ਸਿੱਧੀ ਭਰਤੀ (ਲਿਟਰਲ ਇੰਟਰੀ) ਯੋਜਨਾ ਨੂੰ ਉਹਨਾਂ ਦੇ ਸਹਿਯੋਗੀਆਂ ਦੇ ਅਤੇ ਵਿਰੋਧੀ ਧਿਰ ਦੇ ਵਿਰੋਧ ਕਾਰਨ ਵਾਪਿਸ ਲੈਣਾ ਪਿਆ। ਆਪਣੀ ਧੁਨ ਦੀ ਪੱਕੀ ਅਤੇ ਇਕੋ ਧਰਮ ਦੇ ਝੰਡੇ ਵਾਲਾ ਸਾਮਰਾਜ ਲਿਆਉਣ ਵਾਲੀ ਸਰਕਾਰ ਨੂੰ ਜਦੋਂ ਮਜ਼ਬੂਰੀਵੱਸ ਲੋਕ ਸਭਾ 'ਚ ਵਕਫ ਬੋਰਡ ਬਿੱਲ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣਾ ਪਿਆ, ਜਿਸ ਦੀ ਉਹ ਪਿਛਲੇ 10 ਵਰਿਆਂ ਦੇ ਰਾਜ-ਭਾਗ 'ਚ ਆਦੀ ਨਹੀਂ ਰਹੀ ਤਾਂ ਇਸ ਘਟਨਾ ਦਾ ਅਰਥ ਕੀ ਲਿਆ ਜਾਣਾ ਚਾਹੀਦਾ ਹੈ ?

ਮੋਦੀ ਸਰਕਾਰ ਦਾ ਮੁੱਖ ਅਜੰਡਾ ਕਿ ਦੇਸ਼ 'ਚ 'ਇਕ ਦੇਸ਼ ਇਕ ਚੋਣ' ਦਾ ਪੈਟਰਨ ਲਾਗੂ ਹੋਵੇ, ਉਦੋਂ ਕਿਥੇ ਰਫੂ ਚੱਕਰ ਹੋ ਗਿਆ, ਜਦੋਂ ਜੰਮੂ-ਕਸ਼ਮੀਰ ਅਤੇ ਹਰਿਆਣਾ 'ਚ ਤਾਂ ਚੋਣਾਂ ਦਾ ਐਲਾਨ ਕਰ ਦਿੱਤਾ, ਪਰ ਮਹਾਂਰਾਸ਼ਟਰ 'ਚ ਹਾਰ ਦੇ ਡਰੋਂ ਚੋਣਾਂ ਪਛੇਤੀਆਂ ਕਰ ਦਿੱਤੀਆਂ ਗਈਆਂ। ਹਾਲਾਂਕਿ ਪਿਛਲੀਆਂ ਕਈ ਵਾਰੀਆਂ 'ਚ ਹਰਿਆਣਾ ਅਤੇ ਮਹਾਂਰਾਸ਼ਟਰ ਚੋਣਾਂ ਇਕੋ ਵੇਲੇ ਇਕੱਠੀਆਂ ਹੁੰਦੀਆਂ ਰਹੀਆਂ ਹਨ, ਜਿਵੇਂ ਹਰਿਆਣਾ 'ਚ ਭਾਜਪਾ ਸਰਕਾਰ ਨੂੰ ਵਿਰੋਧੀਆਂ (ਇੰਡੀਆ ਗਰੁੱਪ) ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਭਾਜਪਾ ਦੇ ਅੰਦਰੋਂ ਹਰਿਆਣਾ 'ਚ ਤਿੱਖਾ ਵਿਰੋਧ ਵੀ ਝੱਲਣਾ ਪੈ ਰਿਹਾ ਹੈ, ਕਿਉਂਕਿ ਜਿਹਨਾਂ ਭਾਜਪਾ ਨੇਤਾਵਾਂ ਨੂੰ ਚੋਣਾਂ 'ਚ ਪਾਰਟੀ ਟਿਕਟ ਨਹੀਂ ਮਿਲ ਰਹੀ, ਉਹ ਭਾਜਪਾ ਦਾ ਸਾਥ ਛੱਡ ਰਹੇ ਹਨ।

ਭਾਵੇਂ ਇਹ ਤੱਥ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਨਾਲ ਨਹੀਂ ਜੁੜੇ ਹੋਏ, ਪਰ ਕੇਂਦਰ ਸਰਕਾਰ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹਨ ਅਤੇ ਉਸ ਦਾ ਪ੍ਰਛਾਵਾਂ ਵਿਧਾਨ ਸਭਾ ਚੋਣਾਂ 'ਚ ਚੋਣਾਂ ਤੋਂ ਪਹਿਲਾਂ ਹੀ ਦਿਸਣ ਲੱਗਾ ਹੈ। ਇਹ ਸਿੱਧਾ ਭਾਜਪਾ ਪ੍ਰਤੀ ਉਹਦੇ ਵੱਡੇ ਨੇਤਾਵਾਂ ਪ੍ਰਤੀ ਬੇਯਕੀਨੀ ਅਤੇ ਸਰਕਾਰ 'ਚ ਆਤਮ ਵਿਸ਼ਵਾਸ ਦੀ ਕਮੀ ਦਾ ਸਿੱਟਾ ਹੈ।

ਆਓ ਜ਼ਰਾ ਮੋਦੀ ਸਰਕਾਰ ਦੀ 100 ਦਿਨਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰੀਏ। ਪ੍ਰਧਾਨ ਮੰਤਰੀ ਨੇ ਭਾਸ਼ਨ 'ਚ ਕਿਹਾ ਸੀ ਲਾਲ ਕਿਲੇ ਤੋਂ ਅੱਜ ਭਾਰਤ ਦੇ ਲੋਕ ਆਤਮ-ਵਿਸ਼ਵਾਸ ਨਾਲ ਭਰੇ ਪਏ ਹਨ। ਉਹ ਸੌਖੇ ਹਨ।



ਦੇਸ਼ ਦੀ ਅਰਥ ਵਿਵਸਥਾ ਤਕੜੀ ਹੋ ਰਹੀ ਹੈ। ਪਿਛਲੇ ਦਸ ਸਾਲਾਂ 'ਚ ਜੀ.ਡੀ.ਪੀ. ਵਧੀ ਹੈ। ਪਰ ਸਵਾਲ ਹੈ ਕਿ ਇਸ ਦਾ ਲਾਭ ਕਿਸ ਨੂੰ ਹੋਇਆ ਹੈ ? ਆਮ ਆਦਮੀ ਨੂੰ ਜਾਂ ਦੇਸ਼ ਦੇ ਧੰਨ ਕੁਬੇਰਾਂ ਨੂੰ ?

ਕੁਝ ਦਿਨ ਪਹਿਲਾਂ ਦੀ ਆਖਰੀ ਖ਼ਬਰ ਦੇਖੋ। ਖ਼ਬਰ ਉੱਪਰ, ਥੱਲੇ ਰਾਜ ਕਰਦੀ ਭਾਜਪਾ ਦੀ ਹਰਿਆਣਾ ਡਬਲ ਇੰਜਨ ਸਰਕਾਰ ਦੀ ਹੈ। ਹਰਿਆਣਾ ਸਰਕਾਰ ਨੇ 15000 ਰੁਪਏ ਮਹੀਨਾ ਤਨਖਾਹ ਤੇ ਸਫ਼ਾਈ ਕਰਮਚਾਰੀਆਂ ਦੀਆਂ ਨੌਕਰੀਆਂ ਕੱਢੀਆਂ, ਇਹਨਾਂ ਨੌਕਰੀਆਂ ਲਈ 3,95,000 ਉਮੀਦਵਾਰਾਂ ਨੇ ਬਿਨੈ-ਪੱਤਰ ਦਿੱਤੇ। ਇਹਨਾਂ ਵਿਚ 6112 ਪੋਸਟ ਗ੍ਰੇਜੂਏਟ, 39,990 ਗਰੇਜੂਏਟ ਅਤੇ 1,17,144 ਬਾਹਰਵੀ ਪਾਸ ਵਾਲੇ ਹਨ। ਕੀ ਇਹ 100 ਦਿਨਾਂ ਦੀ ਸਰਕਾਰ ਦੇ ਆਤਮ-ਵਿਸ਼ਵਾਸ ਦੀ ਨਿਸ਼ਾਨੀ ਹੈ ? ਕੀ ਇਹ ਦੇਸ਼ ਦੀ ਅਰਥ ਵਿਵਸਥਾ ਦੇ ਵਿਕਾਸ ਦੀ ਤਸਵੀਰ ਹੈ ? ਅਸਲ ਮੁੱਦਾ ਦੇਸ਼ ਦੇ ਆਰਥਿਕ ਵਿਕਾਸ ਬਨਾਮ ਬਰਾਬਰੀ ਦੇ ਨਾਲ ਵਿਕਾਸ ਦਾ ਹੈ, ਜਿਸ ਨੂੰ ਕੇਂਦਰ ਦੀ ਸਰਕਾਰ ਨੇ 1.0 ਸਰਕਾਰ ਅਤੇ ਫਿਰ 2.0 ਸਰਕਾਰ ਸਮੇਂ ਵੀ ਭੁਲਾਈ ਰੱਖਿਆ ਅਤੇ ਹੁਣ ਫਿਰ 3.0 'ਚ ਵੀ ਭੁਲੀ ਬੈਠੀ ਹੈ। ਇਸ ਮੁੱਦੇ ਨੂੰ ਰੋਲੀ ਬੈਠੀ ਹੈ।

ਪਿਛਲੇ ਪੂਰੇ ਦਹਾਕੇ 'ਚ ਦੇਸ਼ ਰੋਜ਼ਗਾਰ ਦੇ ਮਾਮਲੇ ਤੇ ਬੁਰੀ ਤਰਾਂ ਫੇਲ ਹੋਇਆ ਹੈ। 2023 ਅਤੇ 2024 ਵਿਚ ਲੋਕਾਂ ਨੂੰ ਭਾਰਤੀ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਇਹਨਾਂ ਕੰਪਨੀਆਂ ਵਿਚ ਐਲਾ, ਪੀ.ਟੀ.ਐਮ. ਆਦਿ ਸ਼ਾਮਲ ਹਨ। ਟੈਕਨੀਕਲ ਕੰਪਨੀਆਂ ਵੀ ਨਿੱਤ ਦਿਹਾੜੇ ਐਲਾਨ ਕਰ ਰਹੀਆਂ ਹਨ ਕਿ ਉਹ ਆਪਣੇ ਕਰਮਚਾਰੀਆਂ ਦੀ ਸੰਖਿਆ ਨੂੰ ਸਹੀ ਕਰਨ ਦੀ ਪ੍ਰਕਿਰਿਆ 'ਚ ਹਨ। ਇਹੋ ਹਾਲ ਪ੍ਰਾਈਵੇਟ ਬੈਂਕਾਂ ਦਾ ਵੀ ਹੈ। 5 ਸਤੰਬਰ 2024 ਨੂੰ ਟਾਈਮਜ਼ ਆਫ਼ ਇੰਡੀਆ ਨੇ ਫਿਰ ਖ਼ਬਰ ਛਾਇਆ ਕੀਤੀ ਹੈ। ਖ਼ਬਰ ਅਨੁਸਾਰ ਦੇਸ਼ ਦੇ ਵੱਡੇ ਆਈ.ਆਈ.ਟੀ. ਅਦਾਰੇ ਅਤੇ ਆਈ.ਆਈ.ਟੀ. ਮੁੰਬਈ ਵਿਚ ਇਸ ਸਾਲ ਗ੍ਰੇਜੂਏਸ਼ਨ ਪੱਧਰ 'ਤੇ ਸਿਰਫ਼ 75ਫੀਸਦੀ ਗ੍ਰੇਜੂਏਟਾਂ ਨੂੰ ਪਲੇਸਮੈਂਟ ਮਿਲੀ ਅਤੇ ਵੇਤਨ ਦਰ ਵੀ ਘਟੀ ਹੈ। ਆਈ.ਆਈ.ਟੀ. ਤੋਂ ਇਲਾਵਾ ਦੂਜੇ ਇਹੋ ਜਿਹੇ ਸੰਸਥਾਵਾਂ ਵਿਚ ਤਾਂ ਪਲੇਸਮੈਂਟ ਦਰ 30 ਫੀਸਦੀ ਤੱਕ ਸਿਮਟ ਗਈ।

ਵਿਸ਼ਵ ਬੈਂਕ ਦਾ ਸਤੰਬਰ 2024 ਦਾ ਇਕ ਅਪਡੇਟ ਧਿਆਨ ਮੰਗਦਾ ਹੈ। ਉਸ ਅਨੁਸਾਰ ਭਾਰਤ ਵਿਚ ਸ਼ਹਿਰੀ ਯੁਵਕਾਂ ਦਾ ਰੋਜ਼ਗਾਰ 17ਫੀਸਦੀ ਉੱਤੇ ਹੀ ਬਣਿਆ ਹੋਇਆ ਹੈ। ਅਸਲ 'ਚ ਤਾਂ ਬੇਰੁਜ਼ਗਾਰੀ 'ਟਾਈਮ ਬੰਬ' ਹੈ ਅਤੇ 3.0 ਸਰਕਾਰ ਵੱਲੋਂ 100 ਦਿਨਾਂ ਦੇ ਆਪਣੇ ਅਰਸੇ ਦੌਰਾਨ ਬੇਰੁਜ਼ਗਾਰ ਦੇ ਮਾਮਲੇ 'ਤੇ ਅੱਗੋਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ। ਕੀ ਬੇਰੁਜ਼ਗਾਰੀ ਦਾ ਮਾਮਲਾ, ਸਮੱਸਿਆ ਤੋਂ ਅੱਖਾਂ ਮੀਟ ਕੇ ਹੱਲ ਹੋ ਸਕਦਾ ਹੈ ? ਕੀ ਫਰਜ਼ੀ ਅੰਕੜੇ ਬੇਰੁਜ਼ਗਾਰੀ ਨੂੰ ਖਤਮ ਕਰ ਸਕਦੇ ਹਨ ਜਾਂ ਨੌਜਵਾਨਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਜਾਂ ਉਹਨਾਂ ਦਾ ਢਿੱਡ ਭਰ ਸਕਦੇ ਹਨ ?

ਅੱਜ ਭਾਰਤ 'ਚ ਬੇਰੁਜ਼ਗਾਰੀ ਦਰ 9.2 ਫੀਸਦੀ ਹੈ। ਅੱਜ ਜਦੋਂ ਲੱਖਾਂ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਹਨ। ਸਰਕਾਰੀ, ਨਿਯਮਤ ਨੌਕਰੀਆਂ ਦੀ ਕਮੀ ਹੈ, ਕਾਰਪੋਰੇਟ ਜਗਤ ਨੌਜਵਾਨਾਂ ਨੂੰ ਠੱਗ ਰਿਹਾ ਹੈ, ਨੌਜਵਾਨ ਵੋਕੇਸ਼ਨਲ ਸਿੱਖਿਆ ਤੋਂ ਊਣੇ ਹਨ, ਤਾਂ ਸਰਕਾਰ ਨੂੰ ਇਸੇ ਮਾਮਲੇ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਸੀ, ਪਰ ਸਰਕਾਰ ਦੇ ਤਾਂ ਟੀਚੇ ਹੀ ਕੁਝ ਹੋਰ ਹਨ। ਸਰਕਾਰ ਜਿਸ ਦਾ ਧਿਆਨ ਸਿਖਿਅਤ-ਅਸਖਿਅਤ, ਸ਼ਹਿਰੀ-ਪੇਂਡੂ, ਬੱਚੇ-ਬੁੱਢੇ ਹਰ ਸ਼ਹਿਰੀ ਵੱਲ ਇਕੋ ਜਿਹਾ, ਬਰਾਬਰੀ ਵਾਲਾ ਹੋਣਾ ਚਾਹੀਦਾ ਹੈ, ਪਰ ਸਰਕਾਰ ਦਾ ਦ੍ਰਿਸ਼ਟੀਕੋਣ ਹੀ ਵੱਖਰਾ ਹੈ। ਦੇਸ਼ ਭਗਤੀ ਦੇ ਨਾਮ ਉੱਤੇ ਸਮਾਜ ਨੂੰ ਵੰਡਣਾ, ਨਫ਼ਰਤ ਫੈਲਾਉਣਾ ਅਤੇ ਰਾਜ ਕਰਨਾ। ਇਹ ਕੁਝ ਪਿਛਲੇ ਦਸ ਸਾਲ ਸ਼ਰੇਆਮ ਵਾਪਰਿਆ। ਲੋਕਾਂ ਨੇ ਸਰਕਾਰ ਦੇ ਇਸ ਦ੍ਰਿਸ਼ਟੀਕੋਣ ਨੂੰ ਸਮੂੰਹਿਕ ਤੌਰ ਤੇ ਰੱਦ ਕੀਤਾ। ਭਾਜਪਾ ਨੂੰ ਇਕੱਲੇ-ਇਕਹਿਰੇ ਤਾਕਤ ਨਹੀਂ ਦਿੱਤੀ ਚੋਣਾਂ ਵੇਲੇ। ਮਜ਼ਬੂਰੀ 'ਚ ਫੋਹੜੀਆਂ ਵਾਲੀ ਸਰਕਾਰ ਬਣਾਈ ਗਈ। ਪਰ 100 ਦਿਨਾਂ ਦੇ 3.0 ਕਾਰਜਕਾਲ ਦੌਰਾਨ ਵੀ ਭਾਜਪਾ ਦੀ ਇਹ ਸਾਂਝੀ-ਮਾਂਝੀ ਸਰਕਾਰ ਆਪਣੀ ਸੋਚ ਵਿਚ ਬਦਲਾਅ ਨਹੀਂ ਲਿਆ ਰਹੀ।

ਕੇਂਦਰ ਦੀ ਸਰਕਾਰ ਵਿਰੋਧੀ ਧਿਰਾਂ ਵਾਲੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਹਨਾਂ ਨੂੰ ਤੋੜਨ ਦੇ ਰਾਹ ਤੋਂ ਨਹੀਂ ਹਟੀ। ਰਾਜਪਾਲਾਂ ਰਾਹੀਂ ਚੁਣੀਆਂ ਵਿਰੋਧੀ ਸਰਕਾਰਾਂ ਦੇ ਕੰਮਾਂ 'ਚ ਸਿੱਧਾ ਦਖਲ ਦਿੱਤਾ ਜਾ ਰਿਹਾ ਹੈ। ਮਨੀਪੁਰ 'ਚ ਹਿੰਸਾ ਜਾਰੀ ਹੈ, ਉਥੇ ਗ੍ਰਹਿ ਯੁੱਧ ਵਰਗੀ ਸਥਿਤੀ ਹੈ। ਉਸ ਸੂਬੇ ਦੇ ਲੋਕਾਂ ਨੂੰ ਜਿਵੇਂ ਸਰਕਾਰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀ ਹੈ। ਆਪਣੇ ਵਿਰੋਧੀ ਸੋਚ ਵਾਲੇ ਦੇਸ਼ ਭਰ 'ਚ ਨੇਤਾਵਾਂ ਉੱਤੇ ਈ.ਡੀ., ਸੀ.ਬੀ.ਆਈ. ਛਾਪੇ ਨਿਰੰਤਰ ਪੁਆਏ ਜਾ ਰਹੇ ਹਨ। ਗੋਦੀ ਚੈਨਲਾਂ ਰਾਹੀਂ ਸਰਕਾਰੀ ਪ੍ਰਚਾਰ ਸਿਰੇ ਦਾ ਹੈ। ਸਰਕਾਰੀ ਨੀਤੀਆਂ 'ਚ ਕੋਈ ਬਦਲਾਅ ਨਹੀਂ। ਨਿੱਜੀਕਰਨ ਨੂੰ ਹੁਲਾਰਾ ਦੇਣ ਤੋਂ ਸਰਕਾਰ ਉੱਕ ਨਹੀਂ ਰਹੀ।

ਪਰ ਇਸ ਸਭ ਕੁਝ ਦੇ ਵਿਚਕਾਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਬਾਵਜੂਦ ਵੱਡੇ ਲੋਕ ਭਰੋਸਿਆਂ ਦੇ, ਸਰਕਾਰ ਲੋਕ ਹਿੱਤਾਂ ਤੋਂ ਕਿਨਾਰਾ ਕਰੀ ਬੈਠੀ ਹੈ ਅਤੇ ਉਹਨਾਂ ਦੇ ਭਲੇ ਹਿੱਤ ਕਥਿਤ ਤੌਰ 'ਤੇ ਬਣਾਈਆਂ ਯੋਜਨਾਵਾਂ, ਸਿਰਫ਼ ਕਾਗਜ਼ੀ ਸਾਬਤ ਹੋ ਰਹੀਆਂ ਹਨ। ਕੀ ਸਰਕਾਰ ਇਹਨਾਂ ਤਲਖ ਹਕੀਕਤਾਂ ਨੂੰ ਮੰਨਣ ਨੂੰ ਤਿਆਰ ਨਹੀਂ ਹੈ ? ਕਿਥੇ ਹੈ ਜਨ-ਧਨ ਯੋਜਨਾ ? ਕਿਥੇ ਹੈ ਆਮ ਵਿਅਕਤੀ ਲਈ ਸਿਹਤ ਸੁਰੱਖਿਆ ਆਯੂਸ਼ਮਾਨ ਯੋਜਨਾ ? ਕਿਥੇ ਹੈ ਸਮਾਰਟ ਸਿਟੀ। ਜ਼ੋਰ ਹੈ ਵੱਡੀਆਂ ਹਾਈਵੇ ਬਨਾਉਣ ਵੱਲ ਤਾਂ ਕਿ ਕਾਰਪੋਰੇਟਾਂ ਦੇ ਹੱਕਾਂ ਦੀ ਪੂਰਤੀ ਹੋ ਸਕੇ, ਇਹਨਾਂ ਹਾਈਵੇਜ ਦਾ ਆਮ ਲੋਕਾਂ ਨੂੰ ਆਖਰ ਕੀ ਫਾਇਦਾ ?

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦਾ ਟੀਚਾ ਦੇਸ਼ ਨੂੰ 2047 ਤੱਕ ਵਿਕਸਿਤ ਦੇਸ਼ ਬਨਾਉਣ ਦਾ ਹੈ। ਇਹ ਉਹਨਾਂ 15 ਅਗਸਤ 2025 ਦੇ ਆਪਣੇ ਭਾਸ਼ਨ 'ਚ ਵੀ ਕਿਹਾ ਅਤੇ 25 ਅਗਸਤ ਨੂੰ ਆਪਣੇ 'ਮਨ ਕੀ ਬਾਤ' ਸੰਬੋਧਨ 'ਚ ਵੀ ਦੁਹਰਾਇਆ।

2047 ਤੱਕ ਵਿਕਸਿਤ ਦੇਸ਼ ਬਨਣ ਲਈ ਹਰ ਦੇਸ਼ ਵਾਸੀ ਦੀ ਆਮਦਨ ਸਲਾਨਾ 18000 ਡਾਲਰ ਹੋਣੀ ਚਾਹੀਦੀ ਹੈ। ਇਸ ਦੀ ਅਰਥ ਵਿਵਸਥਾ 30 ਲੱਖ ਕਰੋੜ ਅਮਰੀਕੀ ਡਾਲਰ ਲੋੜੀਂਦੀ ਹੈ। ਇਸ ਦੀ ਜੀ.ਡੀ.ਪੀ. ਇਸ ਵੇਲੇ 3.36 ਲੱਖ ਕਰੋੜ ਡਾਲਰ ਹੈ, ਇਸ ਨੂੰ 9 ਗੁਣਾਂ ਵਧਾਉਣਾ ਹੋਵੇਗਾ। ਦੇਸ਼ ਤੀਜੀ ਵੱਡੀ ਅਰਥ ਵਿਵਸਥਾ ਤਾਂ 2027 ਤੱਕ ਬਣ ਜਾਏਗਾ, ਪਰ 2047 ਤੱਕ ਵਿਕਸਤ ਦੇਸ਼ ਬਨਣ ਦਾ ਟੀਚਾ ਚੁਣੌਤੀਪੂਰਨ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਦੇਸ਼ ਦੀ ਵਧਦੀ ਜਨਸੰਖਿਆ ਦੀਆਂ ਚੁਣੌਤੀਆਂ ਵਿਚਕਾਰ ਜ਼ਿਆਦਾ ਰੋਜ਼ਗਾਰ, ਸਾਰਥਕ ਸਿੱਖਿਆ ਅਤੇ ਹੱਥੀਂ ਕਿੱਤਾ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਖੇਤੀ, ਕਾਰੋਬਾਰ ਆਦਿ ਨੂੰ ਨਵੀਂ ਦਿਸ਼ਾ ਦਿੱਤੇ ਬਿਨਾਂ ਇਹਨਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ।

ਜਿਸ ਮੱਧਮ ਗਤੀ ਨਾਲ 100 ਦਿਨਾਂ 'ਚ 3.0 ਸਰਕਾਰ ਨੇ ਕਦਮ ਪੁਟੇ ਹਨ, ਉਹ ਸਚਮੁੱਚ ਨਿਰਾਸ਼ਾਜਨਕ ਅਤੇ ਆਪਣੀ ਗੱਦੀ ਬਚਾਉਣ ਤੱਕ ਸੀਮਤ ਹਨ। ਪਹਾੜ ਜਿੱਡੀਆਂ ਸਮੱਸਿਆਵਾਂ ਦੇਸ਼ ਦੇ ਸਨਮੁੱਖ ਹਨ, ਪਰ ਜਿਸ ਕਿਸਮ ਦੀ ਸੋਚ, ਮਿਹਨਤ, ਅਤੇ ਸਿਆਸੀ ਦ੍ਰਿੜਤਾ ਦੀ ਸਰਕਾਰ ਤੋਂ ਤਬੱਕੋ ਸੀ ਇਹਨਾਂ ਸਮੱਸਿਆਵਾਂ ਦੇ ਹੱਲ ਲਈ, ਉਹ ਇਸ ਸਰਕਾਰ 'ਚ ਮਨਫ਼ੀ ਨਜ਼ਰ ਆ ਰਹੀ ਹੈ।

* * * * * * *

# ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ਵੱਲੋਂ ਯੂਐਨਓ ਵਿਖੇ ਕੈਨੇਡਾ ਦੇ ਨੌਜਵਾਨ ਵਰਗ ਦੀ ਪ੍ਰਤਿਨਿਧਤਾ




ਐਬਟਸਫੋਰਡ-ਐਬਟਸਫੋਰਡ ਸ਼ਹਿਰ ਦੀ ਜੰਮਪਲ ਅਤੇ ਅੱਜਕੱਲ ਮੈਕਗਿਲ ਲਾਅ ਕਾਲਜ, ਯੂਨੀਵਰਸਿਟੀ ਮੌਂਟਰਿਅਲ ਵਿਖੇ ਵਕਾਲਤ ਕਰ ਰਹੀ ਗੁਰਸਿੱਖ ਪੰਜਾਬਣ ਸਾਹਿਬ ਕੌਰ ਧਾਲੀਵਾਲ ਨੇ, ਸੰਯੁਕਤ ਰਾਸ਼ਟਰ ਸੰਘ ਦੇ ਜਨੇਵਾ, ਸਵਿਟਜ਼ਰਲੈਂਡ ਮੁਖ ਸਥਾਨ ਵਿਖੇ ਵਰਲਡ ਟਰੇਡ ਔਰਗਨਾਈਜੇਸ਼ਨ ਦੀ ਵਿਸ਼ੇਸ਼ ਬੈਠਕ ਵਿੱਚ ਸ਼ਮੂਲੀਅਤ ਕੀਤੀ ਹੈ। ਸਾਹਿਬ ਕੌਰ ਨੇ ਯੂਨੀਵਰਸਿਟੀ ਆਫ ਓਟਵਾ ਵੱਲੋਂ ਕੈਨੇਡੀਅਨ ਨੌਜਵਾਨਾ ਦੀ ਪ੍ਰਤਨਿਧਿਤਾ ਕਰਦਿਆਂ, ਯੂਐਨਓ ਦੇ ਪਬਲਿਕ ਫੋਰਮ ਵਿੱਚ ਗੰਭੀਰ ਮੁੱਦਿਆਂ 'ਤੇ ਚਰਚਾ ਕੀਤੀ। ਸਵਿਟਜ਼ਰਲੈਂਡ ਵਿਖੇ ਚਾਰ ਦਿਨ ਚੱਲੀ ਇਸ ਵਿਸ਼ਾਲ ਬੈਠਕ ਦੌਰਾਨ ਦੁਨੀਆਂ ਭਰ ਤੋਂ ਰਾਜਦੂਤਾਂ, ਡਿਪਲੋਮੈਟਾਂ, ਮਾਹਰਾਂ, ਅੰਤਰਰਾਸ਼ਟਰੀ ਵਪਾਰ ਵਿੱਚ ਪ੍ਰੈਕਟੀਸ਼ਨਰਾਂ ਅਤੇ ਪ੍ਰਸਿੱਧ ਅਕਾਦਮੀਆਂ ਨੇ ਸ਼ਮੂਲੀਅਤ ਕੀਤੀ।

ਸਾਹਿਬ ਕੌਰ ਧਾਲੀਵਾਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਸਮਾਜਿਕ-ਸੱਭਿਆਚਾਰਕ ਮਾਪ, ਜਲਵਾਯੂ ਪਰਿਵਰਤਨ, ਭੋਜਨ ਸੁਰੱਖਿਆ, ਆਮਦਨੀ ਅਸਮਾਨਤਾ ਅਤੇ ਭੂ-ਰਾਜਨੀਤਿਕ ਟਕਰਾਅ ਸਮੇਤ ਕਈ ਹੋਰ ਮੁੱਦੇ, ਜਿਵੇਂ ਕਿ ਭੋਜਨ ਅਤੇ ਪਾਣੀ ਦੀ ਸੁਰੱਖਿਆ, ਤਕਨੀਕੀ ਅਸਮਾਨਤਾਵਾਂ, ਅਤੇ ਸਿੱਖਿਆ ਦੀ ਅਸਮਰਥਤਾ ਸੰਸਾਰ ਪੱਧਰ ਤੇ ਵੱਡੀ ਚੁਣੌਤੀ ਹਨ। ਇਸ ਦੌਰਾਨ ਕੈਨੇਡਾ ਭਰ ਦੇ ਆਦਿਵਾਸੀ ਭਾਈਚਾਰਿਆਂ ਨੂੰ ਰੋਜ਼ਾਨਾ ਸਮਾਜਿਕ-ਆਰਥਿਕ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਹਿਬ ਕੌਰ ਅਨੁਸਾਰ ਵੱਡੀ ਫਿਕਰਮੰਦ ਦੀ ਵਾਲੀ ਗੱਲ ਇਹ ਹੈ ਕਿ ਸੰਸਾਰ ਦੇ 1.5 ਬਿਲੀਅਨ ਲੋਕਾਂ ਨੂੰ ਅਤਿਅੰਤ ਗਰੀਬੀ ਤੋਂ ਬਾਹਰ ਕੱਢਣ ਵਿੱਚ ਅੰਤਰਰਾਸ਼ਟਰੀ ਵਪਾਰ ਦੀ ਸਹਾਇਤਾ ਦੇ ਬਾਵਜੂਦ, ਵਪਾਰ ਦੇ ਲਾਭ ਨਹੀਂ ਹੋਏ ਹਨ। ਸਾਹਿਬ ਕੌਰ ਦਾ ਮੰਨਣਾ ਹੈ ਕਿ ਅਜਿਹੀਆਂ ਕੌਮਾਂਤਰੀ ਬੈਠਕਾਂ ਰਾਹੀਂ ਹੀ ਲੋਕ ਪੱਖੀ ਰਣਨੀਤੀ ਦੁਆਰਾ ਆਰਥਿਕ, ਵਾਤਾਵਰਣ, ਰਾਜਨੀਤਿਕ ਅਤੇ ਵਿਆਪਕ ਵਿਸ਼ਵ ਸੰਕਟਾਂ ਨਾਲ ਨਜਿੱਠਣ ਦਾ ਮੌਕਾ ਹਾਸਲ ਹੋ ਸਕਦਾ ਹੈ।



ਪੰਜਾਬ ਤੋਂ ਜ਼ਿਲਾ ਲੁਧਿਆਣਾ ਦੇ ਪਿੰਡ ਲੱਖਾ ਨਾਲ ਸਬੰਧਿਤ ਸਿੱਖ ਵਿਦਵਾਨ ਭਾਈ ਹਰਪਾਲ ਸਿੰਘ ਲੱਖਾ ਦੀ ਪੋਤਰੀ ਅਤੇ ਮੀਡੀਆ ਸ਼ਖਸੀਅਤ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੀ ਹੋਣਹਾਰ ਧੀ ਸਾਹਿਬ ਕੌਰ ਨੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪੇਜ ਸੁਪਰਵਾਈਜ਼ਰ ਵੱਲੋਂ ਸੇਵਾਵਾਂ ਨਿਭਾਈਆਂ ਹਨ। ਯੂਐਨਓ ਦੇ ਦੌਰੇ ਦੌਰਾਨ ਸਾਹਿਬ ਕੌਰ ਨੇ ਜਿੱਥੇ ਯੂਟੀਓ ਬਾਰੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਯੂਐਨਓ ਦੇ ਮੰਚ ਤੋਂ ਮਨੁੱਖੀ ਅਧਿਕਾਰਾਂ ਦੇ ਖੇਤਰ 'ਚ ਸੰਸਾਰ ਪੱਧਰ 'ਤੇ ਆ ਰਹੀਆਂ ਚੁਣੌਤੀਆਂ ਅਤੇ ਦੱਬਿਆਂ-ਕੁਚਲਿਆਂ ਦੇ ਹੱਕ ਵਿੱਚ ਦ੍ਰਿੜਤਾ ਨਾਲ ਆਵਾਜ਼ ਉਠਾਉਣ ਦਾ ਵੀ ਅਹਿਦ ਕੀਤਾ।

## ਕਾਂਗਰਸ ਵਲੋਂ ਚੰਨੀ ਨੂੰ ਮਿਲੀ ਵੱਡੀ ਜ਼ਿੰਮੇਵਾਰੀ

### ✪ ਜੰਮੂ-ਕਸ਼ਮੀਰ ਚੋਣਾਂ ਵਿਚ ਸੀਨੀਅਰ ਆਬਜ਼ਰਵਰ ਨਿਯੁਕਤ



ਜਲੰਧਰ ਲੋਕ ਸਭਾ ਸੀਟ ਤੋਂ ਸਾਂਸਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਨੇ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਵੋਟਿੰਗ ਤੋਂ ਠੀਕ ਪਹਿਲਾਂ ਕਾਂਗਰਸ ਪਾਰਟੀ ਨੇ ਚੰਨੀ ਨੂੰ ਏਆਈਸੀਸੀ ਦਾ ਸੀਨੀਅਰ ਆਬਜ਼ਰਵਰ ਨਿਯੁਕਤ ਕੀਤਾ ਹੈ।

ਇਹ ਜਾਣਕਾਰੀ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਵੱਲੋਂ ਜਾਰੀ ਸੂਚੀ ਵਿੱਚ ਦਿੱਤੀ ਗਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਮੁਕੇਸ਼ ਅਗਨੀਹੋਤਰੀ ਨੂੰ ਏ. ਆਈ. ਸੀ. ਸੀ. ਦਾ ਸੀਨੀਅਰ ਆਬਜ਼ਰਵਰ ਨਿਯੁਕਤ ਕੀਤਾ ਗਿਆ

# ਆਸਟ੍ਰੀਆ ਸਰਕਾਰ ਨੇ ਸਿੱਖ ਧਰਮ ਨੂੰ ਮਾਨਤਾ ਦਿੱਤੀ ਪਰ ਕਾਨੂੰਨੀ ਸੁਰੱਖਿਆ ਨਹੀਂ ਮਿਲੀ ਹੈ

ਅੰਮ੍ਰਿਤਸਰ-ਭਾਵੇਂ ਆਸਟ੍ਰੀਆ ਦੀ ਸਰਕਾਰ ਨੇ ਸਿੱਖ ਧਰਮ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇ ਦਿੱਤੀ ਹੈ ਪਰ ਫਿਰ ਵੀ ਸਿਖ ਧਰਮ ਨੂੰ ਵਿਆਪਕ ਕਾਨੂੰਨੀ ਸੁਰੱਖਿਆ ਨਹੀਂ ਮਿਲੀ ਹੈ। ਹਾਲੇ ਸਿੱਖਾਂ ਲਈ ਨਿਆਂ ਪ੍ਰਣਾਲੀ ਵਿੱਚ ਪੂਰੀ ਮਾਨਤਾ ਹਾਸਲ ਕਰਨ ਲਈ ਚੁਣੌਤੀਆਂ ਬਾਕੀ ਹਨ, ਖਾਸ ਕਰਕੇ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਉਣਾ। ਇਹ ਇਸ ਲਈ ਹੈ ਕਿਉਂਕਿ ਸਿੱਖਾਂ ਨੂੰ ਨਿਆਂਇਕ ਸੁਰੱਖਿਆ ਪ੍ਰਾਪਤ ਕਰਨ ਲਈ ਆਪਣੇ ਧਰਮ ਲਈ ਆਸਟ੍ਰੀਆ ਦੀ ਕੁੱਲ ਆਬਾਦੀ ਦਾ ਘੱਟੋ-ਘੱਟ 2% ਬਣਾਉਣ ਦੀ ਲੋੜ ਹੈ। ਸਿੱਖ ਧਰਮ ਅਜੇ ਵੀ ਆਸਟ੍ਰੀਆ ਵਿੱਚ ਨਿਆਂਇਕ ਮਾਨਤਾ ਅਤੇ ਸਮਰਥਨ ਦੀ ਉਡੀਕ ਕਰ ਰਿਹਾ ਹੈ

ਇਹ ਮਸਲਾ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ (ਸਥਾਪਨਾ) ਦੌਰਾਨ ਇੱਕ ਸਥਾਨਕ ਸਿੱਖ ਦੁਆਰਾ ਮਰਿਯਾਦਾ (ਸਿੱਖ ਧਾਰਮਿਕ ਰਹਿਤ ਮਰਯਾਦਾ) ਦੀ ਉਲੰਘਣਾ ਦੀ ਘਟਨਾ ਤੋਂ ਬਾਅਦ ਸਾਹਮਣੇ ਆਇਆ, ਜਿਸ ਤੋਂ ਬਾਅਦ ਸਿੱਖ ਜੈਮੇਂਡੇ ਆਸਟ੍ਰੀਆ (ਇੱਕ ਆਸਟ੍ਰੀਅਨ ਸਿੱਖ ਸੰਸਥਾ) ਨੇ ਦਖਲ ਦਿੱਤਾ, ਪਰ ਆਸਟ੍ਰੀਆ ਦੇ ਸਿੱਖ ਭਾਈਚਾਰੇ ਦੇ ਮੈਂਬਰ ਸੁਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਵਿਅਕਤੀ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਅਤੇ



ਇਸ ਦੀ ਬਜਾਏ ਮਾਮਲਾ ਅਦਾਲਤ ਵਿੱਚ ਲੈ ਗਿਆ।

ਪਰਮਾਰ ਨੇ ਕਿਹਾ, ''ਨਿਆਂਇਕ ਮਾਨਤਾ ਤੋਂ ਬਿਨਾਂ, ਕਾਨੂੰਨੀ ਤਰੀਕਿਆਂ ਨਾਲ ਬੇਅਦਬੀ ਦੇ ਦੋਸ਼ੀ ਵਿਅਕਤੀਆਂ ਨੂੰ ਫੜਨ ਦੀ ਸੰਭਾਵਨਾ ਬਹੁਤ ਘੱਟ ਹੈ। ਪਰਮਾਰ, ਜੋ ਚਾਰ ਦਹਾਕਿਆਂ ਤੋਂ ਵਿਆਨਾ ਵਿੱਚ ਰਹਿ ਰਹੇ ਹਨ, ਨੇ ਕਿਹਾ ਕਿ ਇਹ ਮੁੱਦਾ ਯੂਰਪੀਅਨ ਦੇਸ਼ਾਂ ਵਿੱਚ ਆਮ ਹੈ, ਜਿੱਥੇ ਸਿੱਖ ਆਬਾਦੀ 2% ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਨੂੰ ਅੰਸ਼ਕ ਮਾਨਤਾ ਪ੍ਰਾਪਤ ਹੈ, ਪਰ ਇੱਕ ਵਾਰ ਜਦੋਂ ਸਾਨੂੰ ਨਿਆਂ ਪ੍ਰਣਾਲੀ ਅਧੀਨ ਸੁਰੱਖਿਆ ਮਿਲ ਜਾਂਦੀ ਹੈ, ਤਾਂ ਸਿੱਖ ਧਰਮ ਨੂੰ ਅਮਲੀਜਾਮਾ ਪਹਿਨਾਉਣ ਅਤੇ ਪ੍ਰਚਾਰ ਕਰਨ ਦੇ ਮਾਮਲੇ ਵਿੱਚ ਭਾਈਚਾਰੇ ਨੂੰ ਬਹੁਤ ਲਾਭ ਹੋਵੇਗਾ। ਆਸਟਰੀਆ ਵੱਲੋਂ ਸਿੱਖ ਧਰਮ ਦੀ ਤਾਜ਼ਾ ਅਧਿਕਾਰਤ ਮਾਨਤਾ ਤੋਂ ਬਾਅਦ, ਦੇਸ਼ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਹੁਣ ਆਪਣੇ ਨਾਵਾਂ ਦੇ ਬਾਅਦ ''ਸਿੰਘ'' ਅਤੇ ''ਕੌਰ'' ਦੀ ਵਰਤੋਂ ਕਰਨ, ਸਿੱਖ ਧਰਮ ਨੂੰ ਆਪਣੇ ਧਰਮ ਵਜੋਂ ਸੂਚੀਬੱਧ ਕਰਨ, ਅਤੇ ਆਪਣੀ ਪਛਾਣ ਸਿੱਖ ਵਜੋਂ ਦਰਜ ਕਰਨ ਦੇ ਯੋਗ ਹਨ। ਮਾਨਤਾ ਤੋਂ ਪਹਿਲਾਂ ਉਹ ਸਰਕਾਰੀ ਫਾਰਮਾਂ ਵਿੱਚ 'ਵਧੀਕ ਨਾਮ' ਕਾਲਮ ਵਿੱਚ ਸਿੱਖ ਅਤੇ ਕੌਰ ਲਿਖਦੇ ਸਨ। ਵਰਤਮਾਨ ਵਿੱਚ, ਆਸਟ੍ਰੀਆ ਵਿੱਚ ਸੱਤ ਗੁਰਦੁਆਰੇ ਹਨ - ਤਿੰਨ ਵਿਏਨਾ ਵਿੱਚ ਅਤੇ ਇੱਕ-ਇੱਕ ਸਾਲਜ਼ਬਰਗ, ਕਲੈਗਨਫਰਟ, ਗ੍ਰੈਜ਼ ਅਤੇ ਲਿਨਜ਼ ਵਿੱਚ। ਪਰਮਾਰ ਨੇ ਕਿਹਾ ਕਿ ਜਿੱਥੇ ਸਿੱਖਾਂ ਨੂੰ ਧਰਮ ਦੀ ਪਾਲਣਾ ਕਰਨ ਅਤੇ ਨਗਰ ਕੀਰਤਨ ਵਰਗੇ ਸਮਾਗਮ ਕਰਵਾਉਣ ਲਈ ਆਸਟ੍ਰੀਆ ਸਰਕਾਰ ਤੋਂ ਵੱਖ-ਵੱਖ ਰੂਪਾਂ ਦੀ ਸਹਾਇਤਾ ਮਿਲੀ ਹੈ। ਸਰਕਾਰ ਅਦਾਲਤੀ ਮਾਨਤਾ ਸਕੂਲਾਂ ਵਿੱਚ ਪੰਜਾਬੀ ਅਧਿਆਪਕ ਰੱਖਣ ਅਤੇ ਧਰਮ ਦਾ ਅਧਿਐਨ ਕਰਨ ਦੀ ਇਜਾਜ਼ਤ ਦੇਵੇਗੀ।

# ਜੀਵਨ ਵਿਚ ਸਾਹਿਤ ਤੇ ਪੁਸਤਕਾਂ ਦਾ ਮਹੱਤਵ

ਰਜਿੰਦਰ ਕੌਰ ਜੀਤ

• • •



ਰੁਝੇਵਿਆਂ ਭਰੀ ਹਰ ਇੱਕ ਇਨਸਾਨ ਦੀ ਜ਼ਿੰਦਗੀ ਵਿੱਚ ਅਜਿਹੇ ਸਾਥੀ ਦੀ ਲੋੜ ਪੈਂਦੀ ਹੈ, ਜੋ ਉਸ ਨੂੰ ਮੁਸ਼ਕਿਲਾਂ ਵਿੱਚ ਸਹੀ ਰਾਸਤਾ ਦਿਖਾ ਸਕੇ, ਉਸ ਦਾ ਮਾਰਗਦਰਸ਼ਨ ਕਰ ਸਕੇ। ਮੈਨੂੰ ਲੱਗਦਾ ਹੈ ਪੁਸਤਕਾਂ ਤੋਂ ਵੱਧ ਕੋਈ ਵੀ ਅਜਿਹਾ ਸੰਗੀ ਸਾਥੀ ਨਹੀਂ ਹੋ ਸਕਦਾ। ਪੁਸਤਕਾਂ ਇੱਕ ਅਜਿਹਾ ਜੀਵਨ ਸਾਥੀ ਹੁੰਦੀਆਂ ਹਨ ਜੋ ਮਨੁੱਖੀ ਸੋਚ ਦਾ ਦਾਇਰਾ ਵਧਾ ਦਿੰਦੀਆਂ ਹਨ। ਮੈਨੂੰ ਕਿਸੇ ਲੇਖਕ ਦੀਆਂ ਲਿਖੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ ਜਿਸ ਵਿੱਚ ਲਿਖਿਆ ਹੈ, ਜੇ ਪੂਰਾ ਕਰਨਾ ਖੁਆਬਾਂ ਨੂੰ ਤਾਂ, ਰੱਖਿਓ ਨਾਲ ਕਿਤਾਬਾਂ ਨੂੰ। ਕਿਤਾਬਾਂ ਸਾਡਾ ਮਾਰਗਦਰਸ਼ਨ ਹੀ ਨਹੀਂ ਸਗੋਂ ਸਾਨੂੰ ਆਪਣੇ ਜੀਵਨ ਉਦੇਸ਼ ਨੂੰ ਪੂਰਾ ਕਰਨ ਵਿੱਚ ਵੀ ਸਹਾਈ ਹੁੰਦੀਆਂ ਹਨ। ਅਸੀਂ ਇਹ ਸੁਣਿਆ ਹੈ, ਕਿ ਦੱਖਣ ਭਾਰਤ ਦੇ ਵਿਦਿਆਰਥੀ ਬਹੁਤ ਸਮਾਂ ਕਿਤਾਬਾਂ ਪੜ੍ਹਨ ਨੂੰ ਦਿੰਦੇ ਹਨ। ਜੇਕਰ ਅਸੀਂ ਸਾਖ਼ਰਤਾ ਦਰ ਦੀ ਗੱਲ ਕਰੀਏ ਤਾਂ ਪੂਰੇ ਭਾਰਤ ਵਿੱਚ ਦੱਖਣੀ ਭਾਰਤ ਦਾ ਰਾਜ ਕੇਰਲਾ ਸਭ ਤੋਂ ਅੱਗੇ ਹੈ। ਇਸ ਦੇ ਦੋ ਕਾਰਨ ਹਨ ਇਕ ਉਹ ਲੋਕ ਆਪਣੀ ਮਾਂ ਬੋਲੀ ਨੂੰ ਬਹੁਤ ਮਹੱਤਵ ਦਿੰਦੇ ਹਨ ਦੂਜਾ ਉਹਨਾਂ ਦੀ ਮੁੱਢਲੀ ਪੜ੍ਹਾਈ ਤੋਂ ਲੈ ਕੇ ਉਚੇਰੀ ਵਿਦਿਆ ਤੱਕ ਦੀ ਪੜ੍ਹਾਈ ਆਪਣੀ ਮਾਂ ਬੋਲੀ ਵਿੱਚ ਹੀ ਸਿੱਖਿਆ ਪ੍ਰਾਪਤ ਕਰਦੇ ਹਨ। ਜਿਸ ਕਾਰਨ ਉਹਨਾਂ ਦੀ ਸਮਝ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ। ਉਹ ਕਿਤਾਬਾਂ ਪੜ੍ਹਨ ਦੇ ਬਹੁਤ ਸ਼ੌਕੀਨ ਹਨ। ਲਗਭਗ ਹਰ ਇੱਕ ਘਰ ਵਿੱਚ, ਹਰ ਇੱਕ ਮੈਂਬਰ ਦੀ ਆਪਣੀ ਨਿੱਜੀ ਲਾਈਬ੍ਰੇਰੀ ਹੈ। ਜੇਕਰ ਲਾਈਬ੍ਰੇਰੀ ਨਹੀਂ ਵੀ ਹੈ ਤਾਂ ਉਹਨਾਂ ਨੇ ਆਪਣੇ ਜੀਵਨ ਵਿੱਚ ਕੁਝ ਕੁ ਕਿਤਾਬਾਂ ਦੀ ਪੂੰਜੀ ਜ਼ਰੂਰ ਬਣਾਈ ਹੁੰਦੀ ਹੈ।

ਕਿਤਾਬਾਂ ਵਿਅਕਤੀ ਦੇ ਵਿਚਾਰ ਬਦਲ ਦਿੰਦੀਆਂ ਹਨ। ਚੰਗੀਆਂ ਕਿਤਾਬਾਂ ਪੜ੍ਹਨ ਨਾਲ ਵਿਅਕਤੀ ਦੇ ਵਿਚਾਰ ਚੰਗੇ ਹੋ ਜਾਂਦੇ ਹਨ, ਚੰਗੀ ਕਿਤਾਬ ਪੜ੍ਹਨ ਨਾਲ ਸਾਨੂੰ ਜੀਵਨ ਜਿਉਣ ਦੀ ਸੇਧ ਮਿਲਦੀ ਹੈ। ਕਿਸੇ ਚੰਗੀ ਕਿਤਾਬ ਦੀ ਕੀਤੀ ਹੋਈ ਚੋਣ ਇੱਕ ਚੰਗੇ ਅਧਿਆਪਕ ਦੀ ਤਰ੍ਹਾਂ ਹੁੰਦੀ ਹੈ, ਜੋ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ। ਕਿਤਾਬਾਂ ਪੜ੍ਹਨ ਵਾਲਾ ਵਿਅਕਤੀ ਕਦੇ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ। ਪ੍ਰਸਿੱਧ ਕਵੀ ਤੇ ਲੇਖਕ ਰਸੂਲ ਹਮਜ਼ਾਤੋਵ ਨੇ ਪੁਸਤਕਾਂ ਸਬੰਧੀ ਕਿਹਾ ਸੀ ਕਿ "ਖੁਦ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਲੋੜ ਹੁੰਦੀ ਹੈ, ਦੂਜਿਆਂ ਨੂੰ ਸਮਝਣ ਵਾਸਤੇ ਵੀ ਕਿਤਾਬਾਂ ਦੀ ਲੋੜ ਹੁੰਦੀ ਹੈ।" ਕਿਤਾਬਾਂ ਦਾ ਅਧਿਐਨ ਆਤਮਿਕ ਗੁਣਾਂ ਨੂੰ ਉੱਚਾ ਚੁੱਕ ਕੇ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਰਾਜਨੀਤਕ, ਆਰਥਿਕ ਅਤੇ ਸਮਾਜਿਕ ਰਹੁ ਰੀਤਾਂ ਵਿੱਚ ਆਈ ਗਿਰਾਵਟ ਨੂੰ ਦੂਰ ਕਰਨ ਵਿੱਚ ਸਭ ਤੋਂ ਵੱਧ ਸਹਾਇਤਾ ਕਰਦਾ ਹੈ। ਜਦੋਂ ਜ਼ਿੰਦਗੀ ਫਿੱਕੀ ਤੇ ਨੀਰਸ ਲੱਗਦੀ ਹੋਵੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਛਾਇਆ ਪ੍ਰਤੀਤ ਹੁੰਦਾ ਹੋਵੇ, ਚਾਰੇ ਪਾਸੇ ਮੁਸੀਬਤਾਂ ਦੇ ਬੱਦਲ ਮੰਡਰਾ ਰਹੇ ਹੋਣ, ਤਣਾਅ ਵਧਦਾ ਜਾ ਰਿਹਾ ਹੋਵੇ, ਤਾਂ ਅਜਿਹੇ ਸਮੇਂ ਪੁਸਤਕਾਂ ਅਹਿਮ ਰੋਲ ਅਦਾ ਕਰਦੀਆਂ ਹਨ। ਮਾਨਸਿਕ ਤਣਾਅ ਦੂਰ ਕਰ ਸਕਦੀਆਂ ਹਨ।



ਅੱਜ ਕੱਲ ਲੋਕਾਂ ਨੇ ਮੋਬਾਈਲ ਫ਼ੋਨ ਨੂੰ ਹੀ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ, ਜੇਕਰ ਕੁਝ ਲੱਭਣਾ ਵੀ ਹੁੰਦਾ ਹੈ ਚਾਹੇ ਉਹ ਸਿਹਤ ਨਾਲ ਸੰਬੰਧਿਤ ਹੋਵੇ, ਜੀਵਨ ਨਾਲ ਸੰਬੰਧਿਤ ਹੋਵੇ, ਸਮਾਜ ਨਾਲ ਸੰਬੰਧਿਤ ਹੋਵੇ, ਪੜ੍ਹਾਈ ਨਾਲ ਸੰਬੰਧਿਤ ਹੋਵੇ ਜਾਂ ਰਿਸ਼ਤਿਆਂ ਬਾਰੇ ਕੋਈ ਵੀ ਵਿਸ਼ਾ ਹੋਵੇ ਅਸੀਂ ਗੂਗਲ ਦੀ ਵਰਤੋਂ ਕਰਦੇ ਹਾਂ। ਇਹ ਇੱਕ ਸਹੂਲਤ ਦਾ ਜ਼ਰੀਆ ਹੈ। ਪਰ ਅਸੀਂ ਆਧੁਨਿਕ ਸਮੇਂ ਵਿੱਚ ਪੂਰੀ ਤਰ੍ਹਾਂ ਇਸ ਉੱਪਰ ਨਿਰਭਰ ਹੋ ਗਏ ਹਾਂ। ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਨਾਂ ਦਾ ਗੂਗਲ ਨੂੰ ਕੋਈ ਤਜਰਬਾ ਨਹੀਂ ਹੁੰਦਾ। ਅਸੀਂ ਕਿਸੇ ਮਹਾਨ ਲੇਖਕ ਦੇ ਜੀਵਨ ਤਜਰਬਿਆਂ ਵਿੱਚੋਂ, ਜੋ ਉਸਨੇ ਆਪਣੀਆਂ ਰਚਨਾਵਾਂ ਵਿੱਚ ਸਿਰਜਿਆ ਹੁੰਦਾ ਹੈ, ਉਹਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਕਿਤਾਬਾਂ ਕਿਸੇ ਕੌਮ ਦਾ ਸਰਮਾਇਆ ਹੁੰਦੀਆਂ ਹਨ।

ਅੱਜ ਕੱਲ ਲੋਕਾਂ ਨੇ ਮੋਬਾਈਲ ਫ਼ੋਨ ਨੂੰ ਹੀ ਆਪਣੀ ਜ਼ਿੰਦਗੀ ਦਾ ਆਧਾਰ ਬਣਾ ਲਿਆ ਹੈ, ਜੇਕਰ ਕੁਝ ਲੱਭਣਾ ਵੀ ਹੁੰਦਾ ਹੈ ਚਾਹੇ ਉਹ ਸਿਹਤ ਨਾਲ ਸੰਬੰਧਿਤ ਹੋਵੇ, ਜੀਵਨ ਨਾਲ ਸੰਬੰਧਿਤ ਹੋਵੇ, ਸਮਾਜ ਨਾਲ ਸੰਬੰਧਿਤ ਹੋਵੇ, ਪੜ੍ਹਾਈ ਨਾਲ ਸੰਬੰਧਿਤ ਹੋਵੇ ਜਾਂ ਰਿਸ਼ਤਿਆਂ ਬਾਰੇ ਕੋਈ ਵੀ ਵਿਸ਼ਾ ਹੋਵੇ ਅਸੀਂ ਗੂਗਲ ਦੀ ਵਰਤੋਂ ਕਰਦੇ ਹਾਂ। ਇਹ ਇੱਕ ਸਹੂਲਤ ਦਾ ਜ਼ਰੀਆ ਹੈ। ਪਰ ਅਸੀਂ ਆਧੁਨਿਕ ਸਮੇਂ ਵਿੱਚ ਪੂਰੀ ਤਰ੍ਹਾਂ ਇਸ ਉੱਪਰ ਨਿਰਭਰ ਹੋ ਗਏ ਹਾਂ। ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਨਾਂ ਦਾ ਗੂਗਲ ਨੂੰ ਕੋਈ ਤਜਰਬਾ ਨਹੀਂ ਹੁੰਦਾ। ਅਸੀਂ ਕਿਸੇ ਮਹਾਨ ਲੇਖਕ ਦੇ ਜੀਵਨ ਤਜਰਬਿਆਂ ਵਿੱਚੋਂ, ਜੋ ਉਸਨੇ ਆਪਣੀਆਂ ਰਚਨਾਵਾਂ ਵਿੱਚ ਸਿਰਜਿਆ ਹੁੰਦਾ ਹੈ, ਉਹਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਕਿਤਾਬਾਂ ਕਿਸੇ ਕੌਮ ਦਾ ਸਰਮਾਇਆ ਹੁੰਦੀਆਂ ਹਨ।

ਨਵੀਂ ਪੀੜ੍ਹੀ ਦੀ ਗੱਲ ਕਰੀਏ ਤਾਂ ਅਜਿਹੀ ਸਥਿਤੀ ਬਣ ਗਈ ਹੈ, ਕਿ ਵਿਦਿਆਰਥੀ ਆਪਣੇ ਜੀਵਨ ਵਿੱਚ ਵੀ ਕਿਤਾਬਾਂ ਨਾਲ ਮੋਹ ਨਹੀਂ ਕਰ ਰਹੇ। ਕਰੋਨਾ ਮਹਾਂਮਾਰੀ ਕਾਲ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ ਹੈ। ਹਰ ਇੱਕ ਸਕੂਲ ਜਾਂ ਸਿੱਖਿਅਕ ਸੰਸਥਾਵਾਂ ਦਾ ਕਾਰਜ ਆਨਲਾਈਨ ਹੋਣ ਲੱਗ ਪਿਆ ਹੈ। ਹੈਰਾਨਗੀ ਦੀ ਗੱਲ ਇਹ ਹੈ ਕਿ ਬੱਚੇ ਅੱਜ ਕੱਲ ਕਿਤਾਬਾਂ ਤੋਂ ਦੂਰ ਹੋ ਕੇ ਫ਼ੋਨ ਨਾਲ ਪੜ੍ਹਾਈ ਕਰ ਰਹੇ ਹਨ। ਮੈਂ ਕਿਸੇ ਪਰਿਵਾਰ ਵਿੱਚ ਕਿਸੇ ਬੱਚੇ ਨੂੰ ਫ਼ੋਨ ਚਲਾਉਂਦੇ ਹੋਏ ਦੇਖਿਆ ਜਦੋਂ ਕਿ ਉਸਦੀ ਮਾਂ ਉਸ ਨੂੰ ਫ਼ੋਨ ਨਾ ਚਲਾਉਣ ਬਾਰੇ ਕਹਿ ਰਹੀ ਸੀ, ਬੱਚੇ ਦਾ ਉੱਤਰ ਸੀ ਕਿ ਉਹ ਫੋਨ ਉੱਤੇ ਆਪਣੇ ਕਿਸੇ ਵਿਸ਼ੇ ਦਾ ਵਿਸਥਾਰ ਪੜ੍ਹ ਰਿਹਾ ਹੈ, ਜੋ ਕਿ ਸਕੂਲ ਅਧਿਆਪਕਾ ਦੁਆਰਾ ਭੇਜਿਆ ਗਿਆ ਹੈ। ਜਦੋਂ ਕਿ ਇਹ ਸਾਰਾ ਕੰਮ ਸਾਡੀਆਂ ਪਾਠ ਪੁਸਤਕਾਂ ਦਾ ਹੈ ਜੋ ਅਸੀਂ ਬੱਚਿਆਂ ਨੂੰ ਫ਼ੋਨ ਹੱਥਾਂ ਵਿੱਚ ਫੜਾ ਕੇ ਕਰਵਾ ਰਹੇ ਹਾਂ। ਇਸ ਸਭ ਦਾ ਨਤੀਜਾ ਇਹ ਹੈ ਕਿ ਇਨਾਂ ਬੱਚਿਆਂ ਦਾ ਕਿਤਾਬਾਂ ਨਾਲ ਮੋਹ ਘਟ ਗਿਆ ਹੈ, ਬੱਚੇ ਕਿਤਾਬਾਂ ਤੋਂ ਦੂਰ ਹੋ ਗਏ ਹਨ, ਇਹ ਸਭ ਕੁਝ ਆਨਲਾਈਨ ਪੜ੍ਹਾਈ ਦਾ ਨਤੀਜਾ ਹੈ। ਜਦੋਂ ਵਿਦਿਆਰਥੀ ਕਿਤਾਬਾਂ ਪੜੇਗਾ ਤਾਂ ਉਸ ਨੂੰ ਉਸ ਵਿਸ਼ੇ ਬਾਰੇ ਕੁਝ ਹੋਰ ਬਹੁਤ ਕੁਝ ਸਿੱਖਣ ਨੂੰ ਮਿਲੇਗਾ। ਕਿਤਾਬਾਂ ਪੜ੍ਹਨ ਨਾਲ ਅਸੀਂ ਦੇਸ਼ ਵਿਦੇਸ਼ ਦੀ ਜਾਣਕਾਰੀ, ਸੱਭਿਆਚਾਰ, ਇਤਿਹਾਸ, ਸਾਹਿਤ ਆਦਿ ਤੋਂ ਜਾਣੂ ਹੁੰਦੇ ਹਾਂ। ਕਿਤਾਬਾਂ ਪੜ੍ਹਨ ਵਾਲਾ ਪਾਠਕ ਇੱਕ ਚੰਗਾ ਲੇਖਕ ਬਣ ਸਕਦਾ ਹੈ, ਕਿਉਂਕਿ ਉਸ ਦੀ ਭਾਸ਼ਾ ਦਾ ਮਿਆਰ ਅਤੇ ਉਸ ਦੇ ਸੋਚਣ ਦਾ ਦਾਇਰਾ ਬਹੁਤ ਵੱਧ ਜਾਂਦਾ ਹੈ। ਜੋ ਕਿ ਉਸ ਦੀ ਸਿਰਜਣ ਸ਼ਕਤੀ ਲਈ ਇੱਕ ਮੀਲ ਪੱਥਰ ਹੁੰਦਾ ਹੈ। ਕਿਤਾਬਾਂ ਪੜ੍ਹਨ ਦੀ ਰੁਚੀ ਅੱਜ ਕੱਲ ਬਿਲਕੁਲ ਖਤਮ ਹੋ ਚੁੱਕੀ ਹੈ। ਵਿਹਲ ਦਾ ਸਮਾਂ ਜ਼ਿਆਦਾਤਰ ਸੋਸ਼ਲ ਮੀਡੀਆ ਤੇ ਬਤੀਤ ਕੀਤਾ ਜਾ ਰਿਹਾ ਹੈ। ਸੋਚਾਂ ਵਿਚਾਰਾਂ ਵਿਚਲੀ ਨਵੀਨਤਾ, ਗਹਿਰਾਈ, ਸੰਜਮਤਾ, ਸਭ ਖ਼ਤਮ ਹੋ ਚੁੱਕੀ ਹੈ। ਵਿਚਾਰਾਂ ਵਿੱਚ ਚੰਚਲਤਾ, ਉਦਾਸੀਨਤਾ, ਲੱਚਰ ਦਾ, ਗਿਰਾਵਟ, ਮਾਨਸਿਕ ਤਨਾਵ ਵਿੱਚ ਵਾਧਾ ਹੋ ਰਿਹਾ।

ਅੱਜ ਕੱਲ ਇੰਨੇ ਸਾਧਨ ਹੋਣ ਦੇ ਬਾਵਜੂਦ ਵੀ ਅੱਜ ਕੱਲ ਦੇ ਵਿਦਿਆਰਥੀ ਕਿਤਾਬੀ ਗਿਆਨ ਤੋਂ ਸੱਖਣੇ ਹਨ। ਹਰੇਕ ਸਕੂਲ, ਹਰ ਕਾਲਜ ਵਿੱਚ ਲਾਈਬ੍ਰੇਰੀਆਂ ਹੋਣ ਦੇ ਬਾਵਜ਼ੂਦ ਉਹ ਖਾਲੀ ਪਈਆਂ ਹਨ, ਕੋਈ ਵੀ ਵਿਦਿਆਰਥੀ ਇਹਨਾਂ ਵਿੱਚ ਨਜ਼ਰ ਨਹੀਂ ਆਉਂਦਾ। ਕਿਤਾਬੀ ਗਿਆਨ ਅਜਿਹਾ ਗਿਆਨ ਹੈ ਜਿਸ ਨੂੰ ਕੋਈ ਚੋਰੀ ਨਹੀਂ ਕਰ ਸਕਦਾ, ਜੋ ਹਮੇਸ਼ਾ ਤੁਹਾਡੇ ਵਿਚਾਰਾਂ ਵਿੱਚੋਂ ਝਲਕਦਾ ਰਹਿੰਦਾ ਹੈ। ਜਿਸ ਨਾਲ ਸ਼ਖਸ਼ੀਅਤ ਵਿੱਚ ਨਿਖਾਰ ਆਉਂਦਾ ਹੈ। ਜੇਕਰ ਅਸੀਂ ਆਪਣੀ ਅਗਲੀ ਪੀੜੀ ਨੂੰ ਕਿਤਾਬਾਂ ਨਾਲ ਜੋੜਨਾ ਚਾਹੁੰਦੇ ਹਾਂ ਤਾਂ ਘਰਾਂ ਵਿੱਚ ਸਭ ਤੋਂ ਪਹਿਲਾਂ ਮਾਂ ਬਾਪ ਨੂੰ ਅਜਿਹੀਆਂ ਆਦਤਾਂ ਪਾਉਣੀਆਂ ਚਾਹੀਦੀਆਂ ਹਨ। ਜੇਕਰ ਬੱਚੇ ਆਪਣੇ ਮਾਤਾ ਪਿਤਾ ਦੇ ਹੱਥਾਂ ਵਿੱਚ ਕਿਤਾਬਾਂ ਦੇਖਣਗੇ ਤਾਂ ਹੀ ਉਹਨਾਂ ਦਾ ਰੁਝਾਨ ਕਿਤਾਬਾਂ ਵੱਲ ਹੋਵੇਗਾ। ਮਾਂ ਬਾਪ ਨੂੰ ਚਾਹੀਦਾ ਹੈ ਕਿ ਜਿੱਥੇ ਕਿਤੇ ਵੀ ਪੁਸਤਕ ਮੇਲਾ ਹੋਵੇ, ਉਥੇ ਉਹ ਆਪਣੇ ਬੱਚਿਆਂ ਨੂੰ ਜਰੂਰ ਨਾਲ ਲੈ ਕੇ ਜਾਣ ਅਤੇ ਉਨਾਂ ਦੇ ਜਨਮ ਦਿਨ ਜਾਂ ਹੋਰ ਮੌਕਿਆਂ ਉੱਤੇ ਉਹਨਾਂ ਨੂੰ ਕਿਤਾਬਾਂ ਤੋਹਫ਼ਿਆਂ ਦੇ ਰੂਪ ਵਿੱਚ ਦੇਣ। ਘਰਾਂ ਵਿੱਚ ਜਰੂਰ ਕਿਤਾਬਾਂ ਖਰੀਦ ਕੇ ਰੱਖੋ। ਜਦੋਂ ਘਰ ਵਿੱਚ ਕਿਤਾਬਾਂ ਸੈਲਫਾਂ ਤੇ ਸਜੀਆਂ ਹੋਣਗੀਆਂ,ਕਦੇ ਨਾ ਕਦੇ ਉਹਨਾਂ ਨੂੰ ਚੁੱਕ ਕੇ ਵੀ ਪੜ੍ਹਿਆ ਜਾਵੇਗਾ। ਹਰ ਕਿਤਾਬ ਦੀ ਆਪਣੀ ਤਾਕਤ ਹੁੰਦੀ ਹੈ, ਇਸ ਦਾ ਪਤਾ ਸਿਰਫ਼ ਉਸਨੂੰ ਹੀ ਹੋ ਸਕਦਾ ਹੈ, ਜੋ ਇਸ ਵਿੱਚੋਂ ਦੀ ਲੰਘਿਆ ਹੋਵੇ।

ਅਲੈਗਜਾਂਡਰ ਐਸ ਨੇ ਕਿਹਾ ਹੈ, "ਪੁਸਤਕਾਂ ਕਿਸੇ ਕੌਮ ਦੀਆਂ ਅਮਰ ਯਾਦਾਂ ਹਨ।"

ਲਾਰਡ ਮੈਂਕਾਲੇ ਨੇ ਕਿਹਾ ਹੈ, "ਮੈਂ ਇੱਕ ਗਰੀਬ ਆਦਮੀ ਵਾਂਗ ਕਿਸੇ ਛੋਟੀ ਜਿਹੀ ਕੋਠੜੀ ਵਿੱਚ ਰਹਿ ਲਵਾਂਗਾ, ਜਿੱਥੇ ਕਿਤਾਬਾਂ ਹੋਣ, ਬਜਾਏ ਐਸਾ ਬਾਦਸ਼ਾਹ ਬਣਨ ਦੇ, ਜਿਸ ਨੂੰ ਕਿਤਾਬਾਂ ਨਾਲ ਉੱਕਾ ਪਿਆਰ ਨਾ ਹੋਵੇ।"

ਅੰਤ ਵਿੱਚ ਇਹ ਹੀ ਕਿਹਾ ਜਾ ਸਕਦਾ ਹੈ ਕਿ ਉੱਤਮ ਪੁਸਤਕਾਂ ਉਹ ਦਰਸ਼ਨ ਹਨ, ਜਿਨਾਂ ਵਿੱਚ ਸੰਤਾਂ, ਮਹਾਂਪੁਰਖਾਂ, ਮਹਾਨ ਵਿਦਵਾਨਾਂ ਦੇ ਪ੍ਰਤੀਬਿੰਬ ਦੇ ਦਰਸ਼ਨ ਹੋਣ। ਕਿਤਾਬਾਂ ਜਾਣਕਾਰੀ ਤੇ ਗਿਆਨ ਦਾ ਸਮੁੰਦਰ ਹਨ, ਜਿਸ ਵਿੱਚ ਚੁੱਬੀ ਲਾਉਣ ਨਾਲ ਜਿੰਦਗੀ ਜਿਉਣ ਦੀ ਜਾਂਚ ਆਉਂਦੀ ਹੈ।